'ਪ੍ਰਵਚਨ' ਸਾਹਿਤ, ਸਮੀਖਿਆ ਤੇ
ਸੱਭਿਆਚਾਰ ਨੂੰ ਸਮਰਪਿਤ,
ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ
ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ
ਸਾਲ:21 ਪੁਸਤਕ ਲੜੀ : 81
ਅਕਤੂਬਰ-ਦਸੰਬਰ, 2020

ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan. org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਬਲਬੀਰ ਪਰਵਾਨਾ
ਡਾ. ਪਰਮਜੀਤ ਕੌਰ ਸਿੱਧੂ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | |
|---|---|
| India | Rs. 75 Per Issue |
| | Rs. 300 Per Year |
| | Rs.1500 Per 5 Years |
| U.K. | £4 Per issue |
| | £15 Per Year |
| | £75 Per 5 Years |
| U.S.A./ | $30 Per Year |
| Canada | $30 Per Year |
| | $150 Per 5 Years. |


## ਅੰਦਰ ਪੜ੍ਹੋ:

ਸੰਪਾਦਕੀ/2
- ਸਮਕਾਲ ਤੇ ਮੇਰੀ ਸਿਰਜਣਕਾਰੀ/ਬਲਦੇਵ ਸਿੰਘ (ਸੜਕਨਾਮਾ)/10
- ਸਿਰਜਣਾ 'ਚ ਸਮਕਾਲ ਬਲਬੀਰ ਪਰਵਾਨਾ/15
- ਮੇਰੀ ਸਿਰਜਣ ਪ੍ਰਕ੍ਰਿਆ ਪਰਮਜੀਤ ਸਿੰਘ ਜੱਜ/21
- ਮਾਤ ਲੋਕ-ਸਿਰਜਣਾ ਦੇ ਆਰ-ਪਾਰ ਡਾ. ਜਸਵਿੰਦਰ ਸਿੰਘ/28
- ਸਮਕਾਲ ਅਤੇ ਮੇਰੀ ਨਾਵਲੀ ਸਿਰਜਣਕਾਰੀ ਸੰਤੋਖ ਧਾਲੀਵਾਲ/31
- ਸਮਕਾਲ ਤੇ ਮੇਰਾ ਲੇਖਣ/ਸੁਰਿੰਦਰ ਨੀਰ/37
- ਸਮਕਾਲ ਅਤੇ ਮੇਰੀ ਸਿਰਜਣਕਾਰੀ ਅਤਰਜੀਤ/41
- ਸਮਕਾਲ ਤੇ ਮੇਰੀ ਸਿਰਜਣਕਾਰੀ ਬਲਵਿੰਦਰ ਸਿੰਘ ਗਰੇਵਾਲ/47
- ਮੈਂ ਦੋ ਧਰਾਧਲਾਂ 'ਤੇ ਵਿਚਰਦਾਂ/ਜਿੰਦਰ/55
- ਸਮਕਾਲ ਦੇ ਰੂਬਰੂ ਮੇਰੀਆਂ ਕਹਾਣੀਆਂ ਕੇਸਰਾ ਰਾਮ/60
- ਸਮਕਾਲ ਤੇ ਮੇਰੀ ਸਿਰਜਣਕਾਰੀ ਭਗਵੰਤ ਰਸੂਲਪੁਰੀ/64
- ਸਮਕਾਲ ਤੇ ਮੇਰੀ ਕਹਾਣੀ ਸਿਰਜਣਕਾਰੀ ਹਰਪ੍ਰੀਤ ਸੇਖਾ/75
- ਮੇਰੀ ਕਵਿਤਾ ਦੀ ਸਮਕਾਲ ਯਾਤਰਾ ਪਾਲ ਕੌਰ/79
- ਸਿਰਜਣਾ ਤੇ ਸਮਕਾਲ/ਸਮਕਾਲ ਤੇ ਸਿਰਜਣਾ ਸੁਰਜੀਤ ਜੱਜ/87
- ਮੇਰੀ ਕਵਿਤਾ ਦੀ ਸਮਕਾਲੀਨਤਾ ਹਰਵਿੰਦਰ ਭੰਡਾਲ/93
- ਸਮਕਾਲੀ ਸੰਕਟ ਦੇ ਸਨਮੁੱਖ: ਮੈਂ ਤੇ ਮੇਰੀ ਕਵਿਤਾ/ਸਤਪਾਲ ਭੀਖੀ/99
- ਸਮਕਾਲ ਅਤੇ ਮੇਰੀ ਕਹਾਣੀ ਵਰਿੰਦਰ ਪਰਹਾਰ/106
- ਸਮਕਾਲ ਦੇ ਸਨਮੁਖ ਮੇਰੀ ਨਾਟ-ਸਿਰਜਣ ਪ੍ਰਕਿਰਿਆ/ਸਤੀਸ਼ ਵਰਮਾ/113
- ਮੇਰੇ ਸਫਰਨਾਮਿਆਂ ਵਿਚ ਸਮਕਾਲ ਜਸ ਮੰਡ/124
- ਪੁਸਤਕ ਰਿਵੀਊ ✪ ਪਾਠਕ ਪ੍ਰਤੀਕਿਰਿਆ

- ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

ਸੰਪਾਦਕੀ

# ਸਮਕਾਲ ਅਤੇ ਸਿਰਜਣਕਾਰੀ

ਸਮਕਾਲ ਨੂੰ ਜਦੋਂ ਕਾਲ-ਬਿੰਦੂ ਦੇ ਪ੍ਰਸੰਗ ਵਿਚ ਵੇਖਾਂਗੇ ਤਾਂ ਇਸ ਦੇ ਅਰਥ ਸਰਲ, ਭਾਵ ਸੀਮਤ ਅਤੇ ਇਤਿਹਾਸ ਕਾਲ ਬਿੰਦੂ ਨੂੰ ਮਕੈਨਿਕ ਢੰਗ ਨਾਲ ਵੇਖਣ ਤਕ ਸੀਮਤ ਹੋ ਜਾਵਾਂਗੇ। ਅੱਜ ਜੋ ਮਨੁੱਖ ਸਾਡੇ ਸਾਹਮਣੇ ਹੈ ਉਸ ਦੀ ਸਮਾਜਿਕ ਚੇਤਨਾ ਦੀਆਂ ਜੜ੍ਹਾਂ ਕੁਝ ਹਜ਼ਾਰ ਵਰ੍ਹਿਆਂ ਤਕ ਫੈਲੀਆਂ ਹੋਈਆਂ ਹਨ। ਇਹ ਇਕ ਖ਼ਾਸ ਭੂਗੋਲਿਕ ਖੇਤਰਾਂ ਵਿਚ ਅਜ਼ਾਦ ਤੌਰ ਤੇ ਵਿਕਸਤ ਹੋਏ ਮਨੁੱਖਾਂ ਦੀ ਚੇਤਨਾ ਸੀ, ਜਿਹੜੀ ਮੁਢਲੀ ਮਾਨਵੀ ਸੰਵੇਦਨਾ ਤੋਂ ਸ਼ੁਰੂ ਹੋ ਕੇ ਅਜੋਕੇ ਵਿਸ਼ਵੀ ਭਾਈਚਾਰੇ ਵਾਲੀ ਚੇਤਨਾ ਤਕ ਪਹੁੰਚੀ। ਮਨੁੱਖੀ ਸਭਿਅਤਾ ਦੇ ਇਨ੍ਹਾਂ ਵਿਕਾਸ ਪੜਾਵਾਂ ਨੇ ਵੱਖੋ-ਵੱਖਰੇ ਭੂਖੰਡਾਂ ਦੀ ਇਕ ਪਛਾਣ ਬਣਾਈ, ਇਸ ਦਾ ਅਧਾਰ ਮਨੁੱਖੀ ਵਿਹਾਰ ਵਿਚ ਨਿਹਿਤ ਸੀ। ਇਸ ਵਿਚ ਸਭ ਤੋਂ ਉੱਚੀ ਸੁਰ ਭਾਈਚਾਰਕ ਸਾਂਝ ਦੀ ਸੀ। ਇਸ ਸਾਂਝ ਦੇ ਅਧਾਰ ਬਦਲਦੇ ਰਹੇ ਹਨ। ਇਨ੍ਹਾਂ ਅਧਾਰਾਂ ਵਿਚੋਂ ਹੀ ਸਮੱਸਿਆਵਾਂ ਪੈਦਾ ਹੁੰਦੀਆਂ ਰਹੀਆਂ ਹਨ। ਇਹ ਸਮੱਸਿਆਵਾਂ ਕਈ ਵਾਰੀ ਸਮਾਜ ਦੀਆਂ ਮੂਲ ਸਰੰਚਨਾਵਾਂ ਲਈ ਸਮੱਸਿਆਵਾਂ ਬਣ ਜਾਂਦੀਆਂ ਹਨ। ਇਹ ਸਮੱਸਿਆਵਾਂ ਚੁਣੌਤੀ ਬਣ ਕੇ ਸਾਹਮਣੇ ਆਉਂਦੀਆਂ ਹਨ। ਇਹ ਚੁਣੌਤੀਆਂ ਛੋਟੇ-ਛੋਟੇ ਸੰਘਰਸ਼ਾਂ ਦੇ ਰੂਪ ਵਿਚ ਉਭਰਦੀਆਂ ਕਈ ਵਾਰੀ ਵੱਡੇ ਮਹਾਂਸੰਗਰਾਮ ਦਾ ਅਧਾਰ ਬਣ ਜਾਂਦੀਆਂ ਹਨ। ਇਸ ਸੰਗਰਾਮ ਵਿਚੋਂ ਵੱਡੀ ਤਬਾਹੀ ਉਪਜਦੀ ਹੈ, ਪ੍ਰੰਤੂ ਕਈ ਵਾਰੀ ਇਸ ਤਬਾਹੀ ਦੇ ਸਿੱਟੇ ਨਵੇਂ ਮੁੱਲਾਂ ਦੀਆਂ ਸਿਰਜਨਾਵਾਂ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਸਮਕਾਲ ਦੀਆਂ ਘਟਨਾਵਾਂ ਅਜਿਹੇ ਸੰਕਟਾਂ ਲਈ ਫੌਰੀ ਕਾਰਨ ਬਣਦੀਆਂ ਹਨ। ਇਸ ਤਰ੍ਹਾਂ ਸਮਕਾਲ ਭੂਤ ਅਤੇ ਭਵਿੱਖ ਨੂੰ ਵੀ ਸੰਬੋਧਿਤ ਹੋ ਰਿਹਾ ਹੁੰਦਾ ਹੈ। ਸਿਰਜਣੀ ਵਰਤਾਰੇ ਵਿਚ ਸਮਕਾਲ ਗਿਆਨ ਦੇ ਬਾਕੀ ਅਨੁਸ਼ਾਸਨਾਂ ਤੋਂ ਵੱਖਰੇ ਰੂਪ ਵਿਚ ਸੰਬੋਧਿਤ ਹੁੰਦਾ ਹੈ। ਉਂਞ ਸਮਕਾਲ ਤੋਂ ਸਮੁੱਚੀਆਂ ਸੂਖ਼ਮ ਕਲਾਵਾਂ ਬੇਮੁਖ ਨਹੀਂ ਹੋ ਸਕਦੀਆਂ, ਚਿੱਤਰਕਾਰੀ, ਬੁੱਤਕਾਰੀ, ਸੰਗੀਤ, ਨਾਚ, ਫ਼ਿਲਮਾਂ ਸਮਕਾਲ ਨੂੰ ਆਪਣੇ-ਆਪਣੇ ਹੋਂਦਮਈ ਅਤੇ ਅਭੀਵਿਅਕਤੀ ਲਈ ਦਾਇਰਿਆਂ ਵਿਚ ਰਹਿ ਕੇ ਸੰਬੋਧਿਤ ਹੁੰਦੀਆਂ ਹਨ। ਇਥੇ ਸਾਡਾ ਸਰੋਕਾਰ ਸਾਹਿਤ ਸਿਰਜਣਾ ਅਤੇ ਸਮਕਾਲ ਦੇ ਸਬੰਧਾਂ ਤਕ ਸੀਮਤ ਹੈ। ਇਸ ਨੂੰ ਹੋਰ ਕੇਂਦਰਿਤ ਕਰਦੇ ਹੋਏ ਅਸੀਂ ਪੰਜਾਬੀ ਸਾਹਿਤ ਸਿਰਜਣਕਾਰੀ ਵਲ ਹੀ ਰੁਚਿਤ ਰਹਾਂਗੇ।

ਸਾਹਿਤ ਸਿਰਜਣਕਾਰੀ ਦਾ ਘੇਰਾ ਬਾਕੀ ਸੂਖ਼ਮ ਕਲਾਵਾਂ ਦੇ ਮੁਕਾਬਲੇ ਵਿਚ ਜ਼ਿਆਦਾ ਵਸੀਹ ਹੈ। ਮੁੱਢਲੇ ਰੂਪ ਵਿਚ ਇਹ ਸਾਰੇ ਗਿਆਨ ਦੇ ਅਨੁਸ਼ਾਸਨਾਂ ਦਾ ਮੂਲ ਸਾਧਨ ਅਤੇ ਸਰੋਤ ਸੀ। ਹੁਣ ਤਕ ਇਹ ਇਤਿਹਾਸ ਦਾ ਸਭ ਤੋਂ ਪ੍ਰਮਾਣਿਕ ਸਰੋਤ ਮੰਨਿਆ ਜਾਂਦਾ ਹੈ। ਮਨੁੱਖ ਜਦੋਂ ਖੁਸ਼ੀ, ਗ਼ਮੀ, ਚਿੰਤਾ, ਸੰਕਟ ਵਿਚ ਘਿਰਿਆ ਹੁੰਦਾ ਹੈ ਤਾਂ ਸਭ ਤੋਂ ਵੱਧ ਉਸ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਦਾ ਸਾਧਨ ਸਾਹਿਤ ਬਣਦਾ ਹੈ। ਸਾਹਿਤ ਦੀ ਅਭਿਵਿਅਕਤੀ ਸਮੂਹਿਕ ਗਿਆਨ ਚੇਤਨਾ ਤੋਂ ਹੁੰਦੀ ਹੋਈ ਵਿਅਕਤੀ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦੀ ਹੈ। ਫਿਰ ਜਦੋਂ ਇਸ ਨੂੰ ਸਮੂਹਿਕ ਚੇਤਨਾ ਸਾਂਝੀ ਵੇਦਨਾ ਦੇ ਰੂਪ ਵਿਚ ਸਵੀਕਾਰ ਕਰ ਲੈਂਦੀ ਹੈ ਤਾਂ ਅਜਿਹਾ ਸਾਹਿਤ ਲੋਕ ਸਾਹਿਤ ਦੇ ਘੇਰੇ ਵਿਚ ਆ ਜਾਂਦਾ ਹੈ। ਜਦੋਂ ਕੋਈ ਸਾਹਿਤ ਰਚਨਾ ਵਿਅਕਤੀ ਦੀ ਕਿਰਤ ਬਣ ਕੇ ਲੋਕ ਮਾਨਤਾ ਰਾਹੀਂ ਵਿਅਕਤੀ ਦਾ ਬਿੰਬ ਸਥਾਪਿਤ ਕਰ

ਦਿੰਦੀ ਹੈ ਤਾਂ ਉਹ ਕਿਸੇ ਲੇਖਕ ਦੁਆਰਾ ਸਿਰਜਤ ਕਲਾਸਿਕ ਰਚਨਾ ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ। ਅਜਿਹੀ ਰਚਨਾ ਬਹੁਤੀ ਵਾਰੀ ਸਮਾਜਿਕ ਮੁੱਲਾਂ ਦਾ ਆਧਾਰ ਬਣ ਜਾਂਦੀ ਹੈ ਜਾਂ ਇਸ ਨੂੰ ਇਸ ਢੰਗ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਦੇ ਪ੍ਰਵਾਨਤ ਮੁੱਲ ਲੇਖਕ ਦੀ ਕਲਪਨਾ ਸ਼ਕਤੀ ਨਾਲ ਰਲ ਕੇ ਅਜਿਹੇ ਵਿਅਕਤੀਤਵ ਨੂੰ ਚਿਤਰ ਲਿਆ ਜਾਂਦਾ ਹੈ ਜਿਹੜਾ ਵੱਡੇ ਸਮੂਹਾਂ ਦੀਆਂ ਭਾਵਨਾਵਾਂ ਨੂੰ ਟੁੰਬ ਲੈਂਦਾ ਹੈ। ਇਸ ਲਈ ਉਹ ਰਚਨਾਵਾਂ ਸਦੀਆਂ ਤਕ ਸਮਾਜਿਕ ਮੁੱਲਾਂ ਦਾ ਪ੍ਰਮਾਣਿਕ ਦਸਤਾਵੇਜ਼ ਬਣ ਜਾਂਦੀਆਂ ਹਨ। ਸਾਡੀਆਂ ਸਮੂਹਿਕ ਚਿੰਤਨੀ ਸਰਗਰਮੀਆਂ ਅਤੇ ਸਮਾਜਿਕ ਮੁੱਲਾਂ ਦਾ ਅਧਾਰ ਸਾਡੇ ਮਹਾਂਕਾਵਿ ਅਤੇ ਧਾਰਮਿਕ ਟੈਕਸਟ ਰਹੀਆਂ ਹਨ। ਇਨ੍ਹਾਂ ਕਿਰਤਾਂ ਦੇ ਸਮਾਂਨੰਤਰ ਸਾਡਾ ਲੋਕ ਸਾਹਿਤ ਇਨ੍ਹਾਂ ਦੇ ਆਲੇ-ਦੁਆਲੇ ਘੁੰਮਦਾ ਰਿਹਾ ਹੈ। ਸਾਡੇ ਖਿੱਤੇ ਦੀ ਖ਼ੂਬਸੂਰਤ ਅਤੇ ਵਿਲੱਖਣ ਗੱਲ ਇਹ ਹੈ ਕਿ ਇਨ੍ਹਾਂ ਟੈਕਸਟਾਂ ਨਾਲ ਸੰਵਾਦ ਵੀ ਚਲਦਾ ਰਿਹਾ ਹੈ। ਇਹ ਸੰਵਾਦ ਧੀਮੀ ਸੁਰ ਤੋਂ ਲੈ ਕੇ ਤਿੱਖੇ ਤੇ ਵੱਡੇ ਖਿੱਤੇ ਤਕ ਫੈਲਿਆ ਹੋਇਆ ਸੀ। ਇਸੇ ਲਈ ਸਮੁੱਚੇ ਏਸ਼ੀਆ ਵਿਚ ਰਮਾਇਣ ਦੇ ਸੌ ਤੋਂ ਵੱਧ ਪਾਠ ਮਿਲਦੇ ਹਨ। ਉਤਰ ਤੋਂ ਲੈ ਕੇ ਦੱਖਣ ਅਤੇ ਬਾਲਮੀਕ, ਤੁਲਸੀਦਾਸ ਤੋਂ ਲੈ ਕੇ ਜਾਤਕ ਕਥਾਵਾਂ ਤਕ ਇਸ ਦੇ ਕਈ ਪਾਠ ਮਿਲਦੇ ਹਨ। ਇਨ੍ਹਾਂ ਪਾਠਾਂ ਦਾ ਸਮਾਂ ਕਈ ਸਦੀਆਂ ਦੇ ਅੰਤਰਾਲ ਉਤੇ ਫੈਲਿਆ ਹੋਇਆ ਹੈ। ਮੈਂ ਇਸ ਟੈਕਸਟ ਨੂੰ ਪ੍ਰਮਾਣਿਕ ਇਸ ਕਰਕੇ ਕਹਿੰਦਾ ਕਿ ਸਾਡੀ ਆਮ ਲੋਕਾਈ ਨੂੰ ਇਹ ਪ੍ਰਭਾਵਿਤ ਹੀ ਨਹੀਂ ਕਰਦੀ ਰਹੀ, ਸਗੋਂ ਇਸ ਦੇ ਪਾਤਰ ਉਨ੍ਹਾਂ ਲਈ ਆਦਰਸ਼ ਬਣੇ ਰਹੇ ਹਨ ਅਤੇ ਅਜੋਕੇ ਕਾਲ ਤਕ ਵੀ ਹਨ। ਇਨ੍ਹਾਂ ਪਾਠਾਂ ਉੱਤੇ ਕਿੰਤੂ ਕਰਨ ਵਾਲੀਆਂ ਧਿਰਾਂ ਇਨ੍ਹਾਂ ਦੇ ਆਦਰਸ਼ ਉੱਤੇ ਸਵਾਲ ਵੀ ਖੜ੍ਹੇ ਕਰਦੀਆਂ ਰਹੀਆਂ ਹਨ। ਅਸਲ ਵਿਚ ਸਮਾਂ ਪਾ ਕੇ ਇਹ ਟੈਕਸਟ ਗਲਬਾਮੂਲਕ ਵਿਚਾਰਧਾਰਾ ਦਾ ਵਾਹਨ ਬਣ ਗਈਆਂ। ਇਸ ਵਿਚਾਰਧਾਰਾ ਨਾਲ ਸੰਵਾਦ ਕਰਨ ਵਾਲੀਆਂ ਧਿਰਾਂ ਇਨ੍ਹਾਂ ਪਾਠਾਂ ਦੇ ਮੁੱਲਾਂ ਦਾ ਆਦਰਸ਼ ਬਣੇ ਪਾਤਰਾਂ ਨੂੰ ਵਿਅਕਤੀ ਬਣਾ ਕੇ ਭੰਡਦੇ ਹਨ। ਇਸ ਨਾਲ ਗਲਬੇ ਵਾਲੀ ਧਿਰ ਦਾ ਮਸਲਾ ਹੱਲ ਹੁੰਦਾ ਹੈ। ਉਹ ਉਨ੍ਹਾਂ ਪਾਠਾਂ ਦੇ ਪਾਤਰਾਂ ਨੂੰ ਕਲਪਨਾ ਦੇ ਜੂਲੇ 'ਚੋਂ ਕੱਢ ਕੇ ਇਤਿਹਾਸਕ ਵਿਅਕਤੀ ਸਥਾਪਿਤ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ। ਅਸਲ ਵਿਚ ਇਨ੍ਹਾਂ ਪਾਠਾਂ ਦੇ ਵਿਚਾਰਧਾਰਕ ਅਧਾਰਾਂ ਨੂੰ ਸਮਕਾਲ ਵਿਚ ਰੱਖ ਕੇ ਸੰਵਾਦ ਰਚਾਉਣਾ ਜ਼ਰੂਰੀ ਹੈ। ਮੈਨੂੰ ਭਾਰਤੀ ਪਰੰਪਰਾ ਵਿਚ ਪਿਆ ਕ੍ਰਿਸ਼ਨ ਦਾ ਪਾਤਰ ਵਾਰ-ਵਾਰ ਟੁੰਬਦਾ ਹੈ। ਉਸ ਨੇ ਸਾਡੇ ਕਾਲਖੰਡਾਂ ਉੱਤੇ ਫੈਲ ਕੇ ਕਿਵੇਂ ਵਿਕਾਸ ਕੀਤਾ ਹੈ, ਇਹ ਵੇਖਣ ਵਾਲਾ ਹੈ। ਰਿਗਵੇਦ ਵਿਚ ਕ੍ਰਿਸ਼ਨ ਆਰੀਆ ਦੇ ਵਿਰੋਧ ਵਿਚ ਪਾਣੀ ਨੂੰ ਬੰਨ੍ਹ ਮਾਰ ਕੇ ਰੋਕਣ ਵਾਲਾ ਕਾਲੀਆ ਰਾਖ਼ਸ਼ਸ ਜਾਤੀ ਨਾਲ ਸਬੰਧਿਤ ਨਾਮਜ਼ਦ ਕੀਤਾ ਜਾਂਦਾ ਹੈ। ਆਰੀਆ ਦੇ ਹਸਤਨਾਪੁਰ ਦੀ ਸਥਾਪਨਾ ਤੇ ਸੱਤਾ ਸੰਘਰਸ਼ ਵਿਚ ਉਹ ਆਰੀਆ ਦੀ ਇਕ ਧਿਰ ਬਣ ਜਾਂਦਾ ਹੈ। ਇਥੇ ਉਹ ਇਕ ਪਾਸੇ ਖਾਂਡਵ ਦਾਹ ਦਾ ਮੁੱਖ ਸੰਯੋਜਕ ਬਣਦਾ ਹੈ ਅਤੇ ਗੀਤਾ ਦਾ ਲੇਖਕ/ਉਚਾਰਕ ਬਣ ਕੇ ਭਾਰਤੀ ਦਰਸ਼ਨ ਦਾ ਕੇਂਦਰ ਬਿੰਦੂ ਬਣ ਜਾਂਦਾ ਹੈ। ਬਾਰ੍ਹਵੀਂ ਸ਼ਤਾਬਦੀ ਵਿਚ ਜੈ ਦੇਵ ਦੱਖਣ ਵਿਚ ਪੈਦਾ ਹੋਇਆ ਉਸ ਦਾ ਲੀਲਾਵੀ/ਰੁਮਾਂਟਿਕ ਬਿੰਬ ਉਸਾਰ ਦਿੰਦਾ ਹੈ, ਜਿਹੜਾ ਉਸ ਦੌਰ ਦੀਆਂ ਸੂਖ਼ਮ ਕਲਾਵਾਂ ਦਾ ਅਧਾਰ ਬਣ ਜਾਂਦਾ ਹੈ। ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਤਕ ਦਾ ਸਾਹਿਤ, ਨ੍ਰਿਤ, ਚਿੱਤਰਕਾਰੀ, ਸੰਗੀਤ, ਬੁਤਕਾਰੀ ਇਸ ਦੇ ਪ੍ਰਭਾਵ ਥੱਲੇ ਆ ਜਾਂਦੀ ਹੈ। ਸੂਰਦਾਸ ਇਸ ਪਾਤਰ ਦਾ ਬਚਪਨ ਸ਼ਾਮਲ ਕਰਕੇ ਇਸ ਨੂੰ ਮਾਤਰੀ ਮਮਤਾ ਦਾ ਕੇਂਦਰ ਬਣਾ ਦਿੰਦਾ ਹੈ। ਇਸ ਤੋਂ ਸਾਡਾ ਅਰਥ ਹੈ ਇਹ ਭਾਰਤੀ ਗਲਬਾਮੁਖੀ ਸੋਚ ਦਾ

ਪਾਤਰ ਵਿਅਕਤੀ/ਪਾਤਰ ਰਾਹੀਂ ਇਸ ਵਿਚਾਰ ਦਾ ਮੁਜੱਸਮਾ ਬਣ ਕੇ ਸਾਹਮਣੇ ਆਉਂਦਾ ਹੈ। ਭਾਰਤ ਦਾ ਸਰਬਕਾਲੀ ਸਮਕਾਲ ਇਸ ਰਾਹੀਂ ਗਤੀਸ਼ੀਲ ਹੁੰਦਾ ਹੈ। ਭਾਰਤ ਦਾ ਮਹਾਂਕਾਵਿਕ ਸਮਕਾਲ ਸੰਵਾਦ ਨਾਲ ਭਰਿਆ ਪਿਆ ਹੈ। ਤੁਲਸੀ ਦਾਸ ਸੋਲਵੀਂ ਸਦੀ ਵਿਚ ਰਮਾਇਣ ਲਿਖ ਕੇ ਹਿੰਦੂ ਸਾਂਸਕ੍ਰਿਤੀ ਨੂੰ ਹਿੰਦੂਤਵ ਰੂਪ ਦੇਂਦਾ ਹੈ। ਇਹੀ ਬਾਲਮੀਕ ਰਮਾਇਣ ਤੋਂ ਤੁਲਸੀ ਦਾਸ ਦੀ ਰਮਾਇਣ ਦਾ ਸਫ਼ਰ ਹੈ। ਬੁੱਧ ਧਰਮ ਨਾਲ ਇਹਦੇ ਕੁਝ ਪ੍ਰਸੰਗ ਲੋਕ ਕਹਾਣੀਆਂ ਵਿਚ ਨਵੇਂ ਰੂਪ ਵਿਚ ਪ੍ਰਵੇਸ਼ ਕਰਦੇ ਹਨ। ਦੱਖਣ ਵਿਚ ਇਸ ਦੇ ਕਈ ਪਾਠ ਪ੍ਰਚੱਲਤ ਹੁੰਦੇ ਹਨ। ਉੱਤਰ ਅਤੇ ਦੱਖਣੀ ਏਸ਼ੀਆ ਵਿਚ ਹੋਰ ਵੀ ਵਿਭਿੰਨ ਪਾਠ ਪ੍ਰਚੱਲਤ ਹੁੰਦੇ ਹਨ।

ਭਾਰਤ ਇਸਲਾਮ ਦੇ ਦਖ਼ਲ ਤੋਂ ਪਹਿਲਾਂ ਕੰਪੋਜਿਟ ਸਭਿਆਚਾਰ ਦੇ ਪੜਾਅ ਵਿਚੋਂ ਲੰਘਦਾ ਹੈ। ਆਰੀਆ ਕਬੀਲਿਆਂ ਤੋਂ ਲੈ ਕੇ ਇਸਲਾਮ ਦੇ ਦਾਖਲੇ ਤੱਕ ਜਿੰਨੇ ਵੀ ਲੋਕ ਆਏ ਉਹ ਅਫ਼ਗਾਨਿਸਤਾਨ ਤੋਂ ਲੈ ਕੇ ਅਰਥਾਤ ਹਿੰਦੂਕੁਲ ਪਰਬਤ ਮਾਲਾ ਤੋਂ ਲੈ ਕੇ ਹਿੰਦ ਮਹਾਂਸਾਗਰ ਤਕ, ਵਿਹਾਰ ਅਤੇ ਕੌਮੀਅਤ ਦੀ ਸਾਂਝੀ ਭਾਵਨਾ ਨਾਲ ਜੁੜੇ ਹੋਏ ਕਬੀਲੇ ਸਨ। ਭਾਰਤੀ ਮਹਾਂਕਾਵਿ ਅਤੇ ਲੋਕ ਸਾਹਿਤ ਦੇ ਕਈ ਸਾਂਝੇ ਪਾਠ ਇਸ ਦੀਆਂ ਉਦਾਹਰਣਾਂ ਹਨ। ਇਨ੍ਹਾਂ ਵਿਚ ਕਈ ਧਾਰਮਿਕ ਸੁਧਾਰ ਦੀਆਂ ਲਹਿਰਾਂ ਇਕ ਦੂਜੇ ਖਿੱਤੇ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ। ਉੱਤਰ ਅਤੇ ਦੱਖਣੀ ਭਾਰਤ ਵਿਚਲੀਆਂ ਸਾਂਝਾ ਨੂੰ ਸਾਹਿਤਕ ਪਾਠਾਂ ਦੇ ਕਈ ਪਾਤਰਾਂ ਵਿਚੋਂ ਪਛਾਣਿਆ ਜਾ ਸਕਦਾ ਹੈ। ਉੱਤਰੀ ਭਾਰਤ ਵਿਚ ਇਸਲਾਮ ਦੇ ਹਮਲਿਆਂ ਨੇ ਇਕ ਨਵੇਂ ਵਿਰੋਧ ਅਤੇ ਮੇਲ-ਮਿਲਾਪ ਦਾ ਨਵਾਂ ਦੌਰ ਆਰੰਭ ਦਿੱਤਾ। ਇਸਲਾਮ ਮੱਧ-ਪੂਰਬ ਏਸ਼ੀਆ ਤੋਂ ਯੋਰਪ ਅਤੇ ਦੱਖਣੀ ਏਸ਼ੀਆ ਵਿਚ ਤੇਜ਼ੀ ਨਾਲ ਫੈਲਿਆ। ਭਾਰਤ ਵਿਚ ਮੁਸਲਮਾਨ ਹਮਲਾਵਰਾਂ ਦੇ ਕਈ ਕਬੀਲੇ ਆਏ। ਉਨ੍ਹਾਂ ਵਿਚ ਮੁਗਲਾਂ ਨੇ ਇਕ ਸਥਿਰ ਰਾਜ ਕਾਇਮ ਕੀਤਾ। ਇਸ ਰਾਜਸ਼ਾਹੀ ਅਧੀਨ ਰਾਜ ਸੱਤਾ ਵੱਲੋਂ ਗੈਰ-ਮੁਸਲਮਾਨਾਂ ਪ੍ਰਤੀ ਕੱਟੜ ਵਿਹਾਰ ਧਾਰਨ ਕੀਤਾ ਗਿਆ, ਪ੍ਰੰਤੂ ਸੱਤਾ ਦੇ ਕਾਬਜ਼ ਲੋਕਾਂ ਨਾਲ ਅਕਬਰ ਦੇ ਸਮੇਂ ਇਕ ਸਦਭਾਵਨਾ ਵਾਲਾ ਮਾਹੌਲ ਤਿਆਰ ਕੀਤਾ ਗਿਆ। ਬਾਰ੍ਹਵੀਂ ਸ਼ਤਾਬਦੀ ਵਿਚ ਉੱਤਰੀ ਭਾਰਤ ਵਿਚ ਸੂਫ਼ੀਆਂ ਦੇ ਵੱਡੇ ਕੇਂਦਰ ਸਥਾਪਿਤ ਹੋਏ ਜਿਨ੍ਹਾਂ ਵਿਚ ਨਿਜਾਮੁਦੀਨ ਔਲੀਆ ਅਤੇ ਪਾਕਪਟਨ ਪ੍ਰਮੁੱਖ ਕੇਂਦਰ ਸਨ। ਉਸ ਸਮੇਂ ਦਾ ਸਮਕਾਲ ਪੰਜਾਬ ਲਈ ਨਵੀਆਂ ਚੁਣੌਤੀਆਂ ਅਤੇ ਸਮਨਵੇਂ ਦਾ ਨਵਾਂ ਯੁੱਗ ਲੈ ਕੇ ਆ ਰਿਹਾ ਸੀ। ਅੱਠਵੀਂ ਸ਼ਤਾਬਦੀ ਵਿਚ ਦੱਖਣ ਵਿਚ ਸ਼ੁਰੂ ਹੋਈ ਭਗਤੀ ਲਹਿਰ ਧਾਰਮਿਕ ਕਰਮਕਾਂਡੀ ਵਿਵਸਥਾ ਉਤੇ ਹਮਲੇ ਕਰ ਰਹੀ ਸੀ। ਜਿਸ ਦਾ ਮੋਢੀ ਅੱਪਾ ਸੁਆਮੀ ਸੀ। ਉੱਤਰੀ ਭਾਰਤ ਵਿਚ ਕਬੀਰ ਅਤੇ ਗੁਰੂ ਨਾਨਕ ਭਗਤੀ ਲਹਿਰ ਦੇ ਮੁਖ ਬੁਲਾਰੇ ਸਨ। ਇਸ ਤੋਂ ਪਹਿਲਾਂ ਬਾਰ੍ਹਵੀਂ ਸ਼ਤਾਬਦੀ ਵਿਚ ਸ਼ੇਖ ਫ਼ਰੀਦ ਪੰਜਾਬੀ ਸਭਿਆਚਾਰ ਦੀ ਇਕ ਵੱਖਰੀ ਨੁਹਾਰ ਘੜ ਰਿਹਾ ਸੀ। ਇਸ ਤਰ੍ਹਾਂ ਪੰਜਾਬ ਲਈ ਮੱਧਕਾਲ ਨਾ ਸਮਕਾਲ ਸਾਹਿਤ ਸਿਰਜਣਕਾਰੀ ਦੇ ਪੱਖੋਂ ਪੰਜਾਬੀ ਸਾਹਿਤ ਦਾ ਸੁਨਹਿਰੀ ਯੁੱਗ ਸੀ, ਇਸ ਸਮੇਂ ਗੁਰਮਤਿ ਕਾਵਿ, ਸੂਫ਼ੀ ਕਾਵਿ, ਵੀਰ-ਕਾਵਿ ਅਤੇ ਕਿੱਸਾ-ਕਾਵਿ ਉਹ ਪਰਪਾਟੀਆਂ ਸਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਸਿਰਜਣਕਾਰੀ ਵਿਚ ਹੀ ਨਹੀਂ ਸਗੋਂ ਇਕ ਨਵੀਂ ਜੀਵਨ ਜਾਚ ਦਾ ਮੁੱਢ ਬੰਨ੍ਹ ਦਿੱਤਾ। ਨਾਬਰੀ ਅਤੇ ਸਮਾਜਿਕ ਸਦਭਾਵਨਾ ਇਸ ਦਰਸ਼ਨ ਦੇ ਮੁੱਖ ਅਧਾਰ ਸਨ। ਭਾਰਤੀ ਜੀਵਨ ਜਾਚ ਦੀ ਸੰਵਾਦੀ ਪਰੰਪਰਾ ਇਸ ਨੇ ਕੇਂਦਰ ਵਿਚ ਸੀ। ਇਸੇ ਲਈ ਭਾਰਤ ਵਿਚ ਇਕ ਪਾਸੇ ਸਾਰੇ ਧਾਰਮਿਕ ਮੱਤ ਇਕ ਦੂਜੇ ਨਾਲ ਸੰਵਾਦੀ ਸਨ ਦੂਜੇ ਪਾਸੇ ਟਕਰਾਅ ਦੀ ਸਥਿਤੀ ਵਿਚ

ਰਹਿੰਦੇ ਸਨ। ਪ੍ਰੰਤੂ ਸਾਹਿਤ ਅਤੇ ਕਲਾਵਾਂ ਨੇ ਟਕਰਾਅ ਦੀ ਥਾਂ ਸਮਨਵੇਂ ਦੀ ਪੈਰਵੀ ਕੀਤੀ ਹੈ। ਇਹ ਅਠਾਰਵੀਂ ਸ਼ਤਾਬਦੀ ਤਕ ਦਾ ਸਮਕਾਲ ਸੀ। ਇਸ ਵਿਚ ਟਕਰਾਅ ਅਤੇ ਸਮਨਵੇਂ ਸਮਾਨੰਤਰ ਰੂਪ ਵਿਚ ਚਲਦੇ ਰਹੇ। ਇਹ ਸਮਾਂ ਦੁਨਆਂ ਵਿਚ ਬਸਤੀਵਾਦ ਦੇ ਫੈਲਾਅ ਦਾ ਸਮਾਂ ਸੀ। ਸਰਮਾਏਦਾਰੀ ਪ੍ਰਬੰਧ ਵਿਚੋਂ ਪੈਦਾ ਹੋਈ ਨਵੀਂ ਚੇਤਨਾ ਪੈਰ ਪਸਾਰ ਰਹੀ ਸੀ। ਇਸ ਚੇਤਨਾ ਵਿਚੋਂ ਸੰਘਰਸ਼ ਦਾ ਇਕ ਨਵਾਂ ਰੂਪ ਉਭਰ ਰਿਹਾ ਸੀ। ਭਾਰਤ ਵਿਚ ਇਸ ਸਮੇਂ ਜਗੀਰਦਾਰੀ ਪ੍ਰਬੰਧ ਰੂਪਾਂਤਰਣ ਦੀ ਪ੍ਰਕਿਰਿਆ ਵਿਚੋਂ ਲੰਘ ਰਿਹਾ ਸੀ। ਇਹ ਰੂਪਾਂਤਰਨ ਭਾਰਤ ਵਿਚ ਆਰੋਪਿਤ ਰੂਪ ਵਿਚ ਹੋ ਰਿਹਾ ਸੀ। ਇਸ ਵਿਚੋਂ ਬਸਤੀਵਾਦ ਦਾ ਗਲਬਾ ਉਭਰ ਰਿਹਾ ਸੀ। ਇਸੇ ਦੌਰ ਵਿਚ ਪੰਜਾਬ ਬਸਤੀਵਾਦ ਦੇ ਵਰਤਾਰੇ ਦਾ ਹਿੱਸਾ ਬਣਦਾ ਹੈ।

ਪੰਜਾਬ ਦੇ ਇਸ ਖਿੱਤੇ ਲਈ ਬਸਤੀਵਾਦ ਨਵੀਂ ਸਥਿਤੀ ਅਤੇ ਨਵੀਆਂ ਚੁਣੌਤੀਆਂ ਲੈ ਕੇ ਆਉਂਦਾ ਹੈ। ਪੰਜਾਬ ਵਿਚ ਪਹਿਲੀ ਵਾਰ ਇਕ ਨਵੀਂ ਪ੍ਰਬੰਧਕੀ ਬਣਤਰ ਉਭਰਦੀ ਹੈ। ਪੰਜਾਬ ਸਿੱਧਾ ਬਸਤੀਵਾਦ ਰਾਹੀਂ ਸੰਸਾਰ ਮੰਡੀ ਦਾ ਹਿੱਸਾ ਬਣਦਾ ਹੈ। ਪੰਜਾਬ ਵਿਚ ਮੱਧ-ਵਰਗ ਦੇ ਫੈਲਾਅ ਲਈ ਥਾਂ ਬਣਦੀ ਹੈ। ਪੰਜਾਬ ਫੌਜੀ ਭਰਤੀ ਦੇ ਫੈਲਾਅ ਲਈ ਜਰਖ਼ੇਜ ਭੂਮੀ ਸਾਬਤ ਹੁੰਦਾ ਹੈ। ਇਹ ਨਵੀਂ ਚੇਤਨਾ ਸਾਹਿਤ ਦੀਆਂ ਆਧੁਨਿਕ ਵਿਧਾਵਾਂ ਲਈ ਰਾਹ ਖੋਲ੍ਹ ਦੇਂਦੀ ਹੈ। ਇਸ ਨਾਲ ਇਕ ਸਵੈ ਹੋਂਦ ਵਾਲੀ ਚੇਤਨਾ ਧਾਰਮਿਕ ਪੁਨਰ-ਸੁਰਜੀਤੀ ਰਾਹੀ ਪੈਦਾ ਹੁੰਦੀ ਹੈ। ਇਸ ਵਿਚੋਂ ਬਸਤੀਵਾਦ ਦਾ ਵਿਰੋਧ ਅਤੇ ਸਮਨਵੇਂ ਦੋਵੇਂ ਉਭਰਦੇ ਹਨ। ਵਿਰੋਧ ਵਿਚੋਂ ਕੌਮੀ ਮੁਕਤੀ ਅੰਦੋਲਨ ਉਭਰਰਦਾ ਹੈ। ਉਸ ਸਮੇਂ ਦੇ ਸਮਕਾਲ ਦੇ ਵਿਰੋਧ ਵਿਚ ਬਸਤੀਵਾਦੀ ਹਾਕਮ, ਸਥਾਨਕ ਜਗੀਰਦਾਰੀ, ਧਾਰਮਿਕ ਅੰਧ ਵਿਸ਼ਵਾਸ, ਜਾਤੀ-ਪਾਤੀ ਪ੍ਰਬੰਧ, ਨਾਰੀ ਅਤੇ ਦਲਿਤ ਦੀ ਹਾਸ਼ੀਆਗਤ ਸਥਿਤੀ ਸੀ। ਇਸ ਸਥਿਤੀ ਨੂੰ ਸਮੁੱਚਾ ਸਾਹਿਤਕ ਜਗਤ ਸੰਬੋਧਿਤ ਹੋ ਰਿਹਾ ਸੀ। ਪਹਿਲੀ ਵਾਰੀ ਕੌਮੀ ਸਰਮਾਏਦਾਰੀ, ਵਿਉਪਾਰੀ, ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਛੋਟਾ ਦੁਕਾਨਦਾਰ ਅਤੇ ਦਸਤਕਾਰ ਸ਼ਾਮਲ ਹੋ ਰਿਹਾ ਸੀ। ਉਸ ਸਮੇਂ ਵੀ, ਇਸ ਭਾਰੂ ਲਹਿਰ ਵਿਚ ਵੀ ਭਾਰਤ ਵਿਚ ਸਜ-ਪਿਛਾਕੜੀ ਧਿਰ ਵੀ ਕੰਮ ਕਰ ਰਹੀ ਸੀ। ਉਹ ਭਾਰਤ ਦੀ ਕਲਪਨਾ ਧਰਮ ਅਧਾਰਿਤ ਰੂਪ ਵਿਚ ਕਰ ਰਿਹਾ ਸੀ। ਹਿੰਦੂ ਮਹਾਂਸਭਾ ਉਸ ਧਿਰ ਦੀ ਪ੍ਰਮੁੱਖ ਰੂਪ ਵਿਚ ਅਗਵਾਈ ਕਰ ਰਹੀ ਸੀ। ਇਹ ਸੁਰ ਮੁਖ ਰੂਪ ਦੀ ਥਾਂ ਦੇਸ਼ ਭਗਤੀ ਦੇ ਬੁਰਕੇ ਥੱਲੇ ਕੰਮ ਕਰ ਰਹੀ ਸੀ। ਪੰਜਾਬੀ ਸਾਹਿਤ ਦੀ ਭਾਰੂ ਸੁਰ ਕੌਮੀ ਮੁਕਤੀ ਅੰਦੋਲਨ ਦੇ ਪ੍ਰਭਾਵ ਥੱਲੇ ਕੰਮ ਕਰ ਰਹੀ ਸੀ। ਪੰਜਾਬੀ ਸਿਰਜਣਕਾਰੀ ਦੀਆਂ ਸਾਰੀਆਂ ਵਿਧਾਵਾਂ ਨਾਲ ਜੁੜੇ ਲੇਖਕ ਉਸ ਸਮੇਂ ਦੇ ਸਮਕਾਲ ਨੂੰ ਸੰਬੋਧਿਤ ਹੋ ਰਹੇ ਸਨ। ਉਸ ਸਮੇਂ ਦੌਰਾਨ ਦੀ ਰਾਜਸੀ ਖੇਤਰ ਵਿਚ ਦੋ ਕੌਮਾਂ ਦੇ ਸਿਧਾਂਤ, ਉਤੇ ਕੰਮ ਹੋ ਰਿਹਾ ਸੀ। ਉਸ ਸਮੇਂ ਕੌਮੀ ਮੁਕਤੀ ਅੰਦੋਲਨ ਸਾਹਮਣੇ ਇਕ ਪਾਸੇ ਆਜ਼ਾਦੀ ਦਾ ਨਾਹਰਾ ਸੀ, ਦੂਜੇ ਪਾਸੇ ਸਥਾਨਕ ਰਿਆਸਤਾਂ ਦਾ ਮਸਲਾ। ਇਸੇ ਸਥਿਤੀ ਵਿਚ ਦੇਸ਼ ਨੂੰ ਆਜ਼ਾਦੀ ਦੇ ਨਾਲ-ਨਾਲ ਦੇਸ਼ ਵੰਡ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਸ ਵੰਡ ਨੇ ਭੂਗੋਲਿਕ ਵੰਡ ਦੇ ਨਾਲ-ਨਾਲ ਅਬਾਦੀ ਦੀ ਅਦਲਾ ਬਦਲੀ ਨੇ ਪੰਜਾਬੀ ਸਮਾਜ ਨੂੰ ਨਵੀਆਂ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ। ਇਸ ਨਾਲ ਉੱਤਰੀ ਭਾਰਤ ਦੇ ਇਸ ਖਿੱਤੇ ਵਿਚ ਹਫ਼ਰਾ-ਤਫ਼ਤਰੀ ਫੈਲ ਗਈ। ਇਸ ਸੰਕਟ ਨੇ ਪੰਜਾਬੀ ਸਿਰਜਣਾ ਸਾਹਮਣੇ ਭਾਈਚਾਰਕ ਤਾਣੇ ਬਾਣੇ ਨੂੰ ਸੰਭਾਲਣ ਦੀ ਚੁਣੌਤੀ ਖੜ੍ਹੀ ਕਰ ਦਿੱਤੀ। ਉਸ ਦੌਰ ਦੇ ਸਮਕਾਲ ਦੀ ਚੁਣੌਤੀ ਨੂੰ ਪੰਜਾਬੀ ਸਿਰਜਣਾ ਨੇ ਸੰਤੁਲਤ ਪਹੁੰਚ ਰਾਹੀ ਪੇਸ਼ ਕੀਤਾ। ਪੰਜਾਬੀ ਕਹਾਣੀ ਅਤੇ ਕਵਿਤਾ ਦੇ ਸਿਰਜਕਾਂ ਨੇ ਵੱਡੀ

ਜ਼ਿੰਮੇਵਾਰੀ ਨਿਭਾਈ। ਸਮਾਜ ਵਿਚ ਵਿਆਪਕ ਵਰਤਾਰਾ ਸਾਂਝੀ ਮਨੁੱਖਤਾ ਦੀ ਪੀੜ ਬਣ ਕੇ ਉਭਰਿਆ। ਇਹ ਪੀੜ ਅਜੇ ਤਕ ਵੀ ਪੰਜਾਬੀ ਜਨ ਮਾਨਸ ਨੂੰ ਟੁੰਬ ਰਹੀ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ ਪੰਜਾਬ ਸਮੱਸਿਆ ਸਮੇਂ ਉਸ ਪੀੜ ਨੂੰ ਵਾਰ-ਵਾਰ ਮਹਿਸੂਸ ਕਰਨਾ ਅਤੇ ਸਿਰਜਣਕਾਰੀ ਵਿਚ ਲਿਆਉਣਾ ਸੀ।

ਅਜ਼ਾਦੀ ਤੋਂ ਬਾਅਦ ਦੇਸ਼ ਦੀ ਪੁਨਰ-ਉਸਾਰੀ ਦਾ ਮਸਲਾ ਛੇਤੀ ਹੀ ਭਾਵੁਕਤਾ ਵਿਚੋਂ ਨਿਕਲ ਕੇ ਯਥਾਰਥ ਨਾਲ ਟਕਰਾਉਣ ਲਗ ਪਿਆ। ਭੂਮੀ ਸੁਧਾਰ, ਸਨਅਤੀ ਵਿਕਾਸ ਅਤੇ ਮੰਡੀ ਨੇ ਨਵੀਆਂ ਵੰਗਾਰਾਂ ਖੜ੍ਹੀਆਂ ਕਰ ਦਿੱਤੀਆਂ। ਇਸ ਵਿਚ ਭੂਮੀ ਸੁਧਾਰ ਮਸਲੇ ਨੂੰ ਜਗੀਰਦਾਰਾਂ ਦੇ ਵਿਰੁੱਧ ਕਿਸਾਨੀ ਨੇ ਲਾਮਬੰਦ ਹੋ ਕੇ ਮੁਜ਼ਾਰਾ ਲਹਿਰ ਅਧੀਨ ਪੰਜਾਬ ਵਿਚ ਨਵਾਂ ਤਣਾਅ ਸਾਹਮਣੇ ਆਇਆ। ਨਕਸਲਬਾੜੀ ਲਹਿਰ ਨੇ ਰਾਜਸੀ ਖੇਤਰ ਵਿਚ ਹਲਚਲ ਪੈਦਾ ਕੀਤੀ। ਇਹ ਲਹਿਰ ਸਾਹਿਤਕ ਖੇਤਰ ਵਿਚ ਜੁਝਾਰਵਾਦੀ ਲਹਿਰ ਦੇ ਰੂਪ ਵਿਚ ਪ੍ਰਚੱਲਤ ਹੋਈ। ਇਸ ਲਹਿਰ ਨੇ ਪੰਜਾਬੀ ਕਵਿਤਾ ਨੂੰ ਪ੍ਰਭਾਵਿਤ ਕੀਤਾ। ਉਂਝ ਸਾਰੇ ਸਾਹਿਤ ਦੇ ਰੂਪ ਇਸ ਲਹਿਰ ਤੋਂ ਪ੍ਰਭਾਵਿਤ ਸਨ। ਇਸ ਸਿਰਜਣਕਾਰੀ ਦੇ ਕੇਂਦਰ ਵਿਚ ਸਟੇਟ ਦਾ ਜਾਬਰ ਰੂਪ ਅਤੇ ਲੜ ਰਹੀਆਂ ਧਿਰਾਂ ਦਾ ਸਿਰੜ, ਸੁਹਿਰਦਤਾ ਅਤੇ ਕੁਰਬਾਨੀ ਦਾ ਮੂੰਹ ਜ਼ੋਰ ਜਜ਼ਬਾ ਸੀ। ਇਹ ਲਹਿਰ ਰਾਜਸੀ ਖੇਤਰ ਵਿਚ ਤਾਂ ਬਹੁਤ ਅਸਰਦਾਰ ਸਾਬਤ ਨਹੀਂ ਹੋਈ, ਪ੍ਰੰਤੂ ਸਾਹਿਤ ਵਿਚ ਇਹ ਪੜਾਅ ਨੋਟ ਕਰਨ ਵਾਲਾ ਸੀ।

ਅਜ਼ਾਦੀ ਤੋਂ ਬਾਅਦ ਦਾ ਸਮਾਂ ਪੰਜਾਬੀ ਸਾਹਿਤ ਲਈ ਪੰਜਾਬ ਸਮੱਸਿਆ ਨਾਲ ਜੁੜੀਆਂ ਚੁਣੌਤੀਆਂ ਭਰਿਆ ਸੀ। ਦੇਸ਼ ਵੰਡ ਤੋਂ ਬਾਅਦ ਸਮਾਜਿਕ ਤਾਣੇ ਬਾਣੇ ਦੀ ਵਿਆਕਰਨ ਦੇ ਸੰਤੁਲਨ ਲਈ ਇਹ ਸਮਾਂ ਬਹੁਤ ਜਟਿਲ ਸੀ। ਇਸ ਸਮਾਜਿਕ ਬਣਤਰ ਵਿਚਲੀਆਂ ਧਿਰਾਂ ਦੀ ਸਾਂਝ ਬਹੁਤ ਗਹਿਰੀ ਸੀ। ਇਸ ਨੂੰ ਤੋੜਨ ਦਾ ਮੁਹਾਵਰਾ ਧਰਮ ਅਧਾਰਿਤ ਰਾਜ ਦੀ ਬਣਤਰ ਨਾਲ ਜੁੜਿਆ ਹੋਇਆ ਸੀ, ਜਿਹੜਾ ਵਰਤਮਾਨ ਵਿਚ ਸਮੇਂ ਨੂੰ ਪੁੱਠਾ ਗੇੜਾ ਦੇਣ ਨਾਲ ਜੁੜਿਆ ਹੋਇਆ ਸੀ। ਉਸ ਸਮੇਂ ਅਮਰੀਕਨ ਸਾਮਰਾਜਵਾਦ ਅਤੇ ਉਸ ਦੀਆਂ ਏਜੰਸੀਆਂ ਠੰਡੀ ਜੰਗ ਦੀ ਰਾਜਨੀਤੀ ਅਧੀਨ ਭਾਰਤ ਦੀ ਸਰਮਾਏਦਾਰੀ ਉਤੇ ਦਬਾਅ ਬਣਾ ਰਹੇ ਸਨ। ਭਾਰਤੀ ਕੌਮੀ ਸਰਮਾਏਦਾਰੀ ਵਿਚਲਾ ਇਕ ਹਿੱਸਾ ਮਜ਼ਬੂਤ ਕੇਂਦਰ ਦੇ ਨਾਂ ਥੱਲੇ ਰਾਜਾਂ ਦੀ ਖੁਦਮੁਖਾਰੀ ਨੂੰ ਨਸ਼ਟ ਕਰਨ ਉਤੇ ਤੁਲਿਆ ਹੋਇਆ ਸੀ। ਉਸ ਸਮੇਂ ਪੰਜਾਬ ਦਾ ਜਨ-ਮਾਨਸ ਸਰਕਾਰੀ ਅਤੇ ਗੈਰ-ਸਰਕਾਰੀ ਦਹਿਸ਼ਤਗਰਦੀ ਵਿਚਕਾਰ ਪਿਸ ਰਿਹਾ ਸੀ। ਉਸ ਸਮੇਂ ਦੇ ਸਮਕਾਲ ਦੀਆਂ ਚੁਣੌਤੀਆਂ ਨੂੰ ਪੰਜਾਬੀ ਕਹਾਣੀਕਾਰਾਂ ਨੇ ਬਹੁਤ ਸ਼ਿੱਦਤ ਨਾਲ ਉਠਾਇਆ। ਪੰਜਾਬੀ ਸਿਰਜਣਕਾਰੀ ਵਿਚ ਕਈ ਕਹਾਣੀਆਂ ਉੱਤਮ ਕਹਾਣੀ ਦਾ ਸਥਾਨ ਰੱਖਦੀਆਂ ਹਨ। ਨਾਵਲ ਅਤੇ ਕਵਿਤਾ ਵੀ ਵਿਚ-ਵਿਚ ਚੰਗੀ ਆਉਂਦੀ ਰਹੀ। ਪੰਜਾਬੀ ਸਿਰਜਣਕਾਰੀ ਵਿਚ ਮੋਟੇ ਤੌਰ ਤੇ ਪੰਜਾਬ ਦੇ ਅਤੀਤ ਦੀ ਮੂਲ ਸੁਰ ਕਾਇਮ ਰਹੀ। ਸਮਾਜਿਕ ਵਿਆਕਰਣ ਨੂੰ ਭੰਗ ਕਰਨ ਵਾਲੀ ਕੋਈ ਰਚਨਾ ਨਾ ਪ੍ਰਮਾਣਿਕਤਾ ਅਤੇ ਪ੍ਰਵਾਨਤਾ ਦੇ ਨੇੜੇ ਵੀ ਨਹੀਂ ਆਈ। ਪੰਜਾਬੀ ਲੇਖਕਾਂ ਅਤੇ ਚਿੰਤਕਾਂ ਨੇ ਆਪਣੀ ਜਾਨ ਦੀ ਬਾਜ਼ੀ ਤਕ ਲਾ ਦਿੱਤੀ। ਇਸ ਦੌਰ ਦੀ ਪੰਜਾਬੀ ਸਾਹਿਤ ਸਿਰਜਣਕਾਰੀ, ਮੇਰੀ ਸੋਚ ਅਨੁਸਾਰ ਮਾਣ ਕਰਨ ਵਾਲੀ ਹੈ।

ਪੰਜਾਬ ਸਮੱਸਿਆਵਾਂ ਦੇ ਮੂਲ ਮੁੱਦੇ ਤਾਂ ਉਥੇ ਹੀ ਖੜ੍ਹੇ ਸਨ ਪ੍ਰੰਤੂ ਦਹਿਸ਼ਤਗਰਦੀ ਖ਼ਤਮ ਹੋਣ ਕਰਕੇ ਨਵੇਂ ਆਰਥਿਕ ਸੁਧਾਰਾਂ ਵਿਚੋਂ ਪੈਦਾ ਹੋਏ ਪ੍ਰਬੰਧ ਨੇ ਮੰਡੀ ਨਾਲ ਜੁੜੀ ਅਰਥ-ਵਿਵਸਥਾ ਲਈ ਥਾਂ ਬਣਾ ਦਿੱਤੀ। ਉਂਝ ਵੀ ਸੰਸਾਰ ਸੋਵੀਅਤ ਯੂਨੀਅਨ ਦੇ ਟੁੱਟਣ

ਤੋਂ ਬਾਅਦ ਇਕ ਧਰੁਵੀ ਹੋ ਗਿਆ ਸੀ। ਇਸ ਵਿਵਸਥਾ ਨੇ ਸੰਸਾਰੀਕਰਨ ਦੇ ਸੰਕਲਪ ਅਤੇ ਵਰਤਾਰੇ ਲਈ ਥਾਂ ਬਣਾ ਦਿੱਤੀ। ਇਹ ਵਰਤਾਰਾ ਜੀਵਨ ਦੇ ਹਰ ਖੇਤਰ ਵਿਚ ਪ੍ਰਵੇਸ਼ ਕਰ ਗਿਆ। ਇਸ ਵਰਤਾਰੇ ਨੇ ਖੇਤੀ ਅਤੇ ਛੋਟੀ ਸਨਅਤ ਨੂੰ ਪ੍ਰਭਾਵਿਤ ਕੀਤਾ। ਪੰਜਾਬੀ ਕਹਾਣੀ ਦੀ ਮੁਖ ਸੁਰ ਕਿਸਾਨੀ ਨਾਲ ਸਬੰਧਿਤ ਹੋਣ ਕਰਕੇ ਇਹ ਸੰਕਟ ਇਸ ਦੌਰ ਦੀ ਕਹਾਣੀ ਦੇ ਕੇਂਦਰ ਵਿਚ ਆ ਗਿਆ। ਇਸ ਦੌਰ ਦੇ ਸਮਕਾਲ ਵਿਚ ਕਿਸਾਨੀ ਦਾ ਆਰਥਿਕ ਸੰਕਟ ਅਤੇ ਮਨੁੱਖੀ ਰਿਸ਼ਤਿਆਂ ਵਿਚ ਮੱਧ-ਵਰਗੀ ਵਿਅਕਤੀਵਾਦ ਸੀ। ਇਸ ਵਿਅਕਤੀਵਾਦ ਨੇ ਸਮੁੱਚੇ ਰਾਜਸੀ ਵਰਤਾਰੇ ਨੂੰ ਸਮੇਤ ਖੱਬੀਆਂ ਪਾਰਟੀਆਂ ਦੇ ਆਪਣੀ ਲਪੇਟ ਵਿਚ ਲੈ ਲਿਆ। ਇਸ ਸਥਿਤੀ ਕਾਰਨ ਔਰਤ ਮਰਦ ਸਬੰਧਾਂ ਵਿਚ ਦੇਹ ਦੇ ਮਸਲੇ ਨੇ ਕੇਂਦਰੀ ਸਥਿਤੀ ਧਾਰਨ ਕਰ ਲਈ। ਇਸ ਦੌਰ ਵਿਚ ਚੌਥੀ ਪੀੜ੍ਹੀ ਦੇ ਕਥਾਕਾਰਾਂ ਦੀ ਵਿਸ਼ੇਸ਼ ਭੂਮਿਕਾ ਰਹੀ। ਇਹ ਦੌਰ ਵੀਹਵੀਂ ਸਦੀ ਦੇ ਅੰਤਿਮ ਦਹਾਕੇ ਤੋਂ ਲੈ ਕੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਮੁੱਢ ਤਕ ਭਾਰੂ ਰਿਹਾ। ਇਸ ਵਿਚ ਕਥਾਕਾਰਾਂ ਦਾ ਉਹ ਪੂਰ ਵੀ ਸ਼ਾਮਲ ਹੋ ਗਿਆ, ਜਿਹੜਾ ਵੀਹਵੀਂ ਸਦੀ ਦੇ ਮੁੱਢ ਵਿਚ ਉਭਰਿਆ। ਇਸ ਦੌਰ ਦੇ ਨਾਵਲਕਾਰ, ਕਵੀ ਵੀ ਆਪਣੀ ਭੂਮਿਕਾ ਨਿਭਾਅ ਰਹੇ ਸਨ। ਇਸ ਵਿਚ ਉਸ ਦੌਰ ਦੀਆਂ ਸਥਿਤੀਆਂ ਵਿਚ ਉਸ ਵਰਗ ਦੀ ਵਿਸ਼ੇਸ਼ ਭੂਮਿਕਾ ਸੀ ਜਿਨ੍ਹਾ ਨੇ ਭਾਰਤ ਵਿਚ ਮੰਡੀ ਦੇ ਮੁੱਲਾਂ ਤੇ ਅਧਾਰਿਤ ਆਰਥਿਕ ਮਾਡਲ ਨੂੰ ਸੁਚਤੇ ਰੂਪ ਵਿਚ ਰੱਦ ਕੀਤਾ। ਅਜਿਹਾ ਵਰਤਾਰਾ ਗਿਣਤੀ ਦੇ ਨਾਵਲਕਾਰਾਂ, ਕਹਾਣੀਕਾਰਾਂ ਅਤੇ ਕਵੀਆਂ ਦੀ ਰਚਨਾਕਾਰੀ ਦਾ ਹਿੱਸਾ ਬਣਿਆ।

ਵਿਸ਼ਵੀਕਰਨ ਦੇ ਇਸ ਵਰਤਾਰੇ ਅਧੀਨ ਸਮਕਾਲੀ ਦੌਰ ਵਿਚ ਹਾਸ਼ੀਆਗਤ ਧਿਰਾਂ ਦਾ ਮਸਲਾ ਸਾਹਿਤ ਸਿਰਜਣਕਾਰੀ ਦੀ ਵਸਤ ਬਣ ਕੇ ਉਭਰਿਆ। ਇਸ ਵਿਚ ਮੁੱਖ ਧਿਰ ਦਲਿਤ ਮਸਲਿਆਂ ਦੁਆਲੇ ਸਿਰਜਿਆ ਸਾਹਿਤ ਸੀ। ਪਹਿਲਾਂ ਦਲਿਤ ਸਵਾਲ ਪ੍ਰਗਤੀਵਾਦ ਦੇ ਪ੍ਰਤਿਮਾਨਾਂ ਅਨੁਸਾਰ ਹੀ ਸਿਰਜਿਆ ਅਤੇ ਵਾਚਿਆ ਜਾਂਦਾ ਸੀ। ਪ੍ਰੰਤੂ ਰਾਜਨੀਤੀ ਵਿਚ ਦਲਿਤ ਦਾ ਸਵਾਲ ਵੋਟ ਰਾਜਨੀਤੀ ਨਾਲ ਜੁੜਿਆ ਹੋਣ ਕਰਕੇ ਸਾਹਿਤ ਵਿਚ ਦਲਿਤਾਂ ਵਿਚੋਂ ਉਭਰੇ ਮੱਧ-ਵਰਗ ਨੇ ਆਰਥਿਕਤਾ ਤੋਂ ਤੋੜ ਕੇ ਇਸ ਸਵਾਲ ਨੂੰ ਸਮਾਜਿਕਤਾ ਨਾਲ ਜੋੜਿਆ। ਸਮਾਜ ਵਿਚ ਇਹ ਦਲਿਤ ਮੱਧ-ਵਰਗ ਦੇ ਅਨੁਭਵ ਵਿਚੋਂ ਉਠਿਆ ਸਵਾਲ ਸੀ। ਪੰਜਾਬੀ ਨਾਵਲ ਸਿਰਜਣਕਾਰੀ ਵਿਚ ਇਕ ਅੱਧੀ ਰਚਨਾ ਨੂੰ ਛੱਡ ਕੇ ਇਹ ਮਸਲਾ ਬਹੁਤ ਉਠਿਆ ਨਹੀਂ, ਇਸ ਕਾਰਨ ਨਾਵਲ ਦੀ ਵਿਧਾ ਦੇ ਵਰਤਾਰੇ ਵਿਚ ਵੀ ਨਿਹਿਤ ਹਨ। ਪੰਜਾਬੀ ਕਹਾਣੀ, ਕਵਿਤਾ ਅਤੇ ਵਾਰਤਕ ਦੇ ਖੇਤਰ ਵਿਚ ਇਹ ਕੇਂਦਰੀ ਮਸਲਾ ਬਣ ਕੇ ਉਭਰਿਆ। ਕਹਾਣੀ ਦੇ ਖੇਤਰ ਵਿਚ ਨਵੀਂ ਪੀੜ੍ਹੀ ਨੇ ਆਪਣੀ ਸਿਰਜਣਕਾਰੀ ਵਿਚ ਸਮਾਜਿਕ ਮਸਲਿਆਂ ਦੀ ਪੇਸ਼ਕਾਰੀ ਨਾਲ ਕਦਮ ਪੁੱਟਿਆ। ਚੌਥੀ ਪੀੜ੍ਹੀ ਮੁਖ ਰੂਪ ਵਿਚ ਸਾਹਮਣੇ ਹੀ ਨਹੀਂ ਆਈ, ਉਸ ਨੇ ਸਮਕਾਲ ਵਿਚ ਇਸ ਨੂੰ ਚੁਣੌਤੀ ਦੇ ਤੌਰ ਉਤੇ ਲਿਆ। ਇਹ ਚੁਣੌਤੀ ਏਨੀ ਵੱਡੀ ਬਣ ਗਈ ਕਿ ਗੈਰ ਦਲਿਤ ਲੇਖਕਾਂ ਨੇ ਵੀ ਦਲਿਤ ਜੀਵਨ ਨੂੰ ਚਿਤਰਨ ਵਿਚ ਪਹਿਲਕਦਮੀ ਸ਼ੁਰੂ ਕਰ ਦਿੱਤੀ। ਕੁਝ ਸਮਾਂ ਪਾ ਕੇ ਸਮਕਾਲ ਵਿਚ ਹੀ ਦਲਿਤ ਲੇਖਕਾਂ ਵਿਚ ਇਕ ਮੱਧ-ਵਰਗ ਉਭਰ ਗਿਆ। ਉਨ੍ਹਾਂ ਨੇ ਆਪਣੇ ਗੁੱਟ ਬਣਾਏ। ਇਸ ਵਿਚ ਕੋਈ ਮਾੜੀ ਗੱਲ ਨਹੀਂ, ਪ੍ਰੰਤੂ ਹੋਇਆ ਕਿ ਇਹ ਵਰਗ ਵਿਹਾਰਕ ਰੂਪ ਵਿਚ ਆਪਣੀਆਂ ਜੜ੍ਹਾਂ ਤੋਂ ਟੁੱਟ ਗਿਆ। ਪਿੰਡ ਦਾ ਅਸਲ ਦਲਿਤ ਪਿਛੇ ਰਹਿ ਗਿਆ। ਇਸ ਵਿਚ ਅਫ਼ਸਰਸ਼ਾਹੀ ਤੋਂ ਲੈ ਕੇ ਛੋਟੇ ਬਾਬੂ ਤਕ ਇਕੱਠੇ ਹੋਣ ਲਈ ਤਾਂ ਪਿਛੋਕੜ ਨੂੰ ਯਾਦ ਕਰਨ ਲੱਗ ਪਏ ਪ੍ਰੰਤੂ ਵਿਹੜੇ ਦੇ ਵਾਸੀ ਫਿਰ ਰੁਲ

ਗਏ। ਸਮੁੱਚੀ ਕਹਾਣੀ ਦੀ ਵਸਤ ਬਦਲ ਗਈ। ਪੀੜ ਮਸਨੂਈ ਜਾਪਣ ਲੱਗ ਪਈ। ਸਮਕਾਲ ਦੀ ਇਸ ਚੁਣੌਤੀ ਨੇ ਦਲਿਤ ਸਿਰਜਣਕਾਰੀ ਵਿਚ ਖੜੋਤ ਲੈ ਆਂਦੀ। ਹੁਣ ਗਿਣਤੀ ਦੇ ਕਥਾਕਾਰ ਹਨ ਜਿਹੜੇ ਅੰਬੇਦਕਰ ਅਤੇ ਪ੍ਰਗਤੀਵਾਦੀ ਚਿੰਤਨ ਦੇ ਸੁਮੇਲ ਵਿਚੋਂ ਅਗਲਾ ਰਸਤਾ ਤਲਾਸ਼ ਰਹੇ ਹਨ। ਵੇਖੋ ਉਹ ਇਸ ਤਰਕ ਨੂੰ ਸਿਰਜਣਕਾਰੀ ਵਿਚ ਕਿਵੇ ਢਾਲਦੇ ਹਨ। ਅਗਲਾ ਮਸਲਾ ਨਾਰੀ ਦੁਆਰਾ ਸਿਰਜੇ ਸਾਹਿਤ ਦਾ ਹੈ। ਨਾਰੀ ਨੂੰ ਇਕ ਅਜ਼ਾਦ ਜ਼ੁਜ ਦੇ ਤੌਰ ਤੇ ਸਮਝਣ ਅਤੇ ਸਮਾਜਿਕ ਵਿਕਾਸ ਵਿਚ ਉਸ ਦੀ ਭੂਮਿਕਾ ਦਾ ਮਸਲਾ ਸਨਅਤੀ ਦੌਰ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ। ਭਾਰਤ ਵਿਚ ਕੌਮੀ ਮੁਕਤੀ ਅੰਦੋਲਨ ਨੇ ਇਸ ਚੇਤਨਾ ਦੇ ਵਿਸਥਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿਦਿਅਕ ਖੇਤਰ ਵਿਚ ਨਾਰੀ ਦੇ ਪ੍ਰਵੇਸ਼ ਨਾਲ ਉਸ ਦੀ ਹੋਂਦ ਨਾਲ ਜੁੜੇ ਮਸਲਿਆਂ ਨੂੰ ਜੁੰਬਸ਼ ਦਿੱਤੀ। ਸਾਹਿਤ ਦੇ ਖੇਤਰ ਵਿਚ ਪੰਜਾਬੀ ਲੇਖਿਕਾਵਾਂ ਦਾ ਪਹਿਲਾ ਪੂਰ ਸ਼ਹਿਰੀ ਮੱਧ-ਵਰਗ ਸੀ। ਉਨ੍ਹਾਂ ਨੇ ਮਰਦ ਔਰਤ ਦੇ ਸਬੰਧਾਂ ਦੇ ਪ੍ਰਸੰਗ ਵਿਚ ਨਾਰੀ ਹੋਂਦ ਦਾ ਮਸਲਾ ਉਠਾਇਆ। ਇਸੇ ਦੌਰ ਵਿਚ ਨਾਰੀ ਦੇ ਸ਼ੋਸਣ ਦਾ ਇਕ ਹਮਦਰਦੀ ਵਾਲਾ ਬਿੰਬ ਉਸਾਰਿਆ ਗਿਆ। ਸ਼ਹਿਰੀ ਮੱਧ-ਵਰਗ ਦੇ ਨਾਲ ਪੰਜਾਬੀ ਸਾਹਿਤ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਵਰਗ ਆਇਆ ਜਿਸ ਦਾ ਪਿਛੋਕੜ ਪੇਂਡੂ ਸਾਂਸਕ੍ਰਿਤੀ ਸੀ ਅਤੇ ਕਰਮ ਖੇਤਰ ਸ਼ਹਿਰੀ ਜਨ-ਜੀਵਨ। ਉਨ੍ਹਾਂ ਨੇ ਨਾਰੀ ਦੇ ਮਸਲਿਆਂ ਨੂੰ ਮਰਿਆਦਾ ਸਮੇਤ ਉਠਾਇਆ। ਸਾਹਿਤ ਸਿਰਜਣਕਾਰੀ ਵਿਚ ਚੌਥੀ ਪੀੜ੍ਹੀ ਤਕ ਪਹੁੰਚਦਿਆਂ-ਪਹੁੰਚਦਿਆਂ ਨਾਰੀ ਦਾ ਆਜ਼ਾਦ ਇਕਾਈ ਵਾਲਾ ਸੰਕਲਪ ਸਾਹਮਣੇ ਆਇਆ। ਹੈਰਾਨੀ ਇਹ ਹੈ ਕਿ ਥੋੜ੍ਹੀ ਜਿਹੀ ਸਿਰਣਕਾਰੀ ਨੂੰ ਛੱਡ ਕੇ ਬਹੁਤੀ ਨਾਰੀ ਦੁਆਰਾ ਰਚਿਤ ਕਹਾਣੀ ਅਤੇ ਖਾਸਕਰ ਕਵਿਤਾ ਨਾਰੀ ਕੇਂਦਰਤ ਹੀ ਰਹੀ। ਲਗਦਾ ਜਿਵੇਂ ਉਹ ਸਮਕਾਲੀ ਖਲਾਅ ਵਿਚ ਜੀ ਰਹੀਆਂ ਹੋਣ। ਕਵਿਤਾ ਦਾ ਹਾਲ ਤਾਂ ਬਹੁਤ ਮਾੜਾ। ਬਹੁਤੀਆਂ ਕਵਿਤਰੀਆਂ ਲੋਕਾਂ ਦੇ ਟੈਕਸ ਦੇ ਪੈਸੇ ਦਾ ਉਜਾੜਾ ਕਰਨ ਵਾਲੇ ਸੱਤਾ ਦੇ ਦਲਾਲਾਂ ਦੁਆਲੇ ਅਖੌਤੀ ਕਵੀ ਦਰਬਾਰਾਂ ਦਾ ਸ਼ਿੰਗਾਰ ਬਣਦੀਆਂ ਹਨ ਜਾਂ ਫੇਸਬੁੱਕ ਤੇ ਮਾੜੀ ਕਵਿਤਾ ਪਾ ਕੇ ਘਟੀਆ ਲੋਕਾਂ ਦੀ ਪ੍ਰਸੰਸਾ ਬਟੋਰਨ ਵਾਲੀਆਂ ਹਨ। ਲਗਦਾ ਸਮਕਾਲ ਵਿਚ ਉਨ੍ਹਾਂ ਕੋਲ ਸਵੈ ਦੀ ਖੁਲ੍ਹ ਤੋਂ ਬਿਨਾਂ ਕੋਈ ਮਸਲਾ ਹੀ ਨਹੀਂ। ਕਿਤੇ-ਕਿਤੇ ਕੋਈ ਕਵਿਤਾ ਇਨ੍ਹਾਂ ਤੋਂ ਹਟ ਕੇ ਆਉਂਦੀ ਹੈ। ਕਹਾਣੀ ਦੇ ਖੇਤਰ ਵਿਚ ਕੁਝ ਕਹਾਣੀਆਂ ਵੱਖਰੀ ਪੈੜ ਵਾਲੀਆਂ ਜ਼ਰੂਰ ਹਨ।

ਵਰਤਮਾਨ ਦਾ ਸਮਕਾਲ ਬਹੁਤ ਹੀ ਜਟਿਲ ਅਤੇ ਚੁਣੌਤੀਆਂ ਭਰਪੂਰ ਹੈ। ਕੌਮੀ ਮੁਕਤੀ ਅੰਦੋਲਨ ਸਮੇਂ ਜਿਸ ਧਰਮ ਅਧਾਰਿਤ ਰਾਜ ਅਤੇ ਸਭਿਆਚਾਰਕ ਰਾਸ਼ਟਰਵਾਦ ਦੀ ਪਰਿਕਲਪਨਾ ਹਿੰਦੂ ਮਹਾਂਸਭਾ ਨੇ ਕੀਤੀ ਸੀ, ਉਹ ਵਿਚਾਰ ਜਨਸੰਘ ਰਾਹੀ ਭਾਰਤੀ ਜਨਤਾ ਪਾਰਟੀ ਤਕ ਪਹੁੰਚਕੇ ਭਾਰਤੀ ਸਟੇਟ ਉਤੇ ਕਾਬਜ ਹੋ ਗਿਆ। ਇਸ ਵਿਚ ਸੱਤਾ ਦੇ ਲਾਲਚ ਵਿਚ ਫਸੀਆਂ ਖੇਤਰੀ ਸ਼ਕਤੀਆਂ ਮੌਕਾਪ੍ਰਸਤੀ ਅਧੀਨ ਇਸ ਸੱਤਾ ਵਿਚ ਭਾਈਵਾਲ ਬਣ ਗਈਆਂ। ਉਨ੍ਹਾਂ ਨੇ ਸੱਤਾ ਵਿਚ ਆਉਂਦੇ ਹੀ ਸੱਤਾ ਦੇ ਸਾਰੇ ਲੋਕਤੰਤਰੀ ਅੰਗਾਂ, ਉਪਅੰਗਾਂ ਅਤੇ ਸੰਸਥਾਵਾਂ ਨੂੰ ਕਬਜ਼ੇ ਵਿਚ ਕਰਕੇ ਸਭ ਨੂੰ ਭਗਵਾਂਕਰਨ ਦੀ ਛਤਰੀ ਥੱਲੇ ਇਕੱਠਾ ਕਰ ਦਿੱਤਾ। ਇਸ ਦਾ ਸਭ ਤੋਂ ਪਹਿਲਾਂ ਹਮਲਾ ਭਾਰਤ ਦੇ ਬਹੁਵਾਦ ਅਤੇ ਸੰਵਾਦੀ ਚਰਿੱਤਰ ਉਤੇ ਕੀਤਾ। ਇਹ ਹਮਲਾ ਇਸ ਰੂਪ ਵਿਚ ਹੋਇਆ ਕਿ ਸਮਕਾਲ ਦੇ ਪ੍ਰਸੰਗ ਵਿਚ ਬੁੱਧੀਜੀਵੀਆਂ ਦਾ ਵੱਡਾ ਵਰਗ ਚਿੰਤਨ ਦੇ ਮਸਲਿਆਂ ਨੂੰ ਛੱਡ ਕੇ ਸਾਹਿਤਕ ਵਿਧਾਵਾਂ ਦੀ ਮਕੈਨਕੀ ਚੀਰਫਾੜ

ਵਲ ਤੁਰ ਪਿਆ। ਇਕ ਛੋਟਾ ਜਿਹਾ ਵਰਗ ਛੋਟੇ ਛੋਟੇ ਲਾਲਚਾਂ ਵਿਚ ਫਸ ਕੇ ਭਗਵੇਕਰਨ ਦਾ ਹਿੱਸਾ ਬਣ ਗਿਆ। ਉਨ੍ਹਾਂ ਨੇ ਰੂਪ ਅਤੇ ਵਿਹਾਰ ਵੀ ਬਦਲਿਆ ਹੈ। ਚਿੰਤਨ ਵਿਚ ਇਹ ਹਿੰਦੂਤਵ ਦਾ ਕਿਵੇਂ ਪ੍ਰਚਾਰ, ਪਾਸਾਰ ਤੇ ਰੱਖਿਆ ਕਰ ਸਕਦੇ ਹਨ, ਇਹ ਉਨ੍ਹਾਂ ਦੀ ਅਕਲ ਦਾ ਹਿੱਸਾ ਨਹੀਂ। ਸੰਘ ਨੂੰ ਉਨ੍ਹਾਂ ਵਰਗੇ ਧਾਰਮਿਕ ਚਿੰਨ੍ਹਾਂ ਵਾਲੇ ਲੋਕ ਚਾਹੀਦੇ ਹਨ। ਹੁਣ ਸਮਕਾਲ ਵਿਚ ਇਸ ਸਥਿਤੀ ਦਾ ਵਿਰੋਧ ਕਰਨ ਵਾਲਾ ਛੋਟਾ ਜਿਹਾ ਹਿੱਸਾ ਬਚਿਆ ਹੈ। ਉਨ੍ਹਾਂ ਵਿਚ ਬਹੁਤੇ ਅਖੌਤੀ ਅਦਾਰਿਆਂ ਤੋਂ ਬਾਹਰ ਹਨ। ਅਦਾਰਿਆਂ ਬਾਰੇ ਸਰਕਾਰੀ ਸੋਚ ਤਾਂ ਨਵੀਂ ਸਿੱਖਿਆ ਵਿਚੋਂ ਝਲਕਦੀ ਹੈ। ਐਮ.ਫਿਲ ਬੰਦ ਕਰ ਦਿੱਤੀ ਹੈ। ਉਨ੍ਹਾਂ ਨੂੰ ਇਨ੍ਹਾਂ ਦੀ ਕਰਤੂਤ ਦਾ ਪਤਾ ਸੀ। ਇਨ੍ਹਾਂ ਦਾ ਇਕ ਬੁੱਧੀਜੀਵੀ ਜੰਮੂ ਦੇ ਸਰਕਟ ਹਾਊਸ ਵਿਚ ਮੰਨਿਆ ਕਿ ਐਮ.ਫਿਲ ਦੇ ਵਾਈਵੇ ਥੋਕ 'ਚ ਹੁੰਦੇ ਹਨ। ਨਾ ਗਾਇਡ ਥੀਸਸ ਪੜ੍ਹੇ, ਨਾ ਇਮਤਿਹਾਨ ਲੈਣ ਵਾਲਾ। ਅਜਿਹੇ ਵਿਚ ਵਿਦਿਆਰਥੀਆਂ ਦਾ ਰੱਬ ਰਾਖਾ। ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਵਿਚ ਅਜਿਹੇ ਥੀਸਸਾਂ ਦਾ ਢੇਰ ਲੱਗਿਆ ਪਿਆ। ਕਦੇ ਕੋਈ ਵਿਰਲਾ ਹੀ ਇਨ੍ਹਾਂ ਦੀ ਮਿੱਟੀ ਝਾੜਦਾ ਹੋਣਾ। ਇਸ ਉਤੇ ਭਾਰਤੀ ਕਰ-ਦਾਤਿਆ ਦਾ ਕਿੰਨਾ ਪੈਸਾ ਬਰਬਾਦ ਹੋਇਆ? ਇਸ ਨਿਘਾਰ ਦੀ ਉਮਰ ਬਹੁਤੀ ਲੰਮੀ ਨਹੀਂ। ਇਹ ਵਰਤਾਰਾ ਤਾਜ਼ਾ ਹੀ ਹੈ। ਸਿਰਜਕ ਸਮਕਾਲ ਨੂੰ ਭਾਵੇਂ ਥੋੜ੍ਹੀ ਗਿਣਤੀ ਵਿਚ ਹੀ ਹਨ, ਉਹ ਇਸ ਨੂੰ ਸੰਜੀਦਗੀ ਨਾਲ ਲੈਂਦੇ ਹਨ।

ਪਿਛਲੇ ਲੰਮੇ ਸਮੇਂ ਤੋਂ ਸਾਡੇ ਕੁਝ ਲੋਕ ਸਾਹਿਤ ਸਿਰਜਣਕਾਰੀ ਪਿਛੇ ਕੰਮ ਕਰਦੇ ਵੇਰਵਿਆਂ ਅਤੇ ਕਾਰਨਾਂ ਨੂੰ ਲੈ ਕੇ ਗੰਭੀਰਤਾ ਨਾਲ ਸੋਚ ਰਹੇ ਸਨ। ਇਨ੍ਹਾਂ ਕਾਰਨਾਂ ਵਿਚ ਸਮਾਜਿਕ ਵੇਰਵਿਆਂ ਦੀ ਭੂਮਿਕਾ ਫੈਸਲਾਕੁੰਨ ਹੁੰਦੀ ਹੈ। ਇਨ੍ਹਾਂ ਵਿਚੋਂ ਉਹ ਕਿਹੜੇ ਵੇਰਵੇ ਹਨ ਜਿਹੜੇ ਸਿਰਜਣਕਾਰੀ ਦਾ ਸਰੋਤ ਬਣਦੇ ਹਨ, ਉਹ ਜ਼ਿਆਦਾ ਮਹੱਤਵਪੂਰਨ ਹਨ। ਇਕੋ ਸਮੇਂ ਇਕੋ ਵਿਵਸਥਾ ਵਿਚ ਕਰੋੜਾਂ ਲੋਕ ਰਹਿੰਦੇ ਹਨ। ਇਨ੍ਹਾਂ ਵਿਚ ਲੇਖਕ ਗਿਣਤੀ ਦੇ ਹਨ। ਉਹ ਸਾਰੇ ਆਪਣੀ ਸੂਝ ਅਤੇ ਸਮਰੱਥਾ ਅਨੁਸਾਰ ਇਸ ਵਰਤਾਰੇ ਨੂੰ ਮਹਿਸੂਸ ਕਰਦੇ ਹਨ ਅਤੇ ਫਿਰ ਉਸ ਪ੍ਰਤੱਖਣ ਨੂੰ ਸਿਰਜਣਕਾਰੀ ਵਿਚ ਢਾਲਦੇ ਹਨ। ਇਹ ਹੁੰਗਾਰਾ ਸਾਹਿਤ ਦੀ ਵਿਧਾ ਵਿਚ ਢਲ ਕੇ ਪਾਠਕ ਤਕ ਪਹੁੰਚਦਾ ਹੈ। ਇਸ ਵਿਚ ਸਮਕਾਲ, ਸਰਬਕਾਲ ਸਮੇਤ ਪੇਸ਼ ਹੁੰਦਾ ਹੈ। ਸਰਬਕਾਲ ਦਾ ਅਰਥ ਭੂਤ ਅਤੇ ਭਵਿੱਖੀ ਅਹਿਸਾਸਾਂ ਨਾਲ ਭਰਿਆ ਹੁੰਦਾ ਹੈ। ਪੰਜਾਬੀ ਦੇ ਚੋਣਵੇਂ ਸਿਰਜਣਕਾਰਾਂ ਤਕ ਅਸੀਂ ਪਹੁੰਚ ਕੀਤੀ। ਜਿਹੜੇ ਪਹੁੰਚ ਤੋਂ ਬਾਹਰ ਨੇ ਉਨ੍ਹਾਂ ਦੀ ਸਿਰਜਣਕਾਰੀ ਦਾ ਆਪਣਾ ਮਹੱਤਵ ਹੈ। ਜਿਨ੍ਹਾਂ ਦੇ ਸਮਕਾਲ ਨੂੰ ਸਬੋਧਿਤ ਹੋਣ ਦੇ ਜਿਹੜੇ ਅਨੁਭਵ ਸਾਡੇ ਨਾਲ ਸਾਂਝੇ ਕੀਤੇ ਹਨ, ਉਹ ਬਹੁਤ ਮਹੱਤਵਪੂਰਨ ਹਨ। ਕਈ ਵਾਰੀ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਸਾਡੇ ਸਿਰਜਕ ਇਸ ਵਰਤਾਰੇ ਨਾਲ ਸੁਚੇਤ ਰੂਪ ਵਿਚ ਜੁੜੇ ਹੋਏ ਹਨ। ਕਈਆਂ ਦੀ ਸਮਕਾਲ ਪ੍ਰਤੀ ਪਹੁੰਚ ਅਤੇ ਇਸ ਦੇ ਸਹਿਜ ਰੂਪ ਵਿਚ ਸਿਰਜਣਕਾਰੀ ਵਿਚ ਸ਼ਾਮਲ ਹੋਣ ਦੀ ਸਮਝ ਨੂੰ ਲੈ ਕੇ ਹੈਰਾਨੀ ਭਰੀ ਖੁਸ਼ੀ ਹੁੰਦੀ ਹੈ, ਭਾਵੇਂ ਉਨ੍ਹਾਂ ਦੀ ਸਿਰਜਣਕਾਰੀ ਦੇ ਖੇਤਰ ਵੱਖਰੇ ਵੱਖਰੇ ਹਨ। ਜਿਹੜਾ ਭਾਰਤੀਆਂ ਦੇ ਮੂਲ ਸੁਭਾਅ ਉਤੇ ਹਮਲਾ ਹੋਇਆ ਅਜੇ ਉਸ ਪ੍ਰਤੀ ਪ੍ਰਤੱਖਣ ਪ੍ਰਤੀਕਿਰਿਆ ਅਤੇ ਪੇਸ਼ਕਾਰੀ ਦਾ ਇੰਤਜ਼ਾਰ ਰਹੇਗਾ। ਆਉਣ ਵਾਲੇ ਪ੍ਰਵਚਨ ਦੇ ਅੰਕਾਂ ਵਿਚ ਇਨ੍ਹਾਂ ਮਸਲਿਆਂ ਉਤੇ ਚਰਚਾ ਜਾਰੀ ਰਹੇਗੀ ਤਾਂ ਜੋ ਪੰਜਾਬ ਸੰਵਾਦ ਦੀ ਪਰੰਪਰਾ ਨੂੰ ਭਾਰਤ ਦੇ ਪ੍ਰਸੰਗ ਵਿਚ ਅੱਗੇ ਤੋਰਿਆ ਜਾ ਸਕੇ, ਆਮੀਨ!

**-ਰਜਨੀਸ਼ ਬਹਾਦਰ ਸਿੰਘ**

# ਸਮਕਾਲ ਤੇ ਮੇਰੀ ਸਿਰਜਣਕਾਰੀ

**ਬਲਦੇਵ ਸਿੰਘ (ਸੜਕਨਾਮਾ)**

ਅੱਜ ਜੋ ਇਤਿਹਾਸ ਹੈ, ਉਹ ਕਦੇ ਸਮਕਾਲ ਹੁੰਦਾ ਸੀ ਤੇ ਅੱਜ ਜੋ ਸਮਕਾਲ ਹੈ, ਇਸ ਨੇ ਇਤਿਹਾਸ ਬਣ ਜਾਣਾ ਹੈ। ਪ੍ਰਾਕਿਰਤੀ ਦੇ ਇਸ ਕਾਲ-ਚੱਕਰ ਨੂੰ ਨਾ ਕੋਈ ਰੋਕ ਸਕਿਆ ਹੈ ਤੇ ਨਾ ਹੀ ਇਸ ਨੇ ਕਿਸੇ ਦੇ ਵੀ ਰੋਕਿਆਂ ਰਹਿਣਾ ਹੈ। ਇਹ ਸਦੀਵੀ ਸਚਾਈ ਹੈ।

ਅਤੀਤ ਨੂੰ ਜਾਣੇ ਬਿਨਾਂ ਅਸੀਂ ਸਮਕਾਲ ਨੂੰ ਨਹੀਂ ਸਮਝ ਸਕਦੇ। ਉਂਜ ਤਾਂ ਲੇਖਕ ਨੂੰ ਆਪਣੀ ਮਰਜ਼ੀ ਅਨੁਸਾਰ ਜਾਂ ਆਪਣੀ ਸਮਰੱਥਾ ਅਨੁਸਾਰ ਲਿਖਤ ਤਿਆਰ ਕਰਨ ਦਾ ਹੱਕ ਹੈ, ਪਰ ਮੈਂ ਸਮਝਦਾ ਹਾਂ ਅਨੁਭਵ ਦੀ ਪ੍ਰਮਾਣਿਕਤਾ ਬਿਨਾਂ ਕੋਈ ਵੀ ਸਾਹਿਤਕ ਕਿਰਤ ਬੇਜਾਨ ਹੁੰਦੀ ਹੈ। ਭਾਵੇਂ ਸਾਡੇ ਬਹੁਤੇ ਲੇਖਕ ਕਾਲਪਨਿਕ ਸੰਸਾਰ ਸਿਰਜਣ ਵਿਚ ਰੁਚਿਤ ਰਹੇ ਹਨ ਤੇ ਹੁਣ ਵੀ ਹਨ। ਇਸ ਵਿਚ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਸਾਹਿਤ ਨਿਰੋਲ ਯਥਾਰਥ ਨਹੀਂ ਹੁੰਦਾ।

ਜਿਥੋਂ ਤੱਕ ਮੇਰਾ ਅਨੁਭਵ ਹੈ, ਲੇਖਕ ਅਤੀਤ ਬਾਰੇ ਗੱਲ ਕਰਦਿਆਂ ਵੀ ਸਮਕਾਲ ਦੇ ਸਰੋਕਾਰਾਂ ਨੂੰ, ਚਿੰਤਾਵਾਂ ਨੂੰ, ਫ਼ਿਕਰਾਂ ਨੂੰ ਆਪਣੇ ਮਨ ਵਿਚੋਂ ਖ਼ਾਰਜ ਨਹੀਂ ਕਰ ਸਕਦਾ। ਸਿਰਫ਼ ਲਿਖਣ ਲਈ ਲਿਖੀ ਜਾਣਦਾ ਤਾਂ ਕੋਈ ਮਾਇਨਾ ਨਹੀਂ। ਲਿਖਤ ਚਾਹੇ ਅਤੀਤ ਬਾਰੇ ਹੋਵੇ ਜਾਂ ਸਮਕਾਲ ਬਾਰੇ, ਉਸ ਵਿਚ ਜੀਵਨ ਹੋਣਾ ਜ਼ਰੂਰੀ ਹੈ। ਜੇ ਲਿਖਤ ਵਿਚ ਫ਼ਲਸਫਾ ਵੀ ਹੋਵੇ, ਇਤਿਹਾਸ ਵੀ ਹੋਵੇ ਤੇ ਸਮਕਾਲੀ ਸਰੋਕਾਰ ਵੀ ਹੋਣ ਤਾਂ ਲਿਖਤ ਕਲਾਸਿਕ ਅਖਵਾਉਣ ਦਾ ਹੱਕ ਰੱਖਦੀ ਹੈ।

ਪਿਛਲੇ ਦਹਾਕਿਆਂ ਨੇ ਜ਼ਿੰਦਗੀ ਵਿਚ ਏਨੀ ਬੇਤਰਤੀਬੀ ਤੇ ਉੱਥਲ-ਪੁੱਥਲ ਲਿਆਂਦੀ ਹੈ, ਇਸ ਦੇ ਸਦੀਆਂ ਦੇ ਸੰਭਾਲੇ ਮੁੱਲਾਂ ਅਤੇ ਰਿਸ਼ਤਿਆਂ ਵਿਚ ਬੇਹੱਦ ਤਿੜਕਣ ਪੈਦਾ ਕੀਤੀ ਹੈ। ਵਿਸ਼ਵੀਕਰਣ ਦੀ ਇਸ ਚਕਾਚੌਂਧ ਨੇ ਲੇਖਕ ਲਈ ਵੀ ਚੁਣੌਤੀ ਪੈਦਾ ਕੀਤੀ ਹੈ ਕਿ ਉਹ ਆਪਣੀਆਂ ਕਿਰਤਾਂ ਵਿਚ ਸਮਕਾਲ ਦੇ ਅਜਿਹੇ ਸਮਾਜਕ ਅਤੇ ਪਰਿਵਾਰਕ ਬਦਲਾਓ ਨੂੰ ਪੇਸ਼ ਕਰਨ ਦੇ ਕਿੰਨਾ ਕੁ ਸਮਰੱਥ ਹੈ। ਮੈਂ ਮਹਿਸੂਸ ਕੀਤਾ ਹੈ, ਸਾਡੇ ਕੁਝ ਸਮਕਾਲੀ ਲੇਖਕ, ਪਰੰਪਰਾਈ ਆਦਰਸ਼ਵਾਦ ਅਤੇ ਰੁਮਾਂਟਿਕ ਬਿਰਤੀ ਤੋਂ ਅਜੇ ਵੀ ਆਪਣਾ ਖਹਿੜਾ ਨਹੀਂ ਛੁਡਾ ਸਕੇ।

ਮੇਰੇ ਆਪਣੇ ਜੀਵਨ ਦੀ ਕਾਰਜਸ਼ੈਲੀ ਕਾਰਨ ਮੈਨੂੰ ਸਾਹਿਤ-ਅਧਿਐਨ ਦੇ ਬਹੁਤੇ ਮੌਕੇ ਨਹੀਂ ਮਿਲੇ। ਮੇਰੇ ਬਚਪਨ ਅਤੇ ਉਸ ਤੋਂ ਮਗਰੋਂ ਦਾ ਸਮਕਾਲ ਖੁਸ਼ਗਵਾਰ ਨਾ ਹੋ ਕੇ ਸੰਘਰਸ਼ਮਈ ਰਿਹਾ ਹੈ। ਆਪਣੇ ਜੀਵਨ ਅਨੁਭਵ ਵਿਚ ਮੈਂ ਜੋ ਹਾਸਲ ਕੀਤਾ, ਉਹੀ ਮੇਰੀਆਂ ਰਚਨਾਵਾਂ ਵਿਚ ਰੂਪਮਾਨ ਹੋਇਆ। ਕਲਪਨਾ ਮੇਰੇ ਜੀਵਨ ਦਾ ਹਿੱਸਾ ਕਦੇ ਨਹੀਂ ਰਹੀ। ਮੇਰਾ ਸਾਹਮਣਾ ਕਰੂਰ ਅਤੇ ਠੋਸ ਯਥਾਰਥ ਨਾਲ ਹੁੰਦਾ ਰਿਹਾ। ਆਪਣੀਆਂ ਰਚਨਾਵਾਂ ਵਿਚ ਨਾ ਮੈਨੂੰ ਵਿਚਾਰਧਾਰਾ ਥੋਪਣੀ ਆਈ ਨਾ ਭਾਰੇ ਭਾਰੇ ਤੇ ਔਖੇ ਸ਼ਬਦਾਂ ਦਾ ਅਡੰਬਰ ਖੜ੍ਹਾ ਕਰਨਾ ਆਇਆ। ਮੇਰੇ ਕਰਮ ਅਤੇ ਸਿਰਜਣਾ ਵਿਚ ਕੋਈ ਖ਼ਾਸ ਅੰਤਰ ਨਹੀਂ ਲੱਭੇਗਾ। ਸਾਹਿਤ ਵਿਚ ਵੱਡੀਆਂ ਵੱਡੀਆਂ ਗੱਲਾਂ ਕਰਨਾ (ਇਥੇ ਮੈਂ ਡੀਂਗਾਂ ਮਾਰਨਾ ਨਹੀਂ ਲਿਖਦਾ) ਤੇ ਆਪਣੇ

ਜੀਵਨ ਵਿਚ ਛੋਟੇ, ਘਿਨਾਉਣੇ ਕੰਮ ਕਰਨੇ, ਇਸ ਤਰ੍ਹਾਂ ਦੀ ਖਿੰਡੀ ਜ਼ਿੰਦਗੀ ਵਿਚ ਕਦੇ ਵੀ ਮਹਾਨ ਸਾਹਿਤ ਪੈਦਾ ਨਹੀਂ ਹੋ ਸਕਦਾ।

ਜਦ ਮੈਂ 1969-70 ਵਿਚ ਕਲਕੱਤੇ ਗਿਆ ਤਾਂ ਉਹ ਸਮਾਂ ਮੇਰੇ ਲਈ ਮਹਾਂਨਗਰ ਦਾ ਸਮਕਾਲ ਸੀ। ਉਥੇ ਮੈਂ ਮੇਲੇ ਵਿਚ ਗੁਆਚੇ ਬਾਲ ਵਾਂਗ ਓਦਰਿਆ ਫਿਰਦਾ ਸੀ। ਅੱਜ ਭਾਵੇਂ ਉਹ ਮੇਰਾ ਅਤੀਤ ਹੈ, ਪਰ ਉਸ ਵੇਲੇ ਮੇਰੇ ਜੀਵਨ ਅਨੁਭਵ ਵਿਚੋਂ ਨਿਕਲਿਆ ਕਾਲਮ 'ਸੜਕਨਾਮਾ' ਮੇਰੇ ਸਮਕਾਲ ਦੀ ਸਿਰਜਣਾ ਸੀ। ਮੇਰਾ ਪਹਿਲਾ ਨਾਵਲ 'ਦੂਸਰਾ ਹੀਰੋਸ਼ੀਮਾ' ਵੀ 77-78 ਸੰਨ ਦੇ ਸਮਕਾਲ ਦੀ ਘਟਨਾ ਸੀ, ਜਿਸ ਨੂੰ ਕਿਸੇ ਵਿਵਾਦ ਤੋਂ ਬਚਣ ਲਈ ਮੈਂ ਉਸ ਘਟਨਾ ਨੂੰ ਕਲਕੱਤਾ ਮਹਾਂਨਗਰ ਦੀ ਕਰਮ-ਭੂਮੀ ਤੋਂ ਖਿੱਚਕੇ ਪੰਜਾਬ ਦੇ ਪਿੰਡਾਂ ਵਿਚ ਲੈ ਗਿਆ ਸਾਂ। ਮੇਰਾ ਨਾਵਲ 'ਕੱਚੀਆਂ ਕੰਧਾਂ' ਪੰਜਾਬ ਤੋਂ ਚੰਗੇ ਭਵਿੱਖ ਦੀ ਆਸ ਵਿਚ ਪਰਵਾਸ ਕਰ ਗਏ ਪੰਜਾਬੀ ਪਰਿਵਾਰਾਂ ਦੀਆਂ ਔਕੜਾਂ, ਦੁਸ਼ਵਾਰੀਆਂ ਅਤੇ ਸੰਘਰਸ਼ ਦੀ ਕਥਾ ਹੈ ਤੇ ਇਸ ਵਿਚ ਬੂਰ ਦੀ ਅੱਗ ਵਾਂਗ ਸਾਰੇ ਦੇਸ਼ ਵਿਚ ਫੈਲੀ ਨਕਸਲੀ ਲਹਿਰ ਦਾ ਜ਼ਿਕਰ ਹੈ, ਜਿਹੜਾ ਉਸ ਵੇਲੇ ਦਾ ਸਮਕਾਲੀ ਵਰਤਾਰਾ ਸੀ।

ਲੇਖਕ ਸਮਕਾਲ ਨੂੰ ਅੱਖੋਂ-ਪਰੋਖੇ ਕਰ ਹੀ ਨਹੀਂ ਸਕਦਾ। ਮੇਰਾ ਬਹੁ-ਚਰਚਿਤ ਨਾਵਲ 'ਲਾਲ ਬੱਤੀ' ਅਜਿਹਾ ਵਿਸ਼ਾ ਹੈ। ਉਸ ਨੂੰ ਜਦੋਂ ਵੀ ਪੜ੍ਹਿਆ ਜਾਵੇਗਾ, ਪਾਠਕ ਨੂੰ ਸਭ ਕੁਝ ਸਮਕਾਲ ਵਿਚ ਵਾਪਰਦਾ ਮਹਿਸੂਸ ਹੋਵੇਗਾ। ਮੇਰਾ ਵਾਹ ਸਮਕਾਲੀ ਸਮੱਸਿਆਵਾਂ ਨਾਲ ਰਿਹਾ ਹੈ ਤੇ ਮੈਂ ਸਦਾ ਪੀੜਤ ਅਤੇ ਥੁੜਾਂ ਮਾਰੇ ਲੋਕਾਂ ਦੀ ਧਿਰ ਬਣਕੇ ਲਿਖਿਆ ਹੈ। ਪਾਠਕਾਂ ਵਿਚ ਮੇਰੀਆਂ ਰਚਨਾਵਾਂ ਲਈ ਖਿੱਚ ਬਣੀ ਰਹਿੰਦੀ ਹੈ। ਸਿਰਜਣਾ ਲਈ ਇਹੋ ਮੇਰੀ ਪ੍ਰੇਰਨਾ ਹੈ ਤੇ ਇਹੋ ਮੇਰੀ ਤਾਕਤ ਹੈ।

ਇਕ ਦੌਰ ਸੀ, ਜਦ ਲੇਖਕ ਆਪਣੇ ਤੋਂ ਸਿਵਾ ਦੂਸਰਿਆਂ ਬਾਰੇ ਵੀ ਸੋਚਦੇ ਸਨ। ਉਹਨਾਂ ਦੀ ਭਲਾਈ ਲਈ, ਉਹਨਾਂ ਦੀ ਬਿਹਤਰ ਜ਼ਿੰਦਗੀ ਲਈ ਰਚਨਾਵਾਂ ਰਚਦੇ ਸਨ। ਉਹਨਾਂ ਦੇ ਦੁੱਖਾਂ ਅਤੇ ਸੰਕਟਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਉਂਦੇ ਸਨ। ਪਰ ਅੱਜ ਦੇ ਦੌਰ ਦਾ ਸਮਕਾਲ ਬੜਾ ਕਰੂਰ, ਖੁਦਗਰਜ਼ ਅਤੇ ਫਰੇਬੀ ਹੈ। ਵਿਸ਼ਵੀਕਰਣ ਦੇ ਪ੍ਰਭਾਵ ਹੇਠ ਸਭ ਕੁਝ ਸੁੰਗੜ ਗਿਆ ਹੈ। ਸਾਰਾ ਵਿਸ਼ਵ ਇਕ ਪਿੰਡ ਤਾਂ ਬਣ ਗਿਆ, ਪਰ ਸਾਡਾ ਗੁਆਂਢੀ ਪ੍ਰਦੇਸੀ ਹੋ ਗਿਆ। ਸਮਾਜਕ ਸਰੋਕਾਰ ਨਿੱਜੀ ਸੁਆਰਥਾਂ ਤੱਕ ਸੀਮਤ ਹੋ ਕੇ ਰਹਿ ਗਏ। ਅਜਿਹੇ ਸਮਕਾਲ ਨੂੰ ਫੜਨਾ, ਲੇਖਕਾਂ ਲਈ ਚੁਣੌਤੀ ਵੀ ਹੈ ਤੇ ਉਹਨਾਂ ਦੀਆਂ ਸੰਭਾਵਨਾਵਾਂ ਦੀ ਪ੍ਰੀਖਿਆ ਵੀ। ਜੇ ਸਮਕਾਲ ਦੇ ਯਥਾਰਥ ਦੀ ਗੱਲ ਕਰਾਂ ਤਾਂ ਅੱਜ ਦੇ ਦੌਰ ਵਿਚ ਮਾਨਵੀ ਹਮਦਰਦੀ, ਪ੍ਰੇਮ, ਆਪਸੀ ਸਹਿਯੋਗ, ਇਹ ਸਭ ਸੈਮੀਨਾਰਾਂ, ਪਰਚਿਆਂ ਅਤੇ ਗੋਸ਼ਟੀਆਂ ਦੇ ਵਿਸ਼ੇ ਬਣਕੇ ਰਹਿ ਗਏ ਹਨ।

ਮੈਂ ਆਪਣੇ ਨਾਵਲ 'ਕੱਚੀਆਂ ਕੰਧਾਂ' ਵਿਚ ਨਕਸਲੀ-ਲਹਿਰ ਸਾਰੇ ਜ਼ਿਕਰ ਕੀਤਾ ਸੀ। ਨਾਵਲ ਲਿਖਣ ਤੋਂ ਪਹਿਲਾਂ ਮੈਂ ਉਸ ਵੇਲੇ ਦੇ ਕੁਝ ਸਮਕਾਲੀ ਲੀਡਰਾਂ ਤੇ ਸਰਗਰਮ ਕਾਰਕੁੰਨਾਂ ਨੂੰ ਮਿਲਿਆ ਸਾਂ। ਮੈਂ ਉਸ ਸਮੱਸਿਆ ਨੂੰ ਸਮਝਣ ਦਾ ਯਤਨ ਕੀਤਾ। ਮੂਲ ਰੂਪ ਵਿਚ ਇਹ ਸਮਾਜਕ ਅਸਮਾਨਤਾ ਤੋਂ ਪੈਦਾ ਹੋਈ ਸਮੱਸਿਆ ਸੀ। ਸਦੀਆਂ ਤੋਂ ਕੰਮ ਕਰਦੇ ਆਏ ਲੋਕਾਂ ਨੂੰ ਜੇ ਹਾਕਮ ਧਿਰ ਉਹਨਾਂ ਦੀ ਵਾਹੀ-ਯੋਗ ਜ਼ਮੀਨ ਤੋਂ ਬੇਦਖ਼ਲ ਕਰ ਦੇਵੇਗੀ,

ਜੇ ਉਹਨਾਂ ਦੀ ਪੈਦਾ ਕੀਤੀ ਫ਼ਸਲ ਦੇ ਵਡੇਰੇ ਹਿੱਸੇ ਨੂੰ ਜ਼ਿੰਮੀਦਾਰ ਜਾਂ ਸ਼ਾਹੂਕਾਰ ਜਾਂ ਸੱਤਾ ਆਪਣੇ ਕਬਜ਼ੇ ਵਿਚ ਕਰ ਲਏਗੀ, ਤੁਸੀਂ ਉਹਨਾਂ ਲੋਕਾਂ ਨੂੰ ਕਰਜ਼ਿਆਂ ਦੇ ਬੋਝ ਥੱਲੇ ਦੱਬ ਦਿਉਂਗੇ ਤਾਂ ਹੜ੍ਹਾਂ ਕਾਰਨ ਅਤੇ ਸੋਕਿਆਂ ਕਾਰਨ ਭੁੱਖ-ਮਰੀ ਦੇ ਸ਼ਿਕਾਰ ਇਹ ਲੋਕ ਤੁਹਾਡੀਆਂ ਧੱਕੇਸ਼ਾਹੀਆਂ ਅਤੇ ਨਿਹੱਥਿਆਂ ਉੱਪਰ ਕੀਤੇ ਜ਼ੁਲਮਾਂ ਕਾਰਨ ਵਿਦਰੋਹੀ ਬਣਨ ਲਈ ਮਜਬੂਰ ਹੋਣਗੇ। ਮੈਂ ਆਪਣੇ ਇਸ ਨਾਵਲ ਵਿਚ ਉਸ ਵੇਲੇ ਦੇ ਸਭ ਤੋਂ ਵੱਡੇ ਅੰਦੋਲਨ ਨੂੰ ਪੇਸ਼ ਕਰਨ ਦਾ ਯਤਨ ਕੀਤਾ।

ਮੈਂ ਹਮੇਸ਼ਾ ਕੋਸ਼ਿਸ਼ ਕਰਦਾਂ, ਸਮਾਜ ਵਿਚਲੇ ਦੋ ਵੱਡੇ ਵਰਗਾਂ ਵਿਚੋਂ ਪੂਰੀ ਇਮਾਨਦਾਰੀ ਨਾਲ ਪਹਿਲਾ ਇਹ ਤੈਅ ਕਰਾਂ ਕਿ ਕਿਸ ਧਿਰ ਨਾਲ ਖੜ੍ਹਨਾ ਹੈ। ਇਸ ਤਰ੍ਹਾਂ ਦੀ ਪ੍ਰਤੀਬੱਧਤਾ, ਮੈਂ ਸਮਝਦਾ ਹਾਂ, ਲੇਖਕ ਲਈ ਤੇ ਰਚਨਾ ਲਈ ਬਹੁਤ ਅਹਿਮ ਹੈ। 'ਲਾਲ ਬੱਤੀ' ਨਾਵਲ ਮੇਰੇ ਲਈ ਕਲਾ-ਕ੍ਰਿਤੀ ਨਹੀਂ ਹੈ। ਇਹ ਮੇਰੇ ਲਈ ਇਸ ਸਮਾਜ ਦੇ ਵੱਖਰੇ ਅੰਗ ਦੀ ਪੀੜ ਹੈ। ਮੈਂ ਇਸ ਨਾਵਲ ਵਿਚ ਦੇਹ ਵਪਾਰ ਕਰਦੀਆਂ ਲੜਕੀਆਂ-ਔਰਤਾਂ ਦੇ ਜੀਵਨ ਦੀ ਇਕ ਜਿਉਂਦੀ ਜਗਦੀ ਤਸਵੀਰ ਪੇਸ਼ ਕੀਤੀ ਹੈ।

ਨਾਵਲ 'ਗੰਧਲੇ ਪਾਣੀ' ਪੰਜਾਬ ਅੰਦਰ ਦਿਨੋ-ਦਿਨ ਵੱਧ-ਫੁੱਲ ਰਹੇ, ਲੁਕਵੇ ਰੂਪ ਵਿਚ ਦੇਹ-ਵਪਾਰ ਦਾ ਸਮਕਾਲੀ ਵਰਤਾਰਾ ਹੈ। ਗਰੀਬੀ-ਰੇਖਾ ਤੋਂ ਵੀ ਹੇਠਾਂ ਰਹਿ ਰਹੀਆਂ ਔਰਤਾਂ, ਲੜਕੀਆਂ ਘਰ ਦਾ ਚੁਲ੍ਹਾ ਬਲਦਾ ਰੱਖਣ ਲਈ ਕੀ ਕਰਨ ? ਨਾ ਉਹਨਾਂ ਕੋਲ ਕੋਈ ਕੰਮ ਹੈ, ਨਾ ਨੌਕਰੀ। ਆਰਥਿਕ ਪੱਖੋਂ ਆਪਣੇ ਆਪ ਨੂੰ ਸੁਰੱਖਿਅਤ ਕਰਨ ਲਈ ਉਹਨਾਂ ਕੋਲ ਇਕੋ ਇਕ ਰਾਹ ਬਚਦਾ ਹੈ, ਦੇਹ-ਵਪਾਰ ਜਾਂ ਵੇਸਵਾਗਿਰੀ। ਇਹ ਸੌਖਾ ਵੀ ਹੈ। ਇਸ ਧੰਦੇ ਲਈ ਯੋਗਤਾ ਦੀ ਵੀ ਖ਼ਾਸ ਲੋੜ ਨਹੀਂ ਹੁੰਦੀ। ਲੜਕੀ ਜਾਂ ਔਰਤ ਦੇ ਨੈਣ-ਨਕਸ਼ ਠੀਕ-ਠਾਕ ਹੋਣੇ ਚਾਹੀਦੇ ਹਨ, ਦੇਹ ਵਿਚ ਆਕਰਸ਼ਣ ਹੋਣਾ ਚਾਹੀਦਾ ਹੈ। ਮੇਰਾ ਇਹ ਨਾਵਲ ਬਿਆਨ ਕਰਦਾ ਹੈ- ਸਮਕਾਲ ਵਿਚ ਮਾਨਵਤਾ ਦਾ ਕਿੰਨਾ ਪਤਨ ਹੋ ਚੁੱਕਾ ਹੈ ਤੇ ਮਰਦ ਕਿੰਨਾ ਹੇਠਾਂ ਡਿੱਗ ਸਕਦੇ ਹਨ।

**ਇਤਿਹਾਸਕ ਨਾਵਲਾਂ ਬਾਰੇ ਵੀ ਕੁਝ ਗੱਲਾਂ ਕਰ ਲਈਏ:**

ਪਹਿਲੀ ਗੱਲ, ਮੈਂ ਕੋਈ ਇਤਿਹਾਸਕਾਰ ਨਹੀਂ ਹਾਂ। ਮੈਂ ਗਲਪ ਲੇਖਕ ਹਾਂ। ਮੈਨੂੰ ਇਤਿਹਾਸਕ ਨਾਵਲਾਂ ਲਈ, ਇਤਿਹਾਸ ਨੂੰ ਇਤਿਹਾਸ ਦੇ ਉਸ ਸਮਕਾਲ ਨੂੰ ਇਤਿਹਾਸ ਦੀਆਂ ਮਹੱਤਵਪੂਰਣ ਘਟਨਾਵਾਂ ਨੂੰ ਜਾਨਣ, ਸਮਝਣ ਦੀ ਜਿੰਨੀ ਕੁ ਲੋੜ ਹੁੰਦੀ ਹੈ, ਮੈਂ ਇਹਨਾਂ ਨੂੰ ਸਮਝਣ ਦਾ ਯਤਨ ਕਰਦਾ ਹਾਂ। ਜੇ ਇਤਿਹਾਸਕ ਥਾਵਾਂ ਨੂੰ ਵੇਖਣ ਦੀ ਲੋੜ ਹੈ ਤਾਂ ਉਹ ਵੀ ਜ਼ੋਖਮ ਉਠਾਉਂਦਾ ਹੈ। ਇਤਿਹਾਸ ਅੰਦਰ ਝਾਤੀ ਮਾਰਨੀ ਪੀਡੀ-ਗੰਢ ਖੋਲ੍ਹਣ ਵਾਂਗ ਹੈ। ਅਤੀਤ ਵਿਚ ਜਾ ਕੇ, ਉਸ ਵੇਲੇ ਦੇ ਸਮਕਾਲ ਨੂੰ, ਸਭਿਆਚਾਰਕ ਵਰਤਾਰਿਆਂ ਨੂੰ ਸਮਝੇ/ਜਾਣੇ ਬਿਨਾਂ ਤੁਸੀਂ ਇਤਿਹਾਸ ਦੀ ਸਿਰਜਣਾ ਨਹੀਂ ਕਰ ਸਕਦੇ। ਬਹੁਤੀ ਵਾਰ ਕਲਪਨਾਵਾਂ, ਮਿੱਥਾਂ ਤੇ ਅਫਵਾਹਾਂ ਨੂੰ ਹੀ ਇਤਿਹਾਸ ਸਮਝ ਲਿਆ ਜਾਂਦਾ ਹੈ। ਗੰਧਲੇ ਇਤਿਹਾਸ ਵਿਚੋਂ ਨਾਇਕ ਦਾ ਅਸਲੀ ਚਿਹਰਾ ਤਲਾਸ਼ਣਾ ਵੀ ਸੌਖਾ ਕਾਰਜ ਨਹੀਂ ਹੈ।

ਕਿੱਸਾਕਾਰ ਅਤੇ ਮਨਘੜਤ ਕਥਾਵਾਂ ਘੜਨ ਵਾਲੇ ਆਪਣੇ ਨਾਇਕਾਂ ਨੂੰ ਅਜਿਹਾ ਤਲਿਸਮੀ ਚਰਿੱਤਰ ਬਣਾ ਧਰਦੇ ਹਨ, ਜਿਸ ਨੂੰ ਪੜ੍ਹਕੇ ਪਾਠਕ ਅਸ਼-ਅਸ਼ ਕਰ ਉੱਠਦਾ ਹੈ।

ਕਿੱਸਾ ਕਾਰਾਂ ਦਾ ਦੁੱਲਾ ਭੱਟੀ, ਅਕਬਰ ਦੀ ਰਾਣੀ ਦੀ ਗੁੱਤ ਮੁੰਨ ਦਿੰਦਾ ਹੈ। ਅਕਬਰ ਦੇ ਬਾਗ਼ ਵਿਚ ਸੋਨੇ ਦੇ ਸਿੰਗਾਂ ਵਾਲੇ ਹਿਰਨ ਘੁੰਮਦੇ ਫਿਰਦੇ ਹਨ। ਸਾਹਿਤ ਵਿਚ ਅਜਿਹੇ ਅਲੌਕਿਕ ਤੇ ਕਰਾਮਾਤੀ ਦ੍ਰਿਸ਼ ਨਹੀਂ ਹੁੰਦੇ। ਉਸਾਰੂ ਸਾਹਿਤ ਦਾ ਮਨੋਰਥ ਵੱਖਰਾ ਹੁੰਦਾ ਹੈ।

ਅਜੋਕੀ ਨੌਜਵਾਨ ਪੀੜ੍ਹੀ ਸਾਡੇ ਇਤਿਹਾਸ ਨੂੰ, ਸਾਡੇ ਕ੍ਰਾਂਤੀਕਾਰੀ ਨਾਇਕਾਂ ਨੂੰ, ਸਾਡੇ ਜਾਂਬਾਜ਼ ਇਨਕਲਾਬੀਆਂ ਨੂੰ ਭੁੱਲਦੀ ਜਾ ਰਹੀ ਹੈ। ਨੌਜਵਾਨਾਂ ਦੇ ਮਨਾਂ ਵਿਚੋਂ ਸਾਡਾ ਇਤਿਹਾਸ ਖਾਰਜ ਹੋ ਰਿਹਾ ਹੈ। ਮੇਰੇ ਇਤਿਹਾਸਕ ਨਾਵਲ ਆਪਣੇ ਨਾਇਕਾਂ ਦੀ ਨੌਜਵਾਨਾਂ ਨਾਲ ਮੁੜ ਤੋਂ ਸਾਂਝ ਪੁਆਉਣ ਦਾ ਉਪਰਾਲਾ ਹੈ।

ਮੈਨੂੰ ਇਤਿਹਾਸਕ ਨਾਵਲਾਂ ਦੀ ਸਿਰਜਣਾ ਵਿਚ ਬੜਾ ਆਨੰਦ ਆਉਂਦਾ ਹੈ। ਇਕੋ ਵੇਲੇ ਲੇਖਕ ਅਤੀਤ ਵਿਚ ਵੀ ਉੱਤਰਿਆ ਹੁੰਦੇ ਤੇ ਸਮਕਾਲ ਵਿਚ ਵੀ ਵਿਚਰਦਾ। ਇਤਿਹਾਸਕ ਕਥਾਵਾਂ ਦੀ ਖ਼ੂਬਸੂਰਤੀ ਦਾ ਰਹੱਸ ਇਹ ਹੁੰਦਾ ਹੈ ਕਿ ਇਹਨਾਂ ਵਿਚ ਕੋਈ ਰਹੱਸ ਹੁੰਦਾ ਹੀ ਨਹੀਂ। ਇਹਨਾਂ ਕਥਾਵਾਂ ਬਾਰੇ ਥੋੜ੍ਹਾ ਬਹੁਤ ਅਸੀਂ ਪਹਿਲਾਂ ਹੀ ਪੜ੍ਹਿਆ ਸੁਣਿਆ ਹੁੰਦਾ ਹੈ। ਇਹ ਕਥਾਵਾਂ ਸਾਨੂੰ ਸਨਸਨੀ, ਰੁਮਾਂਸ ਜਾਂ ਚਤੁਰਾਈ ਭਰੇ ਅੰਤ ਨਾਲ ਚਕਾਚੌਂਧ ਨਹੀਂ ਕਰਦੀਆਂ। ਸਾਨੂੰ ਪਤਾ ਹੁੰਦਾ ਹੈ, ਇਹਨਾਂ ਨਾਇਕਾਂ ਦੇ ਜੀਵਨ ਦਾ ਜਾਂ ਘਟਨਾਵਾਂ ਦਾ ਅੰਤ ਕੀ ਹੈ। ਸਾਨੂੰ ਪਤਾ ਹੁੰਦਾ ਹੈ, ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਆਖ਼ਰ ਫਾਂਸੀ ਹੋ ਜਾਣੀ ਹੈ। ਸਾਨੂੰ ਪਤਾ ਹੈ, ਭਾਈ ਜੈਤਾ ਉਰਫ ਬਾਬਾ ਜੀਵਨ ਸਿੰਘ ਨੇ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋ ਜਾਣਾ ਹੈ। ਪਾਠਕਾਂ ਨੂੰ ਪਤਾ ਹੁੰਦਾ ਹੈ, ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਨਾਦੇੜ ਵਿਚ ਆਪਣਾ ਸਰੀਰ ਤਿਆਗ ਦੇਣਾ ਹੈ। ਸਾਨੂੰ ਦੁੱਲਾ ਭੱਟੀ ਬਾਰੇ, ਬੰਦਾ ਸਿੰਘ ਬਹਾਦਰ ਬਾਰੇ ਕੁਝ ਨਾ ਕੁਝ ਜਾਣਕਾਰੀ ਹੁੰਦੀ ਹੈ। ਕਿਸ ਨੂੰ ਫਾਂਸੀ ਹੋਈ ਹੈ, ਕਿਸ ਨੇ ਬੰਦ ਬੰਦ ਕੱਟਿਆ ਜਾਣਾ ਹੈ, ਜਾਣਦੇ ਹੋਏ ਵੀ ਅਸੀਂ ਇਹਨਾਂ ਯੋਧਿਆਂ ਬਾਰੇ ਗੁਰੂਆਂ ਬਾਰੇ ਬਾਰ ਬਾਰ ਪੜ੍ਹਦੇ ਹਾਂ, ਪੜ੍ਹਨਾ ਚਾਹੁੰਦੇ ਹਾਂ।

ਇਹਨਾਂ ਕਥਾਵਾਂ ਵਿਚ ਪਾਠਕਾਂ ਦੀ ਰੁਚੀ ਤਾਂ ਹੀ ਪੈਦਾ ਕਰ ਸਕਦੇ ਹਾਂ ਜੇ ਅਸੀਂ ਅਤੀਤ ਵਿਚ ਉੱਤਰ ਕੇ, ਉਸ ਵਿੱਚ ਸਮਕਾਲੀਨ ਪ੍ਰਸੰਗਕਿਤਾ ਦੇ ਅਰਥ ਲੱਭੀਏ। ਪੌੜੀ ਸਾਨੂੰ ਉੱਪਰ ਤੱਕ ਲੈ ਜਾਣ ਵਿਚ ਸਹਾਈ ਹੁੰਦੀ ਹੈ। ਉਹੀ ਪੌੜੀ ਸਾਨੂੰ ਹੇਠਾਂ ਲਹਿ ਜਾਣ ਵਿਚ (ਅਤੀਤ ਨੂੰ ਖੰਗਾਲਣ) ਮਦਦ ਕਰਦੀ ਹੈ। ਮੈਂ ਖੋਜ ਦੀ ਪੌੜੀ ਨੂੰ ਸਮਕਾਲ ਤੋਂ ਅਤੀਤ ਵਿਚ ਲਹਿ ਜਾਣ ਲਈ ਵਰਤਦਾ ਹਾਂ। ਉਸ ਵੇਲੇ ਮੈਂ ਮਹਿਸੂਸ ਕੀਤਾ ਹੈ, ਜਿਵੇਂ ਮੈਂ ਬੀਤੇ ਸਮੇਂ ਦੇ ਸਮਕਾਲੀ ਖੰਡਰਾਂ ਵਿਚ ਵਿਚਰ ਰਿਹਾ ਹੋਵਾਂ, ਜਿਸ ਦੀਆਂ ਸਾਰੀਆਂ ਬੱਤੀਆਂ ਜਗ ਰਹੀਆਂ ਹੋਣ, ਹੰਭੇ-ਹਾਰੇ ਪੁਰਖੇ ਬੇਜਾਨ ਜਿਹੇ ਇਧਰ ਉਧਰ ਭਟਕਦੇ ਫੁਸ-ਫਸਾ ਰਹੇ ਹੋਣ।

ਇਤਿਹਾਸਕ ਨਾਵਲਾਂ ਤੋਂ ਬਿਨਾਂ ਮੈਂ ਸਦਾ ਸਮਕਾਲ ਬਾਰੇ ਲਿਖਿਆ ਹੈ। ਚਾਹੇ 'ਦੂਸਰਾ ਹੀਰੋਸ਼ੀਮਾ' ਨਾਵਲ ਹੋਵੇ, ਕੱਚੀਆਂ ਕੰਧਾਂ, ਜੀ.ਟੀ. ਰੋਡ, ਸੂਲੀ ਟੰਗੇ ਪਹਿਰ, ਜਾਂ ਨਾਵਲ ਲਾਲ ਬੱਤੀ ਹੋਵੇ। ਮੈਂ ਸਮਕਾਲ ਦੀ ਨਬਜ਼ ਨੂੰ ਫੜਨ ਦਾ ਯਤਨ ਕਰਦਾ ਹਾਂ। 'ਅੰਨਦਾਤਾ' ਜਦੋਂ ਛਪਿਆ, ਉਸ ਸਮੇਂ ਕਿਰਸਾਨਾਂ ਦੀ ਹਾਲਤ ਏਨੀ ਨਿਘਰ ਗਈ ਸੀ, ਉਹ ਖੁਦਕੁਸ਼ੀਆਂ ਕਰਨ ਲਈ ਮਜਬੂਰ ਸਨ। ਹੁਣ ਹਾਲਤ ਉਸ ਤੋਂ ਵੀ ਬਦਤਰ ਹੈ। ਗਰੀਨ ਰੈਵੁਲੂਸ਼ਨ ਨੇ ਕਿਸਾਨ ਨੂੰ ਅੰਨਦਾਤਾ ਤੋਂ ਭਿਖਾਰੀ ਬਣਾ ਦਿੱਤਾ ਹੈ। 'ਅਫਲਾਤੂ' ਨਾਵਲ ਵਿਸ਼ਵੀਕਰਣ ਤੋਂ

ਪ੍ਰਭਾਵਿਤ ਮਨੁੱਖ ਦਾ ਚਰਿੱਤਰ ਪੇਸ਼ ਕਰਦਾ ਹੈ। 'ਇੱਕੀਵੀ ਸਦੀ' ਬਜ਼ੁਰਗਾਂ ਨੂੰ ਘਰਾਂ ਦੀਆਂ ਦੇਹਲੀਆਂ ਤੋਂ ਬਾਹਰ ਕੱਢ ਕੇ ਬਿਰਧ ਆਸ਼ਰਮਾਂ ਵਿਚ ਧੱਕਣ ਦਾ ਦੁਖਾਂਤਕ ਬਿਰਤਾਂਤ ਹੈ। ਇਵੇਂ 'ਵਿਰਲਾਂ ਵਿਚੋਂ ਝਾਕਦੀ ਜ਼ਿੰਦਗੀ' ਹਰ ਪਾਸੇ ਤੋਂ ਨਿਰਾਸ ਹੋਏ ਨੌਜਵਾਨਾਂ ਦੀ ਜ਼ਿੰਦਗੀ ਲਈ ਜੀਣ ਦੀ ਤੜਪ ਦਾ ਪ੍ਰਗਟਾਵਾ ਹੈ।

ਮੈਂ ਆਪਣੇ ਆਪ ਨੂੰ ਕਦੇ ਵੱਡਾ ਲੇਖਕ ਨਹੀਂ ਮੰਨਦਾ। ਮੈਂ ਇਕ ਆਮ ਸਧਾਰਨ ਵਿਅਕਤੀ ਦੇ ਰੂਪ ਵਿਚ ਜ਼ਿੰਦਗੀ ਗੁਜ਼ਾਰੀ ਹੈ। ਮੈਂ ਆਪਣੇ ਕਿਸੇ ਵੀ ਔਗੁਣ ਜਾਂ ਅਗਿਆਨਤਾ ਨੂੰ ਛੁਪਾਉਂਦਾ ਨਹੀਂ। ਮੈਂ ਹਮੇਸ਼ਾ ਸਾਦਾ ਪਹਿਨਦਾ ਹਾਂ, ਬਨਾਵਟ ਮੈਨੂੰ ਪਸੰਦ ਨਹੀਂ ਹੈ। ਮੇਰੀ ਸਿਰਜਣਾ ਵੀ ਬਿਨਾਂ ਬਨਾਵਟ ਤੇ ਅਡੰਬਰ ਤੋਂ ਹੁੰਦੀ ਹੈ। ਮੇਰੀਆਂ ਵਧੇਰੇ ਰਚਨਾਵਾਂ ਉਹਨਾਂ ਮੂਲ ਤੱਤਾਂ ਦੀ ਪੇਸ਼ਕਾਰੀ ਹੈ, ਜੋ ਹਮੇਸ਼ਾ ਸਦੀਵੀ ਰਹੇ ਹਨ ਤੇ ਰਹਿਣਗੇ। ਮੇਰੀਆਂ ਰਚਨਾਵਾਂ ਵਿਚਲੀ ਰੌਚਿਕਤਾ ਹੁਲਾਸਮਈ ਹੋਣ ਦੇ ਨਾਲ ਨਾਲ ਕਰੁਣਾਮਈ ਵੀ ਹੁੰਦੀ ਹੈ, ਜੋ ਪਾਠਕਾਂ ਦੇ ਦਿਲਾਂ ਨੂੰ ਛੂੰਹਦੀ ਹੈ। ਵਿਦਵਾਨਾਂ ਵਾਂਗ ਅਕਾਦਮਿਕ ਪ੍ਰਵਚਨ ਮੈਨੂੰ ਕਰਨੇ ਨਹੀਂ ਆਉਂਦੇ। ਮੇਰੇ ਵਿਸ਼ਵ-ਵਿਦਿਆਲੇ ਉਹਨਾਂ ਤੋਂ ਬਿਲਕੁਲ ਵੱਖਰੇ ਰਹੇ ਹਨ। ਇਕ ਗੱਲ ਜ਼ਰੂਰ ਕਹਾਂਗਾ, ਜ਼ਰੂਰੀ ਨਹੀਂ ਸਿਰਜਣਾ ਕਰਨ ਵਾਲਾ ਵਿਅਕਤੀ ਬਹੁਤ ਜ਼ਿਆਦਾ ਪੜ੍ਹਿਆ ਹੋਵੇ, ਵਿਦਵਾਨ ਤੇ ਭਾਸ਼ਾ ਸ਼ਾਸਤਰੀ ਹੋਵੇ। ਪਰ ਇਹ ਵੀ ਜ਼ਰੂਰੀ ਨਹੀਂ ਬਹੁਤ ਜ਼ਿਆਦਾ ਪੜ੍ਹਿਆ ਲਿਖਿਆ ਵਿਅਕਤੀ ਵਧੀਆ ਸਿਰਣਾਤਮਕ ਲੇਖਕ ਵੀ ਹੋਵੇ। ਜਿੰਨਾ ਕਿਤਾਬੀ-ਗਿਆਨ ਮਹੱਤਵਪੂਰਣ ਹੈ, ਉਨ੍ਹਾਂ ਹੀ ਸ਼ਾਇਦ ਉਸ ਤੋਂ ਵੀ ਵਧੇਰੇ ਜੀਵਨ ਅਨੁਭਵ ਵੀ ਮਹੱਤਵਪੂਰਣ ਹੈ।

ਅੱਜ ਲੇਖਕ ਦੇ ਸਾਹਮਣੇ ਪਹਿਲਾਂ ਨਾਲੋਂ ਵਧੇਰੇ ਚੁਣੌਤੀਆਂ ਹਨ। ਸਮਕਾਲ ਦੇ ਸਮਾਜ ਵਿਚ ਮਨੁੱਖੀ ਭਾਵਨਾਵਾਂ ਜਾਂ ਮਨੁੱਖੀ ਹਮਦਰਦੀ ਲਈ ਕੋਈ ਥਾਂ ਨਹੀਂ ਹੈ। ਸਮਕਾਲੀ ਸਮਾਜ ਸਿਰਫ ਪੈਸੇ ਕਮਾਉਣ ਦੀ ਦੌੜ ਵਿਚ ਲੱਗਾ ਹੋਇਆ ਹੈ। ਇਸ ਲਈ ਲੇਖਕਾਂ ਦਾ ਫਰਜ਼ ਬਣਦਾ ਹੈ, ਉਹ ਸਮਾਜ ਦੀਆਂ ਸਮਕਾਲੀ ਸਮੱਸਿਆਵਾਂ ਨੂੰ ਸਮਝ ਕੇ ਆਪਣੀ ਰਚਨਾਵਾਂ ਦੀ ਰਚਨਾ ਕਰਨ। ਪੁਸਤਕਾਂ ਨਾਲੋਂ ਦੂਰ ਜਾ ਰਹੇ ਨੌਜਵਾਨਾਂ ਨੂੰ ਅੱਖਰ ਗਿਆਨ ਵੱਲ ਤੇ ਸਾਹਿਤ ਵੱਲ ਮੋੜਨ ਦੀ ਬਹੁਤ ਲੋੜ ਹੈ।

ਆਖ਼ਰੀ ਗੱਲ ਮੈਨੂੰ ਇਹ ਬਿਲਕੁਲ ਚਿੰਤਾ ਨਹੀਂ ਹੈ ਕਿ ਸਮਕਾਲ ਦੇ ਸਾਹਿਤ ਸ਼ਾਸਤਰੀ ਜਾਂ ਆਲੋਚਕ ਮੇਰੇ ਨਾਵਲਾਂ ਜਾਂ ਦੂਸਰੀਆਂ ਸਾਹਿਤਕ ਕਿਰਤਾਂ ਨੂੰ ਸਾਹਿਤ ਵਿਚ ਕਿੱਥੇ ਕੁ ਰੱਖਣਗੇ ਜਾਂ ਇਹਨਾਂ ਰਚਨਾਵਾਂ ਨੂੰ ਮਾਣਤਾ ਦੇਣਗੇ ਜਾਂ ਨਹੀਂ ਦੇਣਗੇ! ਇਹ ਚਿੰਤਾ ਮੈਨੂੰ ਮੇਰੀ ਪਛਾਣ ਬਣੇ ਕਾਲਮ 'ਸੜਕਨਾਮਾ' ਲਿਖਣ ਵੇਲੇ ਵੀ ਨਹੀਂ ਸੀ। ਮੇਰੀ ਚਿੰਤਾ ਸਿਰਫ਼ ਇੰਨੀ ਹੁੰਦੀ ਹੈ...ਮੈਂ ਆਪਣੀ ਸਮਝ ਅਤੇ ਸਮਰੱਥਾ ਅਨੁਸਾਰ ਆਪਣੀਆਂ ਰਚਨਾਵਾਂ ਵਿਚ ਸਮਾਜਕ ਸਰੋਕਾਰਾਂ ਦੀ, ਤੇ ਇਤਿਹਾਸਕ ਨਾਵਲਾਂ ਵਿਚ ਸਮਕਾਲੀ ਪ੍ਰਸੰਗਿਕਤਾ ਦੀ ਅਹਿਮੀਅਤ ਨੂੰ ਕਿੰਨੀ ਕੁ ਇਮਾਨਦਾਰੀ ਨਾਲ ਨਿਭਾ ਸਕਿਆ ਹਾਂ।

***

# ਸਿਰਜਣਾ 'ਚ ਸਮਕਾਲ

**-ਬਲਬੀਰ ਪਰਵਾਨਾ**

*"ਰਾਮ ਸਿੰਘ ਨੇ ਹਵੇਲੀ ਟੋਕੇ ਮੂਹਰੇ ਆ ਕੇ ਪੱਠਿਆਂ ਦੀ ਪੰਡ ਸੁੱਟੀ ਤਾਂ ਹਵੇਲੀ ਕੋਈ ਵੀ ਨਹੀਂ ਸੀ। ਉਸ ਨੇ ਪੰਡ 'ਚ ਫਸਾਈ ਦਾਤੀ ਕੱਢੀ ਤੇ ਫਿਰ ਤੱਪੜ ਖੋਲ੍ਹ ਕੇ, ਪੰਡ ਦੀ ਉਲਟਾ ਕੇ ਢੇਰੀ ਲਾ ਦਿੱਤੀ ਤੇ ਉਹੀ ਤੱਪੜ ਹੇਠੋਂ ਖਿੱਚ, ਝਾੜ ਕੇ ਪੱਠਿਆਂ ਉਪਰ ਦੇ ਦਿੱਤਾ। ਦਾਤਰੀ ਨੂੰ ਟੋਕੇ ਵਾਲੇ ਕੋਠੇ ਦੀ ਅਧ-ਟੁੱਟੀ ਪੁਰਾਣੀ ਘੁਣਖਾਧੀ ਤਾਕੀ 'ਚ ਸੁੱਟ, ਉਹ ਬਾਹਰ ਨਿਕਲਿਆ ਤੇ ਪਸ਼ੂਆਂ ਵਲ ਧਿਆਨ ਮਾਰਿਆ। ਉਹ ਖੁਰਲੀਆਂ ਤੋਂ ਪਿਛਾਂਹ ਹਟਾ ਧੁੱਪੇ ਬੰਨ੍ਹੇ ਹੋਏ ਸਨ। ਸਿਰਫ਼ ਮੱਝ ਦੇ ਪਿੰਡੇ 'ਤੇ ਹੀ ਕੁਝ ਮਾਸ ਦਿਸਦਾ ਸੀ। ਬਾਕੀ ਸਾਰੇ ਦੇ ਸਾਰੇ ਪਸ਼ੂਆਂ ਦੇ ਪਿੰਜਰ ਨਿਕਲੇ ਲਗਦੇ। ਮੱਝ ਤੋਂ ਬਿਨਾਂ ਇਕ ਉਸਦੀ ਹੁਣ ਦੇ ਤਾਜ਼ੇ ਸੂਏ ਦੀ ਕੱਟੀ ਸੀ, ਇਕ ਚਹੁੰ ਕੁ ਸਾਲਾਂ ਦੀ ਝੋਟੀ, ਦੋ ਹਾਲੀ ਬਲਦ ਤੇ ਇਕ ਵਹਿੜਾ, ਜਿਸਨੂੰ ਅਜੇ ਹਲੀਂ ਜੋੜਨਾ ਨਹੀਂ ਸੀ ਸ਼ੁਰੂ ਕੀਤਾ ਗਿਆ।" (ਜੰਗਲ ਕਦੀ ਸੌਂਦਾ ਨਹੀਂ, ਸਫਾ 62)*

ਇਹ ਦ੍ਰਿਸ਼ 1983 'ਚ ਲਿਖੇ ਨਾਵਲੈੱਟ 'ਅੱਗ ਦੀ ਉਮਰ' ਵਿਚਲਾ ਹੈ। ਇਕ ਗਰੀਬ ਕਿਸਾਨ ਦੀ ਹਵੇਲੀ ਦਾ ਦ੍ਰਿਸ਼, ਤੇ ਹੇਠਲਾ ਇਸ ਸਾਲ ਛਪੇ ਨਾਵਲ 'ਸ਼ੋਅ ਰੂਮ' ਵਿਚੋਂ:

*"ਸੱਤ ਵਾਲੀ ਬੱਸ ਦਾ ਹਾਰਨ ਵੱਜਣ ਲੱਗਾ। ਉਹ ਭਾਵੇਂ ਪਿੰਡ ਦੇ ਦੂਸਰੇ ਪਾਸਿਓਂ ਲੰਘਦੀ ਸੀ, ਪਰ ਹਾਰਨ ਪੂਰੇ ਪਿੰਡ 'ਚ ਸੁਣਦਾ। ਸ਼ਹਿਰੋਂ ਆਉਣ ਵਾਲੀ ਇਹ ਆਖਰੀ ਬੱਸ ਸੀ। ਉਹ ਸੁਚੇਤ ਹੋਈ। ਮਾਂ ਨੇ ਇਸੇ 'ਚ ਮੁੜਨਾ ਸੀ। ਉਸਨੇ ਤਾਂ ਅਜੇ ਸਬਜ਼ੀ ਬਣਾਉਣ ਦਾ ਆਹਰ ਸ਼ੁਰੂ ਵੀ ਨਹੀਂ ਸੀ ਕੀਤਾ। ਨਾ-ਚਾਹੁੰਦਿਆਂ ਵੀ ਉਸਨੇ ਮੋਬਾਇਲ ਬੰਦ ਕੀਤਾ ਤੇ ਦੁਪਹਿਰੇ ਆਏ ਸਬਜ਼ੀ ਵਾਲੇ ਫੋਰਵੀਲਰ ਤੋਂ ਲਏ ਕੱਦੂ ਨੂੰ, ਰਾਤ ਦੀ ਸਬਜ਼ੀ ਵਾਸਤੇ ਚੀਰਨ ਦੀ ਤਿਆਰੀ ਕਰਨ ਲੱਗੀ। ਗੈਸ 'ਤੇ ਉਸਨੇ ਵੱਡੀ ਬੇਬੇ ਲਈ ਪਾਣੀ ਦਾ ਗਲਾਸ, ਪੈਨ 'ਚ ਪਾ ਕੇ ਕੋਸਾ ਕਰਨ ਲਈ ਰੱਖ ਦਿੱਤਾ। (ਸ਼ੋਅ-ਰੂਮ, ਸਫਾ 82)*

ਇਨ੍ਹਾਂ ਦੋਹਾਂ ਲਿਖਤਾਂ ਦੇ ਪਿਛੋਕੜ 'ਚ ਭੂਗੋਲਿਕ ਧਰਾਤਲ ਇਕੋ ਹੀ ਹੈ, ਤਹਿਸੀਲ ਮੁਕੇਰੀਆਂ 'ਚ ਪੈਂਦਾ ਨੀਮ-ਪਹਾੜੀ 'ਮਣੀ' ਦਾ ਇਲਾਕਾ; ਆਰਥਕ ਵਿਕਾਸ ਪੱਖੋਂ ਬਾਕੀ ਪੰਜਾਬ ਤੋਂ ਕੁਝ ਕੁ ਪਛੜਿਆ ਹੋਇਆ। ਇਕੋ ਭੂਗੋਲਿਕ ਧਰਾਤਲ ਤੇ ਗਰੀਬ ਕਿਸਾਨੀ ਜ਼ਿੰਦਗੀ 'ਤੇ ਕੇਂਦਰਿਤ, ਇਨ੍ਹਾਂ ਦੋਹਾਂ ਲਿਖਤਾਂ ਨੂੰ ਪੜ੍ਹਦਿਆਂ ਉਥੋਂ ਦੇ ਜੀਵਨ 'ਚ ਆ ਰਹੀ ਤਬਦੀਲੀ ਨੂੰ ਸਹਿਜੇ ਹੀ ਨੋਟ ਕੀਤਾ ਜਾ ਸਕਦਾ! ਰਚਨਾ ਦਾ ਇਹੋ ਸਮਕਾਲ ਹੁੰਦਾ ਹੈ ਕਿ ਉਸਨੂੰ ਪੜ੍ਹਦਿਆਂ, ਪਾਠਕ ਦੇ ਮਨ 'ਚ ਜਿਹੜਾ ਚਿਤਰ ਉਭਰੇ, ਉਹ ਆਪਣੇ ਸਮੇਂ ਦੀ ਗਵਾਹੀ ਦੇ ਰਿਹਾ ਹੋਵੇ। ਸਿਰਜਣਾਤਮਿਕਤਾ 'ਚ 'ਸਮਕਾਲ' ਮਿਤੀਆਂ, ਸਾਲਾਂ ਦੇ ਵੇਰਵਿਆਂ ਸਹਾਰੇ ਨਹੀਂ ਆਉਂਦਾ, ਉਹ ਧੜਕਦੀ ਜ਼ਿੰਦਗੀ ਦੇ ਸਹਾਰੇ ਆਉਂਦਾ ਹੈ, ਜਿਸਦੀ ਗੂੰਜ ਸ਼ਬਦਾਂ 'ਚੋਂ ਸੁਣਦੀ ਹੈ। ਸ਼ਬਦ ਪੁਕਾਰ-ਪੁਕਾਰ ਕੇ ਆਪਣੇ ਰਚਨ-ਸਮੇਂ-ਟੁਕੜੇ ਦੀ ਗਵਾਹੀ ਭਰਦੇ ਹਨ, ਕਿਉਂਕਿ ਬਦਲਦੀਆਂ ਬਾਹਰੀ ਹਾਲਾਤਾਂ ਨਾਲ ਜ਼ਿੰਦਗੀ ਦਾ ਵਹਾਅ ਵੀ ਬਦਲਦਾ ਜਾਂਦਾ। ਸਾਹਿਤ ਨੇ ਇਨ੍ਹਾਂ ਗਤੀਸ਼ੀਲ ਵਰਤਾਰਿਆਂ ਨੂੰ ਫੜਨਾ ਹੁੰਦਾ। ਬਦਲਦੀ ਜ਼ਿੰਦਗੀ ਤੇ ਬਦਲਦੇ ਵਰਤਾਰਿਆਂ ਨਾਲ ਸਾਹਿਤ 'ਚ ਪੇਸ਼ ਸਮਕਾਲ ਵੀ ਬਦਲਦਾ ਰਹਿੰਦਾ।

ਜਦੋਂ ਮੈਂ ਲਿਖਣ ਲੱਗਾ, ਮਨ 'ਚ ਇਹ ਬੜੀ ਪ੍ਰਬਲ ਇੱਛਾ ਸੀ ਕਿ ਆਪਣੇ ਇਲਾਕੇ

ਨੂੰ ਚਿਤਰਾਂ।'ਬਚਵਾਹੀ' ਦਾ ਉਹ ਇਲਾਕਾ, ਜਿਥੇ ਪਾਣੀ ਦੀ ਬਹੁਤਾਤ ਸੀ, ਛੰਭ ਸਨ, ਫ਼ਸਲਾਂ ਨੂੰ ਸਿੰਜਦੀਆਂ ਸਾਰਾ ਸਾਲ ਵਗਣ ਵਾਲੀਆਂ ਕੂਲ੍ਹਾਂ ਸਨ। ਹਰੇ ਇਨਕਲਾਬ ਤੋਂ ਬਾਅਦ ਮੈਂ ਇਸ ਧਰਾਤਲ ਨੂੰ ਬਦਲਦੇ ਹੋਏ ਦੇਖਿਆ। ਇਸ ਬਦਲਾਅ ਨੂੰ ਮੈਂ 'ਬਹੁਤ ਸਾਰੇ ਚੁਰੱਸਤੇ' 'ਚ ਵਿਸਥਾਰ ਨਾਲ ਚਿਤਰਿਆ, ਪਰ ਹੇਰਵੇ ਵਜੋਂ ਨਹੀਂ, ਇਸਦੇ ਪਿਛੋਕੜ ਦੇ ਕਾਰਨਾਂ ਨੂੰ ਸਮਝਣ ਵਜੋਂ। ਕੋਸ਼ਿਸ਼ ਕੀਤੀ ਕਿ ਇਸਨੂੰ ਇਤਿਹਾਸਕ ਸੰਦਰਭ 'ਚ, ਵਿਕਾਸ-ਮਾਡਲ ਨਾਲ ਜੋੜ ਕੇ ਦੇਖਿਆ ਜਾਵੇ; ਜੋ ਬਦਲ ਰਿਹਾ ਹੈ, ਉਹ ਕਿਉਂ ਬਦਲ ਰਿਹਾ ਹੈ ? ਕੀ ਇਹ ਲੋਕਾਂ ਦੀ ਲਾਲਚੀ ਬਿਰਤੀ ਕਰਕੇ ਹੋ ਰਿਹਾ, ਜਿਵੇਂ ਕਿ ਅਕਸਰ ਸਤਿਹੀ ਤੌਰ 'ਤੇ ਕਹਿ ਦਿੱਤਾ ਜਾਂਦਾ ਜਾਂ ਕੋਈ ਹੋਰ ਕਾਰਨ ਹਨ ? ਸਮਾਜਕ ਵਿਕਾਸ ਪ੍ਰਤੀ ਮਾਰਕਸੀ ਫ਼ਲਸਫ਼ੇ ਨੇ ਸੇਧ ਦਿੱਤੀ ਕਿ ਪੂੰਜੀਵਾਦ ਤੇ ਇਸ ਵਲੋਂ ਅਪਣਾਏ ਗਏ 'ਵਿਕਾਸ ਮਾਡਲ' ਦਾ ਅੰਤਮ ਨਤੀਜਾ ਇਹੀ ਹੋਣਾ ਸੀ। ਮੇਰੀ ਸਿਰਜਣਾਮਿਕਤਾ ਦਾ ਚਿੰਤਨ, ਸਮਕਾਲ ਨੂੰ ਇਸੇ ਨਜ਼ਰੀਏ ਤੋਂ ਸਮਝਣ ਦਾ ਚਿੰਤਨ ਹੈ।

ਮੇਰੇ ਲਈ ਸਮਕਾਲ ਦਾ ਅਰਥ ਇਹ ਵੀ ਹੈ ਕਿ ਜਿਸ ਦੌਰ 'ਚ ਰਚਨਾ ਲਿਖੀ ਜਾ ਰਹੀ ਹੈ, ਹਰ ਸ਼ਬਦ, ਹਰ ਵਾਕ, ਹਰ ਪਹਿਰੇ 'ਚੋਂ ਇਸਦੀ ਸੁਰ ਆਪਣੀ ਸਰਗਮ ਛੇੜੇ। ਜੇ ਚੁਗਿਰਦੇ ਦੀ ਇਹ ਸਰਗਮ ਉਸ 'ਚ ਹਾਜ਼ਰ ਨਹੀਂ ਤਾਂ ਉਹ ਰਚਨਾ 'ਆਪਣੇ ਸਮਕਾਲ' ਦੀ ਨਹੀਂ ਹੋ ਸਕਦੀ। ਦੋ ਹਜ਼ਾਰ ਵੀਹ 'ਚ ਚਿਤਰਿਆ ਜਾ ਰਿਹਾ ਪਿੰਡ, ਦੋ ਹਜ਼ਾਰ ਵੀਹ ਦੀ ਜੀਵਨ-ਜਾਚ ਵਾਲਾ ਵੀ ਹੋਣਾ ਚਾਹੀਦਾ।'ਪੂਰਨਮਾਸ਼ੀ' ਵਾਲਾ ਪਿੰਡ ਲਗਪਗ ਪੌਣੀ ਸਦੀ ਪਿੱਛੇ ਰਹਿ ਚੁੱਕਾ ਹੈ, ਵਾਰਸ ਸ਼ਾਹ ਦੀ 'ਹੀਰ' ਵਾਲਾ ਉਸਤੋਂ ਵੀ ਬਹੁਤ ਪਿਛਾਂਹ। ਉਸ ਗੁਆਚੇ ਦੇ ਹੇਰਵੇ ਦਾ ਸੋਗ, ਮਰਸੀਆ ਤਾਂ ਬਣ ਸਕਦਾ, ਪਰ ਸਮਕਾਲ ਨਹੀਂ। ਮੇਰੇ ਲਈ ਪਿੰਡ ਸਿਰਫ ਭੂਗੋਲਿਕ ਜਾਂ ਸਮਾਜਿਕ ਇਕਾਈ ਨਹੀਂ, ਇਕ ਪੂਰੀ ਦੁਨੀਆ ਵੀ ਹੈ। ਆਰਥਕ ਵਸੀਲਿਆਂ ਤੋਂ ਲੈ ਕੇ ਰਹਿਣ-ਸਹਿਣ, ਰਿਸ਼ਤਿਆਂ ਤੱਕ, ਇਹ ਆਪਣੇ ਸਮਾਜ ਦੀ ਮੁਕੰਮਲ ਜੀਵਨ ਜਾਚ ਹੈ, (ਇਹੋ ਗੱਲ ਸ਼ਹਿਰ ਦੇ ਸੰਦਰਭ 'ਚ ਵੀ ਹੁੰਦੀ ਹੈ) ਤੇ ਇਸਨੂੰ ਸ਼ਬਦਾਂ 'ਚ ਢਾਲਦਿਆਂ, ਅਸਲ 'ਚ ਉਸ ਪੂਰੀ ਦੁਨੀਆਂ ਦੀ ਗੱਲ ਕਰਨੀ ਹੁੰਦੀ ਹੈ, ਜਿਸਦਾ ਇਹ ਹਿੱਸਾ ਹੈ। ਸੋ ਵੀਹ ਸੌ ਵੀਹ ਦਾ ਪਿੰਡ (ਖਾਸ ਕਰਕੇ ਪੰਜਾਬ ਦੇ ਸੰਦਰਭ 'ਚ) ਕਾਰਪੋਰੇਟ ਵਿਕਾਸ ਮਾਡਲ ਦੀ ਸਭ ਤੋਂ ਹੇਠਲੀ ਤੰਦ ਹੈ, ਉਸ 'ਚ ਜਕੜਿਆ ਹੋਇਆ। ਇਸ ਜਕੜ ਦੀਆਂ ਤੰਦਾਂ ਦੇ ਇਸ਼ਾਰੇ ਅੱਜ ਦੇ ਪਿੰਡ 'ਚ ਆਉਣੇ ਜ਼ਰੂਰੀ ਹਨ, ਨਹੀਂ ਤਾਂ 'ਸਮਕਾਲ' ਅਧੂਰਾ ਰਹੇਗਾ।

ਮੇਰੀਆਂ ਰਚਨਾਵਾਂ, ਖਾਸ ਕਰਕੇ, ਅੱਠਵੇਂ ਦਹਾਕੇ ਦੇ ਦੂਸਰੇ ਅੱਧ ਤੋਂ ਨੌਂਵੇਂ ਦਹਾਕੇ ਦੇ ਪਹਿਲੇ ਅੱਧ 'ਚ ਲਿਖੇ ਨਾਵਲੈੱਟਾਂ 'ਚ ਆਇਆ ਪਿੰਡ, ਇਕੀਵੀਂ ਸਦੀ ਦੇ ਦੂਸਰੇ ਦਹਾਕੇ 'ਚ ਆ ਕੇ ਲਿਖੇ ਨਾਵਲਾਂ ਵਾਲੇ ਪਿੰਡ ਤੋਂ ਬਹੁਤ ਬਦਲ ਚੁੱਕਾ ਹੈ। ਉਂਜ ਬਾਹਰੋਂ ਦੇਖਣ ਨੂੰ ਕੁਝ-ਕੁਝ ਭਾਵੇਂ ਉਹੋ ਜਿਹਾ ਵੀ ਲਗਦਾ ਪਰ ਉਸਦੇ ਅੰਦਰ ਵੜ ਕੇ, ਉਸਦੀਆਂ ਗਲੀਆਂ 'ਚ ਘੁੰਮਦਿਆਂ, ਆਏ ਬਦਲਾਅ ਸਹਿਜੇ ਹੀ ਝਲਕ ਜਾਂਦੇ ਹਨ। ਹਰੇ ਇਨਕਲਾਬ ਦੀਆਂ 'ਬਰਕਤਾਂ' ਨਾਲ, ਅੱਠਵੇਂ ਦਹਾਕੇ ਦੇ ਸ਼ੁਰੂ ਤੋਂ ਹੀ ਭਾਵੇਂ 'ਬਦਲਾਅ' ਸ਼ੁਰੂ ਹੋ ਗਿਆ ਸੀ, ਪਰ ਇਹ ਬਦਲਾਅ ਅਜੇ ਸਪੱਸ਼ਟ ਨਹੀਂ ਸੀ ਦਿਸਣ ਲੱਗਾ। ਪੁਰਾਣਾ ਆਪਣੀ ਜਕੜ ਕਾਇਮ ਰੱਖਣ ਲਈ ਲੜ ਰਿਹਾ ਸੀ। ਸਥਿਤੀ ਦੁਬਿੱਧਾ ਭਰੀ ਸੀ। ਇਸ ਦੌਰ ਦੀਆਂ ਲਿਖਤਾਂ ਦਾ ਪਾਤਰ ਭੌਂਚਲਿਆਂ ਹੋਇਆ ਹੈ, ਪਰ ਤਾਜ਼ੇ ਨਾਵਲ 'ਸ਼ੋਅ ਰੂਮ' ਦਾ ਪਿੰਡ ਨੈੱਟਵਰਕਿੰਗ ਤੇ ਬਿਜਲਈ ਮੀਡੀਆ ਰਾਹੀਂ, ਦੁਨੀਆਂ ਦੇ ਹਰ ਕੋਨੇ ਦੀ ਮੰਡੀ ਨਾਲ ਜੁੜਿਆ ਹੋਇਆ। ਵਰਜਣਾਵਾਂ

ਟੁੱਟਣੀਆਂ ਤਾਂ ਕੀ, ਢਹਿਢੇਰੀ ਹੋ ਚੁੱਕੀਆਂ ਹਨ ਤੇ ਹਰ ਨੌਜੁਆਨ ਦੇ ਹੱਥ 'ਚ ਪੋਰਨ-ਸਾਈਟਾਂ ਦਾ ਅਮੁੱਕ ਸਿਲਸਿਲਾ ਹੈ, ਜਿਹੜਾ ਦੇਹ ਨੂੰ ਕੇਂਦਰ 'ਚ ਲੈ ਆਇਆ। ਇਹ ਨਵੀਆਂ ਬਦਲੀਆਂ ਬਾਹਰਮੁੱਖੀ ਹਾਲਤਾਂ ਨਵੀਂ ਸੋਚ ਵੀ ਘੜ ਰਹੀਆਂ ਹਨ। ਕੀ ਇਸ ਵਰਤਾਰੇ ਵਲੋਂ ਅੱਖਾਂ ਮੀਟ ਕੇ ਅੱਜ ਦਾ ਪਿੰਡ ਚਿਤਰਿਆ ਜਾ ਸਕਦਾ! ਸਵਾਲ ਤਾਂ ਇਹ ਵੀ ਹੈ ਕਿ ਕਿਸੇ 'ਅਤੀਤ ਦੇ ਸਦਾਚਾਰ' ਦੇ ਦਬਾਅ ਹੇਠ, ਇਸਨੂੰ ਨਾ-ਚਿਤਰ ਕੇ, ਲੇਖਕ ਇਸ ਵਰਤਾਰੇ ਨੂੰ ਰੋਕ ਸਕਦਾ? ਕਿਸੇ ਦੌਰ ਦਾ ਹਰ ਵਰਤਾਰਾ, ਉਸ ਦੌਰ ਦੇ ਭਾਰੂ ਵਿਕਾਸ ਵਹਿਣ ਨਾਲ ਜੁੜਿਆ ਹੁੰਦਾ। ਜੇ ਵਿਕਾਸ ਵਹਿਣ ਇਹੀ ਰਹਿਣਾ ਹੈ ਤਾਂ ਪਿੰਡ ਨੂੰ ਕਾਰਪੋਰੇਟ ਦਾ ਖਪਤ-ਏਜੰਟ ਬਣਨ ਤੋਂ ਕਿਵੇਂ ਰੋਕਿਆ ਜਾ ਸਕਦਾ? ਮੈਨੂੰ ਲਗਦਾ, ਤੇ ਸ਼ੁਰੂ ਤੋਂ ਹੀ ਮੈਂ ਇਸ ਵਿਸ਼ਵਾਸ ਦਾ ਧਾਰਨੀ ਹਾਂ, ਕਿ ਵਰਤਾਰਿਆਂ ਨੂੰ ਸਮਝ ਕੇ ਤਾਂ ਉਨ੍ਹਾਂ 'ਚ ਆਪਣੀ ਸੁਰ ਦੀ ਟਵਿੱਸਟ ਦਿੱਤੀ ਜਾ ਸਕਦੀ ਹੈ; ਪਾਠਕ ਦੇ ਮਨ 'ਚ, ਉਨ੍ਹਾਂ ਦੇ 'ਇਕੋ ਇਕ ਰਾਹ' ਹੋਣ ਬਾਰੇ ਦੁਬਿੱਧਾ ਪੈਦਾ ਕੀਤੀ ਜਾ ਸਕਦੀ ਹੈ, ਪਰ ਅੱਖਾਂ ਮੀਟ ਕੇ ਨਹੀਂ। ਅੱਖਾਂ ਮੀਟਣ ਨਾਲ ਲਿਖਤ ਖੁਦ ਨਕਾਰੀ ਜਾਵੇਗੀ।

ਵਾਰਸ ਦੀ 'ਹੀਰ' ਮੈਂ ਕਈ ਵਾਰ ਪੜ੍ਹੀ ਹੈ। ਮੈਂ ਇਹ ਇਸ ਲਈ ਵਾਰ-ਵਾਰ ਨਹੀਂ ਪੜ੍ਹੀ ਕਿ ਵਾਰਸ ਜੋ ਚਿਤਰ ਰਿਹਾ ਹੈ, ਉਸਨੂੰ ਸਮਝ ਕੇ ਉਸਦੀ ਨਕਲ ਕਰਾਂ; ਜਾਂ ਇਸਦਾ ਦੁੱਖ ਰੋਵਾਂ, ਹੇਰਵਾ ਕਰਾਂ ਕਿ ਕਿੰਨਾ 'ਸ਼ਾਨਦਾਰ' ਵਿਰਸਾ ਸੀ ਜਿਹੜਾ ਅਲੋਪ ਹੋ ਗਿਆ। ਨਹੀਂ, ਮੈਂ ਇਸ ਲਈ ਪੜ੍ਹਦਾ ਹਾਂ ਕਿ ਉਹ ਕਿਹੜੇ ਸਿਰਜਣਾਤਮਕ ਸੰਦ ਹਨ ਜਿਨ੍ਹਾਂ ਰਾਹੀਂ ਉਹ ਆਪਣੇ ਵੇਲੇ ਦੇ ਸਮਾਜ, ਪਿੰਡ, ਬੇਲੇ ਨੂੰ ਚਿਤਰ ਰਿਹਾ ਹੈ। ਉਹ ਚੁਗਿਰਦਾ ਵੀ, ਆਪਣੇ ਵੇਲੇ ਦੇ ਭਾਰੂ ਵਹਿਣ ਤੋਂ ਆਜ਼ਾਦ ਨਹੀਂ ਸੀ। ਉਸ ਵਿਕਾਸ ਮਾਡਲ ਦੀਆਂ ਤੰਦਾਂ ਦੀ ਸਮਝ ਹੀ ਮੈਨੂੰ 'ਸ਼ੋਅ-ਰੂਮ' 'ਚ ਬਿਆਸ ਦਰਿਆ ਦੇ ਮੰਡ (ਬੇਲੇ) 'ਚ ਕਰੈਸ਼ਰ ਮਾਫ਼ੀਏ ਵਲੋਂ ਕੀਤੀ ਜਾ ਰਹੀ ਤਬਾਹੀ ਨੂੰ ਵਧੇਰੇ ਨੀਝ ਨਾਲ ਚਿਤਰਣ 'ਚ ਮਦਦਗਾਰ ਹੋਈ। 'ਇਤਿਹਾਸ ਦਾ ਅੰਤ' ਵਰਗੀਆਂ ਧਾਰਨਾਵਾਂ 'ਤੇ ਟੇਕ ਰੱਖ, ਅਤੀਤ ਤੋਂ ਮੋਹ ਤੋੜ ਲਈਏ ਤਾਂ ਅਸੀਂ 'ਖਪਤ ਦੇ ਮਾਇਆ-ਜਾਲ' ਦੀ ਚੁੰਧਿਆਹਟ 'ਚ ਭੌਂਚਲੇ, ਇਸਨੂੰ ਤਰੱਕੀ ਦਾ ਚਿੰਨ ਮੰਨ ਲਵਾਂਗੇ। ਪਦਾਰਥਕ ਤਰੱਕੀ ਨੂੰ 'ਵਿਕਾਸ' 'ਖੁਸ਼ਹਾਲੀ' ਦਾ ਇਕੋ-ਇਕ ਮਿਆਰ ਮੰਨਣਾ ਪਵੇਗਾ! ਫਿਰ 'ਬਦਲ' ਲਈ ਸਪੇਸ ਕਿਥੇ ਰਹਿ ਗਈ? ਲੇਖਕ ਦਾ ਤਾਂ ਧਰਮ ਹੀ ਇਹ ਹੈ ਕਿ ਉਹ ਅਤੀਤ ਤੇ ਭਵਿਖ ਦੀਆਂ ਤੰਦਾਂ ਦੇ ਵਿਚਕਾਰ 'ਵਰਤਮਾਨ' ਨੂੰ ਫੜੇ। ਇਸ ਲਈ ਲੇਖਕ ਦਾ, ਖਾਸ ਕਰਕੇ ਨਾਵਲ ਲੇਖਕ ਦਾ ਚਿੰਤਕ ਹੋਣਾ ਬਹੁਤ ਜ਼ਰੂਰੀ ਹੈ। ਉਸਦੀਆਂ ਜ਼ਿੰਦਗੀ, ਸਮਾਜਕ ਵਿਕਾਸ, ਤਰੱਕੀ, ਖੁਸ਼ਹਾਲੀ, ਰਿਸ਼ਤਿਆਂ ਪ੍ਰਤੀ ਜ਼ਰੂਰ ਹੀ ਸਪੱਸ਼ਟ ਧਾਰਨਾਵਾਂ ਹੋਣ। ਬਗੈਰ ਸਪੱਸ਼ਟਤਾ ਦੇ ਉਹ ਜ਼ਿੰਦਗੀ ਦੇ ਟੁਕੜਿਆਂ ਨੂੰ ਕਿੰਜ ਸੂਤਰਬੱਧ ਕਰ ਸਕੇਗਾ। ਉਸਦੇ ਲਿਖੇ ਹੋਏ ਦਾ ਕੇਂਦਰ-ਬਿੰਦੂ ਹੋਵੇ। ਲੇਖਕ ਤੇ ਆਮ ਲੋਕਾਂ 'ਚ ਇਹੀ ਫ਼ਰਕ ਹੁੰਦਾ ਹੈ। ਸੋਚਦੇ ਤਾਂ ਆਮ ਲੋਕ ਵੀ ਹਨ, ਉਨ੍ਹਾਂ ਨੂੰ ਵੀ ਕੁਝ ਚੰਗਾ ਲਗਦਾ ਹੈ ਤੇ ਕੁਝ ਬੁਰਾ; ਪਰ ਉਹ ਇਸ ਚੰਗੇ-ਬੁਰੇ ਦੀ ਅਤੀਤ ਜਾਂ ਭਵਿੱਖ ਦੇ ਸੰਦਰਭ 'ਚ ਤੰਦ ਨਹੀਂ ਜੋੜ ਸਕਦੇ ਜਾਂ ਇਸ ਲਈ ਯਤਨ ਨਹੀਂ ਕਰਦੇ; ਤੇ ਆਪਣੇ ਨਿੱਜ ਦੇ ਖੋਲ 'ਚ ਸਿਮਟੇ ਰਹਿੰਦੇ ਹਨ। ਲੇਖਕ ਇਹ ਯਤਨ ਕਰਦਾ ਹੈ। ਜਿੰਨਾ ਇਹ ਯਤਨ ਵਧੇਰੇ ਡੂੰਘਾਈ 'ਚ ਹੋਵੇਗਾ, ਓਨਾ ਹੀ ਪਾਠਕ ਨੂੰ ਲੱਗੇਗਾ; ਹਾਂ, ਇਹ ਮੇਰੇ ਮਨ ਦੀ ਗਲ ਹੈ ਜਾਂ ਮੈਂ ਪਹਿਲਾਂ ਇਸ ਤਰ੍ਹਾਂ ਕਿਉਂ ਨਾ ਸੋਚਿਆ?

'ਸਮਕਾਲ' ਦੇ ਅਰਥ, ਲਾਕ-ਡਾਊਨ ਦੌਰਾਨ ਕੁਝ ਵਧੇਰੇ ਸਪੱਸ਼ਟਤਾ ਨਾਲ ਸਮਝ 'ਚ

ਆਏ। ਜਨਵਰੀ ਤੋਂ, 'ਨਵਾਂ ਜ਼ਮਾਨਾ' ਛੱਡਣ ਤੋਂ ਬਾਅਦ ਭਾਵੇਂ ਵਿਹਲਾ ਤਾਂ ਪਹਿਲਾਂ ਹੀ ਸਾਂ, ਲਿਖਣ-ਪੜ੍ਹਨ ਤੋਂ ਬਿਨਾਂ ਹੋਰ ਕੋਈ ਰੁਝੇਵਾਂ ਨਹੀਂ ਸੀ, ਫਿਰ ਵੀ ਕਦੀ ਕਿਸੇ ਦੋਸਤ ਕੋਲ ਚਲਾ ਗਿਆ, ਕਦੇ ਰਿਸ਼ਤੇਦਾਰੀ 'ਚ। ਹੋਰ ਨਹੀਂ ਤਾਂ ਦੇਸ਼ ਭਗਤ ਯਾਦਗਾਰ ਹਾਲ ਜਾ ਬੈਠੇ, ਕਦੀ ਕਿਸੇ ਸਾਹਿਤ ਸਭਾ ਦੀ ਮੀਟਿੰਗ 'ਚ ਚਲੇ ਗਏ। ਲਾਕ-ਡਾਊਨ ਨੇ ਘਰਦੀ ਚਾਰਦਿਵਾਰੀ ਦੇ ਅੰਦਰ ਬੰਨ੍ਹ ਕੇ ਬਹਾ ਦਿੱਤਾ। ਪੜ੍ਹਨ-ਲਿਖਣ ਤੋਂ ਅੱਕਦਾ ਤਾਂ ਛੱਤ 'ਤੇ ਚਲਾ ਜਾਂਦਾ। ਕਦੀ ਚੁਗਿਰਦੇ ਨੂੰ ਘੂਰਨ ਲੱਗ ਪੈਂਦਾ ਤੇ ਕਦੀ ਆਕਾਸ਼ ਨੂੰ। ਸਾਡੇ ਸਾਹਮਣੇ ਗਲੀ ਤੋਂ ਪਾਰ ਦੋ ਪਲਾਟ ਖਾਲੀ ਪਏ ਹਨ। ਉਨ੍ਹਾਂ 'ਚੋਂ ਇਕ ਦੇ ਪਰਲੇ ਸਿਰ 'ਤੇ ਜਾ ਕੇ ਪਿੱਪਲ ਦਾ ਰੁੱਖ ਹੈ, ਲਗਪਗ ਤਿੰਨ-ਮੰਜਲਾਂ ਮਕਾਨ ਜਿੰਨਾ ਉੱਚਾ, ਭਰਵਾਂ ਰੁੱਖ। ਬਹੁਤੀ ਵਾਰ ਅਕਸਰ ਉਸਨੂੰ ਘੂਰਦਾ ਰਹਿੰਦਾ, ਉਸਦੇ ਝੜਦੇ ਪੱਤਿਆਂ ਨੂੰ, ਰੁੰਡ-ਮੁੰਡ ਹੋਣ ਵਲ ਵਧ ਰਹੀਆਂ ਟਾਹਣੀਆਂ ਨੂੰ। ਇਕ ਦਿਨ ਮੇਰੇ ਹੱਥ 'ਚ ਨੋਟ ਬੁੱਕ ਸੀ ਤੇ ਕੁਰਸੀ 'ਤੇ ਬੈਠਾ ਇਸ ਪਿੱਪਲ ਬਾਰੇ ਲਿਖਣ ਲੱਗ ਪਿਆ। ਫਿਰ ਹਫ਼ਤੇ, ਦਸ ਦਿਨਾਂ ਬਾਅਦ ਇਸ 'ਚ ਆਉਂਦੀ ਤਬਦੀਲੀ ਨੂੰ ਬਰੀਕੀ ਨਾਲ ਚਿਤਰਨ ਲੱਗਾ। ਇਹ ਇੰਜ ਹੈ:

15 **ਅਪਰੈਲ** 2020: ਪਿੱਪਲ ਦੀਆਂ ਡਾਲਾਂ ਰੁੰਡ-ਮੁੰਡ ਹੋਈਆਂ ਦਿਸਦੀਆਂ ਹਨ, ਪੱਤਿਆਂ ਤੋਂ ਸੱਖਣੀਆਂ। ਪੁਰਾਣੇ ਪੱਤੇ ਝੜ ਚੁੱਕੇ ਹਨ, ਨਵੀਆਂ ਫੁੱਟ ਰਹੀਆਂ ਕੌਂਪਲਾਂ ਨੇ ਆਕਾਰ ਲੈਣਾ ਸ਼ੁਰੂ ਕੀਤਾ ਹੋਇਆ ਪਰ ਜਿਹੜੀਆਂ ਦੂਰ ਤੋਂ ਅਜੇ ਦਿਸਦੀਆਂ ਨਹੀਂ; ਖਾਸ ਕਰਕੇ ਸ਼ਾਮ ਦੇ ਇਸ ਵਕਤ। ਸਵੇਰੇ ਜਦੋਂ ਸੂਰਜ ਚੜ੍ਹ ਰਿਹਾ ਸੀ ਤਾਂ ਮੈਨੂੰ ਕੁਝ ਟਹਿਣੀਆਂ ਦੇ ਸਿਰਿਆਂ ਤੋਂ ਫੁੱਟ ਰਹੀਆਂ ਪੱਤੀਆਂ ਦੀ ਝਲਕ ਦਿਸੀ ਸੀ, ਨਿੱਕੀਆਂ-ਨਿੱਕੀਆਂ ਲਾਲਗੀ ਭਰੀਆਂ, ਧੁੱਪ 'ਚ ਲਿਸ਼ਕਦੀਆਂ ਹੋਈਆਂ। ਮੈਂ ਤਾਂ ਇਸ ਲਈ ਧਿਆਨ ਮਾਰਿਆ ਸੀ ਕਿ ਇਸਤੇ ਅਜੇ ਕਿੰਨੇ ਕੁ ਪੱਤੇ ਰਹਿ ਗਏ ਹਨ ਝੜਨ ਵਾਲੇ, ਪਰ ਪੁਰਾਣੇ ਪੱਤੇ ਮੁਕੰਮਲ ਰੂਪ 'ਚ ਝੜ ਚੁੱਕੇ ਹਨ। ਕੁਝ ਕੁ ਗਿਣਤੀ ਦੇ ਦਸ ਵੀਹ ਪੁਰਾਣੇ ਪੱਤੇ ਹੋਣਗੇ ਪੂਰੇ ਰੁੱਖ 'ਤੇ। ਤੇ ਉਨ੍ਹਾਂ ਦੀ ਥਾਂ ਫੁੱਟ ਰਹੀਆਂ ਇਹ ਨਵੀਆਂ ਕਰੂੰਬਲਾਂ, ਪਰ ਇਨ੍ਹਾਂ ਨੇ ਅਜੇ ਪੱਤੀਆਂ ਬਣਨਾ ਹੈ। ਪਿੱਪਲ ਤੋਂ ਅਗਾਂਹ ਵਾਲੇ ਪਲਾਟ 'ਚ ਤਿੰਨ ਮੰਜਲੀ ਕੋਠੀ ਹੈ, ਜਿਸਦੀ ਪਹਿਲੀ ਮੰਜਲ ਦੇ ਵਾਧਰੇ 'ਤੇ ਨਿਆਣੇ ਖੇਡ ਰਹੇ ਹਨ। ਤਣਾ, ਡਾਹਣੇ, ਤੇ ਅਗਾਂਹ ਸਿਰਿਆਂ 'ਤੇ ਬਰੀਕ ਹੁੰਦੀਆਂ ਪਲਾਮਣਾਂ; ਲਾਕ-ਡਾਊਨ ਦਾ ਅੱਜ ਤੇਈਵਾਂ ਦਿਨ ਹੈ। ਇਨ੍ਹਾਂ ਤੇਈ ਦਿਨਾਂ 'ਚ ਪ੍ਰਦੂਸ਼ਣ ਕਿੰਨਾ ਘੱਟ ਗਿਆ ਹੈ।

21 **ਅਪਰੈਲ**: ਪਿੱਪਲ ਦੀਆਂ ਟਾਹਣੀਆਂ ਪੁੰਗਾਰਾਂ ਨਾਲ ਭਰੀਆਂ ਗਈਆਂ ਹਨ। ਪਹਿਲੀਆਂ ਨਿਕਲੀਆਂ ਕਰੂੰਬਲਾਂ ਦੇ ਪੱਤੇ ਵੱਡੇ ਹੋ ਗਏ ਹਨ ਤੇ ਉਨ੍ਹਾਂ 'ਚ ਲਾਲਗੀ ਦੀ ਥਾਂ ਹਰਿਆਲੀ ਦੀ ਭਾਹ ਵਧਣ ਲੱਗ ਪਈ ਹੈ, ਜਦੋਂ ਕਿ ਉਨ੍ਹਾਂ ਤੋਂ ਬਾਅਦ ਨਵੇਂ ਨਿਕਲਿਆਂ 'ਚ ਗੁਲਾਬੀ ਲਾਲਗੀ, ਜਿਵੇਂ ਕਿਸੇ ਅੱਲ੍ਹੜ ਦੀਆਂ ਗੱਲ੍ਹਾਂ ਦੀ ਭਾਹ ਹੁੰਦੀ ਹੈ। ਗੁਲਾਬੀ ਭਾਹ 'ਚ ਗੁਆਚਿਆ ਪਿੱਪਲ। ਨਵੇਂ ਨਿਕਲ ਰਹੇ ਪੱਤੇ ਅਜੇ ਨਿੱਕੇ-ਨਿੱਕੇ ਹਨ ਜਿਸ ਕਰਕੇ ਉਨ੍ਹਾਂ ਤੋਂ ਪਾਰਲੀ ਕੋਠੀ, ਵਿਰਲਾਂ 'ਚੋਂ ਝਾਕਦੀ ਦਿਸ ਜਾਂਦੀ ਹੈ। ਮਾੜੀ-ਮਾੜੀ ਹਵਾ ਚਲ ਰਹੀ ਹੈ, ਬੇਮਲੂਮੀ ਜਿਹੀ; ਤੇ ਉਸ 'ਚ ਬੀਤੇ ਹਫ਼ਤੇ ਦੇ ਨਿਕਲੇ ਪੱਤੇ ਝੂਮਦੇ ਲਗਦੇ ਹਨ। ਖੌਫ਼ਨਾਕ ਖੂਬਸੂਰਤੀ।

23 **ਅਪਰੈਲ**: ਪਿੱਪਲ ਦੇ ਪੱਤਿਆਂ 'ਚ ਹਰੀ ਭਾਹ ਵੱਧ ਗਈ ਹੈ। ਪਹਿਲਾਂ ਦੇ ਪੱਤੇ ਵੱਡੇ

ਹੋ ਕੇ ਹਰੇ ਹੋ ਗਏ ਹਨ। ਉਨ੍ਹਾਂ 'ਚ ਨਵੀਆਂ ਪਲਾਮਣਾ ਵਾਲੇ ਪੱਤੇ ਛੋਟੇ ਹੋਣ ਕਰਕੇ ਲਾਲਗੀ ਦੀ ਭਾਹ ਜਿਵੇਂ ਦੱਬ ਜਿਹੀ ਗਈ ਹੈ। ਪਹਿਲੇ ਪੱਤੇ ਵੱਡੇ ਹੋ ਗਏ ਹੋਣ ਕਰਕੇ ਪਿੱਪਲ ਸੰਘਣਾ ਦਿਸਣ ਲੱਗ ਪਿਆ ਹੈ ਤੇ ਵਿਰਲਾਂ ਤੋਂ ਪਾਰ ਕੋਠੀ ਦਿਸਣੀ ਘੱਟ ਗਈ ਹੈ। ਕੁਦਰਤ ਕਿੰਨੀ ਛੇਤੀ ਬਦਲ ਰਹੀ ਹੈ, ਹਰ ਪਲ ਬਦਲ ਰਹੀ ਹੈ। ਇਸ ਵੇਲੇ ਸੂਰਜ ਡੁੱਬਣ ਵੱਲ ਵਧ ਰਿਹਾ, ਸਿਖ਼ਰ ਦੀਆਂ ਪਲਾਮਣਾਂ 'ਤੇ ਪੈ ਰਹੀ ਪੱਛੋਂ ਦੀ ਧੁੱਪ, ਹਵਾ ਸੰਗ ਰੁਮਕਦੇ ਪੱਤੇ।

30 **ਅਪਰੈਲ**: ਪਿੱਪਲ ਦੇ ਪੱਤੇ ਰੁਮਕ ਰਹੇ ਹਨ। ਸਾਰਾ ਪਿੱਪਲ ਪੱਤਿਆਂ ਨਾਲ ਭਰ ਗਿਆ ਹੈ, ਸਾਰੀਆਂ ਹੀ ਕਰੂੰਬਲਾਂ ਪੱਤੇ ਬਣ ਗਈਆਂ ਹਨ, ਹਰੀ ਭਾਹ ਨਾਲ ਭਰਪੂਰ ਪੱਤੇ। ਕਿਤੇ-ਕਿਤੇ, ਕਿਸੇ ਟਹਿਣੀ ਦੀ ਪਲਾਮਣ ਹੀ ਹੁਣ ਲਾਲਗੀ ਵਾਲੀ ਦਿਸਦੀ ਹੈ। ਉਸਦਾ ਵੀ ਪਤਾ ਉਦੋਂ ਹੀ ਲਗਦਾ, ਜਦੋਂ ਪੱਤੇ ਹਵਾ ਨਾਲ ਰੁਮਕਦੇ ਹਨ। ਹੁਣ ਪੱਤਿਆਂ ਤੋਂ ਪਾਰ, ਕੋਠੀ ਬਸ ਕਿਤੋਂ-ਕਿਤੋਂ ਹੀ ਝਾਕਦੀ ਦਿਸਦੀ ਹੈ।

6 **ਮਈ**: ਪਿੱਪਲ ਦੇ ਲਗਪਗ ਸਾਰੇ ਪੱਤੇ ਹੀ ਹੁਣ ਹਰੇ ਹੋ ਗਏ ਹਨ, ਗੂੜ੍ਹੀ ਹਰੀ ਭਾਹ ਮਾਰਦੇ। ਬਹੁਤ ਗਹੁ ਨਾਲ ਦੇਖਣ 'ਤੇ, ਕਿਸੇ ਟਹਿਣੀ ਦੀ ਹੀ ਮੂਹਰਲੀ ਪਲਾਮਣ ਲਾਲਗੀ ਭਰੀ ਲਗਦੀ ਹੈ, ਤਾਜ਼ੀ ਨਿਕਲੀ ਕਿਸੇ ਕਰੂੰਬਲ ਦੇ ਪੱਤੇ। ਸਾਰੀਆ ਡਾਲੀਆਂ ਹਰੇ ਕਚੂਰ-ਕਚੂਰ ਪੱਤਿਆਂ ਨਾਲ ਭਰੀਆਂ ਹੋਈਆਂ।

8 **ਮਈ**: ਪਿੱਪਲ ਤੋਂ ਕੁਝ ਹਟਵਾਂ ਇਕ ਗੁਲਮੋਹਰ ਹੈ, ਇਕ ਤੂਤ, ਡੇਕ। ਪਿੱਛੇ ਰੇਲਵੇ ਲਾਇਨ ਨਾਲ ਬਾਸਾਂ ਦਾ ਜਾੜ੍ਹ। ਕਿਸੇ ਦਾ ਵੀ ਪੱਤਾ ਰੁਮਕਦਾ ਨਹੀਂ ਲਗਦਾ। ਸਾਰੇ ਸ਼ਾਂਤ ਖੜੇ ਹਨ, ਅਡੋਲ, ਪਰ ਪਿੱਪਲ ਦੇ ਪੱਤੇ ਮਾੜੇ-ਮਾੜੇ ਰੁਮਕ ਰਹੇ ਹਨ। ਇਸਦਾ ਕਾਰਨ ਸ਼ਾਇਦ ਇਹ ਹੈ ਕਿ ਇਸਦੇ ਪੱਤੇ ਲੰਮੀ ਡੰਡੀ ਰਾਹੀਂ ਟਾਹਣੀ ਨਾਲ ਜੁੜੇ ਹੁੰਦੇ ਹਨ। ਉਹ ਡੰਡੀ ਕਮਜ਼ੋਰ ਹੋਣ ਕਰਕੇ ਇਹ ਹੇਠਾਂ ਨੂੰ ਝੁਕੇ ਰਹਿੰਦੇ ਹਨ ਤੇ ਕਿਸੇ ਮਾਮੂਲੀ ਹਵਾ ਦੇ ਝੌਂਕੇ ਨਾਲ ਵੀ ਰੁਮਕਣ ਲਗ ਪੈਂਦੇ ਹਨ। ਪਿੱਪਲ ਜਿੰਦਾਬਾਦ।

14 **ਮਈ**: ਸ਼ਾਮ ਪਈ ਹੋਈ ਹੈ, ਨਿੰਮਲ ਆਕਾਸ਼। ਦਿਨੇ ਕੁਝ ਮੀਂਹ ਪਿਆ ਸੀ, ਇਸ ਕਰਕੇ ਪਿੱਪਲ ਪੂਰੀ ਤਰ੍ਹਾਂ ਨਿਖਰਿਆ ਹੋਇਆ ਲਗਦਾ। ਕੋਈ ਵੀ ਰੁਮਕ ਰਿਹਾ ਪੱਤਾ ਨਹੀਂ ਦਿਸ ਰਿਹਾ। ਜਦੋਂ ਦਾ ਇਸਨੂੰ ਗਹੁ ਨਾਲ ਵੇਖਣ ਲੱਗਾ ਹਾਂ, ਅੱਜ ਪਹਿਲੀ ਵਾਰ ਏਨਾ ਸ਼ਾਂਤ ਦਿਸ ਰਿਹਾ ਹੈ। ਪੱਤਿਆਂ ਤੋਂ ਪਾਰ ਹੁਣ ਕੋਠੀ ਦਾ ਕਿਤੋਂ-ਕਿਤੋਂ ਹੀ ਝਾਓਲਾ ਪੈਂਦਾ ਕਿ ਪੱਤੇ ਸੰਘਣੇ ਹੋ ਗਏ ਹੋਣ ਕਰਕੇ ਵਿਰਲਾਂ ਬਹੁਤ ਘੱਟ ਰਹਿ ਗਈਆਂ ਹਨ।

14 **ਜੁਲਾਈ**: ਪਿੱਪਲ ਦੀਆਂ ਪੱਤਿਆਂ ਭਰੀਆਂ ਟਾਹਣੀਆਂ ਦੀਆਂ ਮੂਹਰਲੀਆਂ ਪਲਾਮਣਾਂ 'ਤੇ ਮੁੜ ਗੁਲਾਬੀ ਪੱਤੇ ਨਿਕਲਣ ਲਗ ਪਏ ਹਨ। ਇਹ ਪਿਛਲੇ ਕੁਝ ਦਿਨਾਂ ਤੋਂ ਦੇਖ ਰਿਹਾ ਹਾਂ। ਇਹ ਔਂਕੁਰਾਂ ਇੰਜ ਹੀ ਕੁਝ-ਕੁਝ ਸਮੇਂ ਬਾਅਦ ਫੁੱਟਦੀਆਂ ਰਹਿੰਦੀਆਂ ਹੋਣਗੀਆਂ ਦੂਸਰੇ ਰੁਖਾਂ 'ਤੇ ਵੀ, ਪਰ ਪਿੱਪਲ 'ਤੇ ਨਿਕਲਦੇ ਇਹ ਕੋਮਲ ਪੱਤੇ ਲਾਲਗੀ ਦੀ ਭਾਹ ਮਾਰਦੇ ਹੋਣ ਕਰਕੇ ਪਛਾਣੇ ਜਾਂਦੇ ਹਨ।

20 **ਜੁਲਾਈ**: ਮੀਂਹ ਪੈ ਕੇ ਹਟਿਆ ਹੈ। ਸਿੱਲੀ-ਸਿੱਲੀ ਹਵਾ ਰੁਮਕ ਰਹੀ ਹੈ। ਮੂਹਰਲੀਆਂ ਪਲਾਮਣਾਂ 'ਤੇ ਲਾਲਗੀ ਭਰੇ ਪੱਤਿਆਂ ਦਾ ਜਮਘਟਾ ਕੁਝ ਵਧ ਗਿਆ ਹੈ। ਟਹਿਣੀਆਂ 'ਤੇ ਪਿਛੇ ਹਰੇ ਕਚੂਰ ਪੱਤੇ ਤੇ ਪਲਾਮਣਾਂ 'ਤੇ ਲਾਲਗੀ ਦੀ ਭਾਹ ਮਾਰਦੇ। ਇਹ ਕੋਮਲ ਲਾਲਗੀ ਭਰੀਆਂ ਪੱਤੀਆਂ ਪਿੱਛੇ ਪਹਿਲਾਂ ਬਰੀਕ ਪਲਾਮਣ ਬਣੇਗੀ, ਕੋਮਲ। ਫਿਰ ਉਹ ਮੋਟੀ ਹੋ ਕੇ ਹਰੇ ਪੱਤਿਆਂ ਵਾਲੀ ਟਾਹਣੀ ਬਣ ਜਾਵੇਗੀ, ਮੋਟੀ ਹੋਣ ਲਗੇਗੀ, ਉਸ ਵਿਚੋਂ ਹੋਰ ਪਲਾਮਣਾਂ

ਫੁੱਟਣ ਲੱਗਣਗੀਆਂ। ਪਤਝੜ, ਬਸੰਤ, ਗਰਮੀ, ਬਰਸਾਤ ਦਾ ਤਾਂ ਓਪਰੀ ਨਜ਼ਰੇ ਅਹਿਸਾਸ ਹੋ ਜਾਂਦਾ। ਪਤਝੜ ਤੋਂ ਬਸੰਤ ਜਾਂ ਬਸੰਤ ਤੋਂ ਗਰਮੀ ਤੱਕ ਜਿਹੜੀਆਂ ਨਿੱਕੀਆਂ-ਨਿੱਕੀਆਂ ਤਬਦੀਲੀਆਂ ਵਾਪਰਦੀਆਂ ਹਨ, ਵੱਡੀਆਂ ਸਿਫ਼ਤੀ ਤਬਦੀਲੀਆਂ, ਇਨ੍ਹਾਂ ਨਿੱਕੀਆਂ ਤਬਦੀਲੀਆਂ ਦਾ ਹੀ ਅੰਤਮ ਪਰਤੌਅ ਹੁੰਦਾ ਹੈ।

ਪਿੱਪਲ ਪਲ-ਪਲ ਬਦਲ ਰਿਹਾ ਹੈ। ਇੰਜ ਹੀ ਪਲ-ਪਲ ਬਦਲ ਰਹੀ ਹੈ ਸਮੁੱਚੀ ਕਾਇਨਾਤ। ਪ੍ਰਸਿੱਧ ਯੂਨਾਨੀ ਫਿਲਾਸਫ਼ਰ ਹੀਰਾਕਲੇਟਸ (535-475 ਈ. ਪੂ.) ਨੇ ਲਗਪਗ ਢਾਈ ਹਜ਼ਾਰ ਸਾਲ ਪਹਿਲਾਂ ਕਿਹਾ ਸੀ, "ਤੁਸੀਂ ਉਸੇ ਨਦੀ 'ਚ ਦੋ ਵਾਰ ਨਹੀਂ ਉੱਤਰ ਸਕਦੇ, ਕਿਉਂ ਜੋ ਵੱਖਰੇ ਤੇ ਫੇਰ ਹੋਰ ਵੱਖਰੇ ਪਾਣੀ ਉਸ 'ਚੋਂ ਹਮੇਸ਼ਾਂ ਵਹਿ ਰਹੇ ਹਨ।" ਸਾਡੀ ਇਕ ਲੋਕ ਬੋਲੀ ਹੈ:

ਬੇੜੀ ਦਾ ਪੂਰ, ਤ੍ਰਿੰਝਣ ਦੀਆਂ ਕੁੜੀਆਂ/ਸਦਾ ਨਾ ਵਹਿਣਾ ਰਲਕੇ
ਇਕ ਵਾਰੀ ਜੋ ਪਾਣੀ ਲੰਘਿਆ/ਮੁੜ ਨਾ ਆਉਣਾ ਭਲਕੇ।

ਖੇਤੀ ਸਭਿਆਚਾਰ 'ਚ ਤ੍ਰਿੰਝਣ ਕੁੜੀਆਂ ਦੀ ਸੱਥ ਸੀ। ਸਮੇਂ ਦੇ ਬਦਲਾਅ ਨੇ ਕੁੜੀਆਂ ਦੀ ਇਹ ਸੱਥ ਖਾ ਲਈ, ਪਰ ਨਵੀਆਂ ਸੱਥਾਂ ਪੈਦਾ ਹੋ ਗਈਆਂ। ਸਕੂਲ, ਕਾਲਜ, ਕੰਮ ਵਾਲੀਆਂ ਥਾਵਾਂ, ਸਫ਼ਰ ਦੇ ਸਾਧਨ। ਇਹ ਵਰਤਾਰੇ ਕਿਸੇ ਦੇ ਚਾਹੁੰਣ, ਨਾ-ਚਾਹੁੰਣ ਨਾਲ ਨਹੀਂ ਵਾਪਰੇ; ਨਾ ਹੀ ਚਾਹੁੰਣ, ਨਾ-ਚਾਹੁੰਣ ਨਾਲ ਰੁਕ ਸਕਦੇ ਹਨ। ਚੁਗਿਰਦੇ, ਕੁਦਰਤ ਦੇ ਨਾਲ-ਨਾਲ ਬੰਦਾ, ਸਮਾਜ, ਰਿਸ਼ਤੇ-ਨਾਤੇ ਵੀ ਬਦਲ ਰਹੇ ਹਨ।

ਟਾਲਸਟਾਏ ਜਿਵੇਂ ਉਨ੍ਹੀਵੀਂ ਸਦੀ ਦੇ ਅੱਠਵੇਂ ਦਹਾਕੇ 'ਚ ਅੱਨਾ ਕਾਰੇਨਿਨਾ 'ਚ (ਰਚਨਾ ਕਾਲ ਮਾਰ 1873 ਤੋਂ ਅਪਰੈਲ 1877) ਇਕ ਔਰਤ ਦੇ ਦੁਖਾਂਤ ਨੂੰ ਚਿਤਰਦਾ, ਪੂਰੀ ਉਨ੍ਹੀਵੀਂ ਸਦੀ ਦੇ ਜ਼ਾਰਸਾਹੀ ਰੂਸ ਨੂੰ ਪਾਠਕ ਦੇ ਜ਼ਿਹਨ 'ਚ ਜੀਵੰਤ ਕਰ ਦਿੰਦਾ, ਸਿਰਜਣਾਤਮਿਕਤਾ ਦੇ ਸਮਕਾਲ ਦੀ ਇਸ ਤੋਂ ਖ਼ੂਬਸੂਰਤ ਤਸਵੀਰ ਸ਼ਾਇਦ ਹੋਰ ਕੋਈ ਹੋਵੇ! ਉਦੋਂ ਤਬਦੀਲੀ ਦੀ ਤੋਰ ਅੱਜ ਕੇ ਮੁਕਾਬਲਤਨ ਬੇਹੱਦ ਧੀਮੀ ਸੀ, ਇਸ ਲਈ ਰਹਿਤਲ 'ਚ ਤਬਦੀਲੀ ਵੀ ਬਹੁਤ ਹੌਲੀ ਵਾਪਰਦੀ। ਕੋਈ ਕ੍ਰਿਤ ਸਦੀ ਜਾਂ ਅੱਧੀ ਸਦੀ ਦੀ ਜੀਵਨ-ਜਾਚ ਦੀ ਪ੍ਰਤੀਨਿਧਤਾ ਕਰ ਜਾਂਦੀ ਸੀ। 'ਰਿਗਵੇਦ' ਵਾਲੇ ਦੌਰ 'ਚ ਇਹ ਸਦੀਆਂ ਜਾਂ ਦਹਿਸਦੀ ਦੀ ਪ੍ਰਤੀਨਿਧਤਾ ਕਰ ਜਾਂਦੀ। 'ਰਿਗਵੇਦ' 'ਚੋਂ ਉਭਰਦਾ ਸਮਾਜ (15ਈ. ਪੂ. ਤੋਂ 500 ਈ.ਪੂ.) ਲਗਪਗ ਇਕ ਦਹਿਸਦੀ ਤੱਕ ਫੈਲਿਆ ਹੋਇਆ ਹੈ। ਤਬਦੀਲੀਆਂ ਦੀ ਤੋਰ ਇੰਨੀ ਹੌਲੀ ਸੀ ਕਿ ਸਥਿਰ ਹੋਈ ਲਗਦੀ ਹੈ। ਉਸ 'ਚੋਂ ਜ਼ੋਰ ਲਾ ਕੇ ਤਬਦੀਲੀ ਨੂੰ ਲੱਭਣਾ ਪੈਂਦਾ।

ਅੱਜ ਦਾ ਸਿਰਜਣਾਤਮਕ ਸਮਕਾਲ, ਕਰੋਨਾ ਕਾਲ ਦਾ ਸਮਕਾਲ ਉਹ ਨਹੀਂ ਜਿਹੜਾ ਲਾਕ-ਡਾਊਨ ਲੱਗਣ ਤੋਂ ਪਹਿਲਾਂ ਸੀ। ਇਸਨੇ ਜਿਹੜੀ ਉਥਲ-ਪੁਥਲ ਮਚਾਈ ਹੈ; ਕਿਤਿਆਂ, ਰੁਜ਼ਗਾਰ ਤੇ ਜੀਵਨ-ਜਾਚ 'ਚ ਜਿਹੜੇ ਨਵੇਂ ਚੈਲਿੰਜ ਪੈਦਾ ਕੀਤੇ ਹਨ, ਇਸਦੇ ਪਾਸਾਰਾਂ ਨੂੰ ਸਮਝਣਾ, ਪੇਸ਼ ਕਰਨਾ ਅੱਜ ਦਾ ਸਮਕਾਲ ਹੈ ਤੇ ਸਭ ਤੋਂ ਵੱਡਾ ਚੈਲਿੰਜ ਵੀ। ਹਾਂ, ਕਦੀ-ਕਦੀ ਸਮਾਂ ਹੁੰਦਾ ਹੈ ਕਿ ਦਿਨ, ਪਹਿਰ, ਘੜੀਆਂ 'ਚ ਯੁੱਗ ਬਦਲ ਜਾਂਦੇ ਹਨ ਤੇ ਕਦੀ ਵਰ੍ਹਿਆਂ ਦੇ ਵਰ੍ਹੇ, ਦਹਾਕੇ ਵੀ ਸਮਾਜਕ ਤੌਰ 'ਚ ਕੋਈ ਬਹੁਤਾ ਵੱਢ ਨਹੀਂ ਮਾਰਦੇ। ਇਹ ਤਬਦੀਲੀ ਤੇਜ਼ ਹੋਵੇ ਜਾਂ ਮੱਠੀ; ਪਾਤਰਾਂ 'ਚੋਂ, ਘਟਨਾਵਾਂ 'ਚੋਂ, ਦ੍ਰਿਸ਼ 'ਚੋਂ ਦਿਸਣੀ ਚਾਹੀਦੀ ਹੈ। ਇਹ ਹੀ ਸਿਰਜਣਾ ਦਾ ਧਰਮ ਹੈ ਤੇ ਲਿਖਣ ਦਾ 'ਸਮਕਾਲ' ਵੀ। ਬੀਤੇ 'ਤੇ ਝਾਤ ਪਾਉਣ, ਉਸਨੂੰ ਸਮਝਣ ਦਾ ਬਾਅਦ 'ਚ ਇਹੀ ਸਰੋਤ ਬਚ ਜਾਂਦਾ।

# ਮੇਰੀ ਸਿਰਜਣ ਪ੍ਰਕ੍ਰਿਆ

**-ਪਰਮਜੀਤ ਸਿੰਘ ਜੱਜ**

ਮੈਂ ਆਪਣੇ ਆਪ ਨੂੰ ਇਕ ਸਥਾਪਿਤ ਨਾਵਲਕਾਰ ਨਹੀਂ ਮੰਨਦਾ ਹਾਂ। ਇਸਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੇਰੀ ਜ਼ਿੰਦਗੀ ਦਾ ਇਕ ਮਕਸਦ ਨਾਵਲਕਾਰ ਬਣਨਾ ਸੀ। ਪੰਜਾਬੀ ਮੇਰੀ ਮਾਂ ਬੋਲੀ ਹੈ ਅਤੇ ਮੇਰਾ ਨਿੱਜੀ ਵਿਚਾਰ ਇਹ ਹੈ ਕਿ ਰਚਨਾਕਾਰ ਨੂੰ ਆਪਣੀ ਮਾਂ ਬੋਲੀ ਵਿਚ ਸਾਹਿਤਕ ਰਚਨਾ ਕਰਨੀ ਚਾਹੀਦੀ ਹੈ। ਇਸ ਦ੍ਰਿਸ਼ਟੀਕੋਣ ਨਾਲ ਬਹੁਤ ਲੋਕ ਸਹਿਮਤ ਨਹੀਂ ਹੋ ਸਕਦੇ। ਪਰ ਮੇਰਾ ਖਿਆਲ ਇਹ ਵੀ ਹੈ ਕਿ ਸਾਡੇ ਦੇਸ਼ ਵਿਚ ਇਕ ਵਿਲੱਖਣਤਾ ਇਹ ਵੀ ਹੈ ਕਿ ਲੋਕ ਭਾਵੇਂ ਕਿਸੇ ਵੀ ਭਾਸ਼ਾ ਖੇਤਰ ਵਿਚ ਵਸਦੇ ਹੋਣ, ਉਹਨਾਂ ਦੀ ਮਨਪਸੰਦ ਭਾਸ਼ਾ ਉਹ ਬਣ ਜਾਂਦੀ ਹੈ ਜਿਸ ਵਿਚ ਉਹ ਵਿੱਦਿਆ ਪ੍ਰਾਪਤ ਕਰਦੇ ਹਨ ਜਾਂ ਜਿਹਨਾਂ ਦੇ ਸਮਾਜਿਕ ਮਾਹੌਲ ਵਿਚ ਇਕ ਵੱਖਰੀ ਭਾਸ਼ਾ ਬੋਲੀ ਜਾਂਦੀ ਹੈ। ਵਿਰਸੇ ਵਿਚ ਸਿਖੀ ਭਾਸ਼ਾ ਹਰ ਮਨੁੱਖ ਦੇ ਜ਼ਿਹਨ 'ਚ ਆਪ ਮੁਹਾਰੇ ਆ ਜਾਂਦੀ ਹਾਂ। ਇਸ ਲਈ ਮੈਂ ਭਾਸ਼ਾ ਦੇ ਮੁੱਦੇ 'ਚ ਕਿਸੇ ਕਿਸਮ ਦੀ ਅੰਤ ਦੀ ਟਿਪਣੀ ਕਰਨ ਤੋਂ ਗੁਰੇਜ਼ ਕਰਦਾ ਹੈ। ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਜ਼ਿਆਦਾਤਰ ਅੰਗਰੇਜ਼ੀ ਪੜ੍ਹੀ ਤੇ ਬਾਅਦ ਵਿਚ ਇਸੇ ਭਾਸ਼ਾ 'ਚ ਰਚਨਾ ਕੀਤੀ। ਪਰ ਜ਼ਿੰਦਗੀ ਦੇ ਇਕ ਪੜਾਅ ਤੇ ਆ ਕੇ ਮੈਨੂੰ ਪੰਜਾਬੀ ਵਿਚ ਲਿਖਣ ਦਾ ਮੌਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦਿੱਤਾ, ਜਦੋਂ ਮੈਨੂੰ ਸਮਾਜ ਵਿਗਿਆਨਕ ਸਿਧਾਂਤ ਉਤੇ ਇਕ ਪੁਸਤਕ ਲਿਖਣ ਦੀ ਬੇਨਤੀ ਪਹੁੰਚੀ। ਮੈਂ ਇਸਨੂੰ ਤੁਰੰਤ ਸਵਿਕਾਰ ਕਰਦਿਆਂ ਪਹਿਲੀ ਵਾਰ ਪੰਜਾਬ 'ਚ ਲਿਖਣ ਦਾ ਸਿਲਸਲਾ ਸ਼ੁਰੂ ਕਰ ਦਿੱਤਾ।

ਭਾਵੇਂ ਮੈਂ ਆਮ ਪੰਜਾਬੀ ਨੌਜਵਾਨਾਂ ਵਾਂਗ ਪੰਜਾਬੀ ਤੇ ਰੂਸੀ ਸਾਹਿਤ ਦਾ ਪੰਜਾਬੀ ਅਨੁਵਾਦ ਸਕੂਲ ਦੇ ਦਿਨਾਂ ਵਿਚ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ, ਪਰ ਇੱਛਾ ਰੱਖਦੇ ਹੋਏ ਵੀ ਮੈਂ ਸਾਹਿਤ ਲਿਖਣ ਲਈ ਲੋੜੀਂਦਾ ਹੌਸਲਾ ਕਦੀ ਵੀ ਨਹੀਂ ਜੁਟਾ ਸਕਿਆ। ਮੇਰੇ ਲਈ ਨਾਵਲਕਾਰ ਇਕ ਰੱਬ ਤੋਂ ਘੱਟ ਨਹੀਂ ਸਨ। ਮੈਂ ਹਮੇਸ਼ਾ ਹੈਰਾਨ ਹੁੰਦਾ ਰਹਿੰਦਾ ਸੀ ਕਿ ਇਕ ਰਚਨਾਕਾਰ ਕਿਸ ਤਰ੍ਹਾਂ ਇੰਨੀ ਲੰਬੀ ਕਹਾਣੀ ਲਿਖ ਸਕਦੇ ਸਨ।

ਇਸੇ ਜਕੋਤੱਕੀ ਵਿਚ ਵੀਹਵੀਂ ਸਦੀ ਖਤਮ ਹੋ ਗਈ ਪਰ ਮੈਂ ਕੁਝ ਲਿਖਣ ਵਿਚ ਅਸਫਲ ਰਿਹਾ। ਪਰ ਜ਼ਿਹਨ ਵਿਚ ਨਾਵਲ ਲਿਖਣ ਦੀ ਇੱਛਾ ਖਤਮ ਨਹੀਂ ਹੋਈ। ਇਹ ਇੱਛਾ ਨਵੀਂ ਸਦੀ ਵਿਚ ਤੀਬਰਤੀ ਪਕੜ ਗਈ ਤੇ ਅੰਤ ਨੂੰ ਨਵੀਂ ਸਦੀ ਦੇ ਸ਼ੁਰੂ ਵਿਚ ਹੀ ਮੈਂ ਆਪਣੀ ਪਤਨੀ ਦੀ ਚਨੌਤੀ ਨੂੰ ਸਵਿਕਾਰ ਕਰਦੇ ਹੋਏ ਹਿੰਮਤ ਕੀਤੀ। ਉਹ ਸ਼ਾਇਦ ਮੇਰੇ ਪਿਛਲੇ ਵੀਹਾਂ ਸਾਲਾਂ ਤੋਂ ਮੇਰੀ ਨਾਵਲ ਲਿਖਣ ਦੀ ਇੱਛਾ ਨੂੰ ਸੁਣਦਿਆਂ ਸੁਣਦਿਆਂ ਤੰਗ ਆ ਗਈ ਸੀ। ਲਿਖਣ ਤੋਂ ਪਹਿਲਾਂ ਮੈਂ ਸਭ ਤੋਂ ਪਹਿਲਾਂ ਆਪਣੀਆਂ ਸ਼ਕਤੀਆਂ ਤੇ ਕਮਜ਼ੋਰੀਆਂ ਦਾ ਅਧਿਐਨ ਕੀਤਾ। ਮੈਨੂੰ ਭਾਵੇਂ ਸਾਹਿਤ ਪੜ੍ਹਨ 'ਚ ਨਿਰੰਤਰ ਦਿਲਚਸਪੀ ਰਹੀ, ਪਰ ਮੈਂ ਸਹਿਤਕ ਅਲੋਚਨਾ ਨੂੰ ਕਦੇ ਨਹੀਂ ਪੜ੍ਹਿਆ ਸੀ। ਮੇਰਾ ਦੋਸਤ ਸੁਭਾਸ਼ ਮਾਨਸਾ ਪੰਜਾਬੀ ਨਾਵਲ 'ਤੇ ਖੋਜ ਕਰਦਾ ਹੋਇਆ ਕਈ ਵਾਰ ਮੈਨੂੰ ਭਾਸ਼ਣ ਦੇ ਦਿੰਦਾ ਹੁੰਦਾ ਸੀ। ਪਰ ਸਭ ਤੋਂ ਪਹਿਲਾਂ ਮੈਂ ਇਹ ਫੈਸਲਾ ਕੀਤਾ ਕਿ ਮੈਂ ਨਾਵਲ ਲਿਖਣ ਦੇ ਕਿਸੇ ਮਾਪਦੰਡ ਵੱਲ ਧਿਆਨ ਨਹੀਂ ਦੇਵਾਂਗਾ। ਇਸ ਫੈਸਲੇ ਦਾ ਮੈਨੂੰ ਫਾਇਦਾ ਰਿਹਾ ਕਿਉਂਕਿ ਮੈਂ ਆਪਣੀ ਬਿਰਤਾਂਤ-ਵਿਧੀ ਨੂੰ

ਸਿਰਜਣ ਵਿਚ ਕਾਫੀ ਕਾਮਯਾਬ ਰਿਹਾ। ਆਪਣੀ ਸ਼ਕਤੀ ਜਾਂ ਮਜ਼ਬੂਤੀ ਦੇ ਤੌਰ 'ਤੇ ਮੈਂ ਸਮਾਜ ਵਿਗਿਆਨ ਦੇ ਵਿਸ਼ੇ ਨਾਲ ਸਬੰਧਤ ਹੋਣ ਕਰਕੇ ਆਪਣੇ ਪੰਜਾਬੀ ਸਮਾਜ ਬਾਰੇ ਗਿਆਨ ਨੂੰ ਸਮਝਿਆ।

ਮੈਨੂੰ ਇਹ ਗੱਲ ਬੜੀ ਸਾਫ ਸੀ ਕਿ ਸਮਾਜ ਵਿਗਿਆਨ ਅਤੇ ਸਾਹਿਤ ਵਿਚ ਅੰਤਰ ਸਿਰਫ ਕਹਾਣੀ ਤੇ ਵਾਰਤਕ ਦਾ ਨਹੀਂ ਹੈ। ਇਸਦੇ ਉਲਟ ਸਾਹਿਤ ਦੀ ਸਭ ਤੋਂ ਵੱਡੀ ਵਿਲੱਖਣਤਾ ਇਹ ਹੈ ਕਿ ਇਹ ਅਸਪੱਸ਼ਟ ਹੈ ਅਤੇ ਇਸ ਦੀ ਅਸਪੱਸ਼ਟਤਾ ਚਿੰਨ੍ਹਾਂ ਤੇ ਰੂਪਕਾਂ ਦੀ ਵਰਤੋਂ ਰਾਹੀਂ ਹੁੰਦੀ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਨਾਵਲ ਲਿਖਣ ਲੱਗਿਆਂ ਨਾਵਲਕਾਰ ਯਥਾਰਥ ਦਾ ਪੱਲਾ ਫੜ ਕੇ ਚਲਦਾ ਰਹੇ। ਕਲਪਨਾ ਤੇ ਉਹ ਵੀ ਸਿਰਜਣਾਤਮਕਤਾ ਕਿਸੇ ਯਥਾਰਥ ਦੀ ਗੁਲਾਮ ਨਹੀਂ ਹੁੰਦੀ। ਪਰ ਇਸਦੇ ਬਾਵਜੂਦ ਕੋਈ ਵੀ ਲੇਖਕ ਆਪਣੇ ਸਮਾਜਿਕ ਅਤੇ ਨਿੱਜੀ ਸੰਦਰਭ ਤੋਂ ਬਾਹਰ ਨਹੀਂ ਜਾਂਦਾ। ਇਹ ਸਭ ਕੁਝ ਸੋਚਣ ਤੋਂ ਬਾਅਦ ਮੈਨੂੰ ਇਕ ਦ੍ਰਿਸ਼ਟੀਕੋਣ ਦੀ ਜ਼ਰੂਰਤ ਸੀ। ਬਿਨ੍ਹਾਂ ਦ੍ਰਿਸ਼ਟੀਕੋਣ ਤੋਂ ਇਕ ਨਾਵਲ ਲਿਖਣਾ ਇਸ ਤਰ੍ਹਾਂ ਲਗਦਾ ਸੀ ਕਿ ਅਸੀਂ ਖ਼ੀਰ ਬਣਾਈਏ ਤੇ ਵਿਚ ਮਿੱਠਾ ਪਾਉਣਾ ਭੁੱਲ ਜਾਈਏ। ਇਸ ਲਈ ਮੈਂ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਚੁਣ ਕੇ ਉਸ ਵਿਚ ਸਮਾਜਿਕ ਸਮੂਹਾਂ ਤੇ ਵਿਅਕਤੀਆਂ ਦੀ ਮੁੱਖਧਾਰਾ ਤੋਂ ਹਾਸ਼ੀਏ ਵੱਲ ਨੂੰ ਜਾਣ ਦੀ ਪ੍ਰਕ੍ਰਿਆ ਨੂੰ ਚੁਣਿਆ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਮੈਨੂੰ ਪੰਜਾਬੀ ਸਮਾਜ ਵਿਚ ਇਸ ਵਰਤਾਰੇ ਨੂੰ ਸਮਝਣ ਦੀ ਯੋਗਤਾ, ਮੇਰੀ ਪੰਜਾਬ ਉੱਤੇ ਕੀਤੀ ਗਈ ਖੋਜ ਦਾ ਸਿੱਟਾ ਸੀ। ਇਸ ਸੰਦਰਭ ਵਿਚ ਮੈਂ ਪਿੰਡ ਨੂੰ ਚੁਣਿਆ। ਪੰਜਾਬ ਤੇ ਭਾਰਤ ਦੇ ਬਾਕੀ ਹਿੱਸਿਆਂ ਵਿਚ ਵਿਕਾਸ ਪ੍ਰਕ੍ਰਿਆ ਵਜੋਂ ਪਿੰਡਾਂ ਦੇ ਭਵਿੱਖ ਉਤੇ ਕਾਫੀ ਚਰਚਾ ਹੋਈ ਹੈ। ਪੱਛਮੀ ਸਮਾਜ ਵਿਚ ਹੁਣ ਪਿੰਡਾਂ ਵਿਚ ਦੋ ਤੋਂ ਦਸ ਪ੍ਰਤੀਸ਼ਤ ਲੋਕ ਹੀ ਰਹਿ ਰਹੇ ਹਨ। ਜਾਂ ਤਾਂ ਪਿੰਡ ਸ਼ਹਿਰ ਬਣ ਰਹੇ ਹਨ ਜਾਂ ਲੋਕ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵਿਚ ਜਾ ਕੇ ਵੱਸ ਰਹੇ ਹਨ। ਮੇਰਾ ਪਹਿਲਾ ਨਾਵਲ 'ਪੀਤੂ' ਇਸ ਦ੍ਰਿਸ਼ਟੀਕੋਣ ਦਾ ਨਤੀਜਾ ਸੀ। ਪੀਤੂ ਨਾਵਲ ਦਾ ਮੁੱਖ ਕਿਰਦਾਰ ਹੈ ਅਤੇ ਉਹ ਪੇਂਡੂ ਸਮਾਜ ਦੀ ਮੁੱਖਧਾਰਾ ਨਾਲ ਜੁੜਿਆ ਇਕ ਜ਼ਿੰਮੀਦਾਰ ਹੈ। ਮੇਰੇ ਲਈ ਪੀਤੂ ਇਕ ਪਿੰਡ ਦਾ ਰੂਪਕ ਸੀ। ਪੀਤੂ ਦੇ ਕਿਰਦਾਰ ਨੂੰ ਪੇਸ਼ ਕਰਦਿਆਂ ਮੈਂ ਪੰਜਾਬ ਦੇ ਕਿਸੇ ਵੀ ਪਿੰਡ ਦੀ ਗਤਿਆਤਮਕਤਾ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਇਕ ਵਾਰ ਇਕ ਟੈਲੀਵਿਜ਼ਨ ਇੰਟਰਵਿਊ ਵਿਚ ਡਾਕਟਰ ਸੁਖਪਾਲ ਸਿੰਘ ਨਾਲ ਗੱਲ ਕਰਦਿਆਂ ਪੀਤੂ ਦੇ ਸੰਦਰਭ ਵਿਚ ਪੰਜਾਬ ਦੇ ਪਿੰਡਾਂ ਦੇ ਭਵਿੱਖ ਦੀ ਗੱਲ ਕੀਤੀ ਸੀ।

ਦੂਸਰੀ ਨਾਵਲ 'ਤਰਕਾਲਾਂ' ਜੋ ਪੀਤੂ ਤੋਂ ਬਾਅਦ ਛਪਿਆ ਸੀ, ਵੀ ਹਾਸ਼ੀਆਗ੍ਰਸਤ ਸਮੂਹ ਨਾਲ ਹੀ ਜੁੜਿਆ ਹੋਇਆ ਸੀ। ਇਸ ਵਿਚ ਮੈਂ ਬਜ਼ੁਰਗਾਂ ਦੀ ਜ਼ਿੰਦਗੀ ਉਪਰ ਇਹ ਰਚਨਾ ਕੀਤੀ ਸੀ। ਪੰਜਾਬ ਦੇ ਹਰ ਪਿੰਡ 'ਚ ਫਿਰਨੀ ਦੇ ਨੇੜੇ ਜਾਂ ਵਸੋਂ ਦੇ ਅੰਦਰ ਕਿਸੇ ਪਿੱਪਲ ਜਾਂ ਬੋਹੜ ਦੇ ਦਰੱਖਤ ਥੱਲੇ ਕਈ ਬਜ਼ੁਰਗ ਬੈਠੇ ਮਿਲ ਜਾਂਦੇ ਹਨ। ਤਰਕਾਲਾਂ ਇਕ ਰੂਪਕ ਹੈ ਜੋ ਆਉਣ ਵਾਲੀ ਰਾਤ ਅਤੇ ਬੀਤ ਰਹੇ ਦਿਨ ਦੇ ਵਿਚਕਾਰ ਦਾ ਵਕਤ ਹੈ। ਤਰਕਾਲਾਂ ਬਜ਼ੁਰਗਾਂ ਦੀ ਜ਼ਿੰਦਗੀ ਦੀ ਨਿਸ਼ਾਨਦੇਈ ਕਰਦਾ ਹੈ। ਭਾਵੇਂ ਤਰਕਾਲਾਂ ਦਾ ਵਕਤ ਹਰ ਦਿਨ ਦੇ ਹੋ ਰਹੇ ਅੰਤ 'ਤੇ ਆਉਂਦਾ ਹੈ, ਪਰ ਹਰ ਦਿਨ ਵਿਲੱਖਣ ਹੈ। ਇਸੇ ਕਰਕੇ ਮੈਂ ਸੋਚਿਆ ਕਿ ਬਜ਼ੁਰਗ ਦੀ ਜ਼ਿੰਦਗੀ ਸਿਰਫ ਇਸ ਸਮੂਹ ਦੇ ਲੋਕਾਂ ਦੀ ਜ਼ਿੰਦਗੀ ਦੀ ਤਰਜਮਾਨੀ ਨਹੀਂ ਕਰ ਸਕਦੀ। ਮੈਂ ਇਕ ਕਿਰਦਾਰ ਨੂੰ ਸਿਰਜਣ ਦੀ ਬਜਾਏ ਕਈ ਬਜ਼ੁਰਗਾਂ ਨੂੰ ਇਕ ਸਥਾਨ ਤੇ

ਇਕੱਠੇ ਕਰਕੇ ਉਹਨਾਂ ਦੀ ਜ਼ਿੰਦਗੀ ਦੇ ਇਕ ਦਿਨ ਨੂੰ ਚਿਤਰਣ ਦੀ ਕੋਸ਼ਿਸ਼ ਕੀਤੀ।

ਤੀਸਰੀ ਨਾਵਲ ਮੇਰੀ 'ਅਰਥ' ਸੀ ਜੋ ਕਿ ਸਿਰਫ ਇਕ ਵਿਅਕਤੀ ਦੇ ਹਾਸ਼ੀਆਗ੍ਰਸਤ ਹੋਣ ਦੀ ਕਹਾਣੀ ਸੀ। ਇਹ ਪਹਿਲੇ ਦੋ ਨਾਵਲਾਂ ਤੋਂ ਕਈ ਪ੍ਰਕਾਰ ਨਾਲ ਵੱਖਰੀ ਸੀ। ਇਹ ਇਕ ਅਜਿਹਾ ਨਾਵਲ ਨਹੀਂ ਸੀ ਜਿਸ ਵਿਚ ਬਿਰਤਾਂਤ ਇਕ ਪਿੰਡ ਜਾਂ ਇਕ ਸ਼ਹਿਰ ਜਾਂ ਪੂਰਾ ਪੰਜਾਬ ਤੱਕ ਮਹਿਦੂਦ ਨਹੀਂ ਹੁੰਦਾ ਪਰ ਇਹ ਸਾਰੇ ਭਾਰਤ ਨੂੰ ਆਪਣੀ ਕੈਨਵਸ ਬਣਾਉਂਦਾ ਹੈ। ਪੰਜਾਬ ਤਾਂ ਹਰ ਉਸ ਸਥਾਨ 'ਤੇ ਹੈ ਜਿਥੇ ਪੰਜਾਬੀ ਹਨ। ਇਕ ਵਿਅਕਤੀ ਜਦੋਂ ਆਪਣੇ ਪਿੰਡ 'ਚ ਹਾਸ਼ੀਆਗ੍ਰਸਤ ਹੁੰਦਾ ਹੈ ਤਾਂ ਉਸ ਕੋਲ ਵਿਕੱਲਪ ਮੌਜੂਦ ਹਨ। ਪਰ ਉਹ ਆਪਣੀ ਪ੍ਰਤੀਬਧਤਾ ਨਾਲ ਬਝਾ ਹੋਇਆ ਕਿਰਦਾਰ ਹੈ। ਇਹ ਜ਼ਰੂਰੀ ਨਹੀਂ ਕਿ ਉਹ ਇਕ ਆਦਰਸ਼ ਮਨੁੱਖ ਹੋਵੇ। ਆਦਰਸ਼ ਮਨੁੱਖ ਇਨਸਾਨੀ ਸੋਚ 'ਚੋਂ ਨਿਕਲਿਆ ਅਜਿਹਾ ਅਕਸ ਹੈ ਜਿਹੜਾ ਸਿਰਫ ਕਿਸੇ ਰੱਬ ਜਾਂ ਦੇਵਤੇ ਦਾ ਹੀ ਹੋ ਸਕਦਾ ਹੈ। ਇਸ ਦਾ ਮੁੱਖ ਕਿਰਦਾਰ ਸੁਖਪਾਲ ਆਪਣੇ ਪਿੰਡ 'ਚ ਪੰਗਾ ਸਿੰਘ ਹੈ ਤੇ ਆਪਣੇ ਵਿਦਿਆਰਥੀ ਕਾਲ 'ਚ ਇਕ ਗਿਆਨੀ ਪਰ ਬਹਿਸ ਕਰਨ ਵਾਲਾ ਲੜਕਾ ਹੈ ਜੋ ਆਖਿਰ 'ਚ ਪ੍ਰੋਫੈਸਰ ਬਣ ਜਾਂਦਾ ਹੈ। ਪਰ ਜਦੋਂ ਉਹ ਵੀਹ ਸਾਲ ਬਾਅਦ ਆਪਣੇ ਪਿੰਡ ਵਾਪਿਸ ਆਉਂਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਉਸਨੂੰ ਉਹਦੇ ਕਈ ਚੰਗੇ ਕੰਮਾਂ ਕਰਕੇ ਲੋਕ ਯਾਦ ਰੱਖਦੇ ਹਨ। ਉਹਦੀ ਜ਼ਿੰਦਗੀ ਦੇ ਅਰਥ ਲੱਭਣ ਦੀ ਇਕ ਕੋਸ਼ਿਸ਼ ਉਹਨੂੰ ਕਈ ਤਰ੍ਹਾਂ ਦੇ ਵਰਵਾਰਿਆਂ ਵਿਚ ਲੰਘਾਉਦੀ ਹੈ।

ਮੇਰੀ ਚੌਥੀ ਨਾਵਲ 'ਪਛਾਣ ਬਦਲ ਗਈ' ਹੈ, ਜਿਸ ਵਿਚ ਮੈਂ ਇਕ ਵੱਖਰਾ ਮੋੜ ਕਟਿਆ। ਮਨੁੱਖੀ ਪਛਾਣ ਦੇ ਵੱਖਰੇ ਵੱਖਰੇ ਸੰਦਰਭਾਂ ਨੂੰ ਇਕ ਕਥਾ ਵਿਚ ਪ੍ਰੋਅ ਕੇ ਪੇਸ਼ ਕਰਨ ਦੀ ਇਕ ਕੋਸ਼ਿਸ਼ ਸੀ। ਇਸ ਵਿਚ ਮੁੱਖ ਦਵੰਦ ਇਹ ਸੀ ਕਿ ਲੋਕ ਸਭ ਤੋਂ ਆਧੁਨਿਕ ਤੇ ਉੱਚ ਵਿਦਿਅਕ ਅਦਾਰੇ ਵਿਚ ਰਹਿੰਦੇ ਤੇ ਕੰਮ ਕਰਦੇ ਹੋਏ ਆਪਣੀ ਪਛਾਣ ਨੂੰ ਰਵਾਇਤੀ ਰੱਖਦੇ ਹਨ। ਸਭ ਤੋਂ ਪਹਿਲਾਂ ਖੇਤਰੀ ਪਛਾਣ ਜਿਸ ਵਿਚ ਮਾਲਵਾ, ਮਾਝਾ ਤੇ ਦੋਆਬਾ ਮੁੱਖ ਰੂਪ 'ਚ ਆਉਂਦੇ ਹਨ ਅਤੇ ਹਰ ਇਕ ਖੇਤਰ 'ਚ ਛੋਟੇ ਛੋਟੇ ਖੇਤਰ ਹਨ ਜਿਵੇਂ ਰਿਆੜਕੀ, ਖਾਰਾ, ਮਾਝਾ, ਪੁਆਦ, ਬਾਗੜ, ਮੰਜਕੀ ਆਦਿ। ਹਰ ਖੇਤਰ ਦੇ ਰਹਿਣ ਵਾਲੇ ਆਪਣੇ ਆਪ ਨੂੰ ਸ੍ਰੇਸ਼ਟ ਸਮਝਦੇ ਹਨ ਤੇ ਦੂਜੇ ਖੇਤਰਾਂ ਦੇ ਲੋਕਾਂ ਬਾਰੇ ਨਾਕਾਰਾਤਮਕ ਨਜ਼ਰੀਆ ਰੱਖਦੇ ਹਨ। ਇਸ ਦਾ ਮੁੱਖ ਪਾਤਰ ਇਹਨਾਂ ਪਛਾਣ ਦੇ ਬਦਲਦੇ ਸੰਦਰਭ ਨੂੰ ਸਮਝਦਾ ਹੋਇਆ ਇਸ ਤੋਂ ਉੱਪਰ ਉੱਠਣ ਲਈ ਯਤਨਸ਼ੀਲ ਹੈ। ਧਾਰਮਿਕ ਪਛਾਣ ਦਾ ਇਕ ਸਿਆਸਤ ਵਿਚ ਬਦਲਨਾ ਪੰਜਾਬ ਦੇ ਸਮਾਜ ਵਿਚ ਇਕ ਤ੍ਰਾਸਦੀ ਦਾ ਦੌਰ ਸ਼ੁਰੂ ਹੁੰਦਾ ਹੈ। ਉਹ ਕਦੋਂ ਇਹਨਾਂ ਪਛਾਣ ਦੀ ਸਿਆਸਤ ਵਿਚ ਇਕ ਕੋਨੇ ਤੇ ਪਹੁੰਚ ਜਾਂਦਾ ਉਹਨੂੰ ਪਤਾ ਵੀ ਨਹੀਂ ਲੱਗਦਾ।

ਮੇਰੀ ਪੰਜਵੀਂ ਨਾਵਲ 'ਬਦਲੇ ਦੀ ਪੱਤਝੜ' ਹੈ। ਇਸ ਨਾਵਲ 'ਚ ਘਟਨਾਵਾਂ ਦਾ ਬਿਰਤਾਂਤ ਅਸਲੀ ਹੈ। ਪਰ ਵੀਰ ਸਿੰਘ ਤੇ ਬਿਸ਼ਨੀ ਇਸ ਦਾ ਭਾਵੇਂ ਮੌਲਿਕ ਰੂਪ ਵਿਚ ਹਿੱਸਾ ਹਨ, ਉਹ ਦੋਵੇਂ ਪਾਤਰ ਨਾਵਲ ਵਿਚ ਇਕ ਦਾਰਸ਼ਨਿਕ ਵਿਕੱਲਪ ਦਾ ਪ੍ਰਤੀਕ ਹਨ। ਬਿਸ਼ਨੀ ਦਾ ਕਿਰਦਾਰ ਮੈਂ ਆਸਟਰੀਅਨ ਫਿਲਾਸਫਰ ਲੁੱਡਵਿਗ ਵਿੰਟਗਨਸਟਾਇਨ ਦੇ ਇਕ ਤਰਕਵਾਕ ਤੇ ਉਸਾਰਿਆ ਹੈ। ਉਸਦਾ ਆਖਣਾ ਹੈ 'ਸਾਡੀ ਭਾਸ਼ਾ ਦੀ ਸੀਮਾ ਹੀ ਸਾਡੇ ਸੰਸਾਰ ਦੀ ਸੀਮਾ ਹੈ।' ਭਾਸ਼ਾ ਵਿਚ ਸ਼ਬਦ ਹਨ ਤੇ ਉਹਨਾਂ ਦਾ ਭਾਵ ਹੈ। ਜਿੰਨ੍ਹੇ ਸ਼ਬਦਾਂ ਦੀ ਅਸੀਂ ਵਰਤੋਂ ਕਰਾਂਗੇ ਉਤਨੀ ਹੀ ਸਾਡੀ ਵਸਤੂਆਂ ਤੇ ਵਰਤਾਵ ਨੂੰ ਸਮਝਣ ਦੀ ਸ਼ਕਤੀ ਵਧੇਗੀ। ਸ਼ਬਦਾਂ ਦੇ ਰਾਹੀਂ

ਹੀ ਅਸੀਂ ਆਪਣਾ ਸੰਸਾਰ ਸਮਝਦੇ ਹਾਂ ਤੇ ਰਚਦੇ ਵੀ ਹਾਂ। ਇਸੇ ਪ੍ਰਕ੍ਰਿਆ ਦੀ ਵਿਆਖਿਆ ਬਿਸ਼ਨੀ ਦਾ ਪਾਤਰ ਕਰਦਾ ਹੈ। ਭਾਵੇਂ ਮੇਰੀ ਛੇਵੀਂ ਨਾਵਲ 'ਪੜਤਾਲ' ਛੱਪ ਕੇ ਆ ਚੁੱਕੀ ਹੈ, ਮੈਂ ਉਸ ਵਾਰੇ 'ਚ ਕੋਈ ਚਰਚਾ ਨਹੀਂ ਕਰੂੰਗਾ। ਸਭ ਤੋਂ ਪਹਿਲਾਂ ਪਾਠਕ ਦੀ ਜ਼ਿੰਮੇਵਾਰੀ ਹੈ।

ਇਹ ਸਭ ਕੁਝ ਵਰਨਣ ਕਰਨ ਉਪਰੰਤ ਮੈਂ ਆਪਣੀ ਸਿਰਜਣ-ਪ੍ਰਕ੍ਰਿਆ ਦੇ ਵਿਭਿੰਨ ਪਹਿਲੂਆਂ ਵਾਰੇ ਗੱਲ ਕਰਾਂਗਾ। ਸਭ ਤੋਂ ਪਹਿਲਾਂ ਮੈਂ ਗੱਲ ਸਪੱਸ਼ਟ ਕਰ ਦੇਵਾਂ ਕਿ ਹਰ ਲੇਖਕ ਜਾਂ ਨਾਵਲਕਾਰ ਦੀ ਸਿਰਜਣ ਪ੍ਰਕ੍ਰਿਆ ਵਿਲੱਖਣ ਹੁੰਦੀ ਹੈ। ਕਈ ਨਾਵਲਕਾਰ ਕਾਫੀ ਸਮੇਂ ਤੱਕ ਮਿਹਨਤ ਕਰਕੇ ਲਿਖਣਾ ਆਰੰਭ ਕਰਦੇ ਹਨ। ਇਸ ਤੋਂ ਬਾਅਦ ਉਹ ਬਹੁਤ ਹੀ ਘੱਟ ਸਮੇਂ ਵਿਚ ਆਪਣੀ ਨਾਵਲ ਮੁਕੰਮਲ ਕਰ ਲੈਂਦੇ ਹਨ। ਪਰ ਮੇਰੇ ਕੋਲੋਂ ਅੱਜ ਤੱਕ ਇਹ ਨਹੀਂ ਹੋਇਆ। ਮੈਂ ਆਪਣਾ ਕੋਈ ਵੀ ਨਾਵਲ ਛੇ ਮਹੀਨਿਆਂ ਤੋਂ ਪਹਿਲਾਂ ਪੂਰਾ ਨਹੀਂ ਕਰ ਸਕਿਆ। ਮੇਰਾ ਵਿਚਾਰ ਹੈ ਕਿ ਕੋਈ ਨਾਵਲ ਸਮਾਜ ਵਿਗਿਆਨਕ ਨਹੀਂ ਹੁੰਦਾ ਪਰ ਇਕ ਸਮਾਜ ਵਿਗਿਆਨੀ ਹੋਣ ਕਰਕੇ ਮੇਰੀ ਕਿਸੇ ਵੀ ਪਾਤਰ ਦੀ ਚੇਤਨਾ ਸਮਝਣ ਦੀ ਸਮਰਥਾ ਕੁਝ ਵੱਖਰੀ ਹੈ। ਕਿਸੇ ਵੀ ਵਿਅਕਤੀ ਦੀ ਮਾਨਸਿਕਤਾ ਤੇ ਚੇਤਨਾ ਸਿਰਫ ਉਸ ਵਕਤ ਹੀ ਸਮਝਣਯੋਗ ਹੁੰਦੀ ਹੈ, ਜਦੋਂ ਉਹ ਕਾਰਜਸ਼ੀਲ ਹੁੰਦਾ ਹੈ। ਮੇਰਾ ਵਿਚਾਰ ਹੈ ਕਿ ਹਰ ਮਨੁੱਖੀ ਕਾਰਜ ਭਾਵਨਾਵਾਂ ਤੇ ਮਨੋਰਥਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ। ਬੰਦਾ ਕੁਝ ਵੀ ਸੋਚ ਸਕਦਾ ਹੈ ਪਰ ਉਸਦੇ ਵਿਭਿੰਨ ਕਾਰਜਾਂ ਦਾ ਸੰਤੁਲਿਨ ਤੇ ਜਾਂ ਆਪਸੀ ਦਵੰਦ ਹੀ ਉਸਦੇ ਅੰਦਰ ਚੱਲ ਰਹੇ ਸੰਘਰਸ਼ ਦੀ ਨਿਸ਼ਾਨਦੇਈ ਕਰ ਸਕਦਾ ਹੈ।

ਮੇਰੇ ਲਈ ਸਭ ਤੋਂ ਪਹਿਲਾਂ ਵਿਸ਼ਾ ਵਸਤੂ ਮਹੱਤਵਪੂਰਨ ਹੈ। ਜਦੋਂ ਮੈਨੂੰ ਨਾਵਲ ਲਈ ਮੁੱਖ ਵਿਸ਼ਾ ਵਸਤੂ ਸਪੱਸ਼ਟ ਹੋ ਜਾਵੇ ਤਾਂ ਮੈਂ ਇਸ ਦੇ ਲਈ ਢੁੱਕਵੇ ਸੀਰਸ਼ਕ ਦੀ ਤਲਾਸ਼ ਸ਼ੁਰੂ ਕਰ ਦਿੰਦਾ ਹੈ। ਭਾਵੇਂ ਇਹ ਜ਼ਰੂਰ ਨਹੀਂ ਕਿ ਅੰਤ ਵਿਚ ਪਹਿਲੀ ਵੇਰਾਂ ਸੋਚਿਆ ਸ਼ੀਰਸਕ ਹੀ ਅੰਤ ਵਿਚ ਰਹੇਗਾ, ਪਰ ਮੇਰੀ ਕੋਸ਼ਿਸ਼ ਇਹ ਰਹਿੰਦੀ ਹੈ ਕਿ ਸਾਰੀ ਕਹਾਣੀ ਇਹਨਾਂ ਦੋਹਾਂ ਪੱਖਾਂ ਤੇ ਹੀ ਸਿਰਜੀ ਜਾਵੇ।

ਇਸ ਤੋਂ ਬਾਅਦ ਮੇਰੀ ਸਾਰੀ ਸੋਚ ਕਹਾਣੀ ਤੇ ਪਾਤਰਾਂ ਉਤੇ ਕੇਂਦਰਤ ਹੋ ਜਾਂਦੀ ਹੈ। ਆਮ ਤੌਰ 'ਤੇ ਮੈਂ ਕਹਾਣੀ ਵਾਰੇ ਸੋਚਣਾ ਸ਼ੁਰੂ ਕਰ ਦਿੰਦਾ ਹਾਂ। ਕਈ ਵਾਰ ਅੱਖੀ ਡਿੱਠੀ ਕੋਈ ਘਟਨਾ ਤੋਂ ਵੀ ਕਹਾਣੀ ਦੀ ਸਿਰਜਣ ਬਾਰੇ ਸੋਚ ਸ਼ੁਰੂ ਹੁੰਦੀ ਹੈ। ਪਰ ਆਮ ਤੌਰ 'ਤੇ ਲਿਖਦੇ ਸਮੇਂ ਪਹਿਲਾਂ ਦਾ ਸੋਚਿਆ ਹੋਇਆ ਕਹਾਣੀ ਦਾ ਪਲਾਟ ਬਦਲ ਵੀ ਜਾਂਦਾ ਹੈ। ਕਈ ਵਾਰ ਲਿਖਦੇ ਲਿਖਦੇ ਕਹਾਣੀ ਆਪ ਹੀ ਗਤੀ ਫੜ੍ਹ ਲੈਂਦੀ ਹੈ, ਜਿਸ ਵਾਰੇ ਪਹਿਲਾਂ ਤੋਂ ਸੋਚਿਆ ਹੋਇਆ ਬਿਰਤਾਂਤ ਕੰਮ ਨਹੀਂ ਆਉਂਦਾ। ਮੇਰੇ ਲਈ ਸਭ ਤੋਂ ਵੱਡੀ ਚਨੌਤੀ ਇਹ ਹੁੰਦੀ ਹੈ ਕਿ ਮੈਂ ਸਮਾਜ ਵਿਗਿਆਨਕ ਖੋਜ ਦੇ ਹਿਸਾਬ ਨਾਲ ਨਾਵਲ ਲਿਖਦੇ ਹੋਏ ਕਿਸ ਢੰਗ ਨਾਲ ਤਰਕ ਨੂੰ ਦਰਕਿਸਾਰ ਕਰਾਂ। ਪਹਿਲਾਂ ਕਾਫੀ ਮੁਸ਼ਕਲ ਆਉਂਦੀ ਸੀ, ਪਰ ਹੁਣ ਮੇਰੇ ਲਈ ਇਹ ਸੌਖਾ ਹੋ ਗਿਆ ਹੈ।

ਜਦੋਂ ਮੈਂ ਅੰਮ੍ਰਿਤਸਰ ਯੂਨੀਵਰਸਿਟੀ ਆਇਆ ਸੀ, ਉਦੋਂ ਮੈਂ ਇਹ ਛੇਤੀ ਹੀ ਸਮਝ ਲਿਆ ਸੀ ਕਿ ਇਕ ਸਮਾਜਿਕ ਵਿਗਿਆਨਕ ਲਈ ਇਹ ਇਕ ਜੇਲ੍ਹ ਵਾਂਗ ਹੈ। ਜੇਕਰ ਸਮਾਜ ਨੂੰ ਸਮਝਣਾ ਹੈ ਤਾਂ ਵਿਭਿੰਨ ਪਿਛੋਕੜਾਂ ਦੇ ਲੋਕਾਂ ਨੂੰ ਮਿਲਣ ਦੀ ਜ਼ਰੂਰਤ ਹੈ। ਇਹ ਸਿਰਫ ਉਦੋਂ ਹੀ ਸੰਭਵ ਸੀ ਜਦ ਮੈਂ ਯੂਨੀਵਰਸਿਟੀ ਦੀ ਚਾਰਦੀਵਾਰੀ 'ਚੋਂ ਨਿਕਲ ਕੇ ਲੋਕਾਂ ਨੂੰ

ਨਿਰੰਤਰ ਮਿਲ ਸਕਾਂ। ਇਸੇ ਕੋਸ਼ਿਸ਼ ਵਿਚ ਮੈਂ ਇਕ ਸ਼ਹਿਰ ਦਾ ਮੁਹੱਲਾ ਲੱਭਿਆ ਤੇ ਉਥੇ ਰੋਜ਼ਾਨਾ ਜਾਣਾ ਸ਼ੁਰੂ ਕਰ ਦਿੱਤਾ। ਇਹ ਮੇਰੇ ਲਈ ਵਰਦਾਨ ਸਾਬਿਤ ਹੋਇਆ। ਕੁਝ ਘਟਨਾਵਾਂ ਇਸ ਕੋਸ਼ਿਸ਼ 'ਚੋਂ ਹੀ ਨਿਕਲੀਆਂ ਹਨ।

ਕੁਦਰਤੀ ਗੱਲ ਹੈ ਕਿ ਕਹਾਣੀ ਪਾਤਰਾਂ ਤੋਂ ਬਿਨਾਂ ਨਹੀਂ ਸੁਣਾਈ ਜਾ ਸਕਦੀ। ਪਾਤਰਾਂ ਨੂੰ ਸਿਰਜਣ ਲਈ ਮੈਂ ਕਈ ਗੱਲਾਂ ਦਾ ਖਿਆਲ ਰੱਖਦਾ ਹਾਂ। ਸਭ ਤੋਂ ਪਹਿਲਾ ਮੁੱਖ ਨਾਇਕ ਹੈ ਜਿਸਨੂੰ ਅੰਗਰੇਜ਼ੀ ਵਿਚ Protagonist ਆਖਦੇ ਹਨ। ਮੁੱਖ ਨਾਇਕ ਇਕ ਅਜਿਹਾ ਪਾਤਰ ਹੈ ਜੋ ਨਾਵਲ ਦੀ ਸਾਰੀ ਕਹਾਣੀ ਤੇ ਫਲਸਫੇ ਨੂੰ ਆਪਣੇ ਮੋਢਿਆਂ ਤੇ ਲੈ ਕੇ ਚਲਦਾ ਹੈ। ਕਈ ਪਾਠਕਾਂ ਨੂੰ ਕੋਈ ਹੋਰ ਪਾਤਰ ਵੀ ਵਧੀਆ ਲੱਗ ਸਕਦਾ ਹੈ। ਇਸ ਮਾਸਲੇ ਵਿਚ ਪਾਠਕ ਸ੍ਰੇਸ਼ਟ ਹੈ। ਪਰ ਮੈਂ ਆਮ ਤੌਰ 'ਤੇ ਮੁੱਖ ਨਾਇਕ ਨੂੰ ਕਹਾਣੀ ਦਾ ਭਾਰ ਚੁਕਾਉਂਦਾ ਹਾਂ। ਪਰ ਇਹ ਜ਼ਰੂਰੀ ਨਹੀਂ ਮੈਂ ਕੋਈ ਖੂਬਸੂਰਤ ਵਿਚਾਰਾਂ ਨੂੰ ਉਸ ਦੇ ਮੂੰਹ ਤੋਂ ਅਖਵਾਵਾਂ। ਮੇਰੇ ਲਈ ਉਸਦਾ ਵਰਤਾਵ ਕੇਂਦਰੀ ਮਹੱਤਤਾ ਰੱਖਦਾ ਹੈ। ਉਸ ਤੋਂ ਬਾਅਦ ਦੂਸਰੇ ਪਾਤਰ ਆ ਜਾਂਦੇ ਹਨ। ਮੇਰੇ ਲਈ ਇਹ ਜ਼ਰੂਰੀ ਨਹੀਂ ਕਿ ਫਿਲਮੀ ਕਹਾਣੀਆਂ ਵਾਂਗ ਉਸ ਵਿਚ ਕੋਈ ਮੁੱਖ ਨਾਇਕ ਜਾਂ ਨਾਇਕਾ ਹੋਵੇ। ਮੇਰੇ ਲਈ ਇਹ ਵੀ ਜ਼ਰੂਰੀ ਨਹੀਂ ਕਿ ਕਹਾਣੀ ਦਾ ਸੰਤੁਲਨ ਬਣਾਉਣ ਲਈ ਮਰਦ ਔਰਤ ਕਿਸੇ ਲੜਕੀ ਨੂੰ ਕੋਈ ਕਾਲਪਨਿਕ ਤੇ ਆਦਰਸ਼ ਪਿਆਰ ਕਰਦੇ ਦੱਸਣਾ ਕੋਈ ਜ਼ਰੂਰੀ ਨਹੀਂ ਹੈ। ਜੇ ਇਸ਼ਕ ਵੀ ਹੈ ਤਾਂ ਉਸ ਦੀ ਪ੍ਰਸੰਗਕਤਾ ਕਹਾਣੀ ਦੇ ਸੰਦਰਭ 'ਚ ਹੀ ਬਣਦੀ ਹੈ। ਇਹ ਵੀ ਕੋਸ਼ਿਸ਼ ਮੈਂ ਕਰ ਚੁੱਕਾ ਹਾਂ ਕਿ ਨਾਵਲ ਦਾ ਮੁੱਖ ਪਾਤਰ ਬਿਰਤਾਂਤ 'ਚ ਅਦ੍ਰਿਸ਼ ਹੀ ਰਹੇ।

ਪਾਤਰਾਂ ਦੀ ਸਿਰਜਣਾ ਇਕ ਕਹਾਣੀ ਦਾ ਹਿੱਸਾ ਹੁੰਦੀ ਹੈ, ਪਰ ਪਾਤਰਾਂ ਨੂੰ ਨਾਂ ਦੇਣਾ ਨਾਵਲਕਾਰ ਦੇ ਆਪਣੇ ਹੱਥ 'ਚ ਹੁੰਦਾ ਹੈ। ਕਿਸੇ ਵੀ ਪਾਤਰ ਨੂੰ ਨਾ ਦੇਣ ਦਾ ਖਾਸ ਮਨੋਰਥ ਹੁੰਦਾ ਹੈ। ਸਭ ਤੋਂ ਪਹਿਲਾਂ ਨਾਂ ਇੱਕ ਰੂਪਕ ਵੀ ਹੋ ਸਕਦਾ ਹੈ ਅਤੇ ਇਤਿਹਾਸਕ ਵੀ। ਇਹ ਨਾਵਲ ਦੀ ਕਿਸਮ ਤੇ ਨਿਰਭਰ ਕਰਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬ ਵਿਚ ਹਰ ਨਾਂ ਦਾ ਇਕ ਅਰਥ ਹੁੰਦਾ ਹੈ। ਇਹ ਅਰਥ ਕਿਸੇ ਮਿਥਿਹਾਸਕ ਇਤਿਹਾਸਕ ਸ਼ਖ਼ਸੀਅਤਾਂ ਦੇ ਨਾਂ ਤੇ ਵੀ ਹੋ ਸਕਦਾ ਹੈ। ਜਾਂ ਜਿਵੇਂ ਇਕ ਸ਼ਬਦ ਦੇ ਅਰਥ ਹੁੰਦੇ ਹਨ ਉਸ ਤਰ੍ਹਾਂ ਦਾ ਨਾਂ ਵੀ ਹੋ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਕੋਈ ਵੀ ਨਾਂ ਇਕ ਰੂਪਕ ਦੇ ਤੌਰ 'ਤੇ ਵਰਤਿਆ ਜਾ ਸਕਦਾ। ਮੈਂ ਆਮ ਤੌਰ 'ਤੇ ਜਦ ਵੀ ਕਿਸੇ ਪਾਤਰ ਦਾ ਨਾਮ ਚੁਣਦਾ ਹਾਂ ਤਾਂ ਆਪਣੇ ਨਿੱਜੀ ਅਨੁਭਵ ਤੋਂ ਅਤੇ ਜਾਂ ਇਤਿਹਾਸਕ ਤੇ ਮਿਥਿਹਾਸਕ ਸੰਦਰਭ ਵਿਚ ਚੁਣਦਾ ਹਾਂ। ਕਈ ਵਾਰ ਨਾਂ ਚੁਣਨ ਲੱਗਿਆ ਕੋਈ ਘਟਨਾ ਯਾਦ ਆ ਜਾਂਦੀ ਹੈ। ਪੰਜਾਬ ਵਿਚ ਨਾਂਵਾਂ ਦੀ ਚੋਣ ਬਹੁਤ ਸੀਮਿਤ ਹੈ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਨਾਂ ਕਿਸੇ ਨਾ ਕਿਸੇ ਤਰ੍ਹਾਂ ਧਾਰਮਿਕ ਪਛਾਣ ਦਾ ਵੀ ਆਧਾਰ ਹੁੰਦਾ ਹੈ। ਪਰ ਨਾਂ ਦੀ ਚੋਣ ਕਦੀ ਜਕੋਤੱਕੀ 'ਚ ਨਹੀਂ ਕੀਤੀ ਜਾਂਦੀ ਹੈ।

ਅੰਤ ਵਿਚ ਮੈਨੂੰ ਬਿਰਤਾਂਤ ਵਿਧੀ ਦੀ ਗੱਲ ਕਰਨੀ ਚਾਹੀਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਨਾਵਲ ਦੀ ਕਹਾਣੀ ਪਾਠਕ ਲਈ ਰੌਚਿਕ ਹੋਣੀ ਚਾਹੀਦੀ ਹੈ। ਇਸੇ ਕਾਰਨ ਇਹਨੂੰ ਲਿਖਣ ਲੱਗਿਆ ਮੇਰੀ ਕੋਸ਼ਿਸ਼ ਇਹ ਹੁੰਦੀ ਹੈ ਕਿ ਪਾਤਰ ਵਿਚ ਮੇਰੀ ਨਾਵਲ ਪੜ੍ਹਦਿਆ ਜਗਿਆਸਾ ਬਣੀ ਰਹੇ। ਪਰ ਸਾਰੇ ਪਾਠਕਾਂ ਦਾ ਪੱਧਰ ਸਮਰੂਪ ਨਹੀਂ ਹੁੰਦਾ। ਇਸ

ਲਈ ਇਹ ਜ਼ਰੂਰੀ ਹੈ ਕਿ ਭਾਸ਼ਾ ਬਹੁਤ ਹੀ ਸਰਲ ਹੋਵੇ ਅਤੇ ਉਹ ਭਾਸ਼ਾ ਵਿਚ ਨਾਵਲ ਲਿਖੀ ਜਾਵੇ ਜਿਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੋਵੇ। ਪਰ ਇਹ ਆਪਣੇ ਆਪ ਵਿਚ ਚਨੌਤੀ ਹੈ। ਇਹ ਜ਼ਰੂਰੀ ਨਹੀਂ ਕਿ ਇਕ ਸ਼ਬਦ ਦਾ ਸਿਰਫ ਇਕ ਹੀ ਅਰਥ ਹੋਵੇ। ਇਸੇ ਕਰਕੇ ਕਈ ਸ਼ਬਦ ਰੂਪਕ ਤੇ ਚਿੰਨ੍ਹ ਬਣ ਜਾਂਦੇ ਹਨ। ਉਹਨਾਂ ਦੀ ਵਰਤੋਂ ਦੀ ਮਹੱਤਤਾ ਵੱਧ ਜਾਂਦੀ ਹੈ। ਸ਼ਬਦਾਂ ਦੀ ਬਣਤਰ ਤੇ ਬੁਣਤਰ ਹੀ ਅੰਤਰਪਾਠ ਦੀ ਪ੍ਰਕ੍ਰਿਆ ਨੂੰ ਜਨਮ ਦਿੰਦੀ ਹੈ। ਸ਼ਬਦਾਂ ਦੀ ਵਰਤੋਂ ਸਮੇਂ ਇਹ ਜ਼ਰੂਰੀ ਹੁੰਦਾ ਹੈ ਕਿ ਲੇਖਕ ਆਪਣੇ ਜਹਿਨ ਨੂੰ ਉਸ ਅਵਸਥਾ ਵਿਚ ਲੈ ਕੇ ਆਵੇ ਜਿਸ ਵਿਚ ਸ਼ਬਦ ਆਪਣੇ ਆਪ ਹੀ ਬਹੁਪਾਠੀ ਰੂਪਕ ਦਾ ਰੂਪ ਲੈ ਲੈਣ। ਇਹ ਪ੍ਰਕ੍ਰਿਆ ਕਈ ਵਾਰ ਅਵਚੇਤਨ ਤੌਰ ’ਤੇ ਚਲਦੀ ਹੈ। ਕੋਈ ਵੀ ਆਲੋਚਕ, ਜੋ ਅਲੋਚਨਾ ਦੇ ਸਾਰੇ ਪੈਂਤੜੇ ਜਾਣਦਾ ਹੈ ਜਲਦੀ ਹੀ ਇਹ ਗੱਲ ਸਮਝ ਸਕਦਾ ਹੈ ਕਿ ਅੰਤਰਪਾਠ ਬਿਰਤਾਂਤ ਦੇ ਢਾਂਚੇ ਵਿਚ ਕੁਦਰਤੀ ਆ ਰਿਹਾ ਹੈ ਜਾਂ ਲਿਆਂਦਾ ਜਾ ਰਿਹਾ ਹੈ। ਇਹ ਕੁਦਰਤੀ ਆਵੇ ਤਾਂ ਇਸ ਗੱਲ ਦੀ ਕਨਸੋਅ ਮਿਲਣ ਲੱਗ ਜਾਂਦੀ ਹੈ ਕਿ ਨਾਵਲਕਾਰ ਕੋਲ ਇਕ ਫਿਲਾਸੌਫੀ ਹੈ ਅਤੇ ਉਸ ਦਾ ਗਿਆਨ ਆਪ ਮੁਹਾਰੇ ਰੂਪਕਾਂ ਦੇ ਰੂਪ ਵਿਚ ਬਿਰਤਾਂਤ ਦਾ ਹਿੱਸਾ ਬਣ ਰਿਹਾ ਹੈ।

ਮੈਨੂੰ ਆਮ ਤੌਰ ’ਤੇ ਇਹ ਤੱਥ ਦਾ ਅਹਿਸਾਸ ਰਹਿੰਦਾ ਹੈ ਕਿ ਕੋਈ ਵੀ ਨਾਵਲ ਬਹੁ-ਪੱਖੀ ਅਰਥ ਰੱਖਦੀ ਹੈ। ਇਹ ਪੱਖ ਪਾਠਕ ਦੀ ਆਪਣੀ ਖੁਦ ਮੁਖਤਿਆਰੀ ਦਾ ਹਿੱਸਾ ਹੁੰਦਾ ਹੈ। ਇਸ ਵਾਰੇ ਮੈਂ ਜ਼ਿਆਦਾ ਭਾਵੁਕ ਨਹੀਂ ਹੁੰਦਾ। ਉੱਤਰ ਆਧੁਨਿਕ ਆਲੋਚਨਾ ਦੇ ਦੌਰ ਵਿਚ ਪਾਠਕ ਦੀ ਸੁਤੰਤਰਤਾ ਅਹਿਮ ਹੈ। ਇਹ ਗੱਲ ਤਾਂ ਸਪੱਸ਼ਟ ਹੀ ਹੈ ਕਿ ਛਪਣ ਤੋਂ ਬਾਅਦ ਲੇਖਕ ਦਾ ਆਪਣੀ ਕਿਰਤ ਤੇ ਕੋਈ ਕੰਟਰੋਲ ਨਹੀਂ ਹੁੰਦਾ। ਸਭ ਕੁਝ ਪਾਠਕ ਦੇ ਹੱਥ ਵਿਚ ਹੁੰਦਾ ਹੈ।

ਭਾਸ਼ਾ ਤੋਂ ਬਾਅਦ ਸਮਾਂ ਆਉਂਦਾ ਹੈ। ਇਸ ਨੂੰ ਅਸੀਂ ਮੁੱਢਲੀ ਪੜ੍ਹਾਈ ਵਿਚ ਹੀ ਤਿੰਨ ਕਾਲਾਂ ਵਿਚ ਵੰਡਦੇ ਹਾਂ: ਵਰਤਮਾਨ, ਭੂਤ ਤੇ ਭਵਿਖ। ਮਨੁੱਖੀ ਕਾਰਜ ਵਿਚ ਇਹ ਤਿੰਨ ਕਾਲ ਹੀ ਮੌਜੂਦ ਹੁੰਦੇ ਹਨ। ਹਰ ਵਿਅਕਤੀ ਆਪਣੇ ਭੂਤਕਾਲ ਦੇ ਤਜਰਬਿਆਂ ਦੇ ਆਧਾਰ ’ਤੇ ਵਰਤਮਾਨ ਵਿਚ ਭਵਿਖ ਨੂੰ ਰੁਝਾਨ ਰੱਖਦੇ ਹੋਏ ਕਾਰਜ ਕਰਦਾ ਹੈ। ਇਹ ਹੀ ਕਾਰਨ ਹੈ ਕਿ ਅਸੀਂ ਹਰ ਵਿਅਕਤੀ ਦੇ ਕਾਰਜਾਂ ਦੇ ਆਧਾਰ ਤੇ ਹੀ ਉਸਦਾ ਭੂਤ ਸਮਝਣ ਦੀ ਕੋਸ਼ਿਸ਼ ਵੀ ਕਰਦੇ ਹਾਂ। ਸਾਨੂੰ ਇਹ ਵੀ ਸਮਝ ਆਉਂਦਾ ਹੈ ਕਿ ਉਸਦਾ ਇਕ ਕਾਰਜ ਨੂੰ ਕਰਦਿਆਂ ਹੋਇਆ ਕੀ ਨਿਸ਼ਾਨਾ ਜਾ ਟੀਚਾ ਸੀ। ਇਹ ਇਸ ਕਰਕੇ ਸੰਭਵ ਹੈ ਹਰ ਵਿਅਕਤੀ ਕੋਲ ਕਾਰਜ ਕਰਨ ਲਈ ਵਿਕਲਪ ਹੁੰਦੇ ਹਨ ਅਤੇ ਉਸ ਦੀ ਚੋਣ ਹੀ ਉਸ ਦਾ ਰੁਝਾਨ ਦਰਸਾਉਂਦੀ ਹੈ।

ਸਮੇਂ ਦਾ ਇਕ ਹੋਰ ਪਹਿਲੂ ਵੀ ਹੈ ਜਿਸ ਵਾਰੇ ਗੱਲ ਕਰਨੀ ਬਹੁਤ ਹੀ ਜ਼ਰੂਰੀ ਹੈ। ਉਹ ਹੈ ਕਿ ਇਕ ਨਾਵਲ ਦੀ ਕਹਾਣੀ ’ਚ ਸਮੇਂ ਦਾ ਕੀ ਕੈਨਵਸ ਹੈ। ਨਾਵਲ ਇਕ ਦਿਨ ਦੀ ਕਹਾਣੀ ਵੀ ਹੋ ਸਕਦੀ ਹੈ ਇਕ ਸਦੀ ਦੀ ਵੀ ਤੇ ਕਦੀ ਕਦੀ ਸਮੁੱਚੀ ਮਨੁੱਖੀ ਸਭਿਅਤਾ ਦੀ ਵੀ। ਸਮੇਂ ਦੀ ਕੋਈ ਸੀਮਾ ਨਹੀਂ। ਅੰਤਰਪਾਠ ਦੀ ਵਿਧੀ ਜਾਂ ਦਰਸ਼ਨ ਵਿਚ ਹਰ ਨਾਵਲ ਵਿਚ ਤਿੰਨ ਕਾਲ ਹਮੇਸ਼ਾ ਮੌਜੂਦ ਰਹਿੰਦੇ ਹਨ, ਪਰ ਆਪਣੇ ਬਿਰਤਾਂਤ ਵਿਚ ਸਮੇਂ ਦੀ ਸੀਮਾ ਬੰਨਣੀ ਨਾਵਲਕਾਰ ਦੀ ਆਪਣੀ ਅਜ਼ਾਦੀ ਦਾ ਹਿੱਸਾ ਹੈ। ਜਦੋਂ ਵੀ ਸਮਾਂ ਠੋਸ ਰੂਪ ਵਿਚ ਦਰਸਾਇਆ

ਜਾਂਦਾ ਹੈ, ਉਦੋਂ ਹੀ ਨਾਵਲ ਦੀ ਸਮਾਜ ਵਿਗਿਆਨਕ ਤੇ ਇਤਿਹਾਸ ਕੀਮਤ ਵੱਧ ਜਾਂਦੀ ਹੈ। ਪਰ ਇਸ ਵਾਰੇ ਮੈਂ ਕਦੀ ਭਾਵੁਕ ਹੋਣ ਦੀ ਕੋਸ਼ਿਸ਼ ਨਹੀਂ ਕੀਤੀ। ਸਮਾਂ ਦਾ ਵਰਨਣ ਇਕ ਅਵਚੇਤਨ ਪ੍ਰਕ੍ਰਿਆ ਹੈ ਜਿਸ ਵਿਚ ਲੇਖਕ ਨਿੱਜੀ, ਸਮਾਜਿਕ ਅਤੇ ਮਨੋਵਿਗਿਆਨਕ ਅਵੱਸਥਾ ਸ਼ਾਮਲ ਹੈ।

ਸਮਾਂ ਇਕ ਅਜੀਬ ਢੰਗ ਨਾਲ ਵੀ ਸਿਰਜਣ ਪ੍ਰਕ੍ਰਿਆ ਵਿਚ ਲਿਖਦੇ ਹੋਏ ਦਾਖਲ ਹੁੰਦਾ ਹੈ। ਇਸ ਤੋਂ ਭਾਵ ਹੈ ਕਿ ਕਹਾਣੀ ਦੀ ਗਤੀ। ਆਮ ਤੌਰ ’ਤੇ ਕਹਾਣੀ ਦਾ ਸਿੱਧੀ ਰੇਖਾ ਵਿਚ ਚਲਣਾ ਇਕ ਰਵਾਇਤੀ ਢੰਗ ਸਮਝਿਆ ਗਿਆ ਹੈ। ਸ਼ੁਰੂ ਵਿਚ ਤਕਰੀਬਨ ਸਾਰੇ ਨਾਵਲ ਇਸ ਤਰ੍ਹਾਂ ਲਿਖੇ ਜਾਂਦੇ ਸਨ। ਸਮੇਂ ਦੀ ਨਾਵਲ ਵਿਚ ਇਸ ਢੰਗ ਦੀ ਸੰਰਚਨਾ ਡਰਾਮੇ ਤੋਂ ਲਈ ਗਈ ਸੀ। ਡਰਾਮਾ ਪੰਜ ਅੰਕਾ ਵਿਚ ਹੁੰਦਾ ਹੈ। ਸ਼ੁਰੂ ਦੀ ਝਾਕੀ ਤੋਂ ਅੰਤ ਤੱਕ ਡਰਾਮੇ ਦੀ ਬਣਤਰ ਕਈ ਸਟੇਜਾਂ ਰਾਹੀਂ ਗੁਜ਼ਰਦੀ ਹੈ। ਇਸੇ ਤਰ੍ਹਾਂ ਹੀ ਨਾਵਲ ਲਿਖਿਆ ਜਾਂਦਾ ਸੀ। ਪਰ ਸਮੇਂ ਦੇ ਨਾਲ ਨਾਵਲ ਵਿਚ ਬਿਰਤਾਂਤ ਵਿਧੀਆਂ ਵਿਚ ਪਰਿਵਰਤਨ ਆਉਂਦੇ ਗਏ, ਪਰ ਅਜੇ ਵੀ ਨਾਵਲ ਵਿਚ ਵਕਤ ਨੂੰ ਇਕ ਸਿੱਧੀ ਰੇਖਾ ਵਿਚ ਹੀ ਲਿਆ ਜਾਂਦਾ ਹੈ। ਮੇਰੇ ਮੰਨਣਾ ਇਹ ਹੈ ਕਿ ਸਮੇਂ ਨੂੰ ਵਰਤਮਾਨ ’ਚ ਰਹਿੰਦਿਆਂ ਹੋਇਆ ਵੀ ਇਸ ਨੂੰ ਭੂਤ ਤੇ ਭਵਿਖ ਨਾਲ ਜੋੜਨਾ ਜ਼ਰੂਰੀ ਹੁੰਦਾ ਹੈ। ਨਹੀਂ ਤਾਂ ਪਾਠਕ ਵਿਚ ਅਕੇਵਾਂ ਆ ਜਾਂਦਾ ਹੈ ਜਾਂ ਜਗਿਆਸਾ ਘੱਟ ਜਾਂਦੀ ਹੈ। ਉਦਾਹਰਣ ਦੇ ਤੌਰ ’ਤੇ ਅਸੀਂ ਕਵਿਤਾ ਨੂੰ ਲੈ ਸਕਦੇ ਹਾਂ। ਕਵਿਤਾ ਵਿਚ ਸੁੰਦਰਤਾ ਵਿਅਕਰਣ ਦੇ ਟੁੱਟਣ ਵਿਚੋਂ ਨਿਕਲਦੀ ਹੈ। ਸ਼ਬਦਾਂ ਨੂੰ ਅੱਗੇ ਪਿਛੇ ਜੋੜਨ ਨਾਲ ਹੀ ਕਵਿਤਾ ਤੇ ਇਸਦੇ ਵਿਭਿੰਨ ਰੂਪ ਸਾਨੂੰ ਖਾਸ ਤਰ੍ਹਾਂ ਦੇ ਲੈਅ ਦਿੰਦੇ ਲੱਗਦੇ ਹਨ। ਮੈਂ ਜਦ ਨਾਵਲ ਲਿਖਦਾ ਹਾਂ ਤਾਂ ਇਹ ਮੰਨ ਕੇ ਚਲਦਾ ਹਾਂ ਕਿ ਸਿੱਧੀ ਰੇਖਾ ਵਿਚ ਬਿਰਤਾਂਤ ਦੀ ਸਿਰਜਣਾ ਕਰਨ ਦੀ ਬਜਾਏ ਇਸ ਨੂੰ ਇੱਧਰ-ਉਧਰ ਮੋੜਨਾ ਜ਼ਰੂਰੀ ਹੈ। ਪਰ ਇਸ ਦੇ ਬਾਵਜੂਦ ਕਹਾਣੀ ਦੀ ਗਤੀ ਨੂੰ ਕੋਈ ਮੌਲਿਕ ਫਰਕ ਨਹੀਂ ਪੈਣਾ ਚਾਹੀਦਾ।

ਬਿਰਤਾਂਤ ਵਿਧੀ ਦਾ ਅਗਲਾ ਪਹਿਲੂ ਹੈ ਕਿ ਨਾਵਲਕਾਰ ਕਹਾਣੀ ਨੂੰ ਕਿਵੇਂ ਤੋਰਦਾ ਹੈ। ਇਸ ਦੇ ਦੋ ਢੰਗ ਹੁੰਦੇ ਹਨ। ਇਕ ਉੱਤਮ-ਪੁਰਖੀ ਤੇ ਦੂਸਰਾ ਅਨਯ ਪੁਰਖੀ। ਹਰ ਲੇਖਕ ਦੀ ਆਪਣੀ ਪਸੰਦ ਹੁੰਦੀ ਹੈ। ਕਹਾਣੀ ਤੇ ਨਾਵਲ ਵਿਚ ਫਰਕ ਹੋਣ ਕਰਕੇ ਨਾਵਲ ਆਮ ਤੌਰ ’ਤੇ ਉੱਤਮ ਪੁਰਖੀ ਘੱਟ ਲਿਖੀ ਜਾਂਦੀ ਹੈ। ਨਾਵਲ ਦੇ ਪਾਤਰਾਂ ਦੇ ਚਰਿੱਤਰ ਨੂੰ ਸਿਰਜਣਾ ਇਕ ਵੱਡੀ ਚਨੌਤੀ ਬਣ ਜਾਂਦੀ ਹੈ। ਇਸ ਦੇ ਉਲਟ ਅਨਯ ਪੁਰਖ ਵਿਚ ਲਿਖਣ ਨਾਲ ਲੇਖਕ ਕੋਲ ਵਿਕਲਪ ਆ ਜਾਂਦੇ ਹਨ। ਆਮ ਤੌਰ ’ਤੇ ਕੁਝ ਸਫੇ ਭਰਨ ਤੋਂ ਬਾਅਦ ਲੇਖਕ ਕੋਲ ਕਈ ਤਰ੍ਹਾਂ ਦੀ ਅਜ਼ਾਦੀ ਘੱਟ ਜਾਂਦੀ ਹੈ। ਕਈ ਵਾਰ ਤਾਂ ਕਹਾਣੀ ਜਿਵੇਂ ਆਪਣੇ ਆਪ ਹੀ ਚੱਲ ਪੈਂਦੀ ਹੈ ਭਾਵੇਂ ਲੇਖਕ ਨੇ ਵੱਖਰਾ ਸੋਚ ਕੇ ਨਾਵਲ ਲਿਖਣੀ ਸ਼ੁਰੂ ਕੀਤੀ ਹੋਵੇ। ਇਹ ਆਮ ਹੀ ਹੋ ਜਾਂਦਾ ਹੈ। ਮੇਰੀ ਇਹੋ ਜਿਹੀ ਕੋਈ ਸੋਚ ਨਹੀਂ ਕਿ ਕਿਹੜੀ ਕਿਸਮ ਦੀ ਨਾਵਲ ਬੇਹਤਰ ਲਿਖੀ ਜਾ ਸਕਦੀ ਹੈ। ਕਈ ਵਾਰ ਇਹ ਸੋਚੀ ਹੋਈ ਕਹਾਣੀ ਦੇ ਅਨੁਸਾਰ ਫੈਸਲਾ ਹੋ ਜਾਂਦਾ ਹੈ।

ਨਿਸ਼ਕਰਮ ਦੇ ਤੌਰ ’ਤੇ ਮੈਂ ਇਹ ਹੀ ਆਖ ਸਕਦਾ ਹਾਂ ਕਿ ਸਿਰਜਣ ਪ੍ਰਕ੍ਰਿਆ ਕਿਸ ਵਿਧੀ ਅਨੁਸਾਰ ਉਜਾਗਰ ਹੁੰਦੀ ਹੈ, ਉਸ ਦਾ ਕੋਈ ਨਿਯਮ ਨਹੀਂ ਹੈ।

***

# ਮਾਤ ਲੋਕ-ਸਿਰਜਣਾ ਦੇ ਆਰ-ਪਾਰ

**ਡਾ. ਜਸਵਿੰਦਰ ਸਿੰਘ**

ਸਾਹਿਤ ਪੜ੍ਹਨ, ਪੜ੍ਹਾਉਣ ਤੇ ਆਲੋਚਨਾ ਤੋਂ ਸਿਰਜਣਾ ਵਲ ਦਾ ਮੋੜ ਮੈਨੂੰ ਖ਼ੁਦ ਨੂੰ ਵੀ ਪਿੱਛੇ ਝਾਕਿਆਂ ਖ਼ਾਸਾ ਅਦਭੁਤ ਜਾਪਦਾ ਹੈ। ਉਂ ਮੇਰੇ ਜੀਵਨ ਦਾ ਸਫ਼ਰ ਮੇਰੇ ਅੰਦਰਲੀ ਅਵੈੜ ਰੁਚੀ ਤੇ ਸਮਕਾਲੀ ਸਥਿਤੀਆਂ ਦੇ ਭੱਖਦੇ ਭੇੜਾਂ 'ਚੋਂ ਲਗਾਤਾਰ ਬਦਲਦਾ, ਮੋੜ ਕੱਟਦਾ ਆਇਆ ਹੈ। ਵਰਨਾ ਅਤਿ ਪੱਛੜੇ ਜਲੰਧਰ ਜਿਲ੍ਹੇ ਦੇ ਸਤਲੁਜ ਦੀ ਬਸ ਭੇਟ ਚੜ੍ਹਦੇ ਬਚੇ ਬੇਟ ਦੇ ਪਿੰਡ 'ਚ ਜੰਮ ਕੇ, ਉਹ ਵੀ ਆਮ ਕਿਸਾਨੀ ਘਰੇ, ਇਉਂ ਤੁਰਦੇ ਆਉਣਾ ਮੇਰੇ ਅਰਗਿਆਂ ਦੀ ਅਟੱਲ ਹੋਣੀ ਹੁੰਦੀ ਹੈ। ਜਿਥੇ ਪੜ੍ਹਾਈ ਨੂੰ 'ਫਾਲਤੂ' ਤੋਂ ਵਧ 'ਵਿਗੜਨਾ' ਮੰਨਿਆਂ ਜਾਂਦਾ ਸੀ ਉਦੋਂ! ਖ਼ੈਰ ਮੈਨੂੰ ਏਹੀ ਜਾਪਦੈ ਮੇਰੇ ਅੰਦਰ ਹਮੇਸ਼ਾ ਚਲਦੀ ਬੇਚੈਨ ਗੁਫ਼ਤਗੂ ਜੀਹਨੂੰ ਸੁਰਜੀਤ ਪਾਤਰ ਜੀ ਦੇ ਸ਼ਬਦਾਂ 'ਚ, 'ਜਿਥੇ ਲਫ਼ਜ਼ਾਂ 'ਚ ਢਲਦਾ ਹੈ ਮੇਰਾ ਲਹੂ' ਹੀ ਮੈਨੂੰ ਬਚਾਉਦੀਂ-ਚਲਾਉਂਦੀ ਆ ਰਹੀ ਹੈ।ਮੇਰੇ ਅਲੜ੍ਹ ਸੁਪਨੇ, ਮਾਸੂਮ ਸੱਧਰਾਂ ਸਮਕਾਲ ਦੇ ਵਿਕਰਾਲ ਚੱਕਰਵਿਯੂਆਂ 'ਚੋਂ ਜਿਹਨਾਂ ਤਰੱਦਦਾਂ ਦੇ ਬਲਬੂਤੇ ਬਚੇ-ਸੰਭੇ, ਏਹ ਰਚਨਾਕਾਰੀ ਹੀ ਇਸ ਦੀ ਢਾਰਸ ਹੈ।

ਐਸੀ ਹੀ ਵਕਤਾਂ ਦੀ ਫਰੋਲਾ-ਫਰੋਲੀ ਵਿਚ ਘਿਰਦਿਆਂ, ਤੁਰਦਿਆਂ, ਗੁੰਮਦਿਆਂ, ਲੱਭਦਿਆਂ, ਹੁੰਦੀ-ਹੋਈ ਗੁਫ਼ਤਗੂ ਹੀ ਮੇਰੇ ਸੁਪਨਸਾਜ਼ ਮਨ ਨੂੰ ਤੁੰਬਦੀ, ਟੁੰਬਦੀ, ਡੰਗਦੀ, ਆਰਾਂ ਲਾਉਂਦੀ ਰਹਿੰਦੀ ਹੈ।ਐਸੇ ਹੀ ਭਾਵੁਕ ਛਿਣਾਂ ਨੂੰ ਸਾਂਭਦੇ-ਜੀਂਦੇ-ਮਹਿਸੂਸਦੇ ਨੇ ਇਕ ਦਿਨ ਆਪਣੇ ਨੇੜੇ ਦੇ ਸਾਕ ਦੀ ਦਿਲ 'ਚ ਪੁੜੀ ਰਹਿੰਦੀ ਕਹਾਣੀ ਲਫ਼ਜ਼ਾਂ 'ਚ ਪਰੋ ਦਿਤੀ, 'ਪਰਦੇਸੀ' ਕਹਾਣੀ ਵਿਚ ਅਰਬ ਮੁਲਕੋਂ 'ਖੱਟੀ-ਕਮਾਈ' ਕਰਨ ਗਏ ਪਰਤੇ ਮੁੰਡੇ ਦਾ ਫੌਰਨ ਵਿਆਹ ਤੇ ਮਗਰਲੇ ਕਲੇਸ਼ਾਂ-ਬਿਖਰਾਵਾਂ-ਦੁੱਖਾਂ ਦੁਆਲੇ ਦੀ ਖਿੰਡਣ-ਸੰਭਲਣ ਦੀ ਮੁਸ਼ਕਲ ਘਾਟੀ ਬਾਰੇ—ਕਿਰਪਾਲ ਕਜ਼ਾਕ ਦੀ ਬਦੌਲਤ, ਡਾ. ਰਘਬੀਰ ਸਿੰਘ ਸਿਰਜਣਾ ਜੀ ਦੀ ਜ਼ਰਾ-ਨਿਵਾਜ਼ੀ ਨੇ ਐਸੀ ਹਲਾਸ਼ੇਰੀ ਦਿਤੀ—ਐਸਾ ਹੁਲਾਰਾ ਦਿੱਤਾ—।ਖੁਹ-ਖਾਤੇ 'ਤੇ ਹੋਈ ਚਰਚਾ ਮਗਰੋਂ ਮੈਨੂੰ ਵਾਹਵਾ ਵਿਸ਼ਵਾਸ ਹੋ ਗਿਆ।

ਮੇਰੇ ਬਹੁਤ ਨੇੜੇ ਵਿਚਰਦੇ ਜ਼ਿੰਦਗੀ ਨਾਲ ਖਹਿ ਕੇ ਰਹਿੰਦੇ-ਜੀਉਂਦੇ, ਸੱਚੇ ਸੁਪਨਿਆਂ ਦਾ ਪਿੱਛਾ ਕਰਦੇ, ਡਿਗਦੇ, ਉਠਦੇ, ਦੁੱਖ ਝੱਲਦੇ, ਰਾਹ ਬਣਾਉਂਦੇ ਮਨਰਾਜ ਵਰਗੇ ਦਰਜਨਾਂ ਪਾਤਰ ਮੈਨੂੰ ਅਠੋ ਪਹਿਰ ਘੇਰੀ ਰੱਖਦੇ ਨੇ। ਮੈਨੂੰ ਆਪਣੇ ਨਾਲ ਵਾਪਰੀਆਂ-ਵਾਪਰ ਰਹੀਆਂ ਦੇ, ਝੱਲੇ ਜਾ ਰਹੇ ਦੁੱਖਾਂ-ਕਸ਼ਟਾਂ ਤੇ ਅਧਵਾਟੇ ਟੁੱਟ ਗਏ-ਰਹੇ ਮਾਸੂਮ ਸੁਪਨਿਆਂ ਬਾਰੇ ਅਣਸੁਲਝੇ, ਬੇਜਵਾਬੇ ਸਵਾਲ ਪੁੱਛਦੇ ਰਹਿੰਦੇ ਨੇ....ਮਨਰਾਜ ਵਰਗੀਆਂ ਦਰਜਨਾਂ ਸਿਆਣੀਆਂ, ਸੰਜਮੀ, ਸਲੀਕੇ ਭਰੀਆਂ ਕੁੜੀਆਂ-ਔਰਤਾਂ..ਆਪਣੇ ਨਾ ਕੀਤੇ ਜੁਰਮਾਂ ਦੀ ਸਜ਼ਾ ਭੁਗਤ ਰਹੀਆਂ...."ਮੈਂ ਤਾਂ ਸਿਰਫ਼ ਏਸਨੂੰ ਪਿਆਰ ਕੀਤਾ", "ਏਹ ਮੇਰੇ ਨਾਲ ਹੀ ਕਿਉਂ ਹੋ ਰਿਹੈ".....। ਮੈਂ ਉਸ ਦੌਰ 'ਚ ਜਵਾਨੀ ਦੀਆਂ ਪੌੜੀਆਂ ਚੜ੍ਹਿਆ, ਜਦ ਨਵੇਂ ਖਿਆਲ, ਨਵੇਂ ਸਮਾਜ, ਨਵੇਂ ਰਿਸ਼ਤਿਆਂ, ਮੁਹੱਬਤਾਂ ਦੀਆਂ ਬਾਤਾਂ ਪੈ ਰਹੀਆਂ ਸਨ; ਪਿਆਰ ਤੇ ਪਿਆਰ/ਵਿਆਹ ਰਾਹ ਵੀ ਤੇ ਮੰਜ਼ਿਲ ਵੀ ਜਾਪਦੇ ਸਨ; ਪਰ ਬਹੁਤ ਕੁਛ ਸੋਹਣੇ ਦੇ ਨਾਲ-ਨਾਲ ਦੁਖਦਾਇਕ ਤੇ ਜਾਨਲੇਵਾ ਵੀ ਹੁੰਦਾ ਰਿਹਾ। ਮੈਂ ਐਸੇ ਪਿਆਰਾਂ ਤੇ ਪਿਆਰ-ਵਿਆਹਾਂ ਦੇ ਸੁਹਾਵਣੇ ਮੰਜ਼ਰਾਂ ਦੇ ਨਾਲ-ਨਾਲ ਤਣਾਓ-ਖਿੰਡਾਓ ਭਰੀ ਭਟਕਣਾ ਤੇ ਉਦਾਸੀ ਹੰਢਾਉਂਦਿਆਂ

'ਚੋਂ ਗੁਜ਼ਰਿਆ ਤੇ ਮੇਰੇ ਅੰਦਰ ਵਾਪਰ ਰਹੀ ਬੇਚੈਨ ਗੁਫ਼ਤਗੂ ਨੇ ਮੈਥੋਂ 'ਕਸਤੂਰੀ' ਕਹਾਣੀ ਲਿਖਵਾਈ। ਫਿਰ ਵੀ ਤਸੱਲੀ ਨਾ ਹੋਈ, ਮੈਂ ਮਾਤ ਲੋਕ ਦੀ ਲੰਮੀ ਬਾਤ ਪਾਈ....ਕਹਾਣੀ ਅਜੇ ਮੁੱਕੀ ਥੋੜੀ ਆ!

ਮਨਰਾਜ ਦੇ ਸੁਲਗਦੇ ਸਵਾਲਾਂ ਦੇ ਆਰ-ਪਾਰ, ਉਸਦੀ ਸਵੈਮਾਣ ਨਾਲ ਜੀਣ ਦੀ, ਪ੍ਰਬਲ ਭਾਵਨਾ ਦੇ ਵਿਚਦੀ ਮੈਂ ਬਲਦੇਵ ਦਾ ਅੰਦਰ-ਬਾਹਰ ਫਰੋਲਿਆ-ਬਲੀ ਤੇ ਜੱਗਾ ਦਾ ਔਖਾ-ਸੌਖਾ, ਖ਼ਤਰਿਆਂ ਭਰਿਆਂ-ਚਾਵਾਂ ਲੱਧਾ ਜੀਵਨ ਵੀ ਮਾਣਿਆ/ਕਾਲਾ-ਚਿੱਟਾ ਪੇਂਟ ਕਰ, ਭਾਰੂ ਪੂਰਵ ਗ੍ਰਹਿ ਕਥਾ 'ਚ ਪਰੋ, ਸਿਧੜ ਹੱਲ ਨਾ ਜੀਵਨ 'ਚ ਸੰਭਵ ਹਨ, ਨਾ ਮੇਰੇ ਨਾਵਲ 'ਚ ਏਵੇਂ ਹੋ ਸਕਿਆ....ਸਮਾਜੀ-ਫ਼ਿਤਰਤੀ ਭੇੜਾਂ ਦਾ ਮੁਸਲਸਲ ਬੇਲਿਹਾਜ਼ਾ ਅਖਾੜਾ ਹੈ ਇਹ ਜੀਵਨ ਤੇ ਇਹ ਕਲਾਵਾਂ/ਫ਼ਿਤਰਤਾਂ ਦੇ ਆਪਣੇ ਰੰਗ ਨੇ.....ਕਾਮਨਾਵਾਂ ਦੀ ਆਪਣੀ ਤਰ੍ਹਾਂ ਦੀ ਜੰਮਣ ਭੂਮੀ ਹੈ ਤੇ ਜਿਵੇਂ ਏਹ ਅਮਰਵੇਲ ਤਰ੍ਹਾਂ ਫੈਲਦੀਆਂ ਨੇ....ਏਹ ਲੀਲਾ ਬੜੀ ਅਦਭੁਤ ਹੈ। ਬਸ ਮੈਂ ਇਸਦੇ ਜੀਵੰਤ ਰੰਗਾਂ-ਰੂਪਾਂ, ਮਹਿਕਾਂ-ਬਦਬੂਆਂ, ਉਤਰਾਵਾਂ-ਚੜ੍ਹਾਵਾਂ, ਬੁਲੰਦੀਆਂ-ਨਿਵਾਣਾਂ ਦੀ ਬਾਤ ਪਾਉਣ ਦੀ ਕੋਸ਼ਿਸ਼ 'ਚ ਹਾਂ.....ਭੇੜ ਵਿਚੋਂ ਅਰਥਾਂ-ਅਨਰਥਾਂ ਦੀਆਂ ਰਮਜ਼ਾਂ ਪਛਾਨਣ ਦੇ ਆਹਰ ਵਿਚ ਹਾਂ। ਇਹ ਪਾਤਰ ਜੀਵਨ ਵਿਚ ਹੀ ਵਿਹਰੇ-ਵਿਟਰੇ, ਰੁੱਸੇ-ਗੁੱਸੇ 'ਚ ਨਹੀਂ ਹੁੰਦੇ, ਮੇਰੇ ਮੂਹਰੇ ਵੀ ਵਿਹਰ ਖਲੋਂਦੇ ਨੇ....ਮੇਰੀ ਆਤਮਾ ਨੂੰ ਟੁੰਬਦੇ ਨੇ....ਮੇਰੀ ਜ਼ਿਆਦਤੀ ਨੂੰ ਸਹਿਣ ਨਹੀਂ ਕਰਦੇ....ਮੈਨੂੰ ਸੱਚੇ ਕਲਾਕਾਰੀ ਫ਼ਰਜ਼ਾਂ ਦੀ ਗੁਹਾਰ ਲਾਉਂਦੇ ਨੇ...ਉਹਨਾਂ ਪਲਾਂ 'ਚ ਮੈਂ ਉਹਨਾਂ ਦੇ ਅੰਦਰ ਵੀ ਹੁੰਨਾ, ਨਾਲ ਵੀ, ਆਸ-ਪਾਸ....ਤੇ ਏਨਾਂ ਇਕੱਲਾ, ਏਨਾਂ ਭਰਿਆ, ਏਨਾ.....ਮੈਨੂੰ ਕੋਈ ਵੇਖੇ ਤਕ ਨਾ, ਮੇਰੇ ਆਸ-ਪਾਸ ਵੀ ਨਾ ਹੋਵੇ....ਉਹ ਆਪਣਾ ਦਿਲ ਫਰੋਲਦੇ ਨੇ....ਖੁਸ਼ੀਆਂ,ਹਉਕੇ, ਚਾਅ, ਗਮ, ਉਮੰਗਾਂ, ਉਦਾਸੀਆਂ, ਭੇਤ...ਚੋਰੀਆਂ, ਮੈਂ ਉਹਨਾਂ ਨਾਲ ਹੱਸਦਾ ਹਾਂ, ਰੋਂਦਾ ਹਾਂ, ਹੁੱਭਕੀਆਂ ਭਰਦਾਂ ਹਾਂ, ਅੱਖਾਂ ਭਰ-ਭਰ ਆਉਂਦੀਆਂ ਨੇ, ਦਿਲਾਸੇ ਦਿੰਦਾ ਹਾਂ....ਦਾਸਤਾਨ ਲਿਖਦਾ ਹਾਂ।

ਮਨਰਾਜ ਨੇ ਕਿੰਨੇ ਅਰਮਾਨਾਂ ਨਾਲ, ਕਿੰਨੇ ਸਾਕ ਤੋੜ ਮਨ ਬਣਾ ਬਲਦੇਵ ਨੂੰ ਪਿਆਰ ਹੁੰਗਾਰਾ ਭਰਿਆ.... ਓਸੇ ਨੇ ਮਨਰਾਜ ਨੂੰ ਤਲਾਕ ਕਾਗਜ਼ਾਂ 'ਤੇ ਦਸਤਖ਼ਤ ਕਰਨ ਲਈ ਇਉਂ ਕਹਿ ਸੁਣਾਇਆ ਜਿਓਂ ਬਿਜਲੀ ਬਿਲ ਭਰਨਾ ਹੋਵੇ...ਤੇ ਮਨਰਾਜ....ਉਹਦੇ ਜਿੰਮੀ-ਅਸਮਾਨ ਹਿਲ ਗਏ....ਸ਼ਬਦਾਂ ਨੂੰ ਜਿਚ ਕਰਦਾ ਗ਼ਮ, ਪਰਲੋ.....ਏਹ ਮਨਰਾਜ ਬਣ ਹੋ ਜੀਣ ਦਾ ਕਹਿਰਵਾਂ ਇਮਤਿਹਾਨ ਸੀ....ਲੰਮਾ ਸਮਾਂ ਮੈਂ ਏਸ ਤੋਂ ਅੱਗੇ ਉਲਝਿਆ ਰਿਹਾ-ਤਲਾਕ ਦੇ ਅੰਦਰਵਾਰ, ਆਰ-ਪਾਰ, ਪਿਆਰਾਂ, ਵਿਆਹਾਂ, ਪਰਿਵਾਰਾਂ, ਕਾਨੂੰਨਾਂ ਦੀ ਕੁੜਿਕੀ 'ਚ ਫਾਥਾ...ਮੈਂ ਮਨਰਾਜ ਦੇ ਮਾਸੂਮ ਤੇ ਸੱਚੇ ਸੁਪਨਿਆਂ ਦੇ ਹਾਣ ਦਾ ਰਾਹ ਤਲਸ਼ਦਾ ਰਿਹਾ....ਜੋ ਗਧਿਆਂ ਦੇ ਸਿਰੋਂ ਸਿੰਗਾਂ ਵਾਂਗ ਗ਼ਾਇਬ ਸੀ, ਹੁਣ ਵੀ ਗ਼ਾਇਬ ਹੈ। ਮੇਰੇ ਵਰਗੇ, ਮਨਰਾਜ ਵਰਗੇ, ਖ਼ੁਦ ਵਿੰਝੜੇ ਬਲਦੇਵ ਤਲਾਸ਼ 'ਚ ਭਟਕ ਰਹੇ ਨੇ....ਜ਼ਿੰਦਗੀ ਹਿਸਾਬ ਦਾ ਸਵਾਲ ਥੋੜੀ ਹੈ-ਨਾ ਲਾਭ-ਹਾਨੀ ਦਾ ਹੀ! ਵੱਡੇ, ਵਿਕਰਾਲ ਕਹਿਰ ਦੇ ਸਵਾਲ ਪਾਉਂਦਾ ਹੈ ਸਮਾਜ...ਏਸੇ ਦੇ ਬੁਲੰਦ ਇਨਸਾਨੀ ਜਵਾਬ ਤਲਾਸ਼ਦੇ...ਦਿੰਦੇ ਨੇ ਅਸਲ ਲੋਕ, ਅਸਲ ਪਾਤਰ!

ਮੈਂ ਜੋ ਸਰਿਆ-ਬਣਿਆ, ਉਵੇਂ ਮਾਤ ਲੋਕ ਸੰਪੰਨ ਕਰ ਦਿਤਾ, ਪਰ 'ਇਹ ਅੰਤ ਨਹੀਂ' ਨਾਲ । ਇਕ ਭੇੜ ਮਚਾ ਕੇ, ਹਰ ਪਾਤਰ ਤੇ ਹੋਰਾਂ ਦੇ ਸੁਰਾਂ ਦੇ ਨਾਲ-ਨਾਲ...ਮੈਨੂੰ ਤਸੱਲੀ ਹੈ, ਏਸ ਨੇ ਪੰਜਾਬੀ ਦੇ ਹੋਣਹਾਰ ਪਾਠਕਾਂ ਤੇ ਪਾਰਖੂ ਸੱਜਣਾ ਦਾ ਠੀਕ; ਸਗੋਂ ਚੰਗਾ ਧਿਆਨ ਖਿਚਿਆ। ਮੇਰੇ ਕੁਝ ਮਿਹਰਬਾਨ ਮਿੱਤਰਾਂ ਨੇ ਖਰੜਾ ਪੜ੍ਹਨ ਦਾ ਵਕਤ ਕੱਢਿਆ ਤੇ ਖ਼ਰਾ ਸਾਫ਼

ਹੁੰਗਾਰਾ ਭਰਿਆ, ਮੈਂ ਦੱਸ ਨਹੀਂ ਸਕਦਾ, ਉਹਨਾਂ ਮੇਰੀਆਂ ਕਿੰਨੀਆਂ ਗੜਬੜਾਂ, ਗਲਤੀਆਂ ਚੁੱਪ-ਚੁਪੀਤੇ ਦੂਰ ਕਰਵਾ ਦਿੱਤੀਆਂ, ਖ਼ਾਸ ਕਰ ਬੇਹਤਰੀ ਲਈ ਕਾਰਗਰ ਸੁਝਾਅ ਦਿਤੇ। ਧਨਵੰਤ ਤਾਂ ਖ਼ੈਰ ਮੁਢੋਂ-ਆਖ਼ਰ ਤੀਕ ਮੇਰੀ ਹਮਸਫ਼ਰ ਹੈ ਹੀ!

ਮੈਨੂੰ ਇਸ ਤੋਂ ਵੀ ਇਕ ਹੋਰ ਦਿਲਚਸਪੀ ਛਪਣ ਮਗਰਲੇ ਹੁੰਗਾਰਿਆਂ ਦੀ ਰਹਿੰਦੀ ਹੈ। ਮਾਤ ਲੋਕ ਨੂੰ ਨਿਰਸੰਦੇਹ ਮੇਰੀ ਤਵੱਕੋਂ ਤੋਂ ਵਧੇਰੇ ਸੁਹਣਾ ਹੁੰਗਾਰਾ ਮਿਲਿਆ। ਏਸ ਹੁੰਗਾਰੇ ਨੇ ਮੇਰੀ ਜ਼ੁੰਮੇਵਾਰੀ ਹੋਰ ਵਧਾ ਦਿੱਤੀ ਹੈ।

ਮੇਰੇ ਭਤੀਜੇ ਅਮਨਦੀਪ ਨੇ ਪੜ੍ਹਿਆ-ਖੁਸ਼ ਹੋਇਆ....ਮੈਂ ਕਿਹਾ ਜੋ ਠੀਕ ਨਹੀਂ ਲੱਗਾ, ਉਹ ਵੀ ਦੱਸ, ਆਂਹਦਾ, 'ਡਾਇਰੀ ਚਿੱਠੀਆਂ ਦੀ ਕੀ ਲੋੜ ਸੀ'..., ਮੈਂ ਚੌਂਕਿਆ...'ਕਹਾਣੀ ਰੁਕ ਗਈ।' ਮੈਂ ਸੁਣਦਾ ਰਿਹਾ...ਫਿਰ ਸੋਚਦਾ ਰਿਹਾ...

ਕੁਝ ਨੇ ਕਿਹਾ ਲੰਮਾ ਹੈ। ਦੋ ਬਣਾ ਲੈਂਦਾ। ਕੁਝ ਪ੍ਰੋਫੈਸਰ ਸਾਥੀ ਗਿਲ੍ਹਾ ਕਰਦੇ ਰਹੇ, 'ਨਾਵਲ ਤਾਂ ਅਸੀਂ ਲਿਖਣਾ ਸੀ!'

ਮਿੱਤਰ ਡਾ. ਗੁਰਪਾਲ ਸੰਧੂ ਜ਼ੋਰ ਪਾਉਂਦਾ ਰਿਹਾ, ਮਾਤ ਲੋਕ ਭਾਗ ਦੂਸਰਾ ਜ਼ਰੂਰ ਲਿਖਾਂ। ਇਕ ਸਿਆਣੇ ਸਮਕਾਲੀ ਨੇ ਇਕ ਕਾਂਡ ਦੀ ਕੁਝ ਪੇਸ਼ਕਾਰੀ ਨੂੰ ਨਾ ਪਸੰਦ ਕੀਤਾ। ਜਿਵੇਂ ਮੇਰੇ ਕੋਲ ਮੇਰੇ ਦਿਲ ਦੇ ਕਰੀਬ ਜੀਂਦੇ ਪਾਤਰਾਂ ਦੇ ਦਰਦੀਲੇ ਸਵਾਲਾਂ ਦੇ ਤਤਫ਼ਟ ਕੀ, ਲੰਮੇ ਸਮੇਂ ਤਕ ਜਵਾਬ ਨਹੀਂ ਹੁੰਦੇ-ਅਹੁੜਦੇ...ਅਸੀਂ ਰਲ਼ ਕੇ ਸਮਾਜੀ-ਨਿਜੀ ਜ਼ਿੰਦਗੀ 'ਚੋਂ ਸ਼ਾਇਦ ਕੁਛ ਬਦਲ-ਰਾਹ ਲਭ ਸਕੀਏ; ਇਵੇਂ ਉਹ ਸਵਾਲ ਮੇਰੇ ਨਾਲ ਹਮੇਸ਼ਾ ਗੁਫ਼ਤਗੂ ਕਰਦਾ ਹੈ, ਐਸੇ ਹੋਰ ਵੀ ਸਵਾਲ ਨੇ। ਸੁਹਜ, ਕਦਰਾਂ-ਕੀਮਤਾਂ ਦੀ ਪੇਸ਼ਕਾਰੀ ਦੇ ਐਸੇ-ਤਹਿਜ਼ੀਬੀ ਸਲੀਕੇ' ਘੜਨ-ਲੱਭਣ 'ਚ ਮੈਂ ਵੀ ਲੱਗਾ ਰਹਿੰਦਾ ਹਾਂ, ਜਿਸ ਨਾਲ ਅਸਲ ਗੱਲ ਸੁਹਜ-ਸਲੀਕੇ ਨਾਲ ਸਮੂਹਿਕ ਰੂਪ ਵਿਚ ਜਚੇ...ਏਹ ਸਵਾਲ ਮੈਨੂੰ ਤੰਗ ਨਹੀਂ ਕਰਦੇ, ਔਖ ਨਹੀਂ ਦਿੰਦੇ....ਸਗੋਂ ਮੈਨੂੰ ਨਵੇਂ ਢੰਗ ਨਾਲ, ਨਵੇਂ ਪਾਸੇ ਵਲ ਤੋਰਦੇ ਹਨ...ਚਾਹੇ ਆਰ ਲਾਵਣ, ਚਾਹੇ ਉਂਗਲੀ, ਚਾਹੇ ਉਕਸਾਉਣ, ਚਾਹੇ ਖਿਚਣ!

ਮੇਰਾ ਤਾਂ ਲਿਖਣਾ ਹੀ ਜਾਨਣ-ਖੋਲ੍ਹਣ ਤੇ ਨਵਾਂ ਸਿਰਜਣ ਦੀ ਅਬੁੱਝ ਜੁਸਤਜੂ 'ਚੋਂ ਪਨਪਦਾ ਹੈ। ਮੈਨੂੰ ਏਹ ਭਰਮ ਨਹੀਂ ਮੈਂ ਏਹ ਜਾਂ ਹੋਰ ਸਭ ਕੁਛ ਜਾਨਣਯੋਗ ਜਾਣ ਲਿਆ ਹੈ। ਮੈਂ ਤਾਂ ਸਗੋਂ ਜਾਨਣ, ਹੋਰ ਜਾਨਣ ਖ਼ਾਤਰ ਲਿਖਦਾ ਹਾਂ....ਜਾਣੇ ਨੂੰ ਪਰਖਦਾ ਹਾਂ....ਪਰਖ਼ੇ ਨੂੰ ਹੋਰਾਂ ਨਾਲ ਸਾਂਝਾ ਕਰਦਾ ਹਾਂ....ਏਹਦੇ 'ਚ ਹਰ ਪਾਠਕ ਦੀ ਸਰਗਰਮ ਭਾਈਵਾਲੀ ਦੀ ਆਸ ਕਰਦਾ ਹਾਂ। ਵੱਡੇ ਲੇਖਕ ਠੀਕ ਆਖ ਗਏ, ਲੇਖਕ ਅੱਧਾ-ਪੁਲ ਬਣਾਉਂਦਾ ਹੈ, ਬਾਕੀ ਦਾ ਅੱਧਾ-ਪੁਲ ਪਾਠਕ-ਦਰਸ਼ਕ ਖ਼ੁਦ ਬਣਾਉਂਦਾ ਹੈ। ਲਿਖਦਿਆਂ ਮੈਂ ਖ਼ੁਦ 'ਤੇ ਕਈ ਬੰਦਿਸ਼ਾਂ ਲਾਉਂਦਾ ਹਾਂ। ਪਛਾਤੇ ਨੂੰ ਪਰੋਸਣਾ, ਪੀਠੇ ਨੂੰ ਮੁੜ ਪੀਹਣ ਬੈਠ ਜਾਣਾ ਮੈਨੂੰ ਭੋਰਾ ਪਸੰਦ ਨਹੀਂ। ਪਾਠਕ ਵੀ ਸੁਹਜ ਸੰਵੇਦਨਾ 'ਤੇ ਵੱਡਾ ਭਰੋਸਾ ਮੇਰੀ ਲੇਖਣੀ ਦਾ ਆਧਾਰ ਹੈ...ਸਿਰਫ਼ ਵਾਸਤਵਿਕਤਾ ਦੀ ਪਰਕਰਮਾ ਕਰੀ ਜਾਣਾ ਠੀਕ ਨਹੀਂ। ਸ਼ਬਦ ਗੂੰਜਣ ਪਿੱਛੇ ਸਮਾਜੀ-ਮਨੁਖੀ ਰਮਜ਼ਾਂ ਪਾਠਕ ਦੇ ਕੋਮਲ ਹਿਰਦੇ ਸਿਹਰਨਾਂ ਉਪਜਾਣ...ਜਿੰਨੇ ਤਕੜੇ ਰੰਗ-ਨਾਦ ਭਾਵ ਉਪਜਾ ਸਕੀਏ...ਸ਼ਬਦਾਂ ਦੇ ਜਿਸਮ ਬੋਲਣ, ਉਹਨਾਂ ਰੂਹ ਬੋਲੇ...ਸਾਰਾ ਪਹਿਰਨ ਨਿਆਰਾ ਸਜੇ-ਲੱਗੇ ਤੇ ਇਹ ਸ਼ਬਦ ਸੁਹਜ-ਇਨਸਾਨੀ ਕਦਰਾਂ-ਕੀਮਤਾਂ ਅਜੋਕੇ ਬਾਜ਼ਾਰੀ ਧੁੰਦੂਕਾਰੇ ਵਿਚ ਆਵਦੀ ਹੋਂਦ ਹਸਤੀ, ਬੁਲੰਦੀ ਕਾਇਮ ਹੀ ਨਹੀਂ, ਹੋਰ ਉਚੀ-ਸੁੱਚੀ-ਸੱਚੀ ਬਣਾਉਂਦੇ ਰਹਿਣ!

# ਸਮਕਾਲ ਅਤੇ ਮੇਰੀ ਨਾਵਲੀ ਸਿਰਜਣਕਾਰੀ

**-ਸੰਤੋਖ ਧਾਲੀਵਾਲ**

ਕਿਸੇ ਵੀ ਸਮਾਜ ਦੀ ਸਥਿਤੀ ਜਾਨਣ ਲਈ ਸਮਾਜਕ ਕਦਰਾਂ-ਕੀਮਤਾਂ ’ਤੇ ਝਾਤ ਮਾਰਨੀ ਜਿੱਥੇ ਜ਼ਰੂਰੀ ਹੈ ਉੱਥੇ ਉਨ੍ਹਾਂ ਵੇਲਿਆਂ ’ਚ ਰਚਿਆ ਜਾ ਰਿਹਾ ਸਾਹਿਤ ਵਾਚਣਾ ਵੀ ਅਹਿਮ ਹੈ। ਇਹ ਆਮ ਪੜ੍ਹਿਆ ਸੁਣਿਆ ਜਾਂਦਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਮੈਂ ਇਸ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। ‘ਸਾਹਿਤ ਜ਼ਿੰਦਗੀ ਦਾ ਆਈਨਾ ਹੋਣਾ ਚਾਹੀਦਾ ਹੈ ਜਾਂ ਉਹਨੂੰ ਜ਼ਿੰਦਗੀ ਦੀ ਅਸਲ (ਯਥਾਰਥ) ਤਸਵੀਰ ਰੂ...ਬ...ਰੂ ਪੇਸ਼ ਕਰਨੀ ਚਾਹੀਦੀ ਹੈ। ਜਿਵੇਂ ਕੈਮਰੇ ਨਾਲ ਖਿੱਚੀ ਫੋਟੋ ਬਹੁਤੀ ਕਲਾਤਮਕ ਨਹੀਂ ਹੁੰਦੀ, ਓਸੇ ਤਰ੍ਹਾਂ ਨਿਰਾ ਫੋਟੋਗ੍ਰਾਫਿਕ ਯਥਾਰਥ ਪੇਸ਼ ਕਰਨ ਵਾਲੀ ਰਚਨਾ ਕਲਾਤਮਕ ਨਹੀਂ ਹੁੰਦੀ। ਕਲਾਕਾਰ ਕੋਲ ਸਿਰਫ ਦ੍ਰਿਸ਼ਟੀ (sight) ਹੀ ਨਹੀਂ, ਅੰਤਰ-ਦ੍ਰਿਸ਼ਟੀ (insight) ਵੀ ਹੁੰਦੀ ਹੈ ਜੋ ਸਤਹ ਦੇ ਹੇਠਾਂ ਝਾਕ ਕੇ ਜ਼ਿੰਦਗੀ ਦੀਆਂ ਲੁਕੀਆਂ ਪਰਤਾਂ ਹੇਠ ਦੱਬੀਆਂ ਮਾਨਵੀ ਆਦਿ-ਪ੍ਰਵਿਰਤੀਆਂ (primeval instincts) ਨੂੰ ਵੇਖਦੀ ਹੈ। ਸੱਚਾ ਕਲਾਕਾਰ ਇੱਥੇ ਹੀ ਬਸ ਨਹੀਂ ਕਰਦਾ, ਆਪਣੀ ਅੰਤਰ-ਦ੍ਰਿਸ਼ਟੀ ਤੋਂ ਮਿਲੀ ਜਾਣਕਾਰੀ ਨਾਲ ਉਹ ਕਿਸੇ ਕਲਾਕ੍ਰਿਤੀ ਵਿਚ ਪੇਸ਼ ਕੀਤਾ ਜਾਣ ਵਾਲਾ ਜੀਵਨ-ਦਰਸ਼ਨ (vision of life) ਵੀ ਸਿਰਜਦਾ ਹੈ। ਇਸ ਜੀਵਨ ਦਰਸ਼ਨ ਦੇ ਅਨੁਸਾਰ ਹੀ ਲੇਖਕ ਪਾਤਰਾਂ ਅਤੇ ਘਟਨਾਵਾਂ ਅਤੇ ਸ਼ਬਦਾਂ ਦੀ ਚੋਣ ਕਰਦਾ ਹੈ।’ ਮੈਂ ਡਾ. ਭਾਰਦਵਾਜ ਜੀ ਦੇ ਇਸ ਕਥਨ ਨਾਲ ਬਹੁਤਾ ਸਹਿਮਤ ਹਾਂ। ਪਰ ਜਿਸ ਸਮੇਂ ਸਾਹਿਤ ਰਚਿਆ ਗਿਆ ਹੁੰਦਾ ਹੈ ਉਸਤੋਂ ਉਸ ਸਮੇਂ ਦੇ ਸਮਾਜ ਦੀ ਝਲਕ ਜ਼ਰੂਰ ਵੇਖੀ ਜਾ ਸਕਦੀ ਹੈ। ਪਿਛਲੀ ਅੱਧੀ ਕੁ ਸਦੀ ਤੋਂ ਸਮਾਜ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਕਦਰਾਂ ਕੀਮਤਾਂ ਬਦਲ ਰਹੀਆਂ ਹਨ।

ਨਵੀਂ ਟੈਕਨੌਲੋਜੀ ਨਵੀਆਂ ਸੰਭਾਵਨਾਵਾਂ ਨਾਲ ਸਮਾਜ ਦੇ ਹਰ ਕੋਨੇ ਨੂੰ ਪ੍ਰਭਾਵਿਤ ਕਰ ਰਹੀ ਹੈ। ਮੈਂ 1962 ਦਾ ਪਰਵਾਸ ਧਾਰਿਆ ਹੋਇਆ ਹੈ। ਉਸ ਸਮੇਂ ਘਰਾਂ ’ਚ ਟੈਲੀਫੂਨ ਨਹੀਂ ਸੀ ਹੁੰਦਾ। ਅੱਜ ਕੱਲ੍ਹ ਹਰ ਘਰ ’ਚ ਜਿੰਨੇ ਜੀਅ ਹਨ ਸਾਰਿਆਂ ਕੋਲੇ ਆਪੋ-ਆਪਣੇ ਮੋਬਾਇਲ ਹਨ। ਸਾਹਿਤ ਨੂੰ ਵੀ ਮੇਰੀ ਸੋਝੀ ਅਨੁਸਾਰ, ਸਮਾਜ ਜਿਸ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਸਾਹਿਤ ਨੂੰ ਵੀ ਉਸੇ ਰਫਤਾਰ ਨਾਲ ਤੁਰਨ ਦੀ ਜ਼ਰੂਰਤ ਹੈ।

ਮੈਂ ਬਹੁਤੀ ਗੱਲ ਪਰਵਾਸ, ਉਹ ਵੀ ਇੰਗਲੈਂਡ ਵਿਚ ਰਚੇ ਜਾ ਰਹੇ ਨਾਵਲ ਬਾਰੇ ਹੀ ਕਰਾਂਗਾ। ਮੈਨੂੰ ਇਹ ਕਹਿਣ ’ਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਵਲੈਤ ਦੀ ਧਰਤੀ ਨੇ ਬਹੁਤ ਹੀ ਨਾਮਵਰ ਨਾਵਲਕਾਰ ਪੈਦਾ ਕੀਤੇ ਹਨ ਜਿਨ੍ਹਾਂ ਨੇ ਸਮੁੱਚੇ ਪੰਜਾਬੀ ਨਾਵਲ ਦੀ ਧਰਾਤਲ ਤੇ ਡੂੰਘੇ ਪੂਰਨੇ ਪਾਏ ਸਨ। ਸਵਰਗਵਾਸੀ ਸਵਰਨ ਚੰਦਨ, ਦਰਸ਼ਨ ਧੀਰ, ਹਰਜੀਤ ਅਟਵਾਲ, ਮੁਹਿੰਦਰਪਾਲ ਧਾਲੀਵਾਲ, ਪਰਕਾਸ਼ ਸੋਹਲ, ਤੇ ਇੱਕੋ ਇੱਕ ਇੱਥੋਂ ਦਾ ਜੰਮਪਲ ਨਾਵਲਕਾਰ ਪਾਲ ਢਿੱਲੋਂ ਪੈਦਾ ਕੀਤਾ ਹੈ। ਪਰਕਾਸ਼ ਸੋਹਣ ਦਾ ਮੈਂ ਸਿਰਫ ਇੱਕ ਨਾਵਲ ਹੀ ਪੜ੍ਹਿਆ ਹੈ, ਉਸ ਤੋਂ ਬੜੀਆਂ ਸੰਭਾਵਨਾਵਾਂ ਹਨ। ਸਾਥੀ ਲੁਧਿਆਣਵੀ ਨੇ ਵੀ ਆਪਣੇ ਸਾਹਾਂ ਦਾ ਸਫਰ ਮਕਾਉਣ ਤੋਂ ਪਹਿਲਾਂ ‘ਸਾਹਿਲ’ ਨਾਂ ਦਾ ਵੱਡ-ਆਕਾਰੀ ਨਾਵਲ ਰੱਚ ਕੇ ਇਸ ਖੇਤਰ ’ਚ ਆਪਣਾ ਯੋਗਦਾਨ ਪਾਇਆ ਹੈ।

ਮੈਂ ਬਹੁਤ ਵਾਰ ਇਹ ਸੋਚਦਾ ਹਾਂ ਕਿ ਮੈਨੂੰ ਨਾਵਲ ਲਿਖਣ ਦੀ ਕਿਉਂ ਲੋੜ ਪਈ। ਮੈਂ ਕਵਿਤਾ ਤੇ ਕਹਾਣੀ ਤੇ ਹੱਥ-ਅਜ਼ਮਾਈ ਕਰ ਚੁੱਕਿਆ ਸਾਂ। ਮੇਰਾ ਕਹਾਣੀ ਤੇ ਕਵਿਤਾ ਨਾਲ ਕਿਉਂ ਨਹੀਂ ਸਰਦਾ? ਸ਼ਾਇਦ ਮਸਲਾ ਥੀਮ ਦਾ ਹੈ। ਤੇ ਥੀਮ ਹੀ ਇੱਕ ਵਿਚਾਰ, ਇੱਕ 'ਆਈਡੀਆ' ਜੋ ਮੈਨੂੰ ਤੰਗ ਕਰ ਰਿਹਾ ਹੁੰਦਾ ਹੈ, ਰਾਤ-ਦਿਨ ਪਿੰਜ ਰਿਹਾ ਹੁੰਦਾ ਹੈ। ਵਿਸ਼ੇਸ਼ ਵਿਚਾਰ ਤੋਂ ਬਗੈਰ ਨਾ ਕੋਈ ਨਾਵਲ ਬਣਦਾ ਹੈ ਤੇ ਨਾ ਹੀ ਕਹਾਣੀ, ਭਾਵੇਂ ਦੋਵੇਂ ਹੀ ਰੂਪਾਕਾਰ ਆਪਣੀ ਬਣਤਰ ਵਿਚ ਇੱਕ ਦੂਜੇ ਤੋਂ ਭਿੰਨ ਹਨ। ਪਰ 'ਆਈਡੀਆ' ਕਹਾਣੀ ਵਿਚ ਵੀ ਹੁੰਦਾ ਹੈ ਤੇ ਨਾਵਲ ਵਿਚ ਵੀ। ਸਿਰਫ ਪਾਤਰਾਂ ਦੇ ਆਸਰੇ ਗਲਪ ਨਹੀਂ ਬਣਦੀ। ਸਗੋਂ ਬਹੁਤ ਵਾਰੀ ਪਾਤਰ ਵੀ ਜੁਗਤਾਂ (Devices) ਵਜੋਂ ਵਰਤ ਲਏ ਜਾਂਦੇ ਹਨ। ਮੁੱਖ ਗੱਲ 'ਵਿਚਾਰ' ਹੈ।

ਇੰਜ 'ਵਿਚਾਰ' ਜਾਂ 'ਆਡੀਆ' ਹੀ ਉਹ ਸ਼ੈਅ ਹੈ ਜੋ ਮੇਰੇ ਕੋਲੋਂ ਨਾਵਲ ਲਿਖਵਾਉਂਦਾ ਹੈ।

ਮੈਂ ਹੁਣ ਤੱਕ ਪਿਛਲੇ 25-30 ਸਾਲਾਂ ਦੇ ਸਾਹਿਤਕ ਸਫਰ 'ਚ ਚਾਰ ਨਾਵਲ, **'ਉੱਖੜੀਆਂ ਪੈੜਾਂ'**, **'ਸਰਘੀ'**, **'ਰਿਸ਼ਤਿਆਂ ਦੇ ਮਾਰੂਥਲ'** ਤੇ **'ਸੁਲਘਦੇ ਸੁਪਨੇ'** ਲਿਖੇ ਹਨ। ਪਰਵਾਸੀ ਪੰਜਾਬੀ ਨਾਵਲ ਭੂ-ਹੇਰਵਾ, ਨਸਲੀ ਵਿਤਕਰਾ, ਪੀੜ੍ਹੀ ਪਾੜਾ ਜਹੇ ਸਾਰੇ ਸੰਕਟਾਂ 'ਚੋਂ ਗੁਜ਼ਰਦਾ ਅੱਜ ਨਵੀਆਂ ਚੁਣੌਤੀਆਂ ਨੂੰ ਮੁਖਾਤਿਬ ਹੈ। ਇੱਥੋਂ ਦੀ ਜੰਮਪਲ ਪੀੜ੍ਹੀ ਨੂੰ ਮੈਂ ਹਮੇਸ਼ਾ 'ਨਾਰੀਅਲ' ਕਹਿੰਦਾ ਹਾਂ ਕਿ ਇਹ ਬਾਹਰੀ ਤੌਰ ਤੇ ਘਸਮੈਲੇ ਰੰਗ ਦੇ ਹਨ ਪਰ ਅੰਦਰੋਂ ਨਾਰੀਅਲ ਵਾਂਗੂ ਚਿੱਟੇ ਇਨ੍ਹਾਂ ਦੀਆਂ ਸਾਰੀਆਂ ਆਦਤਾਂ, ਖਾਣਾ ਪੀਣਾ, ਮੇਲ-ਮਿਲਾਪ ਤੇ ਨਿੱਤ ਦੀ ਵਿਚਰਨ ਬਿਲਕੁਲ ਵਲੈਤੀ ਲੋਕਾਂ ਵਰਗੀ ਹੈ। ਇਵੇਂ ਹੋਣਾ ਕੁਦਰਤੀ ਤੇ ਸੁਭਾਵਕ ਵੀ ਸੀ। ਇਸ 'ਚ ਦੋ ਰਾਵਾਂ ਨਹੀਂ ਹੋ ਸਕਦੀਆਂ। ਮਾਈਗ੍ਰੇਸ਼ਨ ਦੀ ਤਾਰੀਖ ਵੀ ਇਹੋ ਹੀ ਦਰਸਾਂਦੀ ਹੈ ਕਿ ਚੌਥੀ ਪੀੜ੍ਹੀ 'ਚ ਜਾ ਕੇ ਸੱਭ ਇੱਕੋ ਜਿਹਾ ਹੋ ਜਾਂਦਾ ਹੈ। ਸਾਡੇ ਪਰਵਾਸੀਆਂ ਦੀ ਚੌਥੀ ਪੀੜ੍ਹੀ ਹੋਂਦ 'ਚ ਆ ਚੁੱਕੀ ਹੈ।

ਮੇਰਾ ਪਹਿਲਾ ਨਾਵਲ **'ਉੱਖੜੀਆਂ ਪੈੜਾਂ'** ਕੋਈ ਵੀਹ ਸਾਲ ਪਹਿਲਾਂ ਦਾ ਲਿਖਿਆ ਹੋਇਆ ਹੈ। 15 ਸਾਲ ਛਪੇ ਨੂੰ ਵੀ ਹੋ ਗਏ ਹਨ। ਇਸਦੀ ਕਹਾਣੀ ਕੋਈ 30 ਕੁ ਸਾਲ ਪੁਰਾਣੀ ਹੈ। ਉਸ ਵੇਲੇ ਇੰਗਲੈਂਡ ਆਉਣ ਲਈ ਅਣਜੋੜ ਵਿਆਹ ਦੀ ਸਥਿਤੀ ਬਹੁਤ ਹੀ ਗੰਭੀਰ ਸੀ। ਇਸ ਦੌਰ ਵਿਚਲੀਆਂ ਘਟਨਾਵਾਂ ਮੇਰੇ ਚੇਤਿਆਂ 'ਚ ਆਏ ਦਿਨ ਸਾਕਾਰ ਹੁੰਦੀਆਂ ਰਹਿੰਦੀਆਂ ਸਨ। ਵਲੈਤ ਆਉਣ ਤੇ ਇੱਥੇ ਪਹੁੰਚੇ ਹੋਏ ਆਪਣੇ ਪਰਿਵਾਰ ਦੇ ਜੀਆਂ ਨੂੰ ਮੰਗਵਾਉਣ ਲਈ ਜੋ ਕੁਝ ਅਸੀਂ ਪੰਜਾਬੀ ਕਰਦੇ ਰਹੇ ਹਾਂ, ਉਹ ਬਿਆਨੋਂ ਬਾਹਰ ਹੈ। ਭੈਣਾਂ ਨੇ ਭਰਾਵਾਂ ਨੂੰ ਪਤੀ ਬਣਾ ਕੇ ਵਲੈਤ ਪਹੁੰਚਾਇਆ ਤੇ ਫੇਰ ਤਲਾਕ ਲੈ ਕੇ ਆਪਣੇ ਵਿਆਹ ਲਈ ਪੰਜਾਬੋਂ ਮੁੰਡੇ ਵੀ ਮੰਗਵਾਏ। ਵੱਡੇ ਭਰਾਵਾਂ ਨੇ ਛੋਟੇ ਭਰਾਵਾਂ ਨੂੰ ਪੁੱਤ ਬਣਾ ਕੇ ਵਲੈਤ ਮੰਗਵਾਇਆ। ਗੋਰੀਆਂ ਜਨਾਨੀਆਂ ਨੂੰ ਹਜ਼ਾਰਾਂ ਪੌਂਡ ਦੇ ਕੇ ਪੱਕੇ ਹੋਣ ਲਈ ਵਿਆਹ ਰਜਿਸਟਰ ਕਰਾਉਣ ਦੀਆਂ ਕਹਾਣੀਆਂ ਵੀ ਬਥੇਰੀਆਂ ਸੁਣੀਆਂ ਵੇਖੀਆਂ ਸਨ। ਬਦੇਸ਼ ਪਹੁੰਚਣ ਦੀ ਲਿਲਕ ਨੇ ਸਾਨੂੰ ਏਨੇ ਨੀਵੇਂ ਬਣਾ ਦਿੱਤਾ ਸੀ ਕਿ ਅਸੀਂ ਪੰਜਾਬੀਆਂ ਨੇ ਆਪਣੀਆਂ ਧੀਆਂ ਭੈਣਾਂ ਨੂੰ ਵੀ ਪੌੜੀਆਂ ਬਣਾ ਕੇ ਬਦੇਸ਼ਾਂ 'ਚ ਪਹੁੰਚਣ ਲਈ ਵਰਤਿਆ ਤੇ ਜਿੱਥੇ ਮਾਨਸਿਕ ਪੀੜਾ, ਸਭਿਆਚਾਰਕ ਟੁੱਟ-ਭੱਜ, ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਣਾ, ਇਥੇ

ਸਰਮਾਏਦਾਰੀ ਢਾਂਚੇ ਤੇ ਚੋਟ ਮਾਰਨ ਦੇ ਨਾਲ ਨਾਲ ਪਰਵਾਸ ਨੂੰ ਇੱਕ ਸੰਤਾਪ ਵਜੋਂ ਪੇਸ਼ ਕਰਨਾ, ਇਹ ਨਾਵਲ ਇਹੋ ਜਹੇ ਮਾਹੌਲ ਦੀ ਹੀ ਪੇਸ਼ਕਾਰੀ ਸੀ। ਇਹ ਪੰਜਾਬੀ ਧੀਆਂ ਦਾ ਦੁਖਾਂਤ ਵੀ ਸੀ।

ਸੱਠਵਿਆਂ 'ਚ ਦੁਆਬਾ ਕਿਸੇ ਵੀ ਹੀਲੇ ਵਲੈਤ ਆਉਣ ਲਈ ਪੱਬਾਂ-ਭਾਰ ਹੋਇਆ ਪਿਆ ਸੀ। 530 ਰੁਪਈਆਂ ਦੇ ਮਨੀਆਰਡਰ ਘਰਾਂ 'ਚ, ਬਾਹਰ ਜਿੱਥੇ ਵੀ ਦੋ ਜਣੇ ਇਕੱਠੇ ਹੁੰਦੇ ਚਰਚਾ ਦਾ ਵਿਸ਼ਾ ਹੁੰਦਾ। ਪਿੰਡਾਂ 'ਚ ਵੀ ਤਿੱਖੇ ਬੰਦੇ ਦਲਾਲ ਬਣੇ, ਭੋਲੇ ਲੋਕਾਂ ਨੂੰ ਵਲੈਤ ਭੇਜਣ ਦੇ ਇਕਰਾਰਾਂ ਨਾਲ ਲੁੱਟ ਰਹੇ ਸਨ। ਜ਼ਮੀਨਾਂ ਗਹਿਣੇ ਧਰੀਆਂ ਜਾ ਰਹੀਆਂ ਸਨ। ਮਾਵਾਂ ਭੈਣਾਂ ਦੇ ਗਹਿਣੇ ਵੀ ਸੁਨਿਆਰਾਂ ਦੀਆਂ ਦੁਕਾਨਾਂ ਤੇ ਚੜ੍ਹਾਏ ਜਾ ਰਹੇ ਸਨ। ਕਰਜ਼ੇ ਲਈ ਘਰਾਂ ਦੀ ਵੀ ਆਹੂਤੀ ਦਿੱਤੀ ਜਾ ਰਹੀ ਸੀ। ਇਸ ਨਾਵਲ ਦੀ ਮੁੱਖ ਪਾਤਰ ਕਿਰਪਾਲ ਵੀ ਇਨ੍ਹਾਂ ਹਾਲਤਾਂ 'ਚ ਹੀ ਉਸਦੀ ਮਤ੍ਰੇਈ ਮਾਂ ਨੇ ਜ਼ੋਰ ਦੇ ਕੇ ਤਾਂ ਕਿ ਉਸਦੇ ਮੁੰਡਿਆਂ ਲਈ ਵਲੈਤ ਜਾਣ ਦਾ ਵਸੀਲਾ ਬਣ ਸਕੇ, ਉਸਦੀ ਉਮਰ ਤੋਂ ਦੁਗਣੀ ਉਮਰ ਦੇ ਆਦਮੀ ਪ੍ਰੀਤੂ ਨਾਲ ਨਰੜ ਕੇ ਵਲੈਤ ਘੱਲੀ ਸੀ। ਇਹ ਵਰਤਾਰਾ ਉਨ੍ਹਾਂ ਦਿਨਾਂ 'ਚ ਦੁਆਬੇ 'ਚ ਆਮ ਵੇਖਣ ਨੂੰ ਮਿਲਦਾ ਸੀ। ਇਹ ਸਾਰੀ ਕਹਾਣੀ ਤੇ ਘਟਨਾਵਾਂ ਦਾ ਲੋਕੇਲ ਮੇਰੇ ਆਪਣੇ ਇਲਾਕੇ ਦੇ ਪਿੰਡ ਹਨ ਜਿੱਥੇ ਮੈਂ ਵਲੈਤ ਆਉਣ ਤੋਂ ਪਹਿਲਾਂ 20-22 ਸਾਲ ਗੁਜ਼ਾਰੇ ਸਨ। ਮੈਂ ਇਨ੍ਹਾਂ ਪਿੰਡਾਂ ਦੀਆਂ ਗਲੀਆਂ ਤੱਕ ਦਾ ਚੰਗੀ ਤਰ੍ਹਾਂ ਵਾਕਫ ਸਾਂ ਤੇ ਮੈਨੂੰ ਪਾਤਰ ਤੇ ਸਥਾਨ ਉਲੀਕਣ 'ਚ ਬਹੁਤੀ ਦਿੱਕਤ ਨਹੀਂ ਸੀ ਆਈ।

ਮੇਰਾ ਦੂਜਾ ਨਾਵਲ **'ਸਰਘੀ'** ਸੀ, ਜਿਹੜਾ 2008 ਵਿਚ ਛਪਿਆ। ਸਰਘੀ ਇਸ ਨਾਵਲ ਦੀ ਮੁੱਖ ਪਾਤਰ ਹੈ। ਵਲੈਤੀ ਵਿੱਦਿਅਕ ਢਾਂਚੇ ਨਾਲ ਜੁੜਿਆ ਹੋਣ ਕਰਕੇ ਇਹ ਪਾਤਰ ਕਈ ਵਰ੍ਹੇ ਮੇਰੇ ਸਕੂਲ 'ਚ ਮੇਰੀਆਂ ਨਜ਼ਰਾਂ 'ਚੋਂ ਗੁਜ਼ਰਦਾ ਰਿਹਾ। ਸਰਘੀ ਪੜ੍ਹਨ ਵਿਚ ਵੀ ਬਹੁਤ ਹੁਸ਼ਿਆਰ ਸੀ। ਮੈਨੂੰ ਉਸਨੂੰ ਪੜ੍ਹਾਉਣ ਦਾ ਅਵਸਰ ਵੀ ਮਿਲਿਆ ਸੀ, ਜਦੋਂ ਉਹ ਜੀ.ਸੀ.ਐਸ.ਸੀ. ਦੇ ਆਖਰੀ ਸਾਲਾਂ 'ਚ ਸੀ। 15 ਕੁ ਸਾਲ ਸਕੂਲ ਛੱਡਣ ਮਗਰੋਂ ਸਰਘੀ ਇੱਕ ਦਿਨ ਮੈਨੂੰ ਸੁਪਰਮਾਰਕਿਟ ਵਿਚ ਮਿਲਦੀ ਹੈ। ਮੈਨੂੰ ਤਾਂ ਉਸਨੂੰ ਪਹਿਚਾਨਣ 'ਚ ਦਿੱਕਤ ਆਈ ਪਰ ਉਸਨੇ ਮੈਨੂੰ ਪਛਾਣ ਲਿਆ ਤੇ ਬੜੇ ਹੀ ਤਪਾਕ ਨਾਲ ਮਿਲੀ। ਕਿੰਨਾ ਚਿਰ ਗੱਲਾਂ ਕਰਦੇ ਰਹੇ ਤੇ ਮੈਂ ਆਪਣੇ ਸਵਾਲਾਂ ਨਾਲ ਉਸਦੀ ਵਿਚਰਨ ਨੂੰ ਫਰੋਲਦਾ ਰਿਹਾ ਸਾਂ ਤੇ ਇਸ ਨਾਵਲ ਨੂੰ ਲਿਖਣ ਬਾਰੇ ਇੱਛਾ ਹੋਰ ਪ੍ਰਬਲ ਹੋ ਗਈ। ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਪਾਤਰ ਨਾਵਲ ਜਾਂ ਕਹਾਣੀ ਦੀ ਟੈਕਸਟ ਨੂੰ ਅਗਾਂਹ ਤੋਰਨ ਲਈ ਘੜੇ ਹੋਏ ਨਹੀਂ ਹੁੰਦੇ, ਸਗੋਂ ਟੈਕਸਟ ਜੀਂਦੇ-ਜਾਗਦੇ ਪਾਤਰਾਂ ਦੁਆਲੇ ਆਪੂ ਹੀ ਉਸਰਦੀ ਜਾਂਦੀ ਹੈ।

ਸਰਘੀ ਨੂੰ ਏਨੇ ਵਰ੍ਹਿਆਂ ਬਾਅਦ ਮਿਲਣ ਤੋਂ ਪਹਿਲਾਂ ਵੀ ਜਦ ਕਦੇ ਵੀ ਕਿਧਰੇ ਮਿਕਸਡ-ਰੇਸ ਦੇ ਬੱਚਿਆਂ ਬਾਰੇ ਪੜ੍ਹਿਆ ਜਾਂ ਸੁਣਿਆ, ਸਰਘੀ ਮੇਰੇ ਚੇਤਿਆਂ ਨੂੰ ਹਲੂਣਦੀ ਰਹੀ। ਇਹ ਸਵਾਲ ਮੈਨੂੰ ਸਦਾ ਹੀ ਖੁਰਚਦਾ ਰਿਹਾ ਕਿ ਕੀ ਨਾਜਾਇਜ਼ ਰਿਸ਼ਤਿਆਂ 'ਚੋਂ ਉਪਜੇ ਇਨ੍ਹਾਂ ਬੱਚਿਆਂ ਨੂੰ ਸਮਾਜਕ ਸਮਾਨਤਾ ਮਿਲਦੀ ਹੈ ਕਿ ਨਹੀਂ ? ਕੀ ਇਨ੍ਹਾਂ ਦੀ ਕੋਈ ਆਪਣੀ ਪਛਾਣ ਵੀ ਬਣਦੀ ਹੈ ਕਿ ਨਹੀਂ ? ਵਲੈਤ 'ਚ ਇਨ੍ਹਾਂ ਬੱਚਿਆਂ ਦੀ ਗਿਣਤੀ 10-15% ਤੱਕ ਹੋ ਚੁੱਕੀ ਹੈ। ਇਹ ਇੰਗਲੈਂਡ 'ਚ ਜੰਮੇ-ਪਲੇ ਤੇ ਜੰਮ ਤੇ ਪਲ ਰਹੇ ਬੱਚਿਆਂ ਦਾ ਇੱਕ ਵੱਡਾ ਹਿੱਸਾ ਹੈ। ਸਰਘੀ ਨਾਵਲ ਦਾ ਥੀਮ-ਗੁਆਚੀ ਪਛਾਣ ਦਾ ਸੰਕਟ (Crises of lost iden-

tity) ਹੈ। ਦੁਨੀਆ ਵਿਚ ਸਭ ਤੋਂ ਵੱਡੀ ਸਮੱਸਿਆ ਮਨੁੱਖ ਦੀ ਪਛਾਣ ਦਾ ਗਵਾਚ ਜਾਣਾ ਹੈ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਤੂੰ ਮੈਨੂੰ ਜਾਣਨੈਂ ?' ਗੁਆਚੀ ਹੋਈ ਪਛਾਣ ਦੇ ਸੰਕਟ ਵਿਚੋਂ ਪੈਦਾ ਹੋਈ। ਐਲਕਸ ਹੈਲੀ ਦੀ ਪੁਸਤਕ 'ਰੂਟਸ' ਕੁੰਟਾ ਬਿੰਟੇ ਦੀ ਅਤੇ ਸਿੱਟੇ ਵਜੋਂ ਉਸਦੀ ਪੂਰੀ ਅਫਰੀਕਣ ਪੀੜ੍ਹੀ ਦੀ ਗੁਆਚ ਚੁੱਕੀ ਪਛਾਣ ਦੇ ਸੰਕਟ ਦੀ ਗਾਥਾ ਪੇਸ਼ ਕਰਦੀ ਹੈ। ਬਰਤਾਨੀਆ ਵਿਚ ਭਾਰਤੀਆਂ ਦੀ ਇੱਥੇ ਜੰਮੀ ਤੇ ਵੱਡੀ ਹੋਈ ਦੂਜੀ ਪੀੜ੍ਹੀ ਦੋ ਭਿੰਨ ਸਭਿਆਚਾਰਾਂ ਵਿਚ ਫਸੀ ਤੇ ਗੁਆਚੀ ਹੋਣ ਦੀ ਤ੍ਰਾਸਦੀ ਹੰਢਾਉਂਦੀ ਰਹੀ। ਉਨ੍ਹਾਂ ਦੇ ਮਾਪਿਆਂ ਕੋਲ ਆਪਣੇ ਭਾਰਤੀ ਹੋਣ ਦੀ ਪਛਾਣ ਤਾਂ ਸੀ ਪਰ ਦੂਜੀ ਪੀੜ੍ਹੀ ਕੋਲ ਨਾ ਭਾਰਤੀ ਪਛਾਣ ਸੀ ਨਾ ਬ੍ਰਿਟਿਸ਼। ਸਿਰਫ ਪਾਸਪੋਰਟ ਜਾਂ ਟਰੈਵਲਿੰਗ ਡਾਕੂਮੈਂਟਸ ਨਾਲ ਇਹ ਪਛਾਣ ਨਹੀਂ ਬਣਦੀ।

ਜਿੱਥੋਂ ਤੱਕ ਮੈਂ ਜਾਣਦਾ ਹਾਂ ਕਿ ਅੰਗ੍ਰੇਜ਼ੀ ਵਿੱਚ ਸ਼ਾਇਦ ਲਿਖਿਆ ਵੀ ਗਿਆ ਹੋਵੇ ਕੋਈ ਨਾਵਲ, ਪਰ ਸਰਘੀ ਨਾਵਲ ਤੋਂ ਪਹਿਲਾਂ ਪੰਜਾਬੀ ਵਿਚ 'ਮਿਕਸਡ ਆਈਡੈਂਟਿਟੀ' ਦਾ ਕੋਈ ਨਾਵਲ ਨਹੀਂ ਲਿਖਿਆ ਗਿਆ। ਬ੍ਰਿਟਿਸ਼ ਰਾਜ ਦੇ ਦੌਰਾਨ ਭਾਰਤ ਵਿਚ ਵੀ ਅਜਿਹੇ 'ਮਿਕਸਡ ਜਾਂ ਹਾਈਬ੍ਰਿਡ' ਬੱਚੇ ਪੈਦਾ ਹੋਏ, ਜਿਨ੍ਹਾਂ ਦੀਆਂ ਮਾਵਾਂ ਇੰਡੀਅਨ ਸਨ ਤੇ ਬਾਪ ਅੰਗ੍ਰੇਜ਼। ਉਨ੍ਹਾਂ ਬੱਚਿਆਂ ਦਾ ਹਸ਼ਰ ਵੀ ਕੋਈ ਬਹੁਤਾ ਚੰਗਾ ਨਹੀਂ ਸੀ ਹੋਇਆ।

ਹੁਣ ਸਮੇਂ ਬਦਲ ਰਹੇ ਹਨ। ਮਲਟੀ ਕਲਚਰਲ ਦੇਸ਼ਾਂ ਦੇ ਸਭਿਆਚਾਰਾਂ ਵਿਚ ਸਰਘੀ ਵਰਗੇ ਬੱਚੇ ਹੁਣ ਘੱਟ ਗਿਣਤੀ ਨਹੀਂ ਹਨ। ਬੜੀ ਵੱਡੀ ਗਿਣਤੀ ਹੈ ਅਜਿਹੇ ਬੱਚਿਆਂ ਜਾਂ ਨੌਜਵਾਨਾਂ ਦੀ। ਉਨ੍ਹਾਂ ਨੂੰ ਉਨ੍ਹਾਂ ਦੇ ਵਾਜਬ ਹੱਕ ਮਿਲ ਰਹੇ ਹਨ। ਉਨ੍ਹਾਂ ਨੂੰ ਜਾਇਜ਼ ਕਰਾਰ ਦਿੱਤਾ ਜਾ ਰਿਹਾ ਹੈ। ਤੇ ਇਸ ਨਾਵਲ ਦੀ ਪਾਠਕਾਂ ਤੇ ਆਲੋਚਕਾਂ ਵਲੋਂ ਭਰਵੀਂ 'ਹਾਂ' ਵੀ ਮਿਲੀ। ਪੰਜਾਬ ਕੇਸਰੀ ਗਰੁੱਪ ਵਾਲਿਆਂ ਕੁਲਦੀਪ ਸਿੰਘ ਬੇਦੀ ਜੀ ਦੀ ਮਿਹਰਬਾਨੀ ਸਾਹਿਤ, ਤਿੰਨਾਂ ਜ਼ੁਬਾਨਾਂ 'ਚ ਡੇਢ ਸਾਲ ਸੀਰੀਆਲਾਈਜ਼ ਕੀਤਾ। ਇਸ ਨਾਵਲ ਨੇ ਹੀ ਮੇਰੀ ਥੋਹੜੀ ਬਹੁਤੀ ਪੰਜਾਬੀ ਸਾਹਿਤ 'ਚ ਪਛਾਣ ਵੀ ਬਣਾਈ।

ਮੇਰਾ ਤੀਜਾ ਨਾਵਲ **'ਰਿਸ਼ਤਿਆਂ ਦੇ ਮਾਰੂਥਲ'** ਸਰਘੀ ਤੋਂ ਪੰਜ ਸਾਲ ਬਾਅਦ 2013 ਵਿਚ ਛਪਿਆ। ਇੱਕੀਵੀਂ ਸਦੀ ਦਾ ਪਰਵਾਸੀ ਸਾਹਿਤ, ਝੂਰੇਰਵਾ, ਪੀੜ੍ਹੀ-ਪਾੜਾ, ਸਭਿਆਚਾਰਕ ਤਣਾਅ ਅਤੇ ਨਸਲੀ ਵਿਤਕਰੇ ਜਹੇ ਵਿਸ਼ਿਆਂ ਤੋਂ ਥੋੜਾ ਪਰੇ ਹਟ ਕੇ ਆਪਣੀ ਸਿਰਜਣਾਤਮਕ ਪੈੜ ਉਲੀਕਦਾ ਹੈ। ਭਾਵੇਂ ਇਹ ਵਿਸ਼ੇ ਗਲਪੀ ਟੈਕਸਟ 'ਚੋਂ ਬਿਲਕੁਲ ਅਲੋਪ ਨਹੀਂ ਹੋਏ ਤੇ ਨਾ ਹੋ ਹੀ ਸਕਦੇ ਸਨ, ਪਰ ਇਨ੍ਹਾਂ ਵਿਸ਼ਿਆਂ ਤੇ ਬਹੁਤ ਲਿਖਿਆ ਜਾ ਚੁੱਕਾ ਹੈ ਇਸ ਲਈ ਇਨ੍ਹਾਂ ਦੀ ਸੁਰ ਕੁਝ ਧੀਮੀ ਹੋ ਗਈ ਲੱਗਦੀ ਹੈ। 21ਵੀਂ ਸਦੀ 'ਚ ਪੰਜਾਬੀ ਚੇਤਨਾ ਇੱਕ ਨਵੇਂ ਦੌਰ ਵਿਚ ਪਰਵੇਸ਼ ਕਰਦੀ ਹੈ। ਇਹ ਉਹ ਸਮਾਂ ਹੈ ਜਦੋਂ ਝੂ-ਹੇਰਵੇ ਵਰਗੇ ਵਿਸ਼ਿਆਂ ਦੀ ਥਾਂ ਇਸ ਓਪਰੀ ਧਰਤੀ ਤੇ ਬਣੀ ਆਪਣੀ ਸਥਾਪਤੀ ਦੀ ਹੈ। ਕਿਉਂਕਿ ਪਰਵਾਸੀ ਪੰਜਾਬੀ ਇਸ ਮੁਲਕ ਨੂੰ ਆਪਣੀ ਕਰਮ-ਭੂਮੀ ਤੈਅ ਕਰਕੇ ਇਸ ਦੇ ਸਭਿਆਚਾਰ ਨਾਲ ਸਮਾਨਤਾ ਸਥਾਪਤ ਕਰਨੀ ਜ਼ਰੂਰੀ ਸਮਝਣ ਲੱਗਦਾ ਹੈ। ਬੱਚੇ ਉੱਚ ਵਿਦਿਆ ਪਾ ਕੇ ਚੰਗੀਆਂ ਨੌਕਰੀਆਂ ਕਰ ਰਹੇ ਹਨ। ਆਰਥਿਕ ਪੱਖੋਂ ਪਰਵਾਰ ਸੌਖ ਮਹਿਸੂਸਣ ਲੱਗਦੇ ਹਨ। ਆਪਣੇ ਘਰ ਖਰੀਦ ਲਏ ਹਨ। ਆਪਣੇ ਕਾਰੋਬਾਰ ਸਥਾਪਤ ਕਰ ਲਏ ਹਨ, ਪਰ ਇਸਦੇ ਨਾਲ ਹੀ ਹਾਲੀ ਵੀ ਪਰਮ ਵਰਗੀਆਂ ਕੁੜੀਆਂ ਅਣਜੋੜ ਵਿਆਹ ਕਾਰਨ ਸੰਤਾਪ ਭੋਗ ਰਹੀਆਂ ਹਨ। ਪੰਜਾਬੋਂ ਆਏ ਬਹੁਤ ਸਾਰੇ ਮਰਦ ਹਾਲੀ ਵੀ ਆਪਣੀ ਮਰਦਊ ਈਗੋ ਨੂੰ ਘੁੱਟੀ ਬੈਠੇ ਹਨ ਤੇ ਪਰਵਾਰਿਕ ਰਿਸ਼ਤਿਆਂ ਵਿਚ

ਡੂੰਘੀਆਂ ਤ੍ਰੇੜਾਂ ਜਗ ਜ਼ਾਹਰ ਹੋ ਰਹੀਆਂ ਹਨ। ਇਹ ਘੁਮੰਡੀ ਮਰਦ ਘਰ ਦੀ ਚਾਰਦੀਵਾਰੀ ਅੰਦਰ ਤਿੜਕੇ ਰਿਸ਼ਤਿਆਂ ਤੋਂ ਬਾਹਰ ਪੈਰ ਪੁੱਟਦਾ ਹੈ, ਨਵੇਂ ਸਬੰਧ ਬਣਾਉਂਦਾ ਹੈ ਤੇ ਇਸਨੂੰ ਫੇਰ ਆਪ ਹੀ ਐਡਲਟਰੀ ਗਰਦਾਨਦਾ ਹੈ। ਮੇਰਾ ਇਹ ਨਾਵਲ ਇਨ੍ਹਾਂ ਪ੍ਰਿਸਥਿਤੀਆਂ ਨੂੰ ਸੰਬੋਧਨ ਹੁੰਦਾ ਹੈ ਤੇ ਪਰਮਜੀਤ ਵਰਗੀ ਲੀਹਾਂ ਭੰਨ ਕੇ ਤੁਰਨ ਵਾਲੀ ਪੜ੍ਹੀ ਲਿਖੀ ਕੁੜੀ ਇਹ ਸਾਰੀਆਂ ਪੈੜਾਂ ਲਿਤਾੜ ਕੇ, ਜਿਹੜੀਆਂ ਰੂੜੀਵਾਦੀ ਪੰਜਾਬੀ ਮਰਦ ਘੁੱਟੀ ਫਿਰਦਾ ਹੈ, ਆਪਣੇ ਪੈਂਡੇ ਉਲੀਕਦੀ ਹੈ।

ਆਪਣੇ ਅਧਿਆਪਨ ਸਮੇਂ ਤੇ ਬਾਅਦ ਵਿਚ ਵੀ ਵਲੈਤੀ ਖ਼ਪਤ ਤੇ ਡਰੱਗ ਸਭਿਆਚਾਰ ਤੋਂ ਪ੍ਰਭਾਵਿਤ ਹੋਈ ਸਾਡੀ ਪਰਵਾਸੀਆਂ ਦੀ ਨਵੀਂ ਪੀੜ੍ਹੀ ਨੂੰ ਵੀ ਮੈਂ ਲੁੜਕਦੇ ਵੇਖਿਆ ਹੈ ਜਿਹੜਾ ਮੈਂ ਤਕਰੀਬਨ ਆਪਣੀ ਹਰ ਰਚਨਾ 'ਚ ਕਿਧਰੇ ਨਾ ਕਿਧਰੇ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਇਸ ਤੇ ਉਂਗਲ ਧਰੀ ਹੈ। ਇਹ ਮੇਰਾ ਪੰਜਾਬੀ ਭਾਈਚਾਰੇ ਨੂੰ ਬਚਾਉ ਲਈ ਇੱਕ ਨਿੱਕਾ ਜਿਹਾ ਸੰਕੇਤ ਵੀ ਕਿਹਾ ਜਾ ਸਕਦਾ ਹੈ।

ਮੇਰਾ ਚੌਥਾ ਨਾਵਲ **'ਸੁਲਘਦੇ ਸੁਪਨ'** 2017 'ਚ ਛਪਦਾ ਹੈ। ਇੱਕ ਲੰਮੇ ਸਫਰ ਤੇ ਚਲਣ ਤੋਂ ਬਾਅਦ ਹੁਣ ਪੰਜਾਬੀ ਪਰਵਾਸੀ ਨਵੀਆਂ ਪ੍ਰਸਥਿਤੀਆਂ ਨੂੰ ਸੰਬੋਧਿਤ ਤੇ ਬਹੁਤਾ ਕੁਝ ਜੋ ਇੱਕ ਸਾਵੀਂ ਪੱਧਰੀ ਜ਼ਿੰਦਗੀ ਜੀਣ ਲਈ ਜ਼ਰੂਰੀ ਹੁੰਦਾ ਹੈ, ਉਹ ਸਭ ਕੁਝ ਹੁਣ ਕੋਲੇ ਹੈ। ਪੰਜਾਬੀ ਸੋਚ ਕਿ ਪਰਿਵਾਰ ਨੂੰ ਅਗਾਂਹ ਤੋਰਨ ਵਾਸਤੇ ਪੁੱਤਰ ਦੀ ਲੋੜ ਹੈ ਅਜੇ ਵੀ ਅਵਚੇਤਨ 'ਚ ਉਸਲਵੱਟੇ ਲੈਂਦੀ ਹੈ। ਪਹਿਲੀ ਤੇ ਦੂਜੀ ਪੀੜ੍ਹੀ ਦਾ ਪੰਜਾਬੀ ਸਮੂਹ ਨੂੰ ਸਭਿਆਚਾਰਕ ਪੱਖੋਂ ਕਈ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸਲ 'ਚ ਪ੍ਰਵਾਸੀ ਪੰਜਾਬੀ ਇੱਥੋਂ ਦੀ ਦੋਹਰੀ ਜੀਵਨ-ਸ਼ੈਲੀ ਨੂੰ ਹੰਢਾਉਂਦੇ ਹੋਏ ਮਾਨਸਿਕ ਦਵੰਦ ਵਿਚੋਂ ਗੁਜ਼ਰਦਾ ਹੈ। ਬਾਹਰੀ ਤੌਰ ਤੇ ਭਾਵੇਂ ਉਹ ਇੱਥੋਂ ਦੇ ਸਭਿਆਚਾਰ ਅਨੁਸਾਰ ਆਪਣੇ ਆਪ ਨੂੰ ਢਾਲ ਰਿਹਾ ਹੈ ਜਾਂ ਢਾਲ ਚੁੱਕਿਆ ਹੈ ਪਰ ਅੰਦਰੂਨੀ ਤੌਰ ਤੇ ਅਜੇ ਵੀ ਪੰਜਾਬੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਵਿਚ ਜਕੜਿਆ ਹੋਇਆ ਹੈ।

ਵਿਸ਼ਵੀਕਰਨ ਕਈ ਨਵੀਆਂ ਚੁਣੌਤੀਆਂ ਲੈ ਕੇ ਬੂਹੇ ਤੋੜ ਰਿਹਾ ਹੈ। ਨਵੀਂ ਪੀੜ੍ਹੀ ਆਜ਼ਾਦੀ ਨੂੰ ਸਿਰਫ ਤੇ ਸਿਰਫ ਘਰ ਦੀ ਚਾਰਦੀਵਾਰੀ ਤੋਂ ਬਾਹਰ ਇੱਥੋਂ ਦੇ ਸਮਾਜਕ ਢਾਂਚੇ ਵਿਚ ਢਾਲ ਕੇ ਵੇਖਦੀ ਹੈ ਤੇ ਵਿਚਰਨਾ ਚਾਹੁੰਦੀ ਹੈ। ਪੰਜਾਬੋਂ ਆਈਲਿਟ ਕਰਕੇ ਬਹੁਤ ਸਾਰੇ ਨੌਜਵਾਨ ਪੜ੍ਹਨ ਲਈ ਆ ਰਹੇ ਹਨ। ਪੜ੍ਹਾਈ ਸਿਰਫ ਇੱਕ ਪੌੜੀ ਦਾ ਡੰਡਾ ਹੈ ਜਿਸ ਤੇ ਪੈਰ ਧਰਕੇ ਉਹ ਬਰਤਾਨੀਆ ਪਹੁੰਚਦੇ ਹਨ। ਇੱਥੇ ਪਹੁੰਚ ਕੇ ਸ਼ਾਇਦ ਕੋਈ ਵਿਰਲਾ ਹੀ ਕਿਸੇ ਕਾਲਜ 'ਚ ਦਾਖਲਾ ਲੈਂਦਾ ਹੋਵੇਗਾ। ਅਨਸਕਿੱਲਡ ਨੌਕਰੀਆਂ ਦੀ ਘਾਟ ਹੈ। ਨਾਲ ਲਿਆਂਦੇ ਪੌਂਡ ਖੁਰੀ ਜਾਂਦੇ ਹਨ। ਨੌਕਰੀ ਮਿਲਣ ਦਾ ਕੋਈ ਜੁਗਾੜ ਨਹੀਂ ਬਣਦਾ। ਘਰਾਂ ਦੇ ਮਾਲਕਾਂ ਨੂੰ ਕਰਾਇਆ ਚਾਹੀਦਾ ਹੈ। ਇੱਕ ਇੱਕ ਕਮਰੇ 'ਚ ਚਾਰ ਚਾਰ ਪੰਜ ਪੰਜ ਪੜ੍ਹਨ ਆਏ ਇਹ ਵਿਦਿਆਰਥੀ ਕੁੜੀਆਂ ਮੁੰਡੇ ਰਾਤਾਂ ਨੂੰ ਸਿਰ ਲਕੋਂਦੇ ਹਨ। ਗੁਰਦੁਆਰਿਆਂ ਲੰਗਰ ਲਈ ਵੀ ਰੋਕਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਭੁੱਖਾ ਢਿੱਡ ਸਭ ਕੁਝ ਕਰਨ ਲਈ ਰਾਜ਼ੀ ਹੋ ਜਾਂਦਾ ਹੈ। ਕੁੜੀਆਂ ਸੰਸਕਾਰਾਂ ਨੂੰ ਛਿੱਕੇ ਟੰਗ ਦੇਹ-ਵਿਉਪਾਰ ਨਾਲ ਗੁਜ਼ਾਰਾ ਤੋਰਨ ਲਈ ਮਜਬੂਰ ਹੋ ਜਾਂਦੀਆਂ ਹਨ ਤੇ ਇਸ ਖੱਡ ਵਿਚ ਛਾਲ ਮਾਰ ਦਿੰਦੀਆਂ ਹਨ। ਦੂਜੇ ਪਾਸੇ ਇੱਥੇ ਕੁਝ ਸੈਟਲ ਪੁਰਾਣੇ ਪੰਜਾਬੀ ਹੁਣ ਪੈਸੇ ਦੀ ਅੰਨ੍ਹੀ ਦੌੜ 'ਚ ਖੁਦ ਵੀ ਅੰਨ੍ਹੇ ਹੋਏ ਫਿਰਦੇ ਹਨ।

ਪਰਿਵਾਰਾਂ 'ਚ ਬੈਠਣ ਲਈ, ਬੱਚਿਆਂ ਨਾਲ ਸਮਾਂ ਬਿਤਾਉਣ ਲਈ ਕੁਝ ਪਲ ਵੀ ਰਾਖਵੇਂ ਨਹੀਂ ਹਨ। ਇਹੋ ਜਹੇ ਵਾਤਾਵਰਨ 'ਚ ਚੰਗੇ ਸੰਸਕਾਰਾਂ ਵਾਲੇ ਘਰਾਂ ਦੀਆਂ ਕੁੜੀਆਂ ਵੀ 'ਪਿੰਕੀ' ਬਣਦੀਆਂ ਹਨ ਤੇ ਬਲਕਾਰ ਵਰਗੇ ਆਪਣੇ ਘਰ ਦਾ ਸੁੱਖ ਗੁਆ ਬੈਠਦੇ ਹਨ ਤੇ ਅੰਤ ਨੂੰ ਜੇਲ੍ਹ ਦੀ ਚਾਰਦੀਵਾਰੀ 'ਚ ਕੈਦ ਜਾ ਹੁੰਦੇ ਹਨ।

ਸੋ ਇਸ ਤਰ੍ਹਾਂ ਮੈਂ ਆਪਣੇ ਨਾਵਲਾਂ ਦੇ ਲਿਖਣ ਕਾਲ ਸਮੇਂ ਪੰਜਾਬੀ ਸਮਾਜ ਵਿਚ ਆਈਆਂ ਤਬਦੀਲੀਆਂ ਨੂੰ ਬਿਆਨਣ ਦਾ ਹੀਲਾ ਕਰਦਾ ਰਿਹਾ ਹਾਂ। ਅੱਜ ਦਾ ਪੰਜਾਬੀ ਪਿਛੋਕੜ ਵਾਲਾ ਸਮਾਜ ਉਹ ਨਹੀਂ ਰਿਹਾ, ਰਹਿ ਸਕਦਾ ਵੀ ਨਹੀਂ ਸੀ। ਸਮੇਂ ਦੇ ਪ੍ਰਭਾਵਾਂ ਦੇ ਨਾਲ ਚਲਣਾ ਹੀ ਪੈਂਦਾ ਹੈ। ਅੱਜ ਸਾਡੀ ਤੀਜੀ ਤੇ ਚੌਥੀ ਪੀੜ੍ਹੀ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਹੈ। ਇੱਥੋਂ ਦੇ ਜੰਮ-ਪਲ ਇੱਥੋਂ ਦੇ ਜੰਮ-ਪਲ ਨੂੰ ਹੀ ਆਪਣਾ ਸਾਥੀ ਬਣਾਉਣਾ ਚਾਹੁੰਦੇ ਹਨ। ਪੰਜਾਬੀ ਪਿਛੋਕੜ ਦਾ ਹੋਵੇ, ਇਹ ਵੀ ਜ਼ਰੂਰੀ ਨਹੀਂ ਸਮਝਦੇ। ਮਾਂ ਪਿਓ ਦੀ ਵਿਆਹ ਲਈ ਸਲਾਹ ਨਹੀਂ ਪੁੱਛੀ ਜਾਂਦੀ, ਸਗੋਂ ਆਪਣਾ ਫੈਸਲਾ ਸੁਣਾਇਆ ਜਾਂਦਾ ਹੈ ਕਿ ਉਹ ਕਿਸ ਕੁੜੀ ਜਾਂ ਮੁੰਡੇ ਨਾਲ ਵਿਆਹ ਕਰਾ ਰਹੇ ਹਨ। ਕਿਸੇ ਧਰਮ ਜਾਂ ਕਿਸੇ ਗੋਤ ਦੀ ਕੋਈ ਬੰਦਸ਼ ਨਹੀਂ ਹੁੰਦੀ। ਵਿਆਹ ਇੱਕ ਮਾਪਿਆਂ ਦੀ ਈਗੋ ਨੂੰ ਪੱਠੇ ਪਾਉਣ ਵਾਲਾ ਅਡੰਬਰ ਸਿਰਫ ਕਾਗਜ਼ੀ ਦਸਤਾਵੇਜ਼ ਹੀ ਸਮਝਿਆ ਜਾਣ ਲੱਗਾ ਹੈ, ਇਕ ਬੇਲੋੜੀ ਇੰਸਟੀਟੀਊਸ਼ਨ। ਅਣਵਿਆਹੇ ਇਕੱਠੇ ਰਹਿ ਕੇ ਪਰਿਵਾਰ ਵੀ ਸ਼ੁਰੂ ਕਰਨ ਲੱਗੇ ਹਨ। ਅੰਗ੍ਰੇਜ਼ਾਂ ਵਾਂਗੂੰ ਸਾਡੀ ਏਸ ਪੀੜ੍ਹੀ ਵਿਚ ਵੀ ਤਲਾਕਾਂ ਦੀ ਦਰ ਨਿੱਤ ਦਿਨ ਵਧਦੀ ਹੀ ਜਾ ਰਹੀ ਹੈ। ਇਸਦਾ ਕਾਰਨ ਇੱਥੋਂ ਦੀ ਸਮਾਜਕ ਖੁਲ੍ਹ ਵਿਚ ਪਲੇ, ਚੰਗੇ ਕਮਾਊ ਵਸੀਲਿਆਂ ਕਾਰਨ, ਸਵੈ-ਨਿਰਭਰਤਾ ਹੋਣ ਕਰਕੇ ਸੋਚਣੀ ਵੀ ਇੱਥੋਂ ਦੇ ਸਮਾਜ ਵਰਗੀ ਹੋ ਗਈ ਹੈ।

ਪੰਜਾਬੀ ਪਿਛੋਕੜ ਦੇ ਇੱਥੋਂ ਦੇ ਜੰਮ-ਪਲ ਅੱਜ ਕੱਲ੍ਹ ਉਚੀਆਂ ਨੌਕਰੀਆਂ 'ਤੇ ਹਨ। ਯੂਨੀਵਰਸਿਟੀਆਂ 'ਚ 25-30% ਵਿਦਿਆਰਥੀ ਭਾਰਤੀ ਪਿਛੋਕੜ ਵਾਲੇ ਵਿਦਿਆਰਥੀ ਹਨ। ਬਰਤਾਨੀਆ ਦੇ ਚਾਂਸਲਰ ਰਿਸ਼ੀ ਸੂਨੱਕ ਦਾ ਡਾਕਟਰ ਪਿਉ ਪੰਜਾਬੀ ਹੈ। ਅਲੋਕ ਸ਼ਰਮਾ ਬਿਜ਼ਨਸ ਸੈਕਰੇਟਰੀ ਵੀ ਪੰਜਾਬੀ ਪਿਛੋਕੜ 'ਚੋਂ ਹੈ। ਹੋਮ ਸੈਕਰੇਟਰੀ ਪਰੀਤੀ ਪਟੇਲ ਗੁਜਰਾਤੀ ਪਿਛੋਕੜ 'ਚੋਂ ਹੈ। ਕੈਨੇਡਾ 'ਚ ਤਾਂ ਕਈ ਕੈਬਨਟ ਮਨਿਸਟਰ ਤੇ ਐਮ ਪੀ ਹਨ। ਘਰ-ਘਾਟ ਆਪਣੀ ਲੋੜ ਮੁਜਬ ਬਣਾ ਲਏ ਹਨ। ਬੁਢਾਪਾ ਪਿਨਸ਼ਨ ਤੇ ਬਚਾਈ ਕਮਾਈ ਨਾਲ ਗੁਜ਼ਾਰੇ ਵਧੀਆ ਚੱਲ ਰਹੇ ਹਨ। ਤੀਜੀ-ਚੌਥੀ ਪੀੜ੍ਹੀ ਵਲੈਤੀ ਕਦਰਾਂ-ਕੀਮਤਾਂ ਅਪਣਾ ਚੁੱਕੀ ਹੈ। ਘਰਾਂ 'ਚ ਪੰਜਾਬੀ ਬੋਲੀ ਨਹੀਂ ਜਾਂਦੀ। ਪੰਜਾਬੀ ਜ਼ੁਬਾਨ ਸਾਹ ਤੋੜ ਰਹੀ ਹੈ। ਧਾਰਮਿਕ ਅਦਾਰੇ ਜੇ ਇਨ੍ਹਾਂ ਨੂੰ ਆਪਣੇ ਧਰਮ ਨਾਲ ਜੋੜਨਾ ਚਾਹੁੰਦੇ ਹਨ ਤੇ ਇਨ੍ਹਾਂ ਅਦਾਰਿਆਂ 'ਚ ਰੌਣਕਾਂ ਵਧਾਉਣ ਲਈ ਆਕ੍ਰਸ਼ਿਤ ਕਰਨਾ ਚਾਹੁੰਦੇ ਹਨ ਤਾਂ ਇਨ੍ਹਾਂ ਅਦਾਰਿਆਂ 'ਚ ਆਪਣੀ ਧਾਰਮਿਕ ਸਿਖਿਆ ਦੇਣ ਲਈ ਅੰਗ੍ਰੇਜ਼ੀ 'ਚ ਤਰਜੁਮਾ ਜ਼ਰੂਰੀ ਹੋ ਗਿਆ ਹੈ।

***

# ਸਮਕਾਲ ਤੇ ਮੇਰਾ ਲੇਖਣ

**-ਸੁਰਿੰਦਰ ਨੀਰ**

ਮਨੁੱਖ ਸਮੇਂ ਦੇ ਸਾਗਰ ਕਿਨਾਰੇ ਖੜ੍ਹਾ ਉਹ ਦਰਸ਼ਕ ਹੈ, ਜੋ ਇਸ ਸਾਗਰ ਵਿਚ ਉਭਰਦੀਆਂ ਤੇ ਇਸੇ ਵਿਚ ਸਮੋ ਜਾਂਦੀਆਂ ਲਹਿਰਾਂ ਦੀ ਲੀਲਾ ਨੂੰ ਵੇਖਦਾ ਤੇ ਵਿਚਾਰਦਾ, ਕਦੀ ਦਾਰਸ਼ਨਿਕ ਬਣ ਜਾਂਦਾ ਹੈ, ਕਦੀ ਸ਼ਾਇਰ ਤੇ ਕਦੀ ਚਿਤ੍ਰਕਾਰ। ਪਰ ਇਨ੍ਹਾਂ ਲਹਿਰਾਂ ਨਾਲ ਜੂਝਦੀਆਂ ਬੇੜੀਆਂ ਦਾ ਸੰਘਰਸ਼ ਕੁਝ ਖੁਸ਼ਨਸੀਬ ਬੇੜੀਆਂ ਦੇ ਕਿਨਾਰੇ ਲਗ ਜਾਣ ਦੀ ਖੁਸ਼ੀ ਜਾਂ ਵਿਚ-ਵਿਚਾਲੇ ਡੁੱਬ ਜਾਣ ਦਾ ਗਮ ਇਨਸਾਨ ਨੂੰ ਸਮੇਂ ਦੇ ਕਲਾਵੇ ਵਿਚ ਸਮੋਏ ਹੋਏ ਜਾਂ ਸਮੇਂ ਤੋਂ ਪਾਰ ਦੇ ਰਹੱਸਾਂ ਨੂੰ ਜਾਣਨ ਲਈ ਤੀਬਰ ਜਗਿਆਸੂ ਬਣਾ ਦੇਂਦਾ ਹੈ। ਉਹ ਭੂਗੋਲਿਕ ਖੋਜਾਂ ਦੀ ਰਾਹ ਪੈ ਜਾਂਦਾ ਹੈ, ਦਰਸ਼ਨ ਦੇ ਗੂੜ ਰਹੱਸਾਂ ਦੀਆਂ ਗੁੱਥੀਆਂ ਸੁਲਝਾਉਣ ਤੇ ਸਮਝਣ ਦੇ ਆਹਰ ਕਰਦਾ ਹੈ ਜਾਂ ਫਿਰ ਆਪਣੀ ਜਗਿਆਸਾ ਨੂੰ ਕੈਨਵਸ ਜਾਂ ਕਾਗਜ਼ 'ਤੇ ਉਤਾਰਨ ਦੇ ਹੀਲੇ ਕਰਦਾ ਹੈ।

ਮੇਰੀਆਂ ਅੱਖਾਂ ਬਹੁਤ ਛੋਟੀਆਂ ਹਨ। ਸਮੇਂ ਅਤੇ ਕਾਇਨਾਤ ਦੇ ਪਸਾਰੇ ਦਾ ਕਣ ਮਾਤਰ ਹੀ ਵੇਖ ਸਕਦੀਆਂ ਨੇ। ਬੇਸ਼ਕ ਮੈਂ ਓਨੇ ਕੁ ਬਾਰੇ ਹੀ ਜਾਣਦੀ ਹਾਂ ਜਿੰਨਾ ਕੁ ਮੇਰੀਆਂ ਨਜ਼ਰਾਂ ਦੇ ਘੇਰੇ ਵਿਚ ਆਉਂਦਾ ਹੈ ਪਰ ਮੇਰੀ ਸੋਚ ਤੇ ਮੇਰੀ ਕਲਪਨਾ ਅਸੀਮ ਹੈ। ਉਹ ਕਿਸੇ ਖਿਤਿਜ ਜਾਂ ਬ੍ਰਾਹਮਾਂਡ ਦੀ ਅਦ੍ਰਿਸ਼ ਸੀਮਾ ਨੂੰ ਨਹੀਂ ਮੰਨਦੀ। ਬਲਕਿ ਆਪਣੀ ਮਰਜ਼ੀ ਦੇ ਬ੍ਰਾਹਮੰਡ ਤੇ ਖਿਤਿਜ ਦੀ ਤਸਵੀਰ ਬਣਾ ਕੇ ਕਾਗਜ਼ਾਂ 'ਤੇ ਉਤਾਰਨ ਲਈ ਮੈਨੂੰ ਪ੍ਰੇਰਦੀ ਹੈ। ਮੇਰੇ ਤੋਂ ਕਦੀ ਕਵਿਤਾ, ਕਹਾਣੀ ਤੇ ਜੇ ਕਲਪਨਾ ਬਹੁਤ ਹੀ ਵਿਸ਼ਾਲ ਹੋਵੇ ਤਾਂ ਨਾਵਲ ਲਿਖਣ ਦੇ ਰਾਹ ਤੋਰ ਦੇਂਦੀ ਹੈ। ਸਮੇਂ ਦੇ ਸਾਗਰ ਵਿਚ ਘਟਨਾਵਾਂ ਅਤੇ ਕਲਪਨਾਵਾਂ ਦੀਆਂ ਬੇਸ਼ੁਮਾਰ ਬੇੜੀਆਂ ਆਉਂਦੀਆਂ ਜਾਂਦੀਆਂ, ਆਪਣੇ ਨਾਲ ਕਿੰਨਾ ਕੁਝ ਲਿਆ ਮੇਰੀ ਝੋਲੀ ਪਾ ਕੇ ਜਾਂ ਮੇਰੇ ਤੋਂ ਖੋਹ ਕੇ ਵਾਪਸ ਉਨ੍ਹਾਂ ਲਹਿਰਾਂ ਵਿਚ ਮੁੜ ਜਾਂਦੀਆਂ ਹਨ, ਜਿਨ੍ਹਾਂ ਲਹਿਰਾਂ ਵਿਚ ਸਮੇਂ ਦਾ ਸੱਚ ਲੁਕਿਆ ਹੁੰਦਾ ਹੈ। ਤੇ ਕੁਝ ਸੱਚ, ਕੁਝ ਰਹੱਸ ਸਾਡੇ ਦਿਲਾਂ ਅੰਦਰ ਵੀ ਲੁਕੇ ਹੁੰਦੇ ਹਨ ਜੋ ਵਕਤਨ-ਬਵਕਤਨ ਸਾਡੀ ਕਲਮ ਦਾ ਸਹਾਰਾ ਲੈ ਕੇ ਕਾਗਜ਼ਾਂ ਉੱਤੇ ਉੱਕਰ ਜਾਂਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਸਾਹਿਤ ਕੀ ਹੈ? ਕੀ ਜੋ ਅਸੀਂ ਸਮਕਾਲ ਵਿਚ ਘਟਣ ਵਾਲੀਆਂ ਘਟਨਾਵਾਂ ਵੇਖ ਉਨ੍ਹਾਂ ਤੋਂ ਮੁਤਾਸਿਰ ਹੁੰਦੇ ਹਾਂ, ਉਨ੍ਹਾਂ ਨੂੰ ਕਲਮਬੰਦ ਕਰਨਾ ਹੀ ਸਾਹਿਤ ਹੈ, ਕਿਉਂਕਿ ਸਮਕਾਲ ਤੋਂ ਵੱਖ ਹੋ ਕੇ ਲਿਖਣਾ ਸਮਕਾਲ ਦੇ ਸੱਚ ਨੂੰ ਨਕਾਰਨ ਜਾਂ ਉਸਦੇ ਅਸਰ ਤੋਂ ਅਣਭਿੱਜ ਰਹਿਣ ਵਾਲੀ ਗੱਲ ਹੋਵੇਗੀ। ਪਰ ਘਟਨਾਵਾਂ ਨੂੰ ਇਨ-ਬਿੰਨ ਸਾਹਿਤ ਦਾ ਨਾਂ ਦੇਣਾ ਵੀ ਤਾਂ ਸਾਹਿਤ ਨਹੀਂ ਹੋ ਸਕਦਾ। ਉਹ ਅਖ਼ਬਾਰੀ ਸੂਚਨਾ ਜਾਂ ਡੇਲੀ-ਡਾਇਰੀ ਵਰਗੀਆਂ ਸੂਚਨਾਵਾਂ ਦਾ ਹੀ ਵਿਸਥਾਰ ਹੋਵੇਗਾ। ਫਿਰ ਕੀ ਸੱਚ ਤੇ ਕਲਪਨਾ ਦੇ ਮਿਸ਼ਰਣ ਨੂੰ ਹੀ ਸਾਹਿਤ ਕਿਹਾ ਜਾ ਸਕਦਾ ਹੈ।

ਮੇਰੀ ਜਾਚੇ ਇਹ ਸਹੀ ਹੈ। ਅਖ਼ਬਾਰੀ ਰਿਪੋਰਟਰ ਅਤੇ ਲੇਖਕ ਵਿਚ ਏਹੀ ਫਰਕ ਹੈ ਕਿ ਲੇਖਕ ਨੂੰ ਸੱਚ ਦੇ ਸੋਨੇ ਵਿਚ ਆਪਣੀ ਕਲਪਨਾ ਦਾ ਰਲਗਡ ਕਰਨਾ ਜ਼ਰੂਰੀ ਹੋ ਜਾਂਦਾ ਹੈ ਤਾਂ ਹੀ ਉਹ ਇਕ ਮਜ਼ਬੂਤ ਗਹਿਣਾ ਘੜ ਸਕਦਾ ਹੈ। ਤੇ ਕਿਸੇ ਲੇਖਕ ਦੀ ਕਲਪਨਾ ਦਾ ਮੱਯਾਰ ਕਿੰਨਾ ਸੁਥਰਾ ਤੇ ਕਿੰਨਾ ਪੁਖਤਾ ਹੈ, ਇਹੀ ਉਸਦੇ ਲਿਖੇ ਸੱਚ ਨੂੰ ਪਾਠਕਾਂ ਦੇ ਦਿਲ ਤੋਂ ਜ਼ਹਿਨ ਤਕ ਪੁੱਜਣ ਦਾ ਵਸੀਲਾ ਬਣ ਸਕਦਾ ਹੈ।

ਸਮਕਾਲ ਦੇ ਸੰਕਟਾਂ 'ਚੋਂ ਮੈਨੂੰ ਇਕ ਸੰਕਟ ਹੋਰ ਵੀ ਸੋਚਣ ਲਈ ਮਜਬੂਰ ਕਰਦਾ ਹੈ ਕਿ ਲੇਖਕ ਲਿਖਦਾ ਕਿਸਦੇ ਲਈ ਹੈ ? ਕੀ ਉਹ ਸਾਹਿਤਕ ਦੁਨੀਆਂ ਵਿਚ ਆਪਣੀ ਪਛਾਣ ਬਣਾਉਣ ਜਾਂ ਉਸ ਪਛਾਣ ਨੂੰ ਕਾਇਮ ਰੱਖਣ ਲਈ ਹੀ ਲਿਖਦੇ ਰਹਿਣ ਦੀ ਜਦੋ-ਜਹਿਦ ਕਰਦਾ ਹੈ ? ਜਾਂ ਕੀ ਉਹ ਅਕਾਦਮਿਕ ਅਦਾਰਿਆਂ ਅਤੇ ਆਲੋਚਕਾਂ ਤੋਂ ਆਪਣੀ ਲਿਖਤ ਤੇ ਮੱਯਾਰੀ ਹੋਣ ਦੀ ਪ੍ਰਵਾਨਗੀ ਚਾਹੁੰਦਾ ਹੈ ! ਜਾਂ ਫਿਰ ਉਹ ਆਪਣੀ ਰੂਹ ਦੀ ਖੁਸ਼ੀ ਅਤੇ ਤਸੱਲੀ ਲਈ ਲਿਖਦਾ ਹੈ। ਜੋ ਉਸ ਦੇ ਜੀਅ ਨੂੰ ਭਾਉਂਦਾ ਹੈ, ਉਵੇਂ ਲਿਖੇ ਜਾਂ ਫਿਰ ਉਹ ਲੋਕਾਈ ਤੇ ਆਮ ਪਾਠਕਾਂ ਲਈ ਲਿਖਦਾ ਹੈ, ਜੋ ਉਸਦੇ ਲਿਖੇ ਨੂੰ ਆਪਣੀ ਖੁਸ਼ੀ ਗ਼ਮੀ ਨਾਲ ਜੋੜ ਕੇ ਮਹਿਸੂਸ ਕਰ ਸਕਣ।

ਮੇਰੇ ਲਈ ਇਹ ਚਾਰੋਂ ਪ੍ਰਸ਼ਨ ਮਹੱਤਵਪੂਰਨ ਹਨ ਪਰ ਇਸਦੇ ਉਤਰ ਹਰ ਲੇਖਕ ਦੀ ਸੋਚ ਅਨੁਸਾਰ ਵੱਖਰੇ ਹੋ ਸਕਦੇ ਹਨ। ਅਗਰ ਲੇਖਕ ਦਾ ਮਕਸਦ ਆਪਣੀ ਸਾਹਿਤਕ ਪਛਾਣ ਬਣਾਉਣ ਲਈ ਹੀ ਲਿਖਣਾ ਹੈ ਤਾਂ ਉਹ ਕੁਝ ਵੀ ਲਿਖ ਕੇ ਤੇ ਪੱਲਿਓਂ ਪੈਸੇ ਖਰਚ ਕੇ ਮਨਮਰਜ਼ੀ ਦੀ ਕਿਤਾਬ ਛਪਵਾ ਲੈਂਦਾ ਹੈ ਤੇ ਘਰ ਦੀ ਬੈਠਕ ਵਿਚ ਉਸ ਕਿਤਾਬ ਦੇ ਰਲੀਜ਼ ਸਮਾਗਮ ਦੀਆਂ ਤਸਵੀਰਾਂ ਸਜਾ ਕੇ ਖੁਸ਼ ਹੁੰਦਾ ਹੈ। ਇਹ ਉਸਦੇ ਨਿੱਜੀ ਸੁਖਾਂਤ ਦਾ ਜ਼ਰੀਆ ਬਣਦਾ ਹੈ।

ਦੂਜੇ ਨੰਬਰ ਵਾਲੇ ਲੇਖਕ ਜੋ ਅਕਾਦਮਿਕ ਅਤੇ ਆਲੋਚਕਾਂ ਦੀ ਦ੍ਰਿਸ਼ਟੀ ਅਤੇ ਮਾਪਦੰਡਾਂ ਨੂੰ ਧਿਆਨ ਵਿਚ ਰੱਖ ਕੇ ਲਿਖਦੇ ਹਨ, ਉਹ ਆਪਣੀ ਲਿਖਤ ਨਾਲ ਬੇਇਨਸਾਫ਼ੀ ਕਰਦੇ ਹਨ ਕਿਉਂਕਿ ਆਲੋਚਨਾ ਦੇ ਸਿਧਾਂਤ ਅਤੇ ਮਾਪਦੰਡ ਸਮੇਂ ਦੇ ਨਾਲ-ਨਾਲ ਬਦਲਦੇ ਰਹਿਣਗੇ ਪਰ ਲੇਖਕ ਦੀ ਰਚਨਾ ਸਮੇਂ ਦੇ ਨਾਲ ਬਦਲੇਗੀ ਨਹੀਂ, ਸਗੋਂ ਸਮੇਂ ਦੇ ਕਾਗਜ਼ 'ਤੇ ਉਸਦੇ ਹਸਤਾਖ਼ਰ ਨਾਲ ਛਪ ਜਾਏਗੀ।

ਜਿਹੜੇ ਆਪਣੀ ਖੁਸ਼ੀ ਜਾਂ ਤਸੱਲੀ ਲਈ ਲਿਖਣ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਪ੍ਰਕਾਸ਼ਕਾਂ ਦੀਆਂ ਮਿੰਨਤਾਂ ਤਰਲੇ ਕਰ-ਕਰ ਕੇ ਤੇ ਉਨ੍ਹਾਂ ਹੱਥੋਂ ਸ਼ੋਸ਼ਿਤ ਹੋਣ ਦੀ ਕੀ ਲੋੜ ਹੁੰਦੀ ਹੈ ? ਉਹ ਆਪਣੇ ਲਈ ਲਿਖਕੇ ਆਪ ਹੀ ਪੜ੍ਹ ਕੇ ਖੁਸ਼ ਹੋ ਲੈਣ। ਦੂਜਿਆਂ ਨੂੰ ਪੜ੍ਹਾਉਣ ਲਈ ਕਿਤਾਬਾਂ ਕਿਉਂ ਛਪਾਉਂਦੇ ਹਨ। ਅਜਕਲ ਤੇ ਇਹ ਵੀ ਟ੍ਰੈਂਡ ਚਲ ਪਿਆ ਕਿ ਬਦੋਬਦੀ ਆਪਣੀਆਂ ਲਿਖੀਆਂ ਕਿਤਾਬਾਂ ਲੋਕਾਂ ਨੂੰ ਭੇਜ, ਉਮੀਦ ਭਰਿਆ ਸੁਨੇਹਾ ਵੀ ਨਾਲ ਭੇਜ ਦਿੱਤਾ ਜਾਂਦਾ ਹੈ ਕਿ ਮੇਰੀ ਕਿਤਾਬ ਪੜ੍ਹੋ ਤੇ ਕੁਝ ਲਿਖ ਕੇ ਭੇਜੋ।

ਪਰ ਚੌਥੀ ਗੱਲ ਅਹਿਮ ਹੈ ਜੋ ਸਾਹਿਤ ਆਮ ਪਾਠਕਾਂ ਲਈ ਲਿਖਿਆ ਜਾਂਦਾ ਹੈ, ਉਸ ਵਿਚ ਲੇਖਕ ਦੀ ਜ਼ਾਤ, ਲੋਕਾਈ ਦੇ ਦੁੱਖ-ਦਰਦ, ਗ਼ਮ-ਹਾਸੇ ਅਤੇ ਸੰਵੇਦਨਾਵਾਂ ਦੀ ਮਿੱਟੀ ਵਿਚ ਗੜੁਚ ਹੋ ਜਾਂਦੀ ਹੈ। ਫਿਰ ਉਸ ਮਿੱਟੀ 'ਚੋਂ ਜੋ ਸਾਹਿਤਕ ਫੁਲ ਖਿੜਦਾ ਹੈ, ਉਸਦੀ ਖੁਸ਼ਬੋ ਹਰ ਮਨ ਨੂੰ ਮਹਿਕਾਂ ਦੇਂਦੀ ਹੈ। ਅਜਿਹੇ ਸਾਹਿਤ ਨੂੰ ਹੀ ਆਮ ਪਾਠਕ ਆਪਣੇ ਸੀਨੇ ਨਾਲ ਘੁੱਟ ਕੇ ਰੱਖਦਾ ਹੈ ਕਿਉਂਕਿ ਉਹ ਕਿਸੇ ਖਾਹਿਸ਼ 'ਚੋਂ ਉਪਜਿਆ ਸਾਹਿਤ ਨਹੀਂ ਹੁੰਦਾ ਸਗੋਂ ਇਕ ਭੇਟਾ ਬਣ ਜਾਂਦਾ ਹੈ।

ਸਮਕਾਲੀ ਸਾਹਿਤ 'ਚੋਂ ਸਿਧਾਂਤ ਅਨੁਸਾਰ ਸਮਕਾਲ ਵਿਚ ਰਚੇ ਜਾ ਸਾਹਿਤ ਨੂੰ ਹੀ ਸਮਕਾਲੀ ਸਾਹਿਤ ਕਿਹਾ ਜਾਂਦਾ ਹੈ। ਪਰ ਇਸ ਸਮਕਾਲ ਦੀ ਸੀਮਾ ਰੇਖਾ ਕੀ ਹੋਣੀ ਚਾਹੀਦੀ ਹੈ, ਇਸ ਦਾ ਕੋਈ ਠੋਸ ਉਤਰ ਨਹੀਂ ਹੋ ਸਕਦਾ। ਫਿਰ ਵੀ ਡਾਕਟਰ ਤੇਜਵੰਤ ਸਿੰਘ ਗਿੱਲ ਅਨੁਸਾਰ, "ਸਮਕਾਲ ਨੇ 20ਵੀਂ ਸਦੀ ਦੇ ਅੰਤਲੇ ਤਿੰਨ ਸਾਲਾਂ ਤੋਂ ਆਪਣੀ ਪਛਾਣ ਬਣਾਉਣੀ

ਸ਼ੁਰੂ ਕਰ ਦਿੱਤੀ ਸੀ। ਕਵਿਤਾ, ਕਹਾਣੀ, ਨਾਟਕ ਤੇ ਨਾਵਲ ਨੂੰ ਅਗਰ ਸਮਕਾਲ ਦੇ ਸੰਦਰਭ ਵਿਚ ਪ੍ਰੀਭਾਸ਼ਿਤ ਕੀਤਾ ਜਾਵੇ ਤਾਂ ਨਿਸਚੈ ਹੀ ਇਹ ਨਤੀਜੇ ਕੱਢੇ ਜਾ ਸਕਦੇ ਹਨ ਕਿ ਸਾਹਿਤ ਨੂੰ ਵੀ ਪੱਛਮ ਦੀ ਵਿਕਸਤ ਤੇ ਲੁਭਾਵਣੀ ਸਰਮਾਏਦਾਰੀ ਤੇ ਉਨ੍ਹਾਂ ਦੀ ਸਰਬ ਵਿਆਪਕ ਵਿਉਂਤਕਾਰੀ ਨੇ ਉਵੇਂ ਹੀ ਪ੍ਰਭਾਵਿਤ ਕੀਤਾ ਹੈ ਜਿਵੇਂ ਤੀਜੀ ਦੁਨੀਆਂ ਦੇ ਹਰ ਵਿਅਕਤੀ ਨੂੰ ਆਪਣੇ ਗਲਬੇ ਅਧੀਨ ਕਰ ਲਿਆ ਹੋਇਆ ਹੈ। ਸਾਹਿਤ ਦੇ ਅਲੰਕਾਰ, ਸ਼ਬਦਾਵਲੀ, ਬਿੰਬ ਅਤੇ ਚਿੰਨ੍ਹ ਵੀ ਉਸੇ ਤਲਿਸਮੀ ਰੰਗ ਵਿਚ ਰੰਗੇ ਗਏ ਹਨ, ਜਿਸਦਾ ਮਸੀਰ ਤੋਂ ਮੁਰੀਦ ਕੋਈ ਵੀ ਆਪ ਮਨੁੱਖ ਹੋ ਸਕਦਾ ਹੈ।"

ਸਮਕਾਲ ਦੀ ਇਸ ਤਲਿਸਮੀ ਆਪਾ-ਧਾਪੀ ਵਿਚ ਮੈਂ ਤੇ ਮੇਰਾ ਸਾਹਿਤ ਕਿਥੇ ਖੜ੍ਹਾ ਹੈ ਮੈਂ ਆਪਣੀ ਸਭ ਤੋਂ ਵਧ ਪਸੰਦੀਦਾ ਵਿਧਾ ਦੇ ਹਵਾਲੇ ਨਾਲ ਇਸ ਬਾਰੇ ਗੱਲ ਕਰਨੀ ਚਾਹਾਂਗੀ। ਉਂਜ ਮੇਰੇ ਲੇਖਨ ਦੀ ਸ਼ੁਰੂਆਤ ਸ਼ਾਇਰੀ ਨਾਲ ਹੋਈ ਹੈ। ਫਿਰ ਅਗਲਾ ਪੜਾਅ ਕਹਾਣੀ ਸੀ ਤੇ ਹੁਣ ਸਮਕਾਲ ਵਿਚ ਨਾਵਲ ਵਰਗੀ ਜਟਿਲ ਵਿਧਾ ਨੇ ਮੈਨੂੰ ਆਪਣੇ ਤਾਣੇ-ਬਾਣੇ ਵਿਚ ਲਪੇਟ ਲਿਆ ਹੋਇਆ ਹੈ। ਮੈਂ ਮਹਿਸੂਸ ਕਰਦੀ ਹਾਂ ਕਿ ਗਲਪ ਰਚਨਾ ਦਾ ਰਾਹ ਔਖਾ ਤੇ ਕੰਡਿਆਲਾ ਹੈ। ਕਵਿਤਾ ਲਿਖਣ ਤੇ ਕਵੀ ਏਨੇ ਸੁਆਲਾਂ ਦੇ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਜਾਂਦਾ, ਜਿੰਨਾ ਕਹਾਣੀ ਜਾਂ ਨਾਵਲ ਲਿਖਣ ਵਾਲੇ ਲੇਖਕ ਨੂੰ ਖੜ੍ਹਾ ਕੀਤਾ ਜਾਂਦਾ ਹੈ। ਆਪਣੀ ਲਿਖੀ ਹਰ ਇਬਾਰਤ ਅਤੇ ਵਿਚਾਰ ਲਈ ਗਲਪ ਲੇਖਕ ਨੂੰ ਜੁਆਬਦੇਹ ਹੋਣਾ ਪੈਂਦਾ ਹੈ। ਇਹ ਕੰਡੇ ਖਾਸ ਤੌਰ ਤੇ ਬੋਚ-ਬੋਚ ਕੇ ਕਦਮ ਰੱਖਣ ਨਾਲ ਕੰਮ ਨਹੀਂ ਬਣਦਾ। ਲੇਖਕ ਨੂੰ ਨੰਗੇ ਪੈਰੀਂ ਇਨ੍ਹਾਂ ਕੰਡਿਆਂ ਤੇ ਤੁਰ, ਤਿੱਖੀਆਂ ਸੂਲਾਂ ਨਾਲ ਆਪਣਾ ਆਪ ਲਹੂ-ਲੁਹਾਨ ਕਰਨਾ ਹੀ ਪੈਂਦਾ ਹੈ। ਤੇ ਏਹੀ ਚੰਗੇ ਸਾਹਿਤ ਦੀ ਮਿਸਾਲ ਹੈ। ਜੇ ਕਿਸੇ ਲੇਖਕ ਦੀ ਰਚਨਾ ਨੇ ਕੋਈ ਹਲਚਲ ਮਚਾਈ ਹੀ ਨਾ, ਪਾਠਕਾਂ ਆਲੋਚਕਾਂ ਦੀ ਸੋਚ ਅਤੇ ਵਿਚਾਰਾਂ ਨੂੰ ਟੁੰਬਿਆਂ ਹੀ ਨਾ ਤਾਂ ਫਿਰ ਉਹ ਸਾਹਿਤ ਜਿਵੇਂ ਆਉਂਦਾ ਹੈ ਉਵੇਂ ਚਲਾ ਵੀ ਜਾਂਦਾ ਹੈ, ਜੋ ਕਿਸੇ ਲੇਖਕ ਦੀ ਪ੍ਰਾਪਤੀ ਨਹੀਂ ਸਗੋਂ ਕਮਜ਼ੋਰੀ ਹੋ ਸਕਦੀ ਹੈ।

ਮੇਰੇ ਨਾਵਲ ਦਾ ਸਫ਼ਰ 'ਸ਼ਿਕਾਰਗਾਹ' ਨਾਵਲ ਨਾਲ ਸ਼ੁਰੂ ਹੋਇਆ। ਮੈਂ ਕਸ਼ਮੀਰ ਦੇ ਇਕ ਪਹਾੜੀ ਪਿੰਡ 'ਕੰਗਾਲੂੜਾ' ਦੀ ਜੰਮਪਲ, ਵਿਆਹ ਕਰਾ ਕੇ ਜਦੋਂ ਜੰਮੂ ਆ ਵਸੀ ਤਾਂ ਇਥੇ ਦੀਆਂ ਕੜਕਦੀਆਂ ਧੁੱਪਾਂ ਨੇ ਮੈਨੂੰ ਅਹਿਸਾਸ ਕਰਾਇਆ ਕਿ ਕਸ਼ਮੀਰ ਛੱਡ ਕੇ ਆਉਣਾ ਕਿੰਨਾ ਮੁਸ਼ਕਿਲ ਹੈ। ਉਨ੍ਹਾਂ ਦਿਨਾਂ ਵਿਚ ਕਸ਼ਮੀਰ ਦੀ ਹਿੱਕ ਉੱਤੇ ਕੰਡਿਆਲੀਆਂ ਤਾਰਾਂ ਵਿਛ ਚੁੱਕੀਆਂ ਸਨ ਤੇ ਧਰਤੀ ਦਾ ਸੀਨਾ ਲਹੂ-ਲੁਹਾਨ ਹੋ ਚੁੱਕਾ ਸੀ। ਸ਼ਿਕਾਰਗਾਹ ਮੇਰੇ ਪਿੰਡ ਦੇ ਨਾਲ ਲਗਦਾ ਉਹ ਜੰਗਲੀ ਗਰਾਂ ਹੈ, ਜਿਥੇ ਅੱਜ ਵੀ ਰਾਜਿਆਂ-ਮਹਾਰਾਜਿਆਂ ਦੇ ਵੇਲੇ ਦੀ ਬਣੀ ਆਰਾਮਗਾਹ ਹੈ। ਇਥੇ ਰਾਜੇ-ਮਹਾਰਾਜੇ ਸ਼ਿਕਾਰ ਖੇਡਣ ਆਉਂਦੇ ਤੇ ਆਰਾਮ ਫਰਮਾਉਂਦੇ ਸਨ। ਇਸ ਸ਼ਿਕਾਰਗਾਹ ਨਾਲ ਤਰਾਲ ਇਲਾਕੇ ਦੇ ਲੋਕਾਂ ਦੀਆਂ ਖਾਸ ਯਾਦਾਂ ਜੁੜੀਆਂ ਹੋਈਆਂ ਹਨ। ਇਹ ਇੱਕ ਜਗ੍ਹਾ ਹੈ ਜਿਥੇ ਆਸ-ਪਾਸ ਦਾ ਹਰ ਸਕੂਲ ਬੱਚਿਆਂ ਨੂੰ ਪਿਕਨਿਕ ਮਨਾਉਣ ਲੈ ਜਾਂਦਾ ਹੈ। ਹਰਿਆਲੀ ਅਤੇ ਖੂਬਸੂਰਤੀ ਦਾ ਅਤਿ ਸੁੰਦਰ ਨਮੂਨਾ ਸ਼ਿਕਾਰਗਾਹ।

ਪਰ ਸਮੇਂ ਨੇ ਕਸ਼ਮੀਰ ਦੀ ਸਾਰੀ ਧਰਤ ਨੂੰ ਸ਼ਿਕਾਰਗਾਹ ਬਣਾ ਦਿੱਤਾ। ਮੈਂ, ਤੇ ਮੇਰੇ ਆਪਣਿਆਂ ਨੇ, ਮੇਰੇ ਹਮਸਾਇਆਂ ਨੇ ਆਪਣੇ ਆਪ ਨੂੰ ਇਨ੍ਹਾਂ ਹਾਲਾਤਾਂ ਵਿਚ ਉਂਝ ਹੀ ਘਿਰਿਆ ਵੇਖਿਆ ਹੈ ਜਿਵੇਂ ਰਾਜਿਆਂ ਦੇ ਵੇਲੇ ਜੰਗਲੀ ਜਾਨਵਰ ਸ਼ਿਕਾਰੀਆਂ ਦੇ ਚੁੰਗਲ ਵਿਚ ਘਿਰੇ ਤੜਪਾ-ਤੜਪਾ ਕੇ ਕੋਹ ਦਿੱਤੇ ਜਾਂਦੇ ਸਨ। ਬਹੁਤ ਸਾਰੀਆਂ ਸੱਚੀਆਂ ਘਟਨਾਵਾਂ

ਤੇ ਪਾਤਰਾਂ ਨੇ ਮੇਰੇ ਤੋਂ 'ਸ਼ਿਕਾਰਗਾਹ' ਨਾਵਲ ਲਿਖਵਾਇਆ। ਇਹ ਸਮਕਾਲ ਦੀ ਗਾਥਾ ਸੀ। ਕੁਕੂ ਦੀ ਪੰਡਿਤ ਪ੍ਰੇਮਿਕਾ ਬਬਲੀ ਤੇ ਉਸਦੇ ਪਰਵਾਰ ਦਾ ਆਪਣੇ ਜੱਦੀ ਘਰ ਚੋਂ ਰਿਫਿਊਜੀ ਬਣਕੇ ਨਸਣਾ। ਚਿੱਠੀ ਸਿੰਘਪੁਰਾ ਦੇ ਕਤਲੇਆਮ, ਮੁਸਲਮਾਨਾਂ ਦਾ ਰੁਦਨ। ਸਭਿਆਚਾਰਕ ਸਾਂਝਾ ਤੋਂ ਭਰੋਸੇ ਦਾ ਟੁੱਟਣ ਦਾ ਸਦਮਾ, ਭਾਈਚਾਰੇ ਤੇ ਦੋਸਤੀਆਂ ਵਿਚ ਪੈ ਗਈਆਂ ਤ੍ਰੇੜਾਂ। ਡਰ, ਦਹਿਸ਼ਤ, ਮੌਤ ਇਹ ਸਭ ਅੱਖੀਂ ਵੇਖਿਆ। ਇਸਦੇ ਜ਼ਖ਼ਮ ਸੀਨੇ 'ਤੇ ਝੱਲੇ ਤੇ ਫਿਰ ਉਨ੍ਹਾਂ ਜ਼ਖਮਾਂ 'ਚੋਂ ਰਿਸਦੇ ਲਹੂ ਨਾਲ 'ਸ਼ਿਕਾਰਗਾਹ' ਦਾ ਅੱਖਰ-ਅੱਖਰ ਲਿਖਿਆ। ਉਨ੍ਹਾਂ ਹੀ ਦਿਨਾਂ ਦੌਰਾਨ ਪੁਲੀਸ ਵਿਚ ਨੌਕਰੀ ਕਰਦੇ ਆਪਣੇ ਇਕਲੌਤੇ ਵੀਰ ਦਾ ਅਣਜਾਣ ਜ਼ਾਲਮਾਂ ਹੱਥੋਂ ਹੋਇਆ ਕਤਲ ਮੇਰੇ ਦਰਦ ਦੀ ਸਿਖ਼ਰ ਤਕ ਫੈਲਿਆ ਮਾਇਆ ਦਾ ਮਾਯਾ ਸੰਸਾਰ ਐਸਾ ਹੈ ਜਿਸਦੀ ਕਾਮਨਾ ਹਰ ਔਰਤ ਕਰਦੀ ਹੈ। ਆਪਣੇ ਸੁਪਨਿਆਂ ਦੀ ਆਜ਼ਾਦੀ ਲਈ ਜੀਊਣ ਦੇ ਸੰਘਰਸ਼ ਤੇ ਸੰਘਰਸ਼ ਦੇ ਇਸ ਰਾਹ ਵਿਚ ਵੱਖ-ਵੱਖ ਪੜਾਵਾਂ ਉੱਤੇ ਮਨੁੱਖਾਂ ਦੇ ਰੂਪ ਵਿਚ ਹੁੰਦੇ 'ਇਨਕਾਊਂਟਰ' ਦਰਸਅਲ ਸਾਡੇ ਮੁਖੌਟਿਆਂ ਹੇਠ ਛੁਪੀ ਹੋਈ ਵਿਕ੍ਰਿਤ ਸ਼ਖ਼ਸੀਅਤ ਦੇ ਪਰਦੇ ਲਾਹ ਸੁੱਟਦੇ ਹਨ। ਇਹ ਕੇਵਲ ਇਕ ਨਾਵਲੀ ਬ੍ਰਿਤਾਂਤ ਨਹੀਂ ਹੈ ਸਗੋਂ ਨਿੱਕੀਆਂ-ਨਿੱਕੀਆਂ ਖਾਹਿਸ਼ਾਂ ਦਾ ਅੰਬਰਾਂ ਤੀਕ ਅਸੀਮ ਬਣ ਜਾਣ ਦੀ ਕਹਾਣੀ ਹੈ ਜੋ ਭੂਤ, ਵਰਤਮਾਨ ਤੋਂ ਹੁੰਦੀ ਹੋਈ ਅਦ੍ਰਿਸ਼ ਭਵਿੱਖ ਤਕ ਫੈਲ ਜਾਂਦੀ ਹੈ। ਸਮਕਾਲ ਦੇ ਚੌਖਟੇ ਨੂੰ ਤੋੜਦੀ ਹੋਈ ਮਾਇਆ ਮੇਰੀ ਕਲਪਨਾ ਦੁਆਰਾ ਸਿਰਜਿਆ ਉਹ ਪਾਤਰ ਹੈ, ਜਿਸ ਨਾਲ ਉਸਦੇ ਹਰ ਐਬ ਅਤੇ ਔਗੁਣ ਦੇ ਬਾਵਜੂਦ ਵੀ ਮੈਨੂੰ ਇਸ਼ਕ ਹੈ। ਇਹ ਨਾਵਲ ਲਿਖਦਿਆਂ ਮੇਰੇ ਪੈਰ ਮੇਜ਼ ਕੁਰਸੀ ਅੱਗੇ ਬੈਠੇ ਰਹਿਣ ਕਰਕੇ ਸੁੱਜ ਗਏ ਸਨ।

ਆਪਣੇ ਤੀਜੇ ਨਾਵਲ ਦੀ ਗੱਲ ਕਰਨ ਤੋਂ ਪਹਿਲਾ ਹੀ ਆਪਣੇ ਪਠਕਾਂ ਨਾਲ ਇਹ ਗੱਲ ਜ਼ਰੂਰ ਸਾਂਝੀ ਕਰਨੀ ਚਾਹੁੰਦੀ ਹਾਂ ਕਿ ਐਸਾ ਨਹੀਂ ਕਿ ਮੈਂ ਕੇਵਲ ਕਸ਼ਮੀਰ ਨਾਲ ਸੰਬੰਧਤ ਕਹਾਣੀਆਂ ਜਾਂ ਨਾਵਲ ਲਿਖੇ ਹਨ। ਮਾਇਆ ਦੀ ਸ਼ੁਰੂਆਤ ਜੰਮੂ ਕਸ਼ਮੀਰ ਤੋਂ ਹੁੰਦੀ ਹੋਈ ਪੂਰੀ ਦੁਨੀਆਂ ਤਕ ਉਸਦਾ ਪਾਸਾਰ ਫੈਲਦਾ ਹੈ। ਪਰ ਤੀਜੇ ਨਾਵਲ 'ਚਸ਼ਮਿ-ਬੁਲਬੁਲ' ਨੂੰ ਮੈਂ ਖਾਸ ਤੌਰ ਤੇ ਕਸ਼ਮੀਰੀ ਮੁਸਲਮਾਨਾਂ ਦੀ ਇਕ ਬੁਣਕਰ ਸ਼੍ਰੇਣੀ ਤਕ ਸੀਮਤ ਰੱਖਿਆ ਹੈ ਜੋ ਉਥੋਂ ਦੇ ਸਭ ਤੋਂ ਕੀਮਤੀ ਪਸ਼ਮੀਨਾ ਤੇ ਕਾਨੀਸ਼ਾਲ ਬੁਣਦੇ ਹਨ। 'ਚਸ਼ਮਿ-ਬੁਲਬੁਲ' ਯਾਨੀ ਬੁਲਬੁਲ ਦੀ ਅੱਖ ਬੁਲਾਉਂਦੇ ਹਨ। ਸਮਕਾਲ ਦੇ ਸੰਦਰਭ ਵਿਚ ਇਸ ਨਾਵਲ ਨੂੰ ਵਾਚਿਆ ਜਾਵੇ ਤਾਂ ਮੇਰੀ ਨਜ਼ਰ ਵਿਚ ਮੇਰਾ ਇਹ ਨਾਵਲ ਮੇਰੇ ਲਈ ਮਹੱਤਵਪੂਰਨ ਹੈ, ਇਸ ਰਾਹੀਂ ਮੈਂ ਮੌਜੂਦਾ ਸਮੇਂ ਅਤੇ ਹਾਲਤਾਂ ਕਾਰਨ ਦਸਤਕਾਰੀਆਂ ਉੱਤੇ ਪਏ ਦੂਰ ਪ੍ਰਭਾਵ, ਰਾਜਨੀਤਕ ਤੇ ਬਾਜ਼ਾਰੀ ਸ਼ੋਸ਼ਣਾਂ ਵਿਚ ਪਿਸ ਰਹੇ ਗਰੀਬ ਬੁਣਕਰਾਂ ਦੀ ਖਸਤਾਹਾਲੀ ਰਾਹੀਂ ਬਿਆਨ ਕਰਨ ਦੀ ਕੋਸ਼ਿਸ਼ ਰਾਹੀਂ ਲੋਕਾਂ ਦੇ ਸਮੂਹਿਕ ਸੰਘਰਸ਼ ਦੁਆਰਾ ਆਉਂਦੀ ਹਾਂ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਈ ਲੇਖਕ ਐਸੇ ਹੋਏ ਹਨ ਜਿਨ੍ਹਾਂ ਨੇ ਸਮਾਜ ਵਿਚ ਇਕ ਨਵੀਂ ਕਰਾਂਤੀ ਅਤੇ ਇਨਕਲਾਬ ਲਿਆਉਣ ਵਿਚ ਆਪਣੀਆਂ ਲਿਖਤਾਂ ਰਾਹੀਂ ਵੱਡੀਆਂ ਘਾਲਾਂ ਘਾਲੀਆਂ ਹਨ। ਕੋਈ ਵੀ ਸੰਘਰਸ਼ ਕਿਸੇ ਠੋਸ ਵਿਚਾਰ, ਸੋਚ ਅਤੇ ਹੌਸਲੇ ਤੋਂ ਬਿਨਾ ਸੰਭਵ ਨਹੀਂ। ਇਸ ਕਰਕੇ ਇਹ ਮੰਨ ਕੇ ਚਲਣਾ ਜ਼ਰੂਰੀ ਹੈ ਕਿ ਸਾਹਿਤ ਸਮਾਜਕ ਤਬਦੀਲੀ ਦਾ ਬਹੁਤ ਮਹੱਤਵਪੂਰਨ ਆਧਾਰ ਹੈ। ਆਪਣੀ ਲੇਖਣੀ ਨੂੰ ਆਲੋਚਕਾਂ ਲਈ ਜੁਆਬਦੇਹ ਬਣਾਉਣ ਦੀ ਥਾਂ ਸਮੇਂ ਦੇ ਸੱਚ ਨੂੰ ਜੁਆਬਦੇਹ ਬਣਾਉਣਾ ਜ਼ਰੂਰੀ ਹੈ। ਸਾਹਿਤ ਉਹ ਹੀ ਜਿੰਦਾ ਰਹੇਗਾ ਜੋ ਆਪਣੇ ਸਮਕਾਲ ਦੀ ਗੱਲ ਕਰੇਗਾ। ***

# ਸਮਕਾਲ ਅਤੇ ਮੇਰੀ ਸਿਰਜਣਕਾਰੀ

**-ਅਤਰਜੀਤ**

1964 ਵਿੱਚ ਮੈਂ ਰੁਮਾਂਟਿਕ ਕਿਸਮ ਦੀ ਕਹਾਣੀ ਦਾ ਰੁਝਾਨ ਛੱਡ ਕੇ ਸਨਅਤੀ ਮਜ਼ਦੂਰਾਂ ਦੇ ਘੋਲ ਨਾਲ਼ ਸਬੰਧਤ ਪਹਿਲੀ ਕਹਾਣੀ ਲਿਖੀ ਜੋ 'ਲੋਕ ਲਹਿਰ' ਅਖ਼ਬਾਰ ਵਿੱਚ ਛਪੀ ਸੀ। ਫ਼ਗਵਾੜੇ ਦੀ ਟੈਕਸਟਾਈਲ ਮਿਲ ਦੇ ਮਜ਼ਦੂਰਾਂ ਨੇ ਮੈਨੇਜਮੈਂਟ ਦੇ ਵਿਰੁੱਧ ਹੜਤਾਲ਼ ਕੀਤੀ ਹੋਈ ਸੀ। ਮੈਨੇਜਮੈਂਟ ਨੇ ਹੜਤਾਲ਼ ਨੂੰ ਸਾਬੋਤਾਜ ਕਰਨ ਲਈ ਪ੍ਰਧਾਨ ਦੇ ਨਾਂ ਬੰਬ ਪਾਰਸਲ ਕਰ ਦਿੱਤਾ ਜੋ ਖੋਲ੍ਹਣ ਸਾਰ ਫਟ ਗਿਆ ਸੀ ਧਰਨੇ 'ਤੇ ਬੈਠੇ ਕੁਝ ਮਜ਼ਦੂਰ ਤੇ ਆਗੂ ਸ਼ਹੀਦ ਹੋ ਗਏ ਸਨ। ਇਸ ਕਹਾਣੀ ਦਾ ਅੱਜ ਮੇਰੇ ਕੋਲ਼ ਕੋਈ ਸਬੂਤ ਨਹੀਂ ਬਚਿਆ। ਮਰਹੂਮ ਕਾਮਰੇਡ ਨੌਨਿਹਾਲ ਸਿੰਘ, ਜਲੰਧਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਤਤਕਾਲੀ ਸਕੱਤਰ ਨੇ ਮੈਨੂੰ ਦਫ਼ਤਰ ਵਿੱਚ ਬੁਲਾ ਕੇ ਦੱਸਿਆ ਸੀ ਕਿ ਸੰਤ ਸਿੰਘ ਸੇਖੋਂ ਨੇ ਕਿਤੇ ਲਿਖਿਆ ਸੀ ਕਿ ਸਨਅਤੀ ਮਜ਼ਦੂਰਾਂ ਉੱਪਰ ਪੰਜਾਬੀ ਦੀ ਇਹ ਪਹਿਲੀ ਕਹਾਣੀ ਹੈ। ਮੇਰੇ ਲਈ ਇਸ ਤੋਂ ਵੱਡਾ ਹੋਰ ਕਿਹੜਾ ਸਰਟੀਫਿਕੇਟ ਹੋ ਸਕਦਾ ਸੀ। ਮਾਰਕਸੀ ਪਾਰਟੀ ਦੇ ਜਲੰਧਰ ਦਫ਼ਤਰ ਵਿੱਚ ਵੀ ਤੇ ਫਿਰ ਚੰਡੀਗੜ੍ਹ ਦੇ 'ਦੇਸ਼ ਸੇਵਕ' ਅਖ਼ਬਾਰ ਦੇ ਦਫ਼ਤਰ ਵਿੱਚ ਵੀ ਪਤਾ ਕਰ ਲਿਆ ਪਰ ਉਹ ਫਾਈਲ ਨਹੀਂ ਮਿਲੀ। ਜਿੱਧਰ ਗਿਆ ਬਾਣੀਆਂ, ਉਧਰੇ ਗਿਆ ਬਾਜ਼ਾਰ ਹੋ ਗਿਆ ਹੋਣੈ।

ਸੰਨ ਸਤਾਹਠ ਵਿੱਚ ਭਾਰਤ ਦੀ ਰਾਜਨੀਤੀ ਵਿੱਚ ਵੱਡਾ ਧਮਾਕਾ ਹੋਇਆ ਜਿਸ ਨੇ ਸਾਹਿਤ ਨੂੰ ਵੀ ਬਹੁਤ ਪ੍ਰਭਾਵਤ ਕੀਤਾ। ਜਗਾਹ ਜਗਾਹ ਤੋਂ ਮੈਗਜ਼ੀਨ ਨਿਕਲਣ ਲੱਗੇ। ਮੇਰੇ ਅੰਦਰ ਸਾਹਿਤ ਦਾ ਖੱਬੇ ਪੱਖੀ ਰੁਝਾਨ ਪੈਦਾ ਹੋ ਚੁੱਕਾ ਸੀ। ਮੈਂ ਜੋ ਕੁੱਝ ਵੀ ਭੇਜਦਾ ਸਾਂ ਉਸੇ ਅੰਕ ਵਿੱਚ ਛਪਿਆ ਹੁੰਦਾ। ਕਾਲ਼ਾ ਸੰਘਿਆ ਦੇ ਪ੍ਰੋ. ਹਰਭਜਨ ਨੇ ਰੋਹਲੇ ਬਾਣ, ਪਾਸ਼ ਵੱਲੋਂ ਸਿਆੜ, ਸੀ. ਮਾਰਕੰਡਾ ਨੇ ਕਿੰਤੂ, ਅਜਮੇਰ ਸਿੰਘ ਔਲਖ ਨੇ ਨਾਗ ਨਿਵਾਸ, ਹਰਦੇਵ ਸਿੰਘ ਗਰੇਵਾਲ ਨੇ ਕਲਕੱਤੇ ਤੋਂ ਸੱਜਰੀ ਪੈੜ, ਗੁਰਸ਼ਰਨ ਸਿੰਘ ਭਾਅ ਜੀ ਨੇ ਸਰਦਲ ਆਦਿ ਮੈਗਜ਼ੀਨ ਸ਼ੁਰੂ ਕੀਤੇ ਹੋਏ ਸਨ। ਇਹਨਾਂ ਪਰਚਿਆਂ ਦੇ ਸੰਪਾਦਕਾਂ ਦੇ ਖ਼ਤ ਵੀ ਆਉਣ ਲੱਗ ਪਏ। ਇਹ ਸਮਾਂ ਸੀ ਜਦੋਂ ਜੁਝਾਰ ਸਾਹਿਤ ਦੀ ਸੰਗਿਆ ਦਿੱਤੇ ਗਏ ਹਰ ਪਰਚੇ ਵਿੱਚ ਮੇਰਾ ਨਾਂ ਚਮਕ ਉੱਠਿਆ।

1972 ਵਿੱਚ ਬਹੁਤ ਵਧੀਆ ਦਿੱਖ ਵਿੱਚ ਗੁਰਸ਼ਰਨ ਸਿੰਘ ਭਾਅ ਜੀ ਨੇ ਪਹਿਲੀ ਕਿਤਾਬ 'ਮਾਸ ਖੋਰੇ' ਛਾਪੀ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦਲਿਤ ਤੇ ਕਿਸਾਨੀ ਦੇ ਯਥਾਰਥ, ਸਕੂਲਾਂ ਵਿੱਚ ਫੈਲੇ ਭ੍ਰਿਸ਼ਟਾਚਾਰ, ਅਫ਼ਸਰਸ਼ਾਹੀ, ਪੁਲਿਸ ਵੱਲੋਂ ਝੂਠੇ ਮੁਕਾਬਲਿਆਂ ਵਿੱਚ ਲਹਿਰ ਵਿੱਚ ਕੁੱਦੇ ਨੌਜਵਾਨਾਂ ਨੂੰ ਅਤਿਵਾਦੀ ਕਹਿ ਕੇ ਸ਼ਹੀਦ ਕਰਨਾ ਆਮ ਵਰਤਾਰਾ ਸੀ।

75-76 ਵਿੱਚ ਗੁਰਸ਼ਰਨ ਸਿੰਘ ਭਾਅ ਜੀ ਨੇ ਹੀ ਮੇਰਾ ਦੂਜਾ ਕਹਾਣੀ ਸੰਗ੍ਰਹਿ- 'ਟੁਟਦੇ ਬਣਦੇ ਰਿਸ਼ਤੇ'-ਛਾਪਿਆ। ਉਸ ਵੇਲ਼ੇ ਮੈਂ ਆਪਣੀ ਕਹਾਣੀ ਦੀ ਦਿਸ਼ਾ ਬਦਲ ਦਿੱਤੀ। ਟੁਟਦੇ ਬਣਦੇ ਰਿਸ਼ਤੇ ਕਹਾਣੀ ਤਾਂ ਖ਼ੂਨ ਦੇ ਰਿਸ਼ਤਿਆਂ ਵਿੱਚ ਪੈਸੇ ਦੇ ਦਖ਼ਲ ਅਤੇ ਲਾਲਚ ਨੂੰ ਮੁਖ਼ਾਤਿਬ ਸੀ ਜਦੋਂ ਕਿ 'ਬਠਲੂ ਚਮਿਆਰ' ਅਤੇ 'ਸਰਪੰਚੀ' ਕਹਾਣੀਆਂ ਪਹਿਲੀ ਵਾਰ

ਦਲਿਤ ਸਰੋਕਾਰਾਂ ਨੂੰ ਲੈ ਕੇ ਪਿੜ ਵਿੱਚ ਉਤਰੀਆਂ ਸਨ। ਪੇਂਡੂ ਸ਼ਿਸ਼ਟਾਚਾਰ ਦੇ ਪਰਦੇ ਵਿੱਚ ਦਲਿਤ ਸਮਾਜ ਦਾ ਸਾਧਨ ਸੰਪੰਨ ਵਰਗ ਕਿਵੇਂ ਸ਼ੋਸ਼ਨ ਕਰਦਾ ਹੈ, ਗਰੀਬ ਨੂੰ ਪਤਾ ਵੀ ਨਹੀਂ ਲੱਗਣ ਦਿੰਦਾ। ਇਸ ਕਹਾਣੀ ਦਾ ਨਾਇਕ ਸੁੰਦਰ ਬਠਲੂ ਚਮਿਆਰ ਦਾ ਰੁਤਬਾ ਪਾ ਕੇ ਵੀ- "ਓ ਚੱਲ ਨੱਗਰ ਦੀ ਸੇਵਾ ਈ ਸਹੀ"-ਕਹਿ ਕੇ ਸਬਰ ਕਰਨਾ ਹੀ ਜਾਣਦਾ ਹੈ ਅਤੇ ਉਹ ਇਹ ਸਮਝਣ ਦੇ ਉੱਕਾ ਹੀ ਅਸਮਰੱਥ ਹੈ ਕਿ ਪਿੰਡਾਂ ਦਾ ਸ਼ਿਸ਼ਟਾਚਾਰ ਕਿਵੇਂ ਦਲਿਤ ਦੀ ਲੁੱਟ-ਚੋਂਗ ਕਰਨ ਦਾ ਵਧੀਆ ਸੰਦ ਹੈ। ਇਸ ਕਹਾਣੀ ਨੇ ਸਾਹਿਤ ਵਿੱਚ ਮੇਰੀ ਪੈਂਠ ਬਿਠਾ ਦਿੱਤੀ। ਇਸੇ ਸੰਗ੍ਰਹਿ ਦੀਆਂ ਬਾਕੀ ਕਹਾਣੀਆਂ ਸਰਪੰਚੀ ਅਤੇ ਰੱਤੀ ਰੱਤੀ ਭਰ ਤੇ ਹੋਰ ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

1980 ਵਿੱਚ ਮੈਂ ਇਕ ਨਾਵਲ ਲਿਖਿਆ 'ਨਵੀਆਂ ਸੋਚਾਂ ਨਵੀਆਂ ਲੀਹਾਂ' ਜੋ ਗੁਰਸ਼ਰਨ ਭਾਅ ਜੀ ਨੇ ਹੀ ਪ੍ਰਕਾਸ਼ਤ ਕੀਤਾ। ਇਸ ਨਾਵਲ ਨੂੰ ਕੋਈ ਬਹੁਤੀ ਮਾਣਤਾ ਨਹੀਂ ਮਿਲ਼ੀ। ਇਸ ਨਾਵਲ ਦਾ ਵਿਸ਼ਾ ਕਿਸਾਨੀ ਦੁਆਰਾ ਧੀਆਂ ਦੀਆਂ ਭਾਵਨਾਵਾਂ, ਉਦਗਾਰਾਂ ਨੂੰ ਦਰਕਿਨਾਰ ਕਰਕੇ ਸਿਰਫ਼ ਜ਼ਮੀਨ ਨਾਲ਼ ਵਿਆਹੁਣ ਨਾਲ਼ ਸਬੰਧਤ ਸੀ। ਇਸ ਤੋਂ ਅਗਲਾ ਕਹਾਣੀ ਸੰਗ੍ਰਹਿ 'ਅਦਨਾ ਇਨਸਾਨ' ਮੋਹਨ ਸਿੰਘ ਰਾਹੀ (ਰਵੀ ਸਾਹਿਤ ਪ੍ਰਕਾਸ਼ਨ) ਤੋਂ ਪੈਸਿਆਂ ਵਿੱਚ ਰਿਆਇਤ ਕਰਵਾ ਕੇ ਛਪਵਾਉਣਾ ਪਿਆ। ਇਸ ਵਿੱਚ ਛੇ ਕਹਾਣੀਆਂ ਹਨ-'ਅਦਨਾ ਇਨਸਾਨ, ਰੇਤੇ ਦਾ ਮਹਿਲ, ਸਬੂਤੇ ਕਦਮ, ਖੋਲ ਵਿਚਲਾ ਮਨੁੱਖ, ਅੱਖਾਂ ਦੀ ਦਾਰੂ, ਤੇ ਆਪਣੇ ਪਰਾਏ।' 'ਅਦਨਾ ਇਨਸਾਨ' ਕਹਾਣੀ ਬਾਰੇ ਮੈਂ ਕਹਿ ਸਕਦਾ ਹਾਂ ਕਿ ਇਸ ਦੇ ਨਾਇਕ ਵਿੱਚ ਮੇਰੀ ਆਪਣੀ ਰੂਹ ਰਮੀ ਹੋਈ ਹੈ। ਮੈਂ ਉਦੋਂ ਭੁੱਚੋ ਕਲਾਂ (ਬਠਿੰਡਾ) ਦੇ ਸਕੂਲ ਵਿੱਚ ਪੜ੍ਹਾ ਰਿਹਾ ਸਾਂ ਕਿ ਮੇਰੇ ਦਫ਼ਤਰ ਵਿੱਚ ਬੈਠਿਆਂ ਇਕ ਸੁਕੜੂ ਜਿਹੇ ਹੱਡੀਆਂ ਦੀ ਮੁੱਠ ਨੇ ਇਕ ਕਾਗਜ਼ ਹੈੱਡ ਮਾਸਟਰ ਦੇ ਮੇਜ਼ 'ਤੇ ਰੱਖਿਆ। ਹੈੱਡ ਮਾਸਟਰ ਨੇ ਕਾਗਜ਼ ਪੜ੍ਹਿਆ, ਉਸ ਚੌਥਾ ਦਰਜ਼ਾ ਕਰਮਚਾਰੀ ਦੇ ਪ੍ਰਬੰਧਕੀ ਆਧਾਰ 'ਤੇ ਕੀਤੀ ਗਈ ਬਦਲੀ ਦੇ ਆਰਡਰ ਸਨ। ਲਿਖਿਆ ਸੀ ਇਹ ਝਗੜਾਲੂ ਤਬੀਅਤ ਦਾ ਵਿਅਕਤੀ ਹੈ। ਹੈੱਡ ਮਾਸਟਰ ਨੇ ਉਸ ਨੂੰ ਜੋਇਨ ਨਾ ਕਰਾਇਆ। ਉਹ ਵਿਅਕਤੀ ਬਗੈਰ ਦੁਆ ਸਲਾਮ ਕੀਤੇ ਜਿਵੇਂ ਨੇਰ੍ਹੀ ਵਾਂਗ ਆਇਆ ਸੀ ਉਵੇਂ ਵਾਪਸ ਚਲਾ ਗਿਆ ਤੇ ਉਹ ਧੁੱਸ ਦੇ ਕੇ ਮੇਰੀ ਰੂਹ ਵਿੱਚ ਉੱਤਰ ਗਿਆ।

'ਸਬੂਤੇ ਕਦਮ' ਕਹਾਣੀ ਉੱਪਰ ਮੇਰੇ ਧੀ ਜੁਆਈ (ਬਹੁਤ ਹੀ ਮੰਝੇ ਹੋਏ ਡਾਇਰੈਕਟਰ) ਨੇ ਤਕਰੀਬਨ ਪੌਣੇ ਦੋ ਘੰਟਿਆਂ ਦੀ ਫਿਲਮ ਬਣਾ ਕੇ ਕਹਾਣੀ ਦੇ ਅਰਥਾਂ ਨੂੰ ਸੰਘਣੇ ਕਰ ਦਿੱਤਾ ਹੈ। ਬਠਲੂ ਚਮਿਆਰ ਕਹਾਣੀ ਤੋਂ ਬਾਅਦ ਜੇ ਵੱਡੇ ਪੱਧਰ 'ਤੇ ਚਰਚਾ ਹੋਈ ਤਾਂ 'ਅਦਨਾ ਇਨਸਾਨ' ਦੀ ਹੋਈ। ਫਿਰ ਅੱਸੀਵਿਆਂ ਦਾ ਭਿਆਨਕ ਸਮਾਂ ਆਪਣਾ ਖ਼ੂੰਖਾਰ ਚਿਹਰਾ ਲੈ ਕੇ ਆਇਆ। ਖ਼ਾਲਿਸਤਾਨੀ ਲਹਿਰ ਸਮੇਂ ਦੁਪਾਸੜ ਦਹਿਸ਼ਤਗਰਦੀ ਦੇ ਦੌਰ ਵਿੱਚ ਕੁੱਝ ਕਹਾਣੀਆਂ ਲਿਖੀਆਂ ਜੋ 'ਕਹਾਣੀ ਕੌਣ ਲਿਖੇਗਾ' ਕਹਾਣੀ ਸੰਗ੍ਰਹਿ ਵਿੱਚ ਛਪੀਆਂ। ਇਸ ਦੀ ਭੂਮਿਕਾ-'ਤੇ ਟੋਟਿਆਂ ਵਾਲੀ ਤਸਵੀਰ'- ਗੁਰਬਚਨ ਸਿੰਘ ਭੁੱਲਰ ਨੇ ਲਿਖੀ। ਕਈ ਪਰਚਿਆਂ ਵਿੱਚ ਛਪੀਆਂ ? ਇਨ੍ਹਾਂ ਕਹਾਣੀਆਂ ਵਿੱਚ ਮੈਂ ਬੜੀ ਬੇਬਾਕੀ ਨਾਲ਼ ਖ਼ਾਲਿਸਤਾਨੀ ਅਤੇ ਪੁਲਸੀ ਦਹਿਸ਼ਤ ਨਾਲ਼ ਜਨ ਜੀਵਨ ਵਿੱਚ ਵਰਤਾਏ ਗਏ ਨਰਕ ਦਾ ਚਿਤਰਣ ਕੀਤਾ। ਇਹ ਸਾਰੀਆਂ ਹੀ ਉੱਚੀ ਸੁਰ ਦੀਆਂ ਕਹਾਣੀਆਂ ਸਨ । ਮੈਂ ਇਹ ਮੰਨ ਕੇ ਚੱਲਿਆ ਕਿ ਜਿੰਨੀ ਉੱਚੀ ਸੁਰ ਦੀ ਆਤੰਕਵਾਦੀ ਉਹ ਲਹਿਰ ਸੀ, ਉਸ ਨਾਲ਼ ਉੱਚੀ ਸੁਰ

ਰੱਖ ਕੇ ਨਿਪਟਿਆ ਜਾ ਸਕਦਾ ਸੀ। ਇਨ੍ਹਾਂ ਕਹਾਣੀਆਂ ਬਾਰੇ ਮਰਹੂਮ ਨਾਵਲਕਾਰ ਰਾਮ ਸਰੂਪ ਅਣਖੀ ਅਤੇ ਮੋਹਨ ਭੰਡਾਰੀ ਵੀ ਰਾਇ ਦਿੱਤੀ ਸੀ ਕਿ ਮੈਂ ਆਪਣੇ ਬੱਚਿਆਂ ਦਾ ਖ਼ਿਆਲ ਰੱਖਦਿਆਂ ਸੁਰ ਮੱਧਮ ਕਰਾਂ। ਉਨ੍ਹੀਂ ਦਿਨੀਂ ਅੰਨ੍ਹੀ ਹਨ੍ਹੇਰੀ ਦੀ ਮਾਰ ਮਨਾਂ ਨੂੰ ਝੰਜੋੜ ਰਹੀ ਸੀ। ਵੱਡੇ ਵੱਡੇ ਵਿਦਵਾਨ ਕਵੀ ਡਾ. ਵਿਸ਼ਵ ਨਾਥ ਤਿਵਾੜੀ, ਸੁਮੀਤ ਪ੍ਰੀਤ ਲੜੀ, ਡਾ. ਰਵਿੰਦਰ ਰਵੀ, ਜੈਮਲ ਪੱਡਾ, ਪਾਸ਼ ਆਦਿ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ, ਮੈਂ ਬਹੁਤ ਰੰਜ ਵਿੱਚ ਲਿਖਿਆ। ਮਰਹੂਮ ਕਹਾਣੀਕਾਰ ਰਘਬੀਰ ਢੰਡ ਨੇ ਪ੍ਰੀਤ ਲੜੀ ਵਿੱਚ ਲਿਖਿਆ-"ਪੰਜਾਬੀ ਦੇ ਲੇਖਕ ਕਿਉਂ ਡਰ ਗਏ ਹਨ ? ਸ਼ੁਕਰ ਹੈ ਅਤਰਜੀਤ ਦੀ ਕਲਮ ਵਕਤ ਦੀ ਗੱਲ ਕਰ ਰਹੀ ਹੈ।" ਢੰਡ ਹੁਰਾਂ ਦੇ ਛੋਟੇ ਭਾਈ ਸੋਹਣ ਢੰਡ ਨੇ ਆਰਟੀਕਲ ਦਾ ਉਤਾਰਾ ਵੀ ਭੇਜਿਆ ਸੀ ਜੋ ਕਿਧਰੇ ਗੁੰਮ ਗੁਆਚ ਗਿਆ ਹੈ। ਕਹਾਣੀ ਕੌਣ ਲਿਖੇਗਾ, ਬਾਬਾ ਪੰਜਾਬ ਸਿੰਘ, ਵਿੱਥ, ਧਮਕੀ ਪੱਤਰ, ਅਤਿਵਾਦੀ, ਅਸਤੀਫ਼ਾ ਆਦਿ ਪਾਠਕਾਂ ਵਿੱਚ ਬਹੁਤ ਮਕਬੂਲ ਹੋਈਆਂ। ਅਸਤੀਫ਼ਾ ਕਹਾਣੀ ਆਰਸੀ ਵਿੱਚ ਛਪੀ ਸੀ ਜਿਸ ਬਾਰੇ ਭਾਪਾ ਪ੍ਰੀਤਮ ਸਿੰਘ ਜੀ ਨੇ ਬਹੁਤ ਹੌਸਲਾ ਅਫ਼ਜ਼ਾਈ ਕੀਤੀ ਸੀ।

ਮੈਂ ਜਾਤ ਪਾਤ ਦੇ ਮੁੱਦੇ 'ਤੇ ਨਿਧੜਕ ਹੋ ਕੇ ਲੜਿਆ ਹਾਂ, ਬੇਸ਼ੱਕ ਮੈਨੂੰ ਵੱਡੀ ਤੋਂ ਵੱਡੀ ਕੁਰਬਾਨੀ ਵੀ ਦੇਣੀ ਪਈ। 'ਅਦਨਾ ਇਨਸਾਨ' ਕਹਾਣੀ ਦੇ ਨਾਇਕ ਦੀ ਤਰ੍ਹਾਂ ਜਿਵੇਂ ਕਿ ਮੈਂ ਪਹਿਲਾਂ ਹੀ ਜ਼ਿਕਰ ਕਰ ਆਇਆ ਹਾਂ, ਮੈਂ ਬਹੁਤ ਸੰਤਾਪ ਭੋਗਿਆ ਹੈ। ਹਮੇਸ਼ਾ ਅਣਖ ਦਾ ਝੰਡਾ ਨੀਵਾਂ ਨਹੀਂ ਹੋਣ ਦਿੱਤਾ। ਭੁੱਚੋ ਕਲਾਂ ਦੇ ਸਕੂਲ ਵਿਚ ਤੇਰਾਂ ਸਾਲ ਦੀ ਸ਼ਾਨਦਾਰ ਸੇਵਾ ਤੋਂ ਬਾਅਦ ਭੁੱਚੋ ਕਲਾਂ ਦੇ ਡੇਰੇ ਦਾ ਗੰਦ ਨੰਗਾ ਕਰਦੀ ਲੰਮੀ ਕਹਾਣੀ 'ਅੰਨ੍ਹੀ ਥੇਹ' ਦੇ ਛਪਣ 'ਤੇ ਟੁੱਟੇ ਬਿਪਤਾ ਦੇ ਪਹਾੜ ਮੋਢਿਆਂ 'ਤੇ ਲੱਦ ਲਏ ਪਰ ਹਾਰ ਨਹੀਂ ਮੰਨੀ। ਇਸ ਡੇਰੇ ਵਿੱਚ ਦਲਿਤ ਸ਼੍ਰੇਣੀ ਦੇ ਲੋਕਾਂ ਨੂੰ ਮੱਥਾ ਟੇਕਣ ਜਾਂ ਅੰਦਰ ਜਾਣ ਦਾ ਅਧਿਕਾਰ ਨਹੀਂ ਸੀ। ਜੇ ਕੋਈ ਮਜ਼੍ਹਬੀ ਰਾਮਦਾਸੀਆ ਪੰਗਤ ਵਿੱਚ ਲੰਗਰ ਛਕਣ ਲਈ ਬੈਠ ਜਾਂਦਾ ਤਾਂ ਉਸ ਨੂੰ ਬਹੁਤ ਬੇਇੱਜ਼ਤ ਕਰਕੇ ਪੰਗਤ ਵਿੱਚੋਂ ਬਾਹਰ ਕੱਢਿਆ ਜਾਂਦਾ ਸੀ। ਇਸ ਤੋਂ ਇਲਾਵਾ ਜੋ ਕੁੱਝ ਵੀ ਡੇਰਿਆਂ ਵਿੱਚ ਹੋ ਸਕਦਾ ਹੈ ਤੇ ਹੁੰਦਾ ਹੈ, ਮੈਂ ਚਿੱਠੇ ਫਰੋਲ਼ ਦਿੱਤੇ। ਮੇਰੇ ਨਾਲ਼ ਲਾਗਡਾਟ ਰੱਖਣ ਵਾਲ਼ੇ ਇਕ ਸ਼ਰਾਰਤੀ ਮਾਸਟਰ ਨੇ ਕਹਾਣੀ ਡੇਰੇ ਪਹੁੰਚਦੀ ਕਰ ਦਿੱਤੀ ਜਿਸ ਨਾਲ਼ ਡੇਰੇ ਦੀਆਂ ਅਖੌਤੀ ਸੰਗਤਾਂ ਅਤੇ ਖ਼ਾਲਿਸਤਾਨੀ ਹੱਥ ਧੋ ਕੇ ਮੇਰੇ ਮਗਰ ਪੈ ਗਏ ਸਨ। ਬਹੁਤ ਸਿਦਕ ਦਿਲੀ ਨਾਲ਼ ਉਹਨਾਂ ਹਾਲਾਤ ਦਾ ਟਾਕਰਾ ਕਰਨਾ ਪਿਆ ਸੀ।

ਜਦੋਂ ਚੇਤਨਾ ਪ੍ਰਕਾਸ਼ਨ ਅਧੀਨ ਮੇਰਾ ਕਹਾਣੀ ਸੰਗ੍ਰਹਿ 'ਤੀਜਾ ਯੁੱਧ' ਛਪਿਆ, ਜਿਸ ਬਾਰੇ ਡਾ. ਗੁਰਇਕਬਾਲ ਸਿੰਘ ਨੇ ਬਹੁਤ ਹੀ ਖੁੱਭ ਕੇ ਵਿਸਥਾਰ ਪੂਰਬਕ ਚਰਚਾ ਕੀਤੀ ਸੀ ਜੋ 'ਨਵਾਂ ਜ਼ਮਾਨਾ' ਵਿੱਚ ਵੱਡੇ ਕੈਨਵਸ 'ਤੇ ਛਪਿਆ। ਕਾ. ਜਗਜੀਤ ਸਿੰਘ ਆਨੰਦ ਹੁਰਾਂ ਨੂੰ ਮਿਲ਼ਦਾ ਤਾਂ ਪਹਿਲਾਂ ਵੀ ਰਿਹਾ ਸਾਂ ਪਰ ਇਸ ਵਾਰ ਤਾਂ ਆਨੰਦ ਸਾਹਿਬ ਮੇਰੇ ਕੋਲ਼ ਆਪ ਚੱਲ ਕੇ ਆਏ ਸਨ। ਇਕੱਠ ਵਿੱਚ ਖੜ੍ਹੇ ਨੂੰ ਮੈਨੂੰ ਉਨ੍ਹਾਂ ਨੇ ਬੁੱਕਲ ਵਿੱਚ ਲੇ ਕੇ ਪਿਆਰ ਦਿੱਤਾ ਸੀ। ਮੇਰੇ ਲਈ ਇਸ ਤੋਂ ਵੱਡਾ ਸਰਟੀਫਿਕੇਟ ਹੋਰ ਕੀ ਹੋ ਸਕਦਾ ਸੀ। ਇਸ ਦੀਆਂ ਦਸ ਦੀਆਂ ਦਸ ਕਹਾਣੀਆਂ ਹੀ ਇਸ ਸੰਗ੍ਰਹਿ ਦੀ ਪ੍ਰਾਪਤੀ ਗਿਣੀ ਗਈ ਤੇ 'ਨੂੰਹਾਂ' ਕਹਾਣੀ ਨੇ ਐਮ. ਏ. ਭਾਗ ਪਹਿਲਾ ਦੀ ਕਲਾਸ ਲਈ ਕਈ ਯੂਨੀਵਰਸਟੀਆਂ ਵਿੱਚ ਥਾਂ ਬਣਾਈ ਹੈ ਤੇ ਦੋ ਤਿੰਨ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀ ਹੈ। ਮੇਰੀ ਇਕ ਹੋਰ ਧਾਰਨਾ ਵੀ ਜ਼ਿੰਦਗੀ ਦੇ ਅਨੁਭਵ

ਵਿੱਚੋ ਬਣ ਚੁੱਕੀ ਹੈ ਕਿ ਸਾਡੇ ਭਾਈਚਾਰੇ ਦੇ ਵੱਡੀਆਂ ਥਾਂਵਾਂ 'ਤੇ ਪੁੱਜੇ ਲੋਕ ਆਪਣੀਆਂ ਜੜ੍ਹਾਂ ਭੁੱਲ ਜਾਂਦੇ ਹਨ। ਇਸ ਤਰ੍ਹਾਂ ਦੇ ਵਰਤਾਰੇ ਵਿੱਚੋਂ ਹੀ 'ਰਸਗੁੱਲੇ' ਅਤੇ 'ਨੂੰਹਾਂ' ਕਹਾਣੀਆਂ ਨੇ ਜਨਮ ਲਿਆ ਹੈ।

ਜੱਸੀ ਪਾਉ ਵਾਲ਼ੀ ਰਹਿੰਦਿਆਂ ਦੋ ਅਧਿਆਪਕਾਵਾਂ ਨਾਲ਼ ਘਰ ਵਿੱਚ ਹੁੰਦੇ ਦੁਰਵਿਹਾਰ ਨੇ ਮੈਨੂੰ ਇਕ ਨਵਾਂ ਵਿਸ਼ਾ ਦਿੱਤਾ ਕਿ ਔਰਤ ਦੇ ਉਦਗਾਰਾਂ, ਅਕਾਂਖਿਆਵਾਂ ਦਾ ਮਰਦ ਖ਼ਿਆਲ ਹੀ ਨਹੀਂ ਰੱਖਦਾ। ਵਿਆਹੁਤਾ ਜੀਵਨ ਦਾ ਮਤਲਬ ਸਿਰਫ਼ ਸਰੀਰਕ ਭੁੱਖ ਹੀ ਨਹੀਂ ਹੁੰਦੀ, ਰੂਹ ਦੀ ਤੇਹ ਵੀ ਹੁੰਦੀ ਹੈ। 'ਅੰਦਰਲੀ ਔਰਤ' ਕਹਾਣੀ ਸੰਗ੍ਰਹਿ ਦੀਆਂ ਚਰਚਿਤ ਕਹਾਣੀਆਂ ਸੇਜ ਸੁਖਾਲੀ ਕਾਮਨਿ, ਗਿੱਲੀ ਪੰਡ ਦਾ ਬੋਝ, ਮੂਸਲ, ਚੂੜਾ ਆਦਿ ਨੇ ਪਾਠਕਾਂ ਵਿੱਚ ਵੱਡੀ ਥਾਂ ਬਣਾਈ ਹੈ, ਖਾਸ ਕਰਕੇ ਪੜ੍ਹੀਆਂ ਲਿਖੀਆਂ ਕੁੜੀਆਂ ਜੋ ਕਿਸਾਨ-ਮਜ਼ਦੂਰ ਜਥੇਬੰਦੀਆਂ ਵਿੱਚ ਸੰਘਰਸ਼ਸ਼ੀਲ ਹਨ। ਮੈਨੂੰ ਕਿਸਾਨ ਜਥੇਬੰਦੀਆਂ ਦੀਆਂ ਆਗੂ ਲੜਕੀਆਂ ਦੇ ਪ੍ਰਸੰਸਾਮਈ ਫੋਨ ਆਉਂਦੇ ਰਹਿੰਦੇ ਹਨ। ਹਿੰਦੁਸਤਾਨ ਦਾ ਰਾਹ ਸੰਤਾਲੀ ਦੇ ਸੰਤਾਪ ਦੀ ਕਲਾਮਈ ਕਹਾਣੀ ਹੈ। ਇਸ ਤੋਂ ਇਲਾਵਾ 'ਅੱਬਾ ਜਾਨ ਆ ਗਏ' ਅਤੇ 'ਜਨਾਜ਼ਾ' ਸੰਤਾਲ਼ੀ ਦੇ ਦੁਖਾਂਤ ਦੀਆਂ ਮਾਰਮਿਕ ਕਹਾਣੀਆਂ ਹਨ।

ਸੇਵਾ ਮੁਕਤੀ ਤੋਂ ਬਾਅਦ ਪੰਜਾਬੀ ਸਾਹਿਤ ਸਭਾ ਦਿੱਲੀ ਦੀ ਚਲਦੀ ਫਿਰਦੀ ਲਾਇਬਰੇਰੀ ਲੈ ਕੇ ਤੁਰਿਆ ਤਾਂ ਜਿੱਥੇ ਮੈਂ ਆਪਣੀ ਲੇਖਣੀ ਨੂੰ ਅੱਗੇ ਵਧਾਉਣ ਤੋਂ ਪਛੜ ਗਿਆ, ਉੱਥੇ ਜੀਵਨ ਅਨੁਭਵ ਬਹੁਤ ਵਿਸ਼ਾਲ ਹੋਇਆ। ਲੋਕ ਮਨ ਨੂੰ ਸਮਝਣ ਦਾ ਖੁੱਲ੍ਹਾ ਅਵਸਰ ਮਿਲਿਆ। ਦਿੱਲੀ ਸਾਹਿਤ ਸਭਾ ਨੂੰ ਵੱਡਾ ਘਾਟਾ ਸਹਿਣਾ ਪਿਆ। ਜਿਸ ਕਰਕੇ ਬੱਸ ਵੇਚ ਦਿੱਤੀ ਗਈ। ਮੈਂ ਕਿਉਂਕਿ ਘੁਮੰਤਰੀ ਬਿਰਤੀ ਦਾ ਮਾਲਕ ਸਾਂ ਆਪਣੀ ਪੈਨਸ਼ਿਨ ਵਿਚੋਂ ਸਾਢੇ ਚਾਰ ਲੱਖ ਲਾ ਕੇ ਵੈਨ ਖ਼ਰੀਦ ਲਈ, ਜਿਸ ਨਾਲ਼ 21 ਅਪ੍ਰੈਲ 2002 ਤੋਂ ਚੱਲ ਤਕਰੀਬਨ 2700 ਸਕੂਲ ਕਾਲਜ ਅਤੇ ਜਨਤਕ ਇਕੱਠਾਂ ਵਿੱਚ ਲੱਖੂਖਾ ਪੁਸਤਕਾਂ ਪਾਠਕਾਂ ਦੇ ਹੱਥਾਂ ਵਿੱਚ ਦੇ ਸਕਿਆ ਹਾਂ। ਇਸ ਤੋਰੇ ਫੇਰੇ ਨਾਲ਼ ਜੀਵਨ ਅਤੇ ਸੱਭਿਆਚਾਰ ਨੂੰ ਸਮਝਣ ਦਾ ਵੱਡਾ ਅਨੁਭਵ ਹੋਇਆ ਤੇ ਖ਼ਾਸ ਕਰਕੇ ਅਧਿਆਪਕ ਵਰਗ ਦੇ ਬੌਧਿਕ ਪੱਧਰ ਦੀਆਂ ਬਹੁਤ ਝਲਕਾਂ ਮਿਲ਼ੀਆਂ-ਜਦੋਂ ਸਾਧਾਰਨ ਗੱਲ ਬਾਰੇ ਵੀ ਕਈ ਦੰਦਾਂ 'ਚ ਉਂਗਲਾਂ ਟੁੱਕਣ ਲੱਗ ਪੈਂਦੇ ਸਨ। ਸਮਾਜਿਕ ਗਤੀਵਿਧੀਆਂ ਦੇ ਇਸ ਦੌਰ ਕਾਰਨ ਮੈਂ ਸਾਹਿਤ ਦੇ ਖੇਤਰ ਵਿੱਚ ਫਿਰ ਪਛੜ ਗਿਆ। ਇਸ ਸਮੇਂ ਨੇ ਮੈਨੂੰ ਇਕ ਨਵਾਂ ਵਿਸ਼ਾ ਦਿੱਤਾ, ਧਰਾਤਲ 'ਤੇ ਵਿਚਰਦੇ ਸੱਭਿਆਚਾਰ ਦਾ। ਪਿੰਡਾਂ ਸ਼ਹਿਰਾਂ ਦੇ ਸਕੂਲਾਂ ਕਾਲਜਾਂ ਦੇ ਭਰਮਣ ਨਾਲ਼ ਸਿਰਜਣਕਾਰੀ ਵਿੱਚ ਤਾਂ ਪਛੜ ਗਿਆ, ਪਰ ਜ਼ਿੰਦਗੀ ਨੇ ਮੇਰਾ ਅਨੁਭਵ ਬਹੁਤ ਵਿਸ਼ਾਲ ਕੀਤਾ।

ਇਨ੍ਹਾਂ ਪ੍ਰਭਾਵਾਂ ਅਧੀਨ ਮੈਂ 'ਸੱਭਿਆਚਾਰ ਉਤਪਤੀ ਤੇ ਵਿਕਾਸ' ਪੁਸਤਕ ਲਿਖੀ ਜਿਸ ਬਾਰੇ ਯਨੀਵਰਸਿਟੀ ਦੇ ਵਿਦਿਆਰਥੀਆਂ ਦੇ ਬਹੁਤ ਫੋਨ ਆਉਂਦੇ ਰਹਿੰਦੇ ਹਨ, ਪਰ ਜਿਸ ਵੀ ਵਿਦਵਾਨ ਨੂੰ ਇਹ ਪੁਸਤਕ ਦਿੱਤੀ...ਸ਼ਾਇਦ ਰੱਦੀ ਵਿੱਚ ਚਲੀ ਗਈ ਹੋਵੇ। ਇਸ ਦੇ ਨਾਲ਼ ਹੀ ਆਪਣੀ ਜ਼ਿੰਦਗੀ ਦੇ ਅਨੁਭਵਾਂ ਨੂੰ ਸੰਭਾਲਣ ਦੇ ਯਤਨ ਵਜੋਂ ਸਵੈ ਜੀਵਨੀ 'ਅੱਕ ਦਾ ਦੁੱਧ' ਨੇ ਪਾਠਕ ਵਰਗ ਦੇ ਹਵਾਲੇ ਕਰ ਸਕਿਆ ਹਾਂ, ਜਿਸ ਨੇ ਪਾਠਕ ਵਿੱਚ ਵੱਡੀ ਥਾਂ ਬਣਾਈ ਹੋਈ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਜੇ ਮੈਂ ਅਗਲਿਆਂ ਨੂੰ ਨਹੀਂ ਬਖਸ਼ਿਆ ਤਾਂ ਆਪਣੀ ਧੌੜੀ ਪੱਟਣ ਤੋਂ ਵੀ ਗੁਰੇਜ਼ ਨਾ ਕੀਤਾ ਜਾਵੇ। ਚੰਡੀਗੜ੍ਹ ਗੁਰਸ਼ਰਨ ਭਾਅ ਜੀ ਵੱਲੋਂ

ਸਥਾਪਤ ਕੀਤੀ ਸਭਾ 'ਸਾਹਿਤ ਚਿੰਤਨ' ਨੇ ਇਸ ਪੁਸਤਕ ਉੱਪਰ ਗੋਸ਼ਟੀ ਕਰਵਾਈ ਸੀ ਜਿਸ ਵਿੱਚ ਪਰਚਾ ਸੁਪ੍ਰਸਿੱਧ ਆਲੋਚਕ ਰੌਣਕੀ ਰਾਮ ਨੇ ਪੜ੍ਹਿਆ ਸੀ, 'ਦਲਿਤ ਸਵੈ ਜੀਵਨੀ ਤੁਲਨਾਤਮਿਕ ਅਧਿਐਨ'। ਇਸ ਦੀ ਪਹਿਲੀ ਐਡੀਸ਼ਨ ਵਿੱਚ ਹਜ਼ਾਰ ਕਾਪੀ ਛਪੀ ਸੀ, ਦੂਸਰੀ ਜਿਲਦ ਵਿੱਚ ਵੀ ਪੰਜ ਸੌ ਕਾਪੀ ਦੀ ਵੱਡੀ ਮੰਗ ਹੈ।

ਜਿੱਥੋਂ ਤੱਕ ਸਮਕਾਲੀ ਯਥਾਰਥ ਦਾ ਸੁਆਲ ਹੈ, ਮੈਂ ਸਮਕਾਲ ਨੂੰ ਅੱਖਾਂ ਖੋਲ੍ਹ ਕੇ ਨਿਹਾਰਿਆ ਹੈ ਤੇ ਨਿੱਠ ਕੇ ਲਿਖਿਆ ਹੈ। ਮਹਿਲ ਕਲਾਂ ਦਾ ਸ਼ਹੀਦ ਕਿਰਨਜੀਤ ਕੌਰ ਕਾਂਡ (ਕੰਧਾਂ 'ਤੇ ਲਿਖੀ ਇਬਾਰਤ) ਸ਼ਹਿਰਾਂ ਵਿਚ ਰੋਟੀ ਰੋਜ਼ੀ ਦੀ ਭਾਲ ਵਿਚ ਆਏ ਪੇਂਡੂ ਮਜ਼ਦੂਰ (ਕੈਲੂਫਰੂਨੀਆ) ਸ਼ੋਰ ਪ੍ਰਦੂਸ਼ਨ ਅਤੇ ਧਾਰਮਿਕ ਅਨਾਰਕੀ ਨੂੰ ਦਰਸਾਉਂਦੀ ਕਹਾਣੀ (ਰੱਬ ਦਾ ਕਤਲ) ਦਲਿਤ ਵਿਹੜਿਆਂ ਦੇ ਲੋਕਾਂ ਦੀ ਰੂੜੀਆਂ ਲਈ ਜਗ੍ਹਾ ਪ੍ਰਾਪਤੀ ਸੰਘਰਸ਼ ਦੀ ਕਹਾਣੀ (ਅਮਨ ਕਾਨੂੰਨ) 'ਕੰਧਾਂ 'ਤੇ ਲਿਖੀ ਇਬਾਰਤ' ਕਹਾਣੀ ਸੰਗ੍ਰਹਿ ਵਿੱਚ ਸ਼ਾਮਲ ਹਨ, ਜੋ ਵੱਡੀ ਗਿਣਤੀ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿਚ ਪੜ੍ਹਿਆ ਗਿਆ ਹੈ।

ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਅੱਜ ਦੇ ਮਾਹੌਲ ਵਿੱਚ ਕੱਟੜਵਾਦੀ ਹਕੂਮਤ ਦਾ ਅਤੇ ਹਿੰਦੂਤਵੀ ਅਤਿਵਾਦ ਦਾ ਇਸ ਤੋਂ ਵੱਧ ਕਰੂਪ ਚਿਹਰਾ ਹੋਰ ਕੀ ਹੋ ਸਕਦਾ ਹੈ, ਜੋ ਗਰਭਵਤੀ ਔਰਤਾਂ ਨਾਲ ਸਮੂਹਿਕ ਬਲਾਤਕਾਰ ਤੇ ਗਰਭਵਤੀ ਔਰਤਾਂ ਦੇ ਪੇਟ ਚਾਕ ਕਰਕੇ ਬਾਲ ਲੋਥੜਿਆਂ ਨੂੰ ਤ੍ਰਿਸ਼ੂਲਾਂ 'ਤੇ ਟੰਗਣ ਵਰਗੇ ਘਣਾਉਣੇ ਕਾਰਿਆਂ ਨੂੰ ਅੰਜਾਮ ਦਿੱਤਾ ਗਿਆ ਤੇ ਬਿਲਕੁੱਲ ਇਹੋ ਜਿਹੇ ਕਾਰੇ ਕੱਟੜਪੰਥੀ ਮਨੂਵਾਦੀ ਸੋਚ ਦੇ ਧਾਰਨੀ ਹੀ ਕਰ ਸਕਦੇ ਸਨ, ਆਮ ਹਿੰਦੂ ਭਰਾ ਨਹੀਂ। ਯੂ. ਪੀ. ਦਾ ਯੋਗੀ ਅਦਿਤਿਯਾ ਨਾਥ ਕਹਿੰਦਾ ਇੱਥੋਂ ਤੱਕ ਚਲਾ ਗਿਆ ਕਿ ਮੁਸਲਮਾਨ ਔਰਤਾਂ ਨਾਲ਼ ਕਬਰਾਂ ਵਿੱਚੋਂ ਕੱਢ ਕੇ ਬਲਾਤਕਾਰ ਕੀਤੇ ਜਾਣਗੇ। ਕਿੰਨੀ ਬੇਹਯਾਈ ਹੈ ? ਕੌਮੀ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕ ਰਜਿਸਟਰ ਅਤੇ ਕੌਮੀ ਜਨ-ਸੰਖਿਆ ਰਜਿਸਟਰ ਆਦਿ ਦਾ, ਰਾਸ਼ਟਰਵਾਦ ਦੇ ਨਾਂ 'ਤੇ ਭਾਰਤ ਦੇ ਪਿੰਡੇ ਉੱਪਰ ਗੱਡਿਆ ਸੇਹ ਦਾ ਤੱਕਲ਼ਾ ਇਨ੍ਹਾਂ ਜਥੇਬੰਦੀਆਂ ਦੀ ਅਪਰਾਧੀ ਬਿਰਤੀ ਦਾ ਸਬੂਤ ਹੈ, ਜੋ ਬੇਸ਼ਰਮੀ ਦੀ ਹੱਦ ਤੱਕ ਬਹੁਤ ਹੀ ਘਾਤਕ ਹੈ ਤੇ ਇਸ ਨੇ ਮੁਲਕ ਭਰ ਵਿੱਚ ਨਵੇਂ ਗੁੱਲ ਖਿਲਾਉਣੇ ਆਰੰਭ ਕਰ ਦਿੱਤੇ ਹਨ। ਆਸਾਮ ਪਹਿਲਾ ਨਰਕੀ ਰਾਜ ਬਣ ਕੇ ਸਾਮ੍ਹਣੇ ਆਇਆ ਹੈ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਉਹ ਲੋਕ, ਜੋ ਸਦੀਆਂ ਤੋਂ ਮਿਹਨਤ ਮਜ਼ਦੂਰੀ ਕਰਕੇ ਜੀਵਨ ਬਤੀਤ ਕਰਦੇ ਆ ਰਹੇ ਸਨ, ਕੋਈ ਲਿਖਤੀ ਸਬੂਤ ਪੇਸ਼ ਨਾ ਕਰ ਸਕਣ ਕਰਕੇ ਬੰਦੀ ਕੈਂਪਾਂ ਵਿੱਚ ਰੁਲ਼ ਰਹੇ ਹਨ। ਕੇਡਾ ਤੱਜੁਬ ਹੈ ਕਿ ਇਨ੍ਹਾਂ ਹਾਲਾਤ ਦਾ ਵਿਰੋਧ ਕਰਨ ਵਾਲ਼ਾ ਹਰ ਅਮਨ ਪਸੰਦ ਨਾਗਰਕ, ਜਮਹੂਰੀ ਪਸੰਦ ਬੁੱਧੀਜੀਵੀ, ਤਰਕਸ਼ੀਲ ਵਿਚਾਰਾਂ ਦੇ ਧਾਰਨੀ ਤੇ ਖੱਬੀ ਸੋਚ ਰੱਖਣ ਵਾਲ਼ੇ ਲੇਖਕ ਵਿਦਵਾਨ, ਵਕੀਲ, ਪੱਤਰਕਾਰ ਆਦਿ ਸਭ ਨੂੰ ਮਾਉਵਾਦੀ ਜਾਂ ਸ਼ਹਿਰੀ ਨਕਸਲੀ ਦੇ ਲਕਬ ਦੇ ਕੇ ਭਗਵੀਂ ਰਾਜਨੀਤੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਮੇਰੀ ਕਲਮ ਚੁੱਪ ਨਹੀਂ ਰਹੀ। ਵੱਡੇ ਵਿਦਵਾਨ, ਪ੍ਰੋਫ਼ੈਸਰ,ਚਿੰਤਕ, ਵਕੀਲ, ਇਤਿਹਾਸਕਾਰ, ਬੁੱਧੀਜੀਵੀ, ਪੱਤਰਕਾਰ 90 ਪ੍ਰਤੀਸ਼ਤ ਅਪਾਹਜ ਡਾ. ਸਾਈ ਬਾਬਾ, ਸੁਧਾ ਭਾਰਦਵਾਜ਼,ਰੋਨਾ ਵਿਲਸਨ, ਮਹੇਸ਼ ਰਾਊਤ,ਸੁਰਿੰਦਰ ਗੈਡਲਿੰਗ,ਸ਼ੋਮਾ ਸੇਨ, ਵਰਵਰਾ ਰਾਓ ਆਦਿ ਜੋ ਭਾਜਪਾ ਆਰ. ਐੱਸ. ਐੱਸ. ਸਰਕਾਰ ਦੀਆਂ ਰਾਸ਼ਟਰ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦੇ ਸਨ, ਉੱਪਰ ਮਾਉਵਾਦੀ ਜਾਂ ਸ਼ਹਿਰੀ ਨਕਸਲੀ ਆਦਿ ਦਾ ਠੱਪਾ ਲਾ ਕ

ਆਰ. ਐੱਸ. ਐੱਸ. ਦੇ ਕਾਲ਼ੇ ਮਨਸੂਬਿਆਂ ਦਾ ਵਿਰੋਧ ਕਰਦੇ ਸਨ, ਜੇਲ੍ਹਾਂ ਵਿੱਚ ਬੰਦ ਕੀਤੇ ਜਾ ਚੁੱਕੇ ਹਨ। ਪਿਛਲੇ ਸਾਲਾਂ ਦੀਆਂ ਘਟਨਾਵਾਂ ਗਵਾਹ ਹਨ ਇਸ ਵਰਤਾਰੇ ਦਾ। ਭੀਮਾ ਕੋਰੇ ਗਾਉਂ ਕਾਂਡ ਦੇ ਅਸਲ ਦੋਸ਼ੀਆਂ ਹਿੰਦੂ ਸ਼ਾਵਨਵਾਦੀਆਂ ਨੂੰ ਬਚਾਉਣ ਲਈ ਦੰਗੇ ਭੜਕਾਉਣ ਦਾ ਬਹਾਨਾ ਬਣਾ ਕੇ ਅੱਸੀ ਕਵੀ ਵਰਵਰਾ ਰਾਉ, ਪੱਤਰਕਾਰ ਗੌਤਮ ਨਵਲੱਖਾ ਤੇ ਦਰਜਨਾਂ ਹੀ ਹੋਰ ਲੇਖਕ ਪ੍ਰੋਫੈਸਰ, ਵਿਦਿਆਰਥੀ ਅਤੇ ਸਮਾਜਿਕ ਕਾਰਕੁਨ ਜੇਲ੍ਹਾਂ ਵਿੱਚ ਸੁੱਟ ਛੱਡੇ ਹਨ।

ਦਿੱਲੀ ਚੋਣਾਂ ਮੌਕੇ ਇਨ੍ਹਾਂ ਭਾਜਪਾਈਆਂ ਅਤੇ ਆਰ. ਐੱਸ. ਐੱਸ. ਈਆਂ ਨੇ ਦਿੱਲੀ ਵਿੱਚ ਦੰਗੇ ਭੜਕਾਉਣ ਦੇ ਅੱਗ ਲਾਊ ਬਿਆਨ ਦਿੱਤੇ ਕਿਸੇ ਵਿਰੁੱਧ ਕੋਈ ਐਕਸ਼ਨ ਨਹੀਂ। ਯੂ. ਏ. ਪੀ. ਏ. ਕੇਸ ਦਰਜ ਕਰਕੇ ਅੰਦਰ ਕੌਣ ਕੀਤੇ ਗਏ, ਜੋ ਭੀੜ ਦੀ ਹਿੰਸਾ ਦੇ ਸ਼ਿਕਾਰ ਹੋਏ। ਮੈਂ ਸਮਝਦਾ ਹਾਂ ਕਿ ਸਾਡੇ ਲੇਖਕਾਂ ਬੁੱਧੀਜੀਵੀਆਂ ਨੂੰ ਆਪਣੀ ਕਲਮ ਦੀ ਧਾਰ ਇਸ ਪਾਸੇ ਮੋੜਨ ਦੀ ਜ਼ਰੂਰਤ ਹੈ।

ਪੰਜ ਕੁ ਸਾਲ ਪਹਿਲਾਂ ਅਸੀਂ ਸਾਹਿਤ ਸੱਭਿਆਚਾਰ ਮੰਚ ਦਾ ਥੜ੍ਹਾ ਕਾਇਮ ਕਰਕੇ ਜਿੱਥੇ ਨਵੇਂ ਪੁੰਗਰਦੇ ਲੇਖਕਾਂ ਦੀ ਬਾਂਹ ਫੜੀ ਹੈ, ਉੱਥੇ 'ਪਰਵਾਜ਼' ਮੈਗਜ਼ੀਨ ਰਾਹੀਂ ਆਪਣਾ ਬਣਦਾ ਫ਼ਰਜ਼ ਅਦਾ ਕਰ ਰਹੇ ਹਾਂ। ਸੋਲਾਂ ਅੰਕਾਂ ਵਿੱਚ ਹਰ ਤਿੰਨ ਮਹੀਨਿਆਂ ਬਾਅਦ ਮੇਰੀ ਸੰਪਾਦਕੀ ਭਖਦੇ ਮਸਲੇ ਨੂੰ ਛੂੰਹਦੀ ਹੈ, ਮਸਲਾ ਚਾਹੇ ਭੀੜ ਤੰਤਰ ਦੁਆਰਾ ਕੀਤੀਆਂ ਹੱਤਿਆਵਾਂ ਦਾ ਹੋਵੇ, ਗਊ ਦੇ ਨਾਂ 'ਤੇ ਦਲਿਤਾਂ ਉੱਪਰ ਕੀਤੇ ਅੱਤਿਆਚਾਰਾਂ ਦਾ ਹੋਵੇ, ਮੈਂ ਨਿੱਠ ਕੇ ਲਿਖਿਆ ਹੈ। ਧਾਰਮਿਕ ਕੱਟੜਤਾ, ਸੰਕੀਰਣਤਾ, ਅਸਹਿਣਸ਼ੀਲਤਾ, ਆਦਿ ਵਿਸ਼ਿਆਂ ਨੂੰ ਛੂੰਹਦੀਆਂ ਸੰਪਾਦਕੀਆਂ ਮੇਰੀ ਬੇਬਾਕ ਕਲਮ ਵਿੱਚੋਂ ਜਨਮ ਲੈਂਦੀਆਂ ਰਹੀਆਂ ਹਨ। ਉਂਝ ਮੈਂ ਇਹ ਵੀ ਵੇਖ ਰਿਹਾ ਹਾਂ ਕਿ ਬਹੁਤ ਘੱਟ ਲੇਖਕ ਹਨ, ਜੋ ਸਮੇਂ ਦੇ ਦਰਦ ਦੀ ਬਾਂਹ ਫੜ ਕੇ ਕਲਮ ਚਲਾ ਰਹੇ ਹੋਣ। ਭਗਵੇਂ ਤੰਤਰ ਨੇ ਅਜਿਹਾ ਦਹਿਸ਼ਤੀ ਮਾਹੌਲ ਪੈਦਾ ਕੀਤਾ ਹੋਇਆ ਹੈ ਕਿ ਬੁੱਧੀਜੀਵੀ ਵਰਗ ਦੀ ਜ਼ੁਬਾਨਬੰਦੀ ਹੀ ਕਰ ਛੱਡੀ ਹੈ। ਸਮਕਾਲ ਨੂੰ ਮੁਖ਼ਾਤਬ ਸੰਪਾਦਕੀਆਂ ਤੋਂ ਇਲਾਵਾ ਮੇਰੀ ਤਾਜ਼ੀ ਲਿਖੀ ਕਹਾਣੀ 'ਸਾਡੇ ਹਿੱਸੇ ਦਾ ਹਿੰਦੁਸਤਾਨ' ਤ੍ਰੈਮਾਸਕ ਪ੍ਰਵਚਨ ਦੇ ਅਕਤੂਬਰ-ਦਸੰਬਰ ਅੰਕ ਵਿੱਚ ਛਪੀ ਹੈ। ਇਕ ਕਹਾਣੀ 'ਹੱਦਾਂ-ਬੰਨੇ' ਮੁਸਲਮਾਨ ਮੁੰਡੇ ਦੇ ਜੱਟਾਂ ਦੀ ਕੁੜੀ ਨਾਲ਼ ਮਿਲਾਪ ਦੀ ਕਥਾ ਹੈ ਕਿ ਉਹ ਦੋਵੇਂ ਆਪਣੇ ਆਪਣੇ ਧਰਮ 'ਤੇ ਕਾਇਮ ਰਹਿੰਦੇ ਹੋਏ ਵਿਆਹ ਦੇ ਬੰਧਨ ਵਿੱਚ ਬੱਝਣਾ ਚਾਹੁੰਦੇ ਹਨ, ਪਰ ਗੁਰਦੁਆਰੇ ਵਾਲ਼ੇ ਅੰਮ੍ਰਿਤ ਛਕੇ ਬਗੈਰ ਆਨੰਦ ਕਾਰਜ ਕਰਨ ਤੋਂ, ਧਰਮ ਬਦਲੀ ਬਗੈਰ ਪੰਡਿਤ ਵੱਲੋਂ ਫੇਰਿਆਂ ਤੋਂ ਇਨਕਾਰ ਮਿਲ਼ਦਾ ਹੈ। ਮਸਜਿਦ ਦਾ ਸਹਾਰਾ ਲੈਂਦੇ ਹਨ ਤਾਂ ਮੌਲਵੀ ਹੋ ਹੱਲਾ ਮਚਾ ਦਿੰਦਾ ਹੈ ਕਿ ਔਰਤ ਨੂੰ ਮਸਜਿਦ ਵਿਚ ਕਿਉਂ ਲਿਆਂਦਾ ਗਿਆ। ਧਾਰਮਕ ਵੰਡੀਆਂ ਨੇ ਜਿਸ ਪ੍ਰਕਾਰ ਦਾ ਸਮਾਜਕ ਨਿਘਾਰ ਪੈਦਾ ਕੀਤਾ ਹੈ, ਇਸ ਵਿਸ਼ੇ ਨੂੰ ਛੂੰਹਦੀ ਹੁਣ ਤੱਕ ਦੀ ਇਹ ਮੇਰੀ ਅਣਛਪੀ ਕਹਾਣੀ ਹੈ ਜੋ ਉਮੀਦ ਹੈ 'ਪਰਵਾਜ਼' ਮੈਗਜ਼ੀਨ ਵਿੱਚ ਥਾਂ ਪ੍ਰਾਪਤ ਕਰੇਗੀ।

***

# ਸਮਕਾਲ ਤੇ ਮੇਰੀ ਸਿਰਜਣਕਾਰੀ

**-ਬਲਵਿੰਦਰ ਸਿੰਘ ਗਰੇਵਾਲ**

ਸਮਕਾਲ ਵਿਚ ਆਪਣੀ ਸਿਰਜਣਕਾਰੀ ਬਾਰੇ ਵਿਚਾਰਦਿਆਂ ਸਭ ਤੋਂ ਪਹਿਲਾ ਸਵਾਲ ਤਾਂ ਸਮਕਾਲ ਦੀ ਸੀਮਾ ਨਿਰਧਾਰਨ ਕਰਨ ਦਾ ਖੜ੍ਹਾ ਹੁੰਦਾ ਹੈ। ਸਮਕਾਲ ਕੋਈ ਕਾਲ-ਬਿੰਦੂ ਨਹੀਂ। ਉਦਾਹਰਣ ਲਈ ਸਮਕਾਲ ਵਿਚ ਵਰਤਮਾਨ ਹੁੰਦਾ ਤਾਂ ਹੈ ਪਰ ਵਰਤਮਾਨ ਹੀ ਸਮਕਾਲ ਨਹੀਂ ਹੁੰਦਾ। ਨੇੜੇ ਦਾ ਭੂਤਕਾਲ ਤੇ ਇਥੋਂ ਤੱਕ ਕਿ ਕਈ ਵਾਰ ਨੇੜਲਾ ਭਵਿੱਖ ਵੀ ਸਮਕਾਲ ਦੇ ਕਾਲ ਚੱਕਰ ਦਾ ਹਿੱਸਾ ਹੁੰਦਾ ਹੈ। ਸੋ ਪਹਿਲੀ ਸਮੱਸਿਆ ਸਮਕਾਲ ਦੇ ਦਾਇਰੇ ਦੀ ਹੈ। ਸਾਧਾਰਨ ਬੋਲਚਾਲ ਵਿਚ ਇਸ ਨੂੰ 'ਅੱਜ-ਕੱਲ੍ਹ' ਤੱਕ ਘਟਾ ਜਾਂ ਸਿਮਰਤੀ ਦੇ ਦਾਇਰੇ ਤੱਕ ਵਧਾ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰ 1990 ਤੋਂ ਬਾਅਦ ਦੇ ਸਮੇਂ ਨੂੰ ਸਮਕਾਲ ਗਿਣਦੇ ਹਨ। ਮੈਂ ਆਪਣੀ ਸੌਖ ਲਈ ਉਸ ਸਾਰੇ ਸਮੇਂ ਨੂੰ ਸਮਕਾਲ ਮੰਨ ਲੈਂਦਾ ਹਾਂ ਜਿਸ ਦੌਰਾਨ ਮੇਰਾ ਵਾਹ ਸਮਾਜਿਕ, ਰਾਜਨੀਤਕ ਜਾਂ ਸੱਭਿਆਚਾਰਕ ਵਰਤਾਰਿਆਂ ਨਾਲ ਪਿਆ ਹੈ। ਉਂਝ ਵੀ ਤਕਨੀਕੀ ਤੌਰ ਤੇ ਵੇਖਿਆਂ ਮੇਰੀ ਪੀੜ੍ਹੀ ਦਾ ਸਮਕਾਲ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। 1977-78, ਜਾਣੀ ਦੁੱਧ ਰਿੜਕਣ ਲਈ ਬਿਜਲੀ ਵਾਲੀ ਮਧਾਣੀ ਦੇ ਆਉਣ ਤੋਂ ਲੈ ਕੇ 1990ਵਿਆਂ ਵਿਚ ਮਧਾਣੀ ਦੀ ਥਾਂ 'ਮਸ਼ੀਨ' ਸ਼ਬਦ ਦੇ ਪ੍ਰਚੱਲਿਤ ਹੋਣ ਤੱਕ। ਦੂਜਾ ਹਿੱਸਾ 1990 ਤੋਂ ਬਾਅਦ। ਰਾਸਾਂ, ਜਲਸਿਆਂ ਅਤੇ ਦੀਵਾਨਾਂ ਦੇ ਚੱਲਦਿਆਂ ਸ੍ਰਿਮਿਤੀ ਵਿਚ, ਇਸ ਤੋਂ ਪਹਿਲਾਂ ਦੇ ਚਾਰ-ਯੁੱਗ ਵੀ ਪਏ ਹਨ। ਸਬੱਬ ਇਹ ਹੈ ਕਿ ਵਿਚਾਰਧਾਰਕ (ਖਾਸ ਤੌਰ ਤੇ ਰਾਜਨੀਤਕ) ਤੌਰ ਤੇ ਵੀ ਮੇਰੇ ਸਮਕਾਲ ਦੇ ਇਹੋ ਹਿੱਸੇ ਬਣਦੇ ਹਨ। 1975 ਵਿਚ ਲੱਗੀ ਐਮਰਜੈਂਸੀ ਤੋਂ ਪਹਿਲਾਂ ਚੱਲੀ ਨੈਕਸਲਾਈਟ ਲਹਿਰ, ਐਮਰਜੈਂਸੀ ਹਟਣ ਤੋਂ ਬਾਅਦ ਦੇ ਸਮੇਂ ਦੀ ਰਾਜਨੀਤਕ ਚਰਚਾ ਵਿਚੋਂ ਲੱਗਭਗ ਗੈਰਹਾਜ਼ਰ ਹੋ ਗਈ ਸੀ। ਕੇਂਦਰ ਵਿਚ ਸੱਤਾ ਤਬਦੀਲੀ ਅਤੇ ਪੰਜਾਬ ਵਿਚ 1978 ਦੀ ਵਿਸਾਖੀ ਵਾਲੇ ਦਿਨ ਸਿੱਖ-ਨਿਰੰਕਾਰੀ ਟਕਰਾਅ ਅਤੇ ਖੰਨੇ ਨੇੜਲੇ ਪਿੰਡ ਦਹਿੜੂ ਵਿਚ ਖਾਲਸਤਾਨੀਆਂ ਨਾਲ ਪਹਿਲੇ ਪੁਲੀਸ ਮੁਕਾਬਲੇ ਅਤੇ ਲਾਲਾ ਜਗਤ ਨਾਰਾਇਣ ਦੇ ਕਤਲ ਤੋਂ ਬਾਅਦ ਰਾਜਨੀਤਕ ਬਿਆਨੀਆ ਬਿਲਕੁਲ ਨਵੇਂ ਰਾਹ ਤੇ ਤੁਰ ਪਿਆ ਸੀ। 1978-1993 ਦੀ ਖਾਲਿਸਤਾਨ ਦੇ ਨਾਂ ਹੇਠ ਚੱਲੀ ਲਹਿਰ ਨੇ ਪੰਜਾਬੀ ਬੰਦੇ ਦੇ ਮਨ ਵਿਚ ਵੱਡੀਆਂ ਤਬਦੀਲੀਆਂ ਲੈ ਆਂਦੀਆਂ ਸਨ। ਇਸ ਦੌਰਾਨ 1984 ਵਿਚ 'ਨੀਲਾ ਤਾਰਾ ਓਪਰੇਸ਼ਨ' ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਅਤੇ ਕਤਲ ਤੋਂ ਬਾਅਦ ਸਿੱਖ ਵਿਰੋਧੀ ਦੰਗਿਆਂ ਨੇ ਸਮਝੋਂ ਬਾਹਰੇ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ। 1991 ਵਿਚ ਕੇਂਦਰੀ ਨੀਤੀਆਂ ਨੇ 'ਸਰਮਾਏਦਾਰੀ ਦਾ ਮਨੁੱਖੀ ਚਿਹਰਾ' ਨਾਂ ਦੇ ਘੁੰਡ ਓਹਲੇ ਸੰਸਾਰ ਸਰਮਾਏਦਾਰੀ ਵਾਸਤੇ ਭਾਰਤ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ। ਸੰਵੇਦਨਸ਼ੀਲ ਮਨ ਅਤੇ ਖੱਬੀ ਧਿਰ ਨਾਲ ਜੁੜੇ ਪੰਜਾਬੀਆਂ ਅਤੇ ਲੇਖਕਾਂ ਲਈ ਇਹ ਪਰਖ ਦੀਆਂ ਘੜੀਆਂ ਸਨ। 1984 ਵਿਚ ਮੈਂ ਕਹਾਣੀ ਨਹੀਂ ਸੀ ਲਿਖਦਾ। ਸਾਹਿਤ ਦਾ ਪਾਠਕ ਸਾਂ। ਐਮ.ਏ. ਦਾ ਵਿਦਿਆਰਥੀ ਸਾਂ ਤੇ ਗਜ਼ਲ ਨੁਮਾਂ ਕੱਚ ਘਰੜ ਜਿਹੀ ਤੁਕਬੰਦੀ ਕਰਦਾ ਸਾਂ। ਜਮਾਤ 'ਚ ਗਾ ਕੇ ਚਾਅ ਪੂਰਾ ਕਰ ਛੱਡੀਦਾ ਸੀ। ਹੁਣ ਮੈਨੂੰ ਪਤਾ ਹੈ ਇਹ ਗ਼ਜ਼ਲ ਨਹੀਂ ਹੈ,

ਪਰ ਆਪਣੇ ਉਦੋਂ ਦੇ ਆਪਣੇ ਮਨ 'ਚ ਝਾਤੀ ਮਾਰਨ ਲਈ ਮੈਂ ਇਹ ਸਤਰਾਂ ਸਾਂਝੀਆਂ ਕਰ ਲੈਂਦਾ ਹਾਂ:

ਸੂਰਜ ਤਾਂ ਅਜੇ ਖੜ੍ਹਾ ਦਿਸਦੈ ਪਰ ਰੌਸ਼ਨੀ ਕੋਈ ਨਹੀਂ
ਮੈਨੂੰ ਦੱਸੋ ਮੈਂ ਦਿਨ ਦਾ ਕਿਹੜਾ ਪਹਿਰ ਦੇਖ ਰਿਹਾ ਹਾਂ

ਭਰਕੇ ਵਗੇਗੀ ਇਹ ਵੀ ਮੋਹ ਦੇ ਪਾਣੀ ਨਾਲ, ਮੈਨੂੰ ਯਕੀਨ ਹੈ
ਮੈਂ ਲੋਕਾਂ 'ਚ ਵਗਦੀ ਜਿਹੜੀ ਲਹੂ ਦੀ ਨਹਿਰ ਦੇਖ ਰਿਹਾ ਹਾਂ

ਇਕ ਗੱਲ ਹੋਰ ਵੀ ਯਾਦ ਆ ਰਹੀ ਹੈ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ, ਗਲ਼ 'ਚ ਸੰਗਲ਼ ਪਾ ਕੇ ਲੈਨਿਨ ਦਾ ਬੁੱਤ ਤੋੜੇ ਜਾਣ ਦਾ ਦ੍ਰਿਸ਼ ਟੀ.ਵੀ. ਤੇ ਦੇਖ ਕੇ ਮੈਂ ਬੈਠਾ ਨਹੀਂ ਸੀ ਰਹਿ ਸਕਿਆ। ਘਬਰਾ ਕੇ ਬਾਹਰ ਨਿਕਲ ਗਿਆ ਸਾਂ। ਬਾਹਰ ਆ ਕੇ ਰੋਣ ਲੱਗ ਪਿਆ ਸਾਂ (ਸਾਫ ਕਰਦਿਆਂ ਕਿ ਮੈਂ ਕਦੇ ਕਿਸੇ ਕਮਿਊਨਿਸਟ ਧਿਰ ਨਾਲ ਜੁੜਿਆ ਨਹੀਂ ਰਿਹਾ ਤੇ ਬੁੱਤ ਪੂਜਕ ਵੀ ਨਹੀਂ)। ਬੈਠਾ ਰਿਹਾ ਸਾਂ। ਫੇਰ ਮੇਰੇ ਕਿਊਬਾ ਯਾਦ ਆਇਆ। ਲਿਖਿਆ-

ਨਾ ਸਮਝ ਕਿ ਚਮਕਣੋ ਹਟ ਗਿਆ ਮੈਂ ਤੇਰੇ ਛੁਪਾਉਣ ਨਾਲ
ਮੇਰੀ ਰੌਸ਼ਨੀ ਮੂੰਹ ਰੁਸ਼ਨਾ ਰਹੀ ਹੈ ਜੱਗ ਦੇ ਹੋਰ ਸਿਰੇ ਦਾ

ਹੁਣ ਹੈਰਾਨ ਹੁੰਦਾ ਹਾਂ ਕਿ ਬੰਦਾ ਢਾਸਣਾ ਲਾਉਣ ਨੂੰ ਕਿੰਨੀ ਦੂਰੋਂ ਆਸਰੇ ਭਾਲ ਲਿਆਉਂਦਾ ਹੈ। ਇਹ ਆਸ਼ਾਵਾਦ, ਜਿਸ ਨੂੰ ਡਾ. ਰਜਨੀਸ਼ ਅਕਸਰ ਮੇਰਾ 'ਇਛਿਤ ਯਥਾਰਥ' ਕਹਿੰਦੇ ਹਨ, ਮੇਰੀ ਸਾਰੀ ਸਿਰਜਣਕਾਰੀ ਦਾ ਮੂਲ ਰਿਹਾ ਹੈ। ਇੱਥੇ ਇਹ ਗੱਲ ਵੀ ਕਰਦਿਆਂ ਕਿ 'ਇਛਿਤ ਯਥਾਰਥ' ਦੇ ਹੋਣ ਨੂੰ ਮੈਂ ਸਾਹਿਤ ਦੀ ਚੂਲ਼ ਸਮਝਦਾ ਹਾਂ। ਇਸ ਦਾ ਨਾ ਹੋਣਾ ਸੁਪਨੇ ਦਾ ਨਾ ਹੋਣਾ ਹੈ, ਜਿਸ ਨੂੰ ਪਾਸ਼ 'ਸਭ ਤੋਂ ਖਤਰਨਾਕ' ਕਹਿੰਦਾ ਹੈ। ਨਿਰੇ ਭਾਵਾਂ ਦੀ ਹੋਲੀ ਸੇਕ ਕੇ ਸਾਹਿਤ ਸਮਾਜ ਦਾ ਕੁਝ ਨਹੀਂ ਸਵਾਰ ਸਕਦਾ। ਸਿਰਜਣਕਾਰੀ ਦੀ ਲੋੜ ਇਹ ਹੈ ਕਿ ਲੇਖਕ ਇਸ ਨੂੰ ਵਿਧਾ ਦੇ ਦਾਇਰੇ ਵਿਚ ਨਿਭਾਵੇ।

ਸਿਰਜਣਕਾਰੀ ਦੀ ਗੱਲ ਕਰਦਿਆਂ ਅਤੇ ਲਿਖਤ ਦੇ ਪਾਠਕ ਨਾਲ ਸੰਦਰਭਗਤ ਰਿਸ਼ਤੇ ਨੂੰ ਦੇਖਦਿਆਂ, ਮਾਮੂਲੀ ਜਿਹੇ ਦਿਸਦੇ ਤੱਥ ਬਹੁਤ ਅਹਿਮੀਅਤ ਰੱਖਦੇ ਹਨ। ਦੋ ਛੋਟੀਆਂ ਉਦਾਹਰਨਾ ਰਾਹੀਂ ਗੱਲ ਸਮਝਦੇ ਹਾਂ। ਦਹਿ-ਸਦੀਆਂ ਪਹਿਲਾਂ ਕਿਸੇ ਨੇ ਸਮੁੰਦਰ ਮੰਥਨ ਦੀ ਕਥਾ ਕਹੀ। ਉਸਦੇ ਵਰਤੇ ਮਧਾਣੀ, ਕੁੜ, ਨੇਤੀ, ਫੁੱਲ ਆਦਿ ਸ਼ਬਦ ਹੀ ਨਹੀਂ, ਵਸਤੂਆਂ ਵੀ 1977-78 ਤੱਕ ਸਾਡੇ ਰੋਜ਼ਾਨਾ ਜੀਵਨ ਤੇ ਕਾਰ-ਵਿਹਾਰ ਦਾ ਹਿੱਸਾ ਸਨ। ਕਥਾ ਦਾ ਹਰਫ ਹਰਫ ਸਮਝ ਆਉਂਦਾ ਸੀ। ਸਿਆਣੇ ਬੰਦਿਆਂ ਨੇ ਉਸ ਦਾ ਇਤਿਹਾਸਕ ਮਹੱਤਵ ਤੇ ਅਰਥ ਵੀ ਪਛਾਣ ਲਏ ਸਨ। 1990 ਤੋਂ ਬਾਅਦ ਇਹ ਸ਼ਬਦ/ਵਸਤੂਆਂ ਬੱਚਿਆਂ ਦਾ ਗਿਆਨ ਪਰਖਣ ਲਈ ਸੱਭਿਆਚਾਰਕ ਮੁਕਾਬਲਿਆਂ 'ਚ 'ਮੁਸ਼ਕਲ ਸਵਾਲ' ਬਣ ਗਈਆਂ। ਵਿਆਹ ਦੇ ਸਬੰਧ 'ਚ ਮੁੰਡਾ ਜਾਂ ਕੁੜੀ ਦੇਖਣ ਆਏ ਸਨਬੰਧੀ 'ਸਾਮੀ' ਬਣ ਗਏ। ਰਾਜਨੀਤੀ ਵਿਚ ਕਾਮਰੇਡ ਸ਼ਬਦ, ਜਿਹੜਾ ਇਕ ਮਾਣਯੋਗ ਸੰਬੋਧਨ ਸੀ, ਭਵਿੱਖੀ ਆਸ ਦਾ ਚਿੰਨ੍ਹ ਸੀ, ਰਾਜਨੀਤਕ ਸ਼ਬਦਾਵਲੀ ਵਿਚੋਂ ਹੀ ਗਾਇਬ ਹੋ ਗਿਆ। ਲਿਖਣ ਵੇਲੇ ਨਵੇਂ ਪਾਠਕਾਂ ਦੇ ਸਮਝ

ਆਉਣ ਵਾਲੀ ਭਾਸ਼ਾ ਦੀ ਵਰਤੋਂ ਕਰਦਿਆਂ ਸਭ ਤੋਂ ਪਿਆਰੇ ਸ਼ਬਦਾਂ ਨੂੰ ਤਿਆਗਣ ਵਰਗੇ ਅਹਿਸਾਸ ਨਾਲ ਇਸ ਤਰ੍ਹਾਂ ਜੂਝਣਾ ਪੈਂਦੇ ਜਿਵੇਂ ਕਿਸੇ ਨਵੀਂ ਭਾਸ਼ਾ ਦੇ ਲੋਕਾਂ ਲਈ ਲਿਖ ਰਹੇ ਹੋਈਏ। ਮਾਧਿਅਮ ਹੀ ਗੁਆਚ ਗਿਆ ਲੱਗਦਾ ਹੈ। ਪਿਛਲੇ ਦਿਨੀ ਪਰ੍ਹਾ ਜਾਂ ਪਰ੍ਹਿਆ ਦੀ ਥਾਂ 'ਜਨਤਕ ਖੇਤਰ' ਵਰਗਾ ਬਣਾਉਟੀ ਸ਼ਬਦ ਲਿਖਦਿਆਂ ਪਾਠਕ ਨਾਲ ਠੱਗੀ ਮਾਰਨ ਵਾਂਗ ਮਹਿਸੂਸ ਹੋਇਆ। ਪੜ੍ਹਨ ਵਾਲਿਆਂ ਦੀ ਸਹੂਲਤ ਲਈ, ਬਰੈਕਟ ਵਿਚ Public Domain ਵੀ ਲਿਖਣਾ ਪਿਆ।

ਲੇਖਕ ਨੇ ਆਪਣੇ ਸਮੇਂ ਨੂੰ ਅਤੇ ਤਬਦੀਲੀਆਂ ਨੂੰ ਸਮਝ ਕੇ ਉਹਨਾਂ ਦਾ ਉਚਾਰ ਕਰਨਾ ਹੁੰਦਾ ਹੈ। ਕਹਾਣੀਕਾਰ ਦੇ ਤੌਰ ਤੇ ਮੈਂ ਉਹਨਾਂ ਨੂੰ ਗਲਪ ਦੇ ਮੁਹਾਵਰੇ ਵਿਚ ਢਾਲਦਾ ਹਾਂ। 1990 ਤੋਂ ਬਾਅਦ ਸਰਕਾਰੀ ਪੱਧਰ ਤੇ ਨੀਤੀਗਤ ਤਬਦੀਲੀਆਂ ਅਤੇ ਖਾਸ ਤੌਰ ਤੇ ਜੀਵਨ ਵਿਚ ਤਕਨੀਕ ਦਾ ਦਖਲ ਬੇ-ਇੰਤਹਾ ਗਤੀ ਨਾਲ ਵਧੇ ਹਨ। ਇਹਨਾਂ ਨੂੰ ਦੇਖ ਕੇ ਸਾਹਿਤ ਸਿਰਜਣਾ ਵਿਚ ਲੱਗੇ ਜਿਊੜਿਆਂ ਦੀ ਹਾਲਤ ਚੰਡੋਲ (ਝੂਲਾ ਜਾਂ Round About) ਝੂਟਦੇ ਜੀਆਂ ਵਰਗੀ ਹੋ ਗਈ। ਚੰਡੋਲ ਝੂਟਦੇ ਬੰਦਿਆਂ ਦਾ ਸਿਰ ਚਕਰਾਉਣ ਅਤੇ ਜੀਅ ਕੱਚਾ ਹੋਣ ਤੋਂ ਵੀ ਅਗਾਂਹ ਉਲਟੀਆਂ ਤੱਕ ਲੱਗ ਜਾਂਦੀਆਂ ਹਨ। ਡਾਕਟਰ ਇਸਦਾ ਕਾਰਨ ਇਹ ਦੱਸਦੇ ਹਨ ਕਿ ਚੰਡੋਲ ਝੂਟਦੇ ਬੰਦੇ ਦੇ ਸਾਹਮਣੇ ਦ੍ਰਿਸ਼ ਬਦਲਦੇ ਰਹਿੰਦੇ ਹਨ। ਅੱਖਾਂ ਹਰ ਵਾਰ ਨਵੇਂ ਦ੍ਰਿਸ਼ ਦੀ ਸੂਚਨਾ ਦਿਮਾਗ ਨੂੰ ਭੇਜਦੀਆਂ ਹਨ। ਦਿਮਾਗ ਉਸ ਦ੍ਰਿਸ਼ ਦੀ ਪੁਨਰ ਸਿਰਜਣਾ ਕਰਦਾ ਹੈ। ਇਸ ਸਾਰੀ ਪ੍ਰਕ੍ਰਿਆ ਪੂਰੀ ਹੋਣ ਲਈ ਇਕ ਘੱਟੋ ਘੱਟ ਸਮਾਂ ਦਰਕਾਰ ਹੁੰਦਾ ਹੈ। ਹੁੰਦਾ ਇਹ ਹੈ ਕਿ ਦ੍ਰਿਸ਼ਾਂ ਦੇ ਬਦਲਣ ਦੀ ਤੇਜ਼ ਗਤੀ ਕਾਰਨ ਦਿਮਾਗ ਦੁਆਰਾ ਦ੍ਰਿਸ਼ ਦੀ ਪੁਨਰ-ਸਿਰਜਣਾ ਤੋਂ ਪਹਿਲਾਂ ਹੀ ਦ੍ਰਿਸ਼ ਬਦਲ ਜਾਂਦਾ ਹੈ। ਅੱਖਾਂ ਨਵੀਂ ਸੂਚਨਾ ਭੇਜ ਦਿੰਦੀਆਂ ਹਨ। ਦਿਮਾਗ ਬੌਂਦਲ਼ ਜਾਂਦਾ ਹੈ। ਦ੍ਰਿਸ਼ ਇਕ ਦੂਜੇ ਵਿਚ ਰਲ਼ ਜਾਂਦੇ ਹਨ। ਦਿਮਾਗ ਚਕਰਾ ਜਾਂਦਾ ਹੈ। 1990 ਤੋਂ ਬਾਅਦ ਨੀਤੀਆਂ, ਨੀਤਾਂ ਅਤੇ ਤੇਜ ਤਕਨੀਕੀ ਵਿਕਾਸ ਕਾਰਨ ਲੇਖਕ ਦੇ ਸਨਮੁੱਖ ਸਮਕਾਲੀ ਬੰਦਾ ਵੀ ਤੇਜ਼ੀ ਨਾਲ ਬਦਲਦਾ ਰਿਹਾ ਹੈ। ਲੇਖਕ ਜਦ ਨੂੰ ਇਕ ਤਬਦੀਲੀ ਦਾ ਅਧਿਐਨ ਕਰਕੇ ਸਿਰਜਣਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਸਾਹਮਣੇ ਵਾਲਾ ਬੰਦਾ ਤੇ ਸਮਾਜ, ਮਨ ਤੇ ਮਨਸ਼ਾ ਬਦਲ ਜਾਂਦੇ ਹਨ। ਸ਼ਬਦ, ਸਥਿਤੀਆਂ ਅਤੇ ਸਮੀਖਿਆਵਾਂ ਲਿਖਣ ਤੋਂ ਪਹਿਲਾਂ ਹੀ ਪੁਰਾਣੀਆਂ ਹੋ ਚੁੱਕੀਆਂ ਹੁੰਦੀਆਂ ਹਨ। ਲੇਖਕ ਫੇਰ ਪਿੱਛੇ ਵੱਲ ਪਰਤਦਾ ਹੈ। ਇਸੇ ਲਈ ਕਵਿਤਾ ਤੋਂ ਬਿਨਾਂ ਹੋਰ ਵਿਧਾਵਾਂ ਵਿਚ ਵੀ ਬੀਤੇ ਦਾ ਪ੍ਰਛਾਵਾਂ ਸੱਠਵਿਆਂ ਜਾਂ ਸੱਤਰਵਿਆਂ ਦੀਆਂ ਰਚਨਾਵਾਂ ਦੇ ਮੁਕਾਬਲੇ ਕਿਤੇ ਵੱਧ ਨਜ਼ਰ ਆਉਂਦਾ ਹੈ। ਰਾਜਨੀਤੀ ਵਿਚ ਤਾਂ ਅਸੀਂ ਡੰਕੇ ਦੀ ਚੋਟ ਤੇ ਤ੍ਰੇਤੇ ਤੱਕ ਪਿੱਛਲ-ਖੋੜੀ ਦੌੜੇ ਹਾਂ। ਸੱਠ ਸਾਲ ਪਹਿਲਾਂ, ਵਿਸ਼ਵ-ਵਿਦਿਆਲਿਆਂ ਦੇ ਰੂਪ ਵਿਚ ਜਿਹੜੇ 'ਵਿਗਿਆਨ ਦੇ ਮੰਦਰ' ਉਸਾਰੇ ਸਨ, ਉਹਨਾਂ ਵੱਲ ਪਿੱਠ ਕਰਕੇ 'ਭਗਵਾਨ ਦੇ ਮੰਦਰ' ਦੀ ਉਸਾਰੀ ਵਿਚ ਜੁਟੇ ਹੋਏ ਹਾਂ। ਲੇਖਕ ਵਿਚਾਰਾ ਹਾਰ ਕੇ ਵੇਦਾਂ, ਗ੍ਰੰਥਾਂ ਦੀ 'ਪੁਨਰ ਵਿਆਖਿਆ' ਵਿਚ ਜੁਟ ਗਿਆ ਹੈ। ਇਨਕਲਾਬੀ ਪੜ੍ਹਤ ਚਾਰ ਯੁੱਗਾਂ ਦੇ ਲੰਮੇ ਪੈਂਡੇ 'ਤੇ ਨਿਕਲ ਤੁਰੀ ਹੈ। ਲਗਾਤਾਰ ਆ ਰਹੀਆਂ ਬਹੁਤੀਆਂ ਸਵੈ-ਮੁਖੀ ਰਚਨਾਵਾਂ ਸੁਰੱਖਿਆ ਦੇ ਨਵੇਂ ਖੋਲ ਦੀ ਤਲਾਸ਼ ਹੈ।

ਕਹਾਣੀ ਲੇਖਕ ਦੇ ਤੌਰ ਤੇ ਸਮਕਾਲ ਨਾਲ ਮੇਰਾ ਪਹਿਲਾ ਵਾਹ 1992 'ਚ ਪਿਆ।

ਮੇਰੇ ਇਕ ਟਾਈਪਿਸਟ ਦੋਸਤ ਨੇ ਦੱਸਿਆ ਕਿ ਉਸ ਨੇ ਸਕੇ ਮਾਮੇ-ਭਾਣਜੀ ਦਾ ਵਿਆਹ ਰਜਿਸਟਰ ਕਰਵਾਇਆ ਹੈ। ਮਾਮੇ ਨੂੰ ਕਨੇਡਾ ਲੈ ਕੇ ਜਾਣ ਲਈ ਇਹ ਜੁਗਾੜ ਕੀਤਾ ਗਿਆ। ਜਿਹੜੇ ਪੰਜਾਬ ਦੀ ਸਹਿਜ ਸੂਝ ਇਹ ਕਹਿੰਦੀ ਹੈ ਕਿ ਜੁਆਨ ਭੈਣ ਭਰਾ ਨੂੰ ਇਕ ਛੱਤ ਹੇਠ ਨਹੀਂ ਸੌਣਾ ਚਾਹੀਦਾ, ਲਟੈਣ ਟੁੱਟ ਜਾਂਦੀ ਹੈ, ਉਹ ਪੰਜਾਬ ਕਨੇਡਾ ਜਾਣ ਲਈ ਮਾਮੇ-ਭਾਣਜੀ, ਪਿਓ-ਧੀ ਦਾ ਵਿਆਹ 'ਗੁਰ-ਮਰਿਆਦਾ' ਅਨੁਸਾਰ ਕਰਵਾਈ ਜਾ ਰਿਹਾ ਹੈ। ਗੁਰੂ ਦੇ ਸਾਹਮਣੇ 'ਅਸੀਂ ਇਕ ਦੂਜੇ ਨੂੰ ਪਤੀ ਪਤਨੀ ਸਵੀਕਾਰਦੇ ਹਾਂ' ਕਹਿ ਕੇ ਸਿਰ ਝੁਕਾ ਰਿਹਾ ਹੈ। ਮੇਰੇ ਅੰਦਰੋਂ ਧਰਮ, ਸੱਭਿਆਚਾਰ, ਅਣਖ ਤੇ ਹਰੇ ਇਨਕਲਾਬ ਤੇ ਚੜ੍ਹ ਕੇ ਆਈ ਆਰਥਿਕ ਹਰਿਆਲੀ ਵਰਗੀਆਂ ਕਈ ਲਟੈਣਾ ਟੁੱਟ ਗਈਆਂ। ਪੰਜਾਬ ਦੇ ਅੰਬਰ ਤੇ ਭਵਿੱਖ ਵਿਚ ਚੜ੍ਹਨ ਵਾਲੇ 'ਚੰਦ-ਤਾਰੇ' ਸਭ ਦਿਸਣ ਲੱਗ ਪਏ। ਮੈਂ ਆਪਣੀ ਤੀਜੀ ਕਹਾਣੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਲਿਖੀ। ਪਹਿਲਾਂ ਚੰਦ ਪੰਜਾਬੀ ਪਾਠਕ ਦੀ ਪੜ੍ਹਤ ਨੇ ਇਸ ਕਹਾਣੀ ਨੂੰ ਨਿਰੀ 'ਵਿਵਰਜਿਤ ਰਿਸ਼ਤਿਆਂ ਦੀ ਕਹਾਣੀ' ਸਮਝ ਕੇ ਚਾੜ੍ਹਿਆ। 1997 'ਚ ਸਮਕਾਲ ਦੀਆਂ ਰਗਾਂ 'ਚ ਦੌੜਦੇ ਭੂਤਕਾਲ ਨੇ ਰੰਗ ਦਿਖਾਇਆ। ਅਖ਼ਬਾਰ 'ਚ ਬਲਾਤਕਾਰ ਦੀ ਸ਼ਿਕਾਰ ਇਕ ਕੁੜੀ ਦੀ ਖ਼ਬਰ ਪੜ੍ਹ ਕੇ ਇਕ ਸਕੂਲ ਅਧਿਆਪਕਾ ਨੇ ਹੌਕਾ ਭਰਿਆ, "ਮਰਦੀ ਨਾ ਤਾਂ ਹੋਰ ਕੀ ਕਰਦੀ ਵਿਚਾਰੀ!" ਮੇਰੇ ਅੰਦਰ ਕਈ ਸਾਲ ਪਹਿਲਾਂ ਪੜ੍ਹੀ ਅਜਿਹੀ ਖ਼ਬਰ ਜਾਗੀ। ਮੈਂ ਹੈਰਾਨ ਹੋਇਆ ਕਿ ਉਦੋਂ ਮੈਂ ਤੇ ਹੁਣ ਅਧਿਆਪਕਾ ਨੇ 'ਬਲਾਤਕਾਰੀ' ਬਾਰੇ ਕੋਈ ਟਿੱਪਣੀ ਨੀ ਕੀਤੀ। ਮੈਂ ਕਹਾਣੀ ਲਿਖੀ 'ਯੁੱਧ-ਖੇਤਰ'। ਬਲਾਤਕਾਰ ਦੀ ਸ਼ਿਕਾਰ, ਰੋਂਦੀ ਜੋਤੀ ਨੂੰ ਚੁੱਪ ਕਰਵਾਉਂਦੀ ਮਿੰਦਰੋ ਚਾਚੀ ਕਹਿੰਦੀ ਹੈ, "ਐਂ ਅੰਦਰ ਵੜ ਕੇ ਜ਼ਿੰਦਗੀ ਥੋੜ੍ਹੇ ਕੱਟ ਹੁੰਦੀ ਐ। ਨਾਲੇ ਤੇਰਾ ਕੀ ਕਸੂਰ ਐ, ਧੀਰਾ ਈ ਰੁੜ੍ਹ ਜਾਣਾ ਬੇ-ਦੀਨ ਨਿਕਲਿਐ।" ਜੋਤੀ ਜਿਉਂਈ ਤੇ ਜਿੱਤੀ। ਆਤਮ-ਹੱਤਿਆ ਦੇ ਖਿਆਲ ਅਤੇ ਸਮਾਜ ਦੀ ਪਹੁੰਚ ਦੇ ਖਿਲਾਫ ਉਹਦਾ ਮਾਰਿਆ ਲਲਕਾਰੈ, 'ਤੂੰ ਕਿਉਂ ਮਰੇਂ! ਅਜਿਹੇ ਵੀਹ ਲਗਾੜੇ ਤੁਰੇ ਫਿਰਦੇ ਨੇ...'। ਅਜਿਹੀ ਹੀ ਭਾਵਨਾ ਤੇ ਵਿਦਰੋਹੀ ਸੂਝ ਵਿਚੋਂ 'ਖੰਡੇ ਦੀ ਧਾਰ' ਕਹਾਣੀ ਨਿਕਲੀ। ਆਨੰਦ ਕਾਰਜ ਮੌਕੇ ਮੁੰਡੇ ਦਾ ਲੜ ਨਾ ਫੜਨ 'ਤੇ ਅੜੀ ਸੂਰਤ ਕਹਿੰਦੀ ਹੈ, 'ਮੈਨੂੰ ਤੇਰੀ ਇੱਜ਼ਤ ਬਹੁਤ ਪਿਆਰੀ ਹੈ ਬਾਪੂ! ਪਰ ਜ਼ਿੰਦਗੀ ਵਿਚ ਕੁੱਝ ਚੀਜ਼ਾਂ ਬਾਪ ਦੀ ਇੱਜ਼ਤ ਤੋਂ ਵੀ ਪਿਆਰੀਆਂ ਹੁੰਦੀਆਂ ਹਨ।' ਡਾ. ਗੁਰਮੁਖ ਸਿੰਘ ਨੇ ਮੈਨੂੰ ਪੁੱਛਿਆ ਕਿ ਕਹਾਣੀ ਦੇ ਅੰਤ ਤੇ (ਸ਼ਾਮ ਦਾ ਦ੍ਰਿਸ਼ ਹੈ, ਪੱਛਮ 'ਚ ਸੂਰਜ ਛਿਪ ਰਿਹਾ ਹੈ) ਸੂਰਤ ਜਦੋਂ ਅੰਦਰੋਂ ਬਾਹਰ ਨਿਕਲਦੀ ਹੈ ਤਾਂ 'ਅਸਮਾਨ ਸੰਧੂਰੀ ਹੋਇਆ ਪਿਆ ਸੀ' ਦਾ ਕੀ ਭਾਵ ਹੈ? ਮੇਰਾ ਜਵਾਬ ਹੈ ਕਿ ਸੰਧੂਰ ਤੇ ਖ਼ੂਨ ਦਾ ਰੰਗ ਇਕੋ ਹੁੰਦਾ ਹੈ। ਇਹ ਸੂਰਤ ਦੁਆਰਾ ਨਕਾਰੇ 'ਅਣ-ਚਾਹੇ ਬੀਤੇ' ਦਾ ਲਹੂ ਹੈ। ਇਸ ਇਨਕਾਰ ਵਿਚੋਂ ਹੀ ਸੱਜਰੇ ਕੱਲ੍ਹ ਨੇ ਉਗਮਣਾ ਹੈ।' ਮੈਨੂੰ ਖ਼ੁਸ਼ੀ ਹੈ ਕਿ ਇਹ ਦੋਵੇਂ ਕਹਾਣੀਆਂ 1999 ਤੇ 2000 ਦੇ ਸਰਵੇ ਵਿਚ ਪੰਜਾਬੀ ਜਗਤ ਨੇ ਸਰਾਹੀਆਂ ਤੇ ਅਵੱਲ ਰਹੀਆਂ। 2007, ਪੰਜਾਬ ਦੀ ਰਾਜਨੀਤੀ ਦੇ ਅੰਬਰ ਤੇ ਸੁਖਬੀਰ ਤੇ ਭਾਰਤੀ ਰਾਜਨੀਤੀ ਵਿਚ ਰਾਹੁਲ ਦਾ ਉਦੈ ਹੋ ਰਿਹਾ ਸੀ। ਰਾਜਿਆਂ ਵਾਂਗ ਸੱਤਾ ਨੂੰ ਨਿੱਜੀ ਜਾਇਦਾਦ ਵਾਂਗ ਵਾਰਿਸਾਂ ਨੂੰ ਸੌਂਪਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮੈਂ ਕਹਾਣੀ ਲਿਖੀ 'ਇਕ ਘਰ ਆਜ਼ਾਦ ਹਿੰਦੀਆਂ ਦਾ।' ਆਜ਼ਾਦ ਹਿੰਦ ਫੌਜ ਦਾ ਸਿਪਾਹੀ ਰਿਹਾ, ਸਮਾਜ ਸੇਵਾ ਦੀ ਭਾਵਨਾ ਨਾਲ ਸਰਪੰਚ ਰਿਹਾ

ਬਖਤਾਵਰ, ਆਪਣੀ ਥਾਂ ਧੋਖੇ ਨਾਲ ਸਰਪੰਚ ਬਣੇ ਆਪਣੇ ਪੁੱਤਰ ਸੱਜਣ ਤੇ ਪੋਤੇ ਰਾਣੇ ਦੀਆਂ ਕਰਤੂਤਾਂ ਦੇਖ ਕੇ ਸੋਚਦੈ, "ਪਿੰਡ ਨੇ ਸਹਿਮਤੀ ਮੇਰੇ ਤੇ ਕੀਤੀ ਸੀ। ਜਾਂ ਮੈਂ ਸਰਪੰਚ ਹੁੰਦਾ ਜਾਂ ਇਲੈਕਸ਼ਨ ਹੁੰਦੀ। ਕੋਈ ਜਿੱਤਦਾ ਕੋਈ ਹਾਰਦਾ। ਸਰਪੰਚੀ ਕਿਹੜਾ ਜੱਦੀ ਜਾਇਦਾਦ ਸੀ ਬਈ ਧੀਆਂ ਪੁੱਤਾਂ ਦਾ ਹੱਕ ਬਣਦਾ ਸੀ ਮੈਥੋਂ ਬਾਅਦ। ਉਦੋਂ ਮੈਨੂੰ ਲੜਨਾ ਚਾਹੀਦਾ ਸੀ।" ਸਰਸੇ ਵਾਲੇ ਡੇਰੇ ਨਾਲ ਵਿਵਾਦ ਤੋਂ ਬਾਅਦ ਆਏ ਹੁਕਮਨਾਮੇ ਨੇ ਸਮਾਜ ਹੀ ਨਹੀਂ, ਘਰ ਪਾੜੇ। ਖਾਲਸੇ ਦੀ 'ਕ੍ਰਿਪਾਨ' ਦੇਹ ਪਲਟ ਕੇ ਤਲਵਾਰ ਬਣ ਗਈ। ਪ੍ਰੇਮੀ ਅੜੇ ਵੀ ਰਹੇ ਤੇ ਦੜੇ ਵੀ ਰਹੇ। ਮੇਰਾ ਬਾਬੇ ਨਾਲ ਵਿਰੋਧ ਕੁਦਰਤੀ ਸੀ ਪਰ ਓਨਾ ਹੀ ਕੁਦਰਤੀ ਮੇਰਾ ਹਿਤ ਪ੍ਰੇਮੀਆਂ ਨਾਲ ਵੀ ਸੀ। ਬਾਜ਼ਾਰਾਂ ਵਿਚ ਗਲ਼ੀਆਂ ਵਿਚ ਨੰਗੀਆਂ ਤਲਵਾਰਾਂ ਲਹਿਰਾਉਂਦੇ, ਬੁੱਕਦੇ ਸਿੱਖਾਂ ਦੇ ਦ੍ਰਿਸ਼ਾਂ ਨੇ 'ਸਿਰਾਂ ਦੇ ਮੁੱਲ' ਪੈਣ ਵੇਲਿਆਂ ਦੀ ਯਾਦ ਤਾਜਾ ਕਰਵਾ ਦਿੱਤੀ। ਮੈਂ ਹੁਕਨਾਮਿਆਂ ਦੀ ਮਾਰ ਹੇਠ ਆਏ ਦੋ ਭਰਾਵਾਂ ਦੇ ਰੂਪ 'ਚ ਪੰਜਾਬ ਦੇ ਲੰਗਾਰੇ ਆਪੇ ਦੀ ਕਹਾਣੀ ਲਿਖੀ, 'ਸੱਚ ਕੀ ਬੇਲਾ'। ਇਕ ਸੱਚਾ ਪ੍ਰੇਮੀ ਤੇ ਦੂਜਾ ਸੱਚਾ ਸਿੱਖ। ਵਿਚਾਲ਼ੇ ਖੜ੍ਹਾ ਭਾਈ ਘਨੱਈਆ। ਬੜਾ ਦੁੱਖ ਲੱਗਿਆ ਜਦੋਂ 'ਇਤਿਹਾਸ ਦੇ ਡੂੰਘੇ ਪਾਠਕ' ਇਕ ਲੇਖਕ ਦੀ ਟਿੱਪਣੀ ਮੇਰੇ ਤੱਕ ਪਹੁੰਚੀ ਕਿ ਭਾਈ ਘਨੱਈਆ ਤਾਂ ਇਤਿਹਾਸਕ ਪਾਤਰ ਹੈ ਹੀ ਨਹੀਂ। ਮੈਂ ਮੱਥੇ ਤੇ ਹੱਥ ਮਾਰਿਆ। ਲੋਕਾਂ ਦੀ ਤਾਂ ਛੱਡੋ, ਪੰਜਾਬੀ ਲੇਖਕ ਇਕ 'ਸਰਬ ਸਾਂਝੇ ਸੰਕਲਪ' ਦੀ ਸੰਭਾਵਨਾ ਤੋਂ ਮੁੱਕਰ ਗਿਆ। ਸਮਕਾਲ ਦੇ ਇਕ ਨੌਜਵਾਨ ਦੀ ਤਸਵੀਰ ਛਪੀ। ਨਸ਼ੇ ਵਾਲਾ ਟੀਕਾ ਬਾਂਹ 'ਚ ਹੀ ਰਹਿ ਗਿਆ। ਛੱਪੜ 'ਚ ਮਰੇ ਪਏ ਮੁੰਡੇ ਦਾ ਹਵਾ 'ਚ ਉੱਠਿਆ ਹੱਥ ਜਿਵੇਂ ਕਿਸੇ ਸਹਾਰੇ ਦੀ ਭਾਲ਼ 'ਚ ਫੈਲਿਆ ਹੋਵੇ ਤੇ ਸਹਾਰਾ ਕਿਤੇ ਹੋਵੇ ਨਾ। ਮੈਨੂੰ ਲੱਗਿਆ ਪੰਜਾਬ ਨੇ ਆਪਣੇ ਭਵਿੱਖ ਵੱਲ ਪਿੱਠ ਕਰ ਲਈ ਹੈ। ਭਵਿੱਖ 'ਚੋਂ ਵਿਸ਼ਵਾਸ ਗੁਆ ਲਿਆ ਹੈ। ਮੈਂ ਕਹਾਣੀ ਲਿਖੀ 'ਨੋ ਹੈਡਜ਼ ਡਾਊਨ ਡੈਡੀ'। ਮੇਰਾ 'ਇੱਛਿਤ ਯਥਾਰਥ' ਨਸ਼ਾ ਛੱਡਣ ਵੇਲੇ ਨਸ਼ੇ ਦੀ ਤੋੜ ਨਾਲ ਜੂਝਦੇ ਮੁੰਡੇ ਦੇ ਮੂੰਹੋਂ ਫੁੱਟਿਆ, "ਤੂੰ ਸੌਂ ਜਾ ਮੰਮੀ। ਡਰ ਨਾ। ਮੈਂ ਜਾਗਦਾ ਰਹਾਂਗਾ।" ਕਹਾਣੀ ਪੜ੍ਹ ਕੇ ਰਾਹੋਂ ਦੇ ਨੇੜੇ ਕਿਸੇ ਪਿੰਡ 'ਚੋਂ ਕਿਸੇ ਮੁੰਡੇ ਦਾ ਫੋਨ ਆਇਆ, "ਅਸੀਂ ਛੇ ਮੁੰਡੇ, ਘਰਦਿਆਂ ਨੂੰ ਪਤਾ ਲੱਗਣ ਤੋਂ ਪਹਿਲਾਂ ਨਸ਼ਾ ਛੱਡ ਰਹੇ ਹਾਂ।" ਸਾਹਿਤ 'ਚ ਵੀ ਤੇ ਭਵਿਖ 'ਚ ਵੀ ਮੇਰਾ ਵਿਸ਼ਵਾਸ ਹੋਰ ਗੂੜ੍ਹਾ ਹੋ ਗਿਆ। ਉਦੋਂ ਕੁ ਜਿਹੇ ਹੀ 'ਸਰਮਾਏਦਾਰੀ ਦੇ ਮਨੁੱਖੀ ਚਿਹਰੇ' ਤੋਂ ਘੁੰਡ ਚੁੱਕਿਆ ਗਿਆ। ਸਾਰੇ ਹਿੰਦੋਸਤਾਨ ਦੇ ਨਾਲ ਨਾਲ ਪੰਜਾਬ 'ਚੋਂ ਵੀ ਕਿਸਾਨ ਆਤਮ ਹੱਤਿਆ ਦੀਆਂ ਖ਼ਬਰਾਂ ਨਿੱਤ ਦੇ ਅਖਬਾਰੀ 'ਅੰਕੜੇ' ਬਣਨ ਲੱਗ ਪਈਆਂ। ਨੌਂ ਸੌ ਕਰੋੜ ਦਾ ਘਰ ਪਾਉਣ ਵਾਲੇ ਅੰਬਾਨੀ ਵਰਗੀਆਂ ਦੇ ਕਾਰਕੁੰਨ ਰਾਜਨੇਤਾਵਾਂ ਨੇ 'ਦੋਸ਼ੀ' ਲੱਭ ਲਿਆ, ਕਿਸਾਨ, ਜਿਹੜਾ ਵਿਆਹਾਂ, ਭੋਗਾਂ ਤੇ ਪੱਕੇ ਘਰਾਂ 'ਚ ਰਹਿਣ ਦੀ ਆਯਾਸ਼ੀ ਕਰ ਰਿਹਾ ਸੀ। ਫਜ਼ੂਲ ਖਰਚੀ ਦਾ ਮੈਂ ਵੀ ਹਾਮੀ ਨਹੀਂ। ਫੇਰ ਮੇਰੇ ਸਕੇ ਭਣੋਈਏ ਨੇ ਨਹਿਰ 'ਚ ਛਾਲ ਮਾਰੀ। ਜਰਨੈਲ ਸਿਓਂ। ਜੀਹਨੇ ਦਸਾਂ ਸਾਲਾਂ ਦੀ ਉਮਰ 'ਚ ਖੇਤੀ 'ਚ ਹੱਡ ਗਾਲਣੇ ਸ਼ੁਰੂ ਕੀਤੇ, ਬੱਚਿਆਂ ਦੇ ਵਿਆਹ ਸਮੇਂ ਨਾਲੋਂ ਕਿਤੇ ਸਾਦੇ ਕੀਤੇ। ਜੀਹਦੇ ਘਰ ਅਜੇ ਵੀ ਖਿੜਕੀਆਂ ਦੇ ਪੱਲਿਆਂ ਦੀ ਥਾਂ ਪੱਲੜ ਲਟਕਦੇ ਨੇ। ਮੈਂ ਅੰਕੜੇ ਇਕੱਠੇ ਕੀਤੇ। ਆਤਮ ਹੱਤਿਆ ਕਰਨ ਵਾਲਿਆਂ 'ਚੋਂ ਬਹੁਤਿਆਂ ਦੀ ਇਹੀ ਕਹਾਣੀ ਸੀ। ਮੈਂ ਕਹਾਣੀ ਲਿਖੀ 'ਡਬੋਲ਼ੀਆ'। ਸਾਧੂ, ਜੀਹਦਾ ਇਕੋ ਸੁਪਨਾ ਪੁੱਤਰ ਨੂੰ ਪੜ੍ਹਾ ਕੇ ਕਿਸੇ ਕਿੱਤੇ ਲਾਉਣ ਦਾ ਸੀ।'

ਪੁੱਤ ਨੂੰ ਰੋਟੀ ਖਾਣ ਲਈ ਲਾਸ਼ਾਂ ਕੱਢਣ ਦਾ 'ਸਵੈ-ਰੁਜ਼ਗਾਰ' ਕਰਨਾ ਪਿਆ। ਕਸ਼ਮੀਰ ਦੇ ਪੁਲਵਾਮਾਂ 'ਚ ਹਮਲਾ ਹੋਇਆ। 29 ਸਿਪਾਹੀ ਮਾਰੇ ਗਏ। ਪੂਰੇ ਹਿੰਦੋਸਤਾਨ ਵਿਚ ਕਸ਼ਮੀਰੀ ਮੁਸਲਮਾਨਾਂ ਦੀ ਸ਼ਾਮਤ ਆ ਗਈ। ਮੀਡੀਆ ਨੇ 'ਕੱਪੜਿਆਂ ਤੋਂ' ਪਛਾਣ ਕਰਵਾਈ ਕਿ ਸਾਰੇ 'ਹਿੰਦੋਸਤਾਨ ਦਾ ਹਿੰਦੂ' ਰਾਸ਼ਟਰ ਦੇ ਹੱਕ ਵਿਚ ਉੱਠ ਖੜ੍ਹਿਆ ਸੀ। ਬਚਾਉਣ ਵਾਲੇ ਹਿੰਦੂਆਂ ਦੀ ਖ਼ਬਰ ਦੱਸੀ ਤੱਕ ਨਾ ਗਈ। ਮੈਂ ਕਹਾਣੀ ਲਿਖੀ 'ਪੰਡਿਤ ਜੀ ਉਰਫ ਪਰਸ ਰਾਮ ਚੌਕੀਦਾਰ'। ਕਸ਼ਮੀਰੀ ਮੁਸਲਮਾਨਾਂ ਤੇ ਪੰਡਿਤਾਂ ਵਿਚ ਜੀਵੰਤ ਇਨਸਾਨੀ ਸਾਂਝ ਤੇ ਕਸ਼ਮੀਰੀਅਤ ਦੀ ਕਥਾ।

ਸਮਕਾਲ ਅਤੇ ਸਿਰਜਣਕਾਰੀ ਦੇ ਸਬੰਧ ਨੂੰ ਸਮਝਣ ਲੱਗਿਆਂ ਇਕ ਹੋਰ ਗੱਲ ਵੀ ਧਿਆਨ 'ਚ ਆਉਂਦੀ ਹੈ। ਮਨੁੱਖੀ ਮਨ ਲੁਕਵੀਆਂ ਚੀਜ਼ਾਂ ਦਾ ਸ਼ੁਕੀਨ ਹੁੰਦਾ ਹੈ। ਇਹ ਮਨ ਵਿਅਕਤੀ ਤੋਂ ਲੈ ਕੇ ਕੌਮਾਂ, ਸੱਭਿਆਚਾਰਾਂ ਜਾਂ ਜਿਵੇਂ ਕਿ ਹੁਣੇ ਹੁਣੇ ਕੋਵਿਡ-19 ਨੇ ਦਿਖਾਇਆ ਹੈ, ਸੰਸਾਰ ਦਾ ਸਾਂਝਾ ਮਨ ਹੋ ਸਕਦਾ ਹੈ। ਇਸ ਲਈ ਲੇਖਕ 'ਮਨ ਦੀਆਂ ਪਰਤਾਂ' ਫੋਲਣ ਦਾ ਕਾਰੀਗਰ ਹੈ। ਲੁਕਵੀਆਂ ਭਾਵਨਾਵਾਂ, ਸੰਵੇਦਨਾਵਾਂ, ਸੰਭਾਵਨਾਵਾਂ, ਵਿਚਾਰਾਂ, ਵਿਕਾਰਾਂ ਨੂੰ ਉਜਾਗਰ ਕਰਦਾ ਹੈ। ਮੇਰੀ ਪੀੜ੍ਹੀ ਦੇ ਲੇਖਕਾਂ ਨਾਲ ਇਕ ਹੋਰ ਵਰਤਾਰਾ ਵਾਪਰ ਗਿਆ। ਜਿਹੜੇ ਸਮੇਂ ਅਸੀਂ ਪ੍ਰਵਾਨ ਚੜ੍ਹੇ, ਉਦੋਂ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਸਨ, ਜਿਹੜੀਆਂ ਮਨਾਂ ਵਿਚ 'ਲੁਕੀਆਂ ਹੋਈਆਂ' ਹੁੰਦੀਆਂ ਸਨ। ਸਮਾਜਿਕ ਤੌਰ ਤੇ ਉਹਨਾਂ ਦਾ ਜ਼ਿਕਰ ਵਿਵਰਜਿਤ ਸੀ। 'ਰੂਪ ਚੰਦ ਤੇ ਇੰਦੋਵਤੀ' ਦਾ ਕਿੱਸਾ ਲੁਕ ਕੇ ਪੜ੍ਹਨਾ ਪੈਂਦਾ। ਦਸਵੀਂ 'ਚ ਪੜ੍ਹਦੇ ਦੀ ਮੇਰੀ, ਇਕ ਵਾਰੀ ਇਸ ਲਈ ਝਾੜ ਝੰਬ ਹੋਈ ਕਿ ਮੈਂ ਕੁੜੀਆਂ ਬੁੜ੍ਹੀਆਂ ਤੇ ਸਿਆਣਿਆਂ ਦੀ ਹਾਜ਼ਰੀ 'ਚ ਕਿਸੇ ਲੜਾਈ ਦੀ ਗੱਲ ਕਰਦਿਆਂ 'ਕੁੜੀ ਛੇੜਨ' ਸ਼ਬਦ ਵਰਤ ਲਿਆ। ਸੋ ਮੇਰੇ ਉਸ ਸਮਕਾਲ 'ਚ ਲੇਖਕ ਪਿਆਰ, ਜਾਂ ਪਿਆਰ ਵਿਆਹ ਵਰਗੀਆਂ 'ਲੁਕਵੀਆਂ ਗੱਲਾਂ' ਨੂੰ ਉਜਾਗਰ ਕਰਕੇ 'ਨਵੀਆਂ ਪੈੜਾਂ' ਪਾ ਰਹੇ ਸਨ। ਹੁਣ ਇਹ ਸ਼ਬਦ, ਵਰਤਾਰੇ, ਪਾਤਰ, ਇਕ ਦੂਜੇ ਪ੍ਰਤੀ ਪਸੰਦਗੀਆਂ ਨਾ ਪਸੰਦਗੀਆਂ ਸਮਾਜ, ਖਾਸ ਤੇ ਮੁੰਡੇ ਕੁੜੀਆਂ ਲਈ ਸਧਾਰਣ ਗੱਲਬਾਤ ਦਾ ਹਿੱਸਾ ਹਨ। ਜਿਹੜੀ ਗੱਲ ਸਾਨੂੰ ਦੁਖੀ ਕਰਦੀ ਸੀ, ਉਹ ਕਈ ਵਾਰ ਉਨ੍ਹਾਂ ਨੂੰ ਛੋਹ ਕੇ ਵੀ ਨੀ ਲੰਘਦੀ। ਬਲਦੇਵ ਧਾਲੀਵਾਲ ਇਕ ਗੱਲ ਅਕਸਰ ਸੁਣਾਉਂਦੇ ਹਨ। ਅਮਰੀਕਾ ਵਿਚ ਕਿਸੇ ਮਿੱਤਰ ਦੇ ਘਰ, ਹਿੰਦੀ ਘੱਟ ਸਮਝਦੀ ਸੋਲ੍ਹਾਂ-ਸਤਾਰਾਂ ਸਾਲਾਂ ਦੀ ਕੁੜੀ, ਗੀਤ ਵਿਚ ਰੋ ਰੋ ਕੇ 'ਸਨਮ' ਨੂੰ ਯਾਦ ਕਰਦੀ ਹੀਰੋਇਨ ਬਾਰੇ ਪੁੱਛਦੀ ਹੈ, "ਅੰਕਲ ਇਹ ਰੋਂਦੀ ਕਿਉਂ ਐ"। ਧਾਲੀਵਾਲ ਹੋਰਾਂ ਨੇ ਦੱਸਿਆ ਬਈ ਇਹਦਾ 'ਲਵਰ' ਛੱਡ ਕੇ ਚਲਾ ਗਿਆ। ਉਹ ਕੁੜੀ ਕਹਿੰਦੀ, "ਫੇਰ ਕੀ ਹੋ ਗਿਆ, ਕਿਸੇ ਹੋਰ ਨਾਲ ਫਰੈਂਡਸ਼ਿਪ ਕਰ ਲਵੇ"। ਮੇਰੇ ਨਾਲ ਇਹ ਪਹਿਲੀ ਵਾਰ 2012 'ਚ ਹੋਈ। ਅੱਠਵੀਂ 'ਚ ਪੜ੍ਹਦਾ ਮੇਰਾ ਬੇਟਾ ਟੀ.ਵੀ. ਤੇ ਚਲਦੀ ਕੋਈ ਫਿਲਮ ਵਿਸ਼ੇਸ਼ ਤੌਰ ਤੇ ਦੇਖਣ ਲਈ ਕਹਿ ਕੇ ਗਿਆ। ਬਾਹਰ ਨਿਕਲਦੀ ਸਾਰ ਫੇਰ ਮੁੜ ਆਇਆ। ਕਹਿੰਦਾ "ਇਹਦੇ ਕੁਸ਼ ਸੀਨ ਥੋਨੂੰ 'ਵਲਗਰ' ਲੱਗਣਗੇ, ਬੰਦ ਨਾ ਕਰਿਓ। ਆਪਾਂ ਫੇਰ ਇਹਦੇ ਬਾਰੇ ਗੱਲ ਕਰਾਂਗੇ।" ਇਨ੍ਹਾਂ ਦਿਨਾਂ 'ਚ ਹੀ ਮੈਂ ਇਕ 'ਵੈਬ ਸੀਰੀਜ਼' ਲਿਖਣੀ ਹੈ। ਸੁਭਾਵਿਕ ਹੀ ਪਾਤਰਾਂ ਬਾਰੇ ਬੇਟੇ ਨਾਲ ਗੱਲ ਤੁਰੀ ਤਾਂ ਉਹ ਬਿਲਕੁਲ ਸਹਿਜ ਬੋਲਿਆ, "ਲੈਸਬੀਅਨ ਪਾਤਰ ਲੈਣਾ ਚਾਹੀਦੈ ਇਕ।"

ਮੇਰੇ ਵਰਗਾ ਲੇਖਕ, ਜੀਹਦੇ ਸਮਿਆਂ 'ਚ ਬੰਦਾ 'ਹੀਜੜਾ' ਸ਼ਬਦ ਵੀ ਮੂੰਹ ਜਿਹਾ ਮੀਚਕੇ ਬੋਲਦਾ ਸੀ, ਵਿਚਾਰਾ ਸੋਚੀ ਜਾਂਦੈ ਬਈ ਇਹਨਾਂ ਦੇ ਮਨਾਂ 'ਚ 'ਲੁਕਿਆ ਹੋਇਆ' ਕੀ ਰਹਿ ਗਿਆ, ਜਿਹੜਾ ਉਹ ਉਜਾਗਰ ਕਰੇ! ਉਤੋਂ ਸਿਤਮ ਇਹ ਬਈ ਰੂ-ਬ-ਰੂ 'ਚ ਉਹਨੂੰ ਹੀ ਪੁੱਛਿਆ ਜਾਂਦੈ, "ਨੌਜਵਾਨ ਪਾਠਕ ਕਿਉਂ ਪੈਦਾ ਨੀ ਹੋ ਰਿਹਾ?"

ਲੇਖਕ ਲੈ ਦੇ ਕੇ ਬਜ਼ੁਰਗਾਂ ਦੇ ਦੁੱਖ ਫੇਰ ਲੈ ਕੇ ਬਹਿ ਜਾਂਦੈ। ਬਹੁਤੀ ਹੱਦ ਪੋਲੀਟੀਕਲ ਬਿਆਨ ਦੇਈ ਜਾਂਦੈ ਜਿਵੇਂ ਮੈਂ 2019 'ਚ ਛਪੀ ਆਪਣੀ ਕਹਾਣੀ, "ਪੰਡਿਤ ਜੀ ਉਰਫ ਪਰਸ ਰਾਮ ਚੌਕੀਦਾਰ" 'ਚ ਕੀਤੈ। ਦੇਖ ਥੋੜ੍ਹਾ ਹੁੰਦੈ ਜਿਹੜਾ ਹਾਲ ਅਸੀਂ 'ਕਰੋਨਾ ਕਵਿਤਾ' ਦਾ ਕੀਤੇ। ਕਿਉਂਕਿ ਲੁਕਿਆ ਹੋਇਆ ਤਾਂ ਅਗਲਿਆਂ ਨੇ ਰਾਜਨੀਤੀ 'ਚ, ਸਿੱਖਿਆ 'ਚ, ਨਿਆਂ ਵਿਵਸਥਾ 'ਚ, ਕਾਸੇ 'ਚ ਵੀ ਰਹਿਣ ਨੀ ਦਿੱਤਾ। ਆਪਣੀ ਮਨਸ਼ਾ ਸ਼ਰੇਆਮ ਜਾਹਰ ਕੀਤੀ ਹੈ। ਪ੍ਰਧਾਨ ਮੰਤਰੀ ਐਲਾਨੀਆ ਕਹਿੰਦੈ, "ਕਿਸੇ ਦੀ ਹਿੰਮਤ ਨਹੀਂ ਕਿ ਧਰਮ ਨਿਰਲੇਪ ਸ਼ਬਦ ਬੋਲ ਜਾਵੇ।"

ਤਾਂ ਫੇਰ ਸਮਕਾਲ 'ਚ ਲੇਖਕ ਦੇ ਕਰਨ ਲਈ ਕੀ ਹੈ। ਲੇਖਕ ਨੇ ਲੋਕਾਂ ਦੇ ਉਸ ਰੋਹ ਤੱਕ ਰਸਾਈ ਕਰਨੀ ਹੈ ਜਿਹੜਾ ਇੰਨਾ ਕੁਝ ਹੋਣ ਤੇ ਵੀ ਨਹੀਂ ਜਾਗਿਆ। ਲੱਖਾਂ ਮਜ਼ਦੂਰ ਬੁਰੇ ਹਾਲੀਂ ਸੜਕਾਂ ਤੇ ਹਜ਼ਾਰਾਂ ਮੀਲ, ਭੁੱਖੇ ਭਾਣੇ ਤੁਰੇ ਪਰ ਉਹਨਾਂ ਦੇ ਅੰਦਰੋਂ 'ਆਪਣੇ ਘਰ ਜਾ ਕੇ ਮਰਨ' ਦੀ ਇੱਛਾ ਤੋਂ ਬਿਨਾਂ ਕੋਈ ਬੋਲ ਨਹੀਂ ਫੁੱਟਿਆ। ਕਿਉਂ ਉਹ 'ਅਣਹੋਏ' ਹੋ ਗਏ? 'ਆਪਣੇ ਹੋਣ' ਦਾ ਅਹਿਸਾਸ, ਸਵੈ-ਵਿਸ਼ਵਾਸ, ਸੈਂਕੜੇ ਜਜ਼ਬੇ, ਇੱਛਾਵਾਂ, ਕਾਮਨਾਵਾਂ ਤੇ ਸੰਭਾਵਨਾਵਾਂ, ਰੋਹ, ਰੋਸ, ਸਮਰੱਥਾਵਾਂ ਤੇ ਸੁਪਨੇ ਉਹਨਾਂ ਦੇ ਅੰਦਰ ਹਨ। ਅਜਿਹਾ ਨਹੀਂ ਹੈ ਕਿ 'ਬੇ-ਤਾਰੇ ਨੈੱਟ' ਦੇ ਜਾਲ਼ 'ਚ ਫਸੇ ਨੌਜਵਾਨਾਂ ਦੇ ਸਾਹਮਣੇ ਕੋਈ ਸੰਘਰਸ਼ ਜਾਂ ਅੰਦਰ ਕੁਝ 'ਲੁਕਿਆ ਹੋਇਆ' ਨਹੀਂ ਹੀ। ਹੈ! ਪਰ ਉਸ ਤੱਕ ਜਾਣ ਲਈ ਮੇਰੇ ਅੰਦਰਲੇ ਲੇਖਕ ਨੂੰ ਆਪਣੇ 'ਬੀਤੇ ਸਮਕਾਲ' ਦੀ ਦਿਸਦੀ ਸੌਖ 'ਚੋਂ ਬਾਹਰ ਆ ਕੇ ਵਰਤਮਾਨ ਦੀਆਂ ਨਵੀਆਂ ਜਟਿਲਤਾਵਾਂ, ਇਸ 'ਨਵੇਂ ਮਨ' ਤੱਕ ਨਵੇਂ ਪਹੁੰਚ ਮਾਰਗ, ਸੰਬੋਧਨ ਤੇ ਸਿਧਾਂਤ ਤਲਾਸ਼ਣੇ ਪੈਣਗੇ। ਜਟਿਲਤਾਵਾਂ ਨਾਲ ਜੂਝਣਾ ਪਵੇਗਾ। ਯਥਾਰਥ ਤਾਂ ਸਾਹਮਣੇ ਵਾਪਰ ਵੀ ਰਿਹੈ ਤੇ 'ਅੰਦਰਲਾ' ਪੇਸ਼ਕਾਰੀ' ਦੀ ਮੰਗ ਵੀ ਕਰਦੇ। ਵਰਤਮਾਨ ਵਿਚ ਆਪਣੀ ਸਿਰਜਣਕਾਰੀ ਅੱਗੇ ਆਈਆਂ ਦੋ ਚੁਣੌਤੀਆਂ ਦੀ ਗੱਲ ਕਰਦਾ ਹਾਂ। ਦਲਿਤਾਂ ਲਈ ਰਾਖਵੀਂ ਰੱਖੀ ਪੰਚਾਇਤੀ ਜ਼ਮੀਨ ਦੇ ਠੇਕੇ ਵਿਚ ਪਾਰਦਰਸ਼ਿਤਾ ਲਿਆਉਣ ਦੀ ਮੰਗ ਨੂੰ ਲੈ ਕੇ ਪਿਛਲੇ ਸਾਲਾਂ ਦੌਰਾਨ ਮਾਲਵੇ ਵਿਚ ਇਕ ਲੰਮਾ ਤੇ ਖ਼ੂੰਨੀ ਸੰਘਰਸ਼ ਚੱਲਿਆ। ਕੁਝ ਲੜਾਕੂ ਖੱਬੇ ਪੱਖੀ ਧਿਰਾਂ ਦਲਿਤਾਂ ਦੇ ਹੱਕ 'ਚ ਡਟੀਆਂ। ਕਈ ਥਾਈਂ ਸੰਘਰਸ਼ ਜਿੱਤੇ ਵੀ ਗਏ। ਨਿਸ਼ਚਤ ਹੀ ਲੇਖਕਾਂ ਨੂੰ ਦਲਿਤਾਂ ਦੇ ਹੱਕ 'ਚ ਖੜ੍ਹਨਾ ਤੇ ਲਿਖਣਾ ਚਾਹੀਦਾ ਸੀ। ਇਕ ਦੋ ਕਹਾਣੀਆਂ ਆਈਆਂ ਵੀ। ਮੇਰੇ ਅੰਦਰ ਵੀ ਉਬਾਲ਼ ਆਇਆ ਸੀ। ਪਰ ਜਦੋਂ ਸਥਿਤੀ ਦਾ ਜ਼ਰਾ ਵਿਸ਼ਲੇਸ਼ਣ ਕਰਨਾ ਸ਼ੁਰੂ ਕੀਤਾ ਤਾਂ ਪਹਿਲਾ ਸਵਾਲ ਉੱਠਿਆ ਕਿ ਜਿਹੜੇ ਸਦੀਆਂ ਤੋਂ ਜ਼ਮੀਨ ਦੇ ਮਾਲਕ ਨੇ, ਉਹਨਾਂ 'ਚੋਂ ਤਾਂ ਕਿੰਨੇ ਨੇ ਜਿਹੜੇ ਆਤਮ ਹੱਤਿਆ ਕਰੀ ਜਾ ਰਹੇ ਹਨ। ਜੇ ਜ਼ਮੀਨ ਦੀ ਮਾਲਕੀ ਹੀ ਸਮੱਸਿਆ ਹੱਲ ਕਰ ਸਕਦੀ ਹੁੰਦੀ ਤਾਂ ਆਤਮ ਹੱਤਿਆ ਕਰਨ ਵਾਲੇ ਜਾਂ ਕਰਨ ਦੇ ਕੰਢੇ ਤੇ ਖੜ੍ਹੇ ਕਿਉਂ ਇਸ ਰਾਹ ਪੈਂਦੇ। ਸੰਘਰਸ਼ ਦੀ ਮਨਸ਼ਾ ਅਤੇ ਹੱਕ/ਲੋੜ ਦੇ ਨਾਲ

ਸਹਿਮਤ ਹੁੰਦਿਆਂ ਵੀ ਇਹ ਗੱਲ ਅੱਖੋਂ ਓਹਲੇ ਨਹੀਂ ਕੀਤੀ ਜਾ ਸਕਦੀ ਕਿ ਇਸ ਨੇ ਜੱਟ ਤੇ ਦਲਿਤ ਨੂੰ ਆਹਮੋ-ਸਾਹਮਣੇ ਲੈ ਆਂਦਾ। ਦਲਿਤਾਂ ਦੇ ਖਿਲਾਫ ਖੜ੍ਹੇ ਜੱਟਾਂ ਵਿਚੋਂ ਬਹੁਤੇ ਉਹ ਨੇ ਜਿਹੜੇ ਨਹੁੰ ਨਹੁੰ ਕਰਜਾਈ ਨੇ। ਲੋੜ ਤਾਂ ਇਹਨਾਂ ਨੂੰ ਇਕ ਧਿਰ ਬਣਨ ਦੀ ਸੀ, ਬਣਗੇ ਵਿਰੋਧੀ। ਸੱਤਾ ਨੂੰ ਨਵੀਂ ਬਣੀ ਬਣਾਈ ਵੰਡ ਮਿਲ ਗਈ। ਅਗਲਿਆਂ ਨੇ ਅਸਲ ਟਕਰਾਅ ਨਾਲੋਂ ਪ੍ਰਚਾਰ ਬਹੁਤਾ ਕੀਤਾ। ਇਸ ਵੰਡ ਪ੍ਰਚਾਰ ਦੇ ਨਤੀਜੇ ਅਜੇ ਆਉਣ ਵਾਲੇ ਸਮੇਂ 'ਚ ਸਾਹਮਣੇ ਆਉਣੇ ਹਨ। ਪਰ ਕਿਉਂਕਿ ਮੈਂ ਉਸ ਥਾਂ ਨਹੀਂ ਸੀ, ਸੋ ਸਹੀ ਅੰਕੜੇ ਨਹੀਂ ਸਨ ਅਤੇ ਸਥਿਤੀ ਦੂਰੋਂ ਹੋਰ ਦਿਸਦੀ ਹੋ ਸਕਦੀ ਸੀ। ਸੰਘਰਸ਼ ਕਰਨ ਵਾਲੀਆਂ ਧਿਰਾਂ ਸਿਧਾਂਤਕ ਤੇ ਵਿਵਹਾਰ ਪੱਖੋਂ ਮੇਰੇ ਮੁਕਾਬਲੇ ਸਮਝਦਾਰ ਤੇ ਜ਼ਿੰਮੇਵਾਰ ਹਨ। ਇਸ ਟਕਰਾਅ ਨੂੰ ਰੋਕਣ ਲਈ ਉਹਨਾਂ ਨੇ ਕਿੰਨਾ ਖ਼ੂਨ-ਪਸੀਨਾ ਇਕ ਕੀਤਾ, ਇਸ ਗੱਲ ਦੀ ਥੋੜ੍ਹੀ ਥੋੜ੍ਹੀ ਸੂਹ ਪ੍ਰਾਪਤ ਕਰਨ ਵਿਚ ਕਾਮਯਾਬ ਵੀ ਹੋ ਗਿਆ ਸਾਂ। ਦਿਸਣ ਨੂੰ ਮਾਮੂਲੀ ਦਿਸਦੀ ਇਹ ਜਟਿਲਤਾ ਨਿਆਂ-ਪੂਰਬਕ ਸੁਲਝਾਉਣੀ ਐਨੀ ਸੌਖੀ ਨਹੀਂ ਸੀ। ਨਿਰੇ ਭਾਵੁਕ ਪ੍ਰਤੀਕਰਮ ਨੇ ਕਿਸੇ ਦਾ ਕੁਸ਼ ਨਹੀਂ ਸੀ ਸਵਾਰਨਾ। ਚਾਹੁੰਦਾ ਹੋਇਆ ਵੀ ਸਮਕਾਲ ਦੀ ਇਸ ਸੱਚ ਮੁਚ ਵੱਡੀ ਘਟਨਾ ਤੇ ਨਹੀਂ ਲਿਖ ਸਕਿਆ। ਉਂਝ ਮੇਰਾ 'ਇੱਛਤ ਯਥਾਰਥ' ਇਹ ਸੀ ਕਿ ਸੰਘਰਸ਼ ਦਾ ਨਤੀਜਾ ਦਲਿਤ-ਜੱਟ-ਕਿਸਾਨ-ਮਜ਼ਦੂਰ ਦੀ ਕੋ-ਆਪ੍ਰੇਟਿਵ ਤੱਕ ਜਾਵੇ। ਸੰਘਰਸ਼ ਕਿਸੇ ਵੱਡੇ ਦਾਅ ਦਾ ਪੜੁੱਲ ਬਣੇ। ਪਰ ਮੈਨੂੰ ਅਹਿਸਾਸ ਸੀ ਕਿ ਮੇਰੀ ਇਸ ਇੱਛਾ ਤੇ ਯਥਾਰਥ ਵਿਚ ਜ਼ਿਆਦਾ ਵੱਡੀ ਖਾਈ ਹੈ। ਭਾਰਤ ਵਿਚ ਦਲਿਤ ਕੋਈ ਆਰਥਿਕ ਤੌਰ ਤੇ 'ਕਮਜ਼ੋਰ ਵਰਗ' ਹੀ ਨਹੀਂ ਹੈ। ਜਾਤ-ਪਾਤ ਅਤੇ ਛੂਆ-ਛੂਤ ਪੈਦਾ ਕਰਨ ਵਾਲੀ ਅਮਾਨਵੀ ਵੰਡ ਭੁਗਤਦਿਆਂ ਲੋਕਾਂ ਨੂੰ ਦਹਿ-ਸਦੀਆਂ ਬੀਤ ਗਈਆਂ ਹਨ। ਇਸ ਮਸਲੇ ਨੂੰ ਸੰਬੋਧਿਤ ਹੋਏ ਬਿਨਾਂ ਅਤੇ ਪਰ੍ਹੇ ਵਿਚ ਬਰਾਬਰੀ ਦਾ ਮਹੌਲ ਸਿਰਜੇ ਬਿਨਾਂ ਨਾ ਗੁਜ਼ਾਰਾ ਹੋਣਾ ਹੈ ਤੇ ਨਾ ਸਹੀ ਮਾਅਨਿਆਂ ਵਿਚ ਤਬਦੀਲੀ। ਇਹ ਕਾਰਜ ਅਸੰਭਵ ਦੀ ਹੱਦ ਤੱਕ ਮੁਸ਼ਕਲਾਂ ਭਰਿਆ ਹੈ। ਪਰ ਇਸ ਨੇ ਸਿਰੇ ਚੜ੍ਹਨਾ ਹੈ।

ਦੂਜਾ ਵਰਤਾਰਾ ਕਰੋਨਾ ਕਾਰਨ ਪ੍ਰਵਾਸੀ ਮਜ਼ਦੂਰ ਦੇ ਨਾ ਆਉਣ ਕਾਰਨ, ਸਥਾਨਕ ਮਜ਼ਦੂਰ ਨਾਲ ਧਾਨ ਲਾਉਣ ਦੇ ਭਾਅ ਪਿੱਛੇ ਕਿਸਾਨ ਦੇ ਵਧੇ ਟਕਰਾਅ ਦਾ ਸੀ। ਇਸ ਟਕਰਾਅ ਦੇ ਸਮਨਾਂਤਰ ਠੇਕੇ ਤੇ ਜ਼ਮੀਨ ਲੈਣ ਵਾਲੇ ਜ਼ਿਮੀਂਦਾਰ ਅਤੇ ਠੇਕੇ ਤੇ ਜ਼ਮੀਨ ਦੇਣ ਵਾਲੇ ਜ਼ਿਮੀਂਦਾਰਾਂ ਦਰਮਿਆਨ ਜੰਗ ਵਰਗੀ ਸਥਿਤੀ ਬਣੀ ਦਿਸਦੀ ਸੀ। ਇਕ ਅੰਡਰ ਕਰੰਟ ਠੇਕੇ 'ਤੇ ਜ਼ਮੀਨ ਲੈਣ ਵਾਲੀਆਂ ਤਕੜੀਆਂ ਤੇ ਕਮਜ਼ੋਰ ਧਿਰਾਂ ਵਿਚ ਵੀ ਸੀ। ਸਦੀਆਂ ਪੁਰਾਣੀਆਂ ਭਾਈਚਾਰਕ ਖਿੱਚਾਂ ਅਤੇ ਤਣਾਅ ਵੀ ਹੈ ਸਨ। ਇਸ ਬਹੁ-ਕੌਣੇ ਟਕਰਾਅ ਦੀ ਭਿਆਨਕਤਾ ਨੂੰ ਮਹਿਸੂਸ ਕਰਕੇ ਮਨ ਬੇ-ਚੈਨ ਹੋ ਉਠਦਾ ਸੀ। ਇਸ ਸਥਿਤੀ ਦੇ ਤਾਂ ਮੈਂ ਦਰਮਿਆਨ ਰਿਹਾ ਹਾਂ। ਮੇਰੇ ਵਿਚਾਰਾਂ ਪ੍ਰਤੀ ਆਪਣਿਆਂ ਦੀ ਨਾ ਪਸੰਦਗੀ ਵੀ ਮੇਰੇ ਤੱਕ ਪਹੁੰਚਦੀ ਰਹੀ ਹੈ। ਇਸ ਟਕਰਾਅ ਦੇ ਨਤੀਜੇ ਪੇਂਡੂ ਭਾਈਚਾਰੇ ਦੇ ਆਪਸੀ ਸਬੰਧਾਂ ਲਈ ਕੁੜੱਤਣ ਪੈਦਾ ਕਰਨ ਵਾਲੇ ਰਹੇ ਨੇ। ਇਹ ਮਸਲਾ ਸਮਝ 'ਚ ਵੀ ਹੈ ਤੇ ਪਕੜ 'ਚ ਵੀ। ਸਿਰਜਣਾ ਦੇ ਰਾਹ ਵੀ ਪਵਾਂਗਾ। ਉਂਝ ਸਮਕਾਲ ਇੱਥੇ ਹੀ ਖਤਮ ਨਹੀਂ ਹੁੰਦਾ।

***

# ਮੈਂ ਦੋ ਧਰਾਧਲਾਂ 'ਤੇ ਵਿਚਰਦਾਂ

**-ਜਿੰਦਰ**

ਰਵਿੰਦਰ ਨਾਥ ਟੈਗੋਰ ਨੇ ਕਿਹਾ ਸੀ ਕਿ ਬੰਦੇ ਦਾ ਹਰ ਬੀਤਿਆਂ ਹੋਇਆ ਪਲ ਆਪਣੇ ਆਪ 'ਚ ਇਕ ਕਹਾਣੀ ਹੁੰਦੀ ਹੈ। ਕੁਝ ਸਮੇਂ ਬਾਅਦ ਬੀਤਿਆ ਹੋਇਆ ਭੂਤ ਹੋ ਜਾਂਦਾ ਹੈ। ਬੰਦਾ ਆਪਣੇ ਭੂਤ ਨੂੰ ਕਦੇ ਨਹੀਂ ਵਿਸਾਰ ਸਕਦਾ। ਭੁੱਲ ਸਕਦਾ। ਉਹ ਸਮਕਾਲ 'ਚ ਜਿਊਂਦਾ ਹੈ। ਵਿਚਰਦਾ ਹੈ। ਆਲੇ-ਦੁਆਲੇ ਤੋਂ ਗਿਆਨ ਹਾਸਲ ਕਰਦਾ ਹੈ। ਪ੍ਰਭਾਵਤ ਹੁੰਦਾ ਹੈ। ਇਸ ਸਭ ਕੁਝ 'ਚੋਂ ਆਪਣੀ ਲਿਖਤ ਲਈ ਮੈਟਰ ਲੈਂਦਾ ਹੈ। ਪਰ ਭੂਤ ਤੋਂ ਇਕ-ਪਲ ਲਈ ਵੀ ਦੂਰ ਨਹੀਂ ਹੁੰਦਾ। ਮੇਰਾ ਪੋਤਰਾ ਸਮਰ ਕੰਡਾ ਸਾਢੇ ਕੁ ਚਾਰ ਸਾਲਾਂ ਦਾ ਹੈ। ਮੈਂ ਇਸ ਦੇ ਚਿਹਰੇ ਤੋਂ ਆਪਣੇ ਵੱਡੇ ਵਡੇਰਿਆਂ ਦੇ ਨੈਣ-ਨਕਸ਼ ਭਾਲਦਾ ਹਾਂ। ਕਦੇ-ਕਦੇ ਮੈਨੂੰ ਲੱਗਦਾ ਹੈ ਕਿ ਉਸ ਦੇ ਹੱਸਣ ਦਾ ਅੰਦਾਜ਼ ਮੇਰੇ ਭਾਪਾ ਜੀ ਨਾਲ ਮਿਲਦਾ-ਜੁਲਦਾ ਹੈ। ਉਸ ਦੀ ਦਾਦੀ ਦਾ ਕਹਿਣਾ ਹੈ ਕਿ ਉਸ ਦਾ ਕੱਦ ਆਪਣੇ ਨਾਨੇ ਵਾਂਗੂ ਲੰਬਾ ਹੋਊਗਾ। ਜਦੋਂ ਮੈਂ ਉਸ ਨੂੰ ਉੱਚੀ ਆਵਾਜ਼ 'ਚ ਬੋਲਾਂ, ਉਹ ਖਿਝ ਜਿਹੀ ਨਾਲ ਮੈਨੂੰ ਟੋਕਦਾ ਹੈ, "ਦਾਦੂ, ਤੁਸੀਂ ਪਿਆਰ ਨਾਲ ਨ੍ਹੀਂ ਬੋਲ ਸਕਦੇ।" ਜਾਂ ਕਹੇਗਾ, "ਦਾਦੂ ਜੀ, ਉੱਚੀ ਬੋਲਣਾ ਮੈਨੂੰ ਪਸੰਦ ਨ੍ਹੀਂ।" ਮੈਨੂੰ ਆਪਣਾ ਬਚਪਨ ਯਾਦ ਆ ਜਾਂਦਾ ਹੈ। ਮੈਨੂੰ ਉਦੋਂ ਕਿੱਥੇ ਇੰਨੀ ਅਕਲ ਸੀ ਜਾਂ ਮੈਂ ਐਂਦਾ ਦੀਆਂ ਗੱਲਾਂ ਕਰਦਾ ਸੀ। ਉਹ ਦੋ ਸਾਲਾਂ ਦਾ ਸੀ, ਜਦੋਂ ਤੋਂ ਮੋਬਾਇਲ ਦੇਖਦਾ ਹੈ। ਮੈਨੂੰ ਮੋਬਾਇਲ 'ਤੇ ਬੈਟਰੀ ਜਗਾਉਣੀ ਨਹੀਂ ਆਉਂਦੀ। ਉਹ ਫਟ ਜਗਾ ਲੈਂਦਾ ਹੈ। ਇਹ ਹੈ ਅੱਜ, ਇਹ ਹੈ ਸਾਡਾ ਸਮਕਾਲ। ਮੈਂ ਉਸ ਰਾਹੀਂ ਅੱਜ ਦੇ ਬੱਚਿਆਂ ਦੀ 'ਸਾਇਕੀ' ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ।

ਬੰਦੇ ਦੀ ਫਿਤਰਤ ਕਦੇ ਨਹੀਂ ਬਦਲਦੀ। ਮਨੁੱਖੀ ਵਿਕਾਸ ਦੇ ਹਜ਼ਾਰਾਂ ਸਾਲ ਬੀਤ ਗਏ। ਬੇਗਿਣਤ ਨਵੀਆਂ ਖੋਜਾਂ ਹੋਈਆਂ। ਕਿੰਨੇ ਵਾਦ ਤੇ ਚਿੰਤਨ ਪੈਦਾ ਹੋਏ। ਕਿੰਨੀਆਂ ਵੱਡੀਆਂ ਲੜਾਈਆਂ ਹੋਈਆਂ। ਕਿੰਨੇ ਮਹਾਂਪੁਰਖਾਂ ਨੇ ਜਨਮ ਲਿਆ। ਕਿੰਨੀਆਂ ਲਹਿਰਾਂ ਉੱਠੀਆਂ। ਠੰਢੀਆਂ ਪੈ ਗਈਆਂ ਪਰ ਅੱਜ ਵੀ ਅਸੀਂ ਦੇਖਦੇ ਹਾਂ ਕਿ ਮਹਾਭਾਰਤ ਵੇਲੇ ਦੀਆਂ ਕਦਰਾਂ-ਕੀਮਤਾਂ, ਜਿਉਂ ਦੀਆਂ ਤਿਉਂ, ਉੱਦਾਂ ਦੀਆਂ ਹੀ ਮਿਲਦੀਆਂ ਹਨ। ਮਨੁੱਖ ਦੇ ਸੁਭਾਅ 'ਚ ਕੋਈ ਵੱਡਾ ਫਰਕ ਨਹੀਂ ਆਇਆ। ਉਹੀ ਭਾਈ-ਭਤੀਜਾਵਾਦ, ਪੁੱਤਰ ਮੋਹ, ਰਾਜਗੱਦੀਆਂ ਪ੍ਰਾਪਤ ਕਰਨ ਦੀ ਲਾਲਸਾ, ਦੁਰਯੋਧਨ ਵਰਗੀ ਦੋਸਤੀ, ਕੁਨਬਾਪ੍ਰਸਤੀ। ਵੱਡਿਆਂ ਵੱਲੋਂ ਛੋਟਿਆਂ ਦਾ ਉਜਾੜਾ, ਉਹ ਭਾਵੇਂ ਖਾਂਡਵ-ਦਾਹ ਹੋਵੇ ਜਾਂ ਆਦਿਵਾਸੀਆਂ ਦਾ ਉਜਾੜਾ (ਅੱਜ ਦੇ ਪੂਰਬੀ ਪ੍ਰਾਂਤ)। ਕੀ ਇਹ ਬਦਲਾਓ ਇੰਨਾ ਆਸਾਨ ਹੈ ? ਜੁਆਬ ਮਿਲੇਗਾ ਨਹੀਂ। ਦੁਨੀਆਂ ਦੇ ਕਿਸੇ ਹਿੱਸੇ 'ਚ ਚਲੇ ਜਾਓ, ਕਿਸੇ ਸਭਿਅਤਾ ਦਾ ਇਤਿਹਾਸ ਪੜ੍ਹ ਲਓ, ਬਹੁਤ ਕੁਝ ਰਲਦਾ ਮਿਲੇਗਾ। ਜੇ ਹਿੰਦੂ ਇਤਿਹਾਸ 'ਚ ਮਹਾਭਾਰਤ ਦੀ ਲੜਾਈ ਦਾ ਵਰਨਣ ਮਿਲਦਾ ਹੈ ਤਾਂ ਰੋਮ ਦੀ ਸਭਿਅਤਾ 'ਚ 'ਵਾਰ ਆਫ ਟਰੋਜਨ' ਦਾ। ਰਮਾਇਣ ਵਿਚਲੀ ਲੜਾਈ ਦਾ ਕਾਰਨ 'ਸੀਤਾ' ਬਣਦੀ ਹੈ ਤਾਂ ਟਰੋਜਨ ਦੀ ਲੜਾਈ ਹੈਲਨ ਕਰਕੇ ਹੈ। ਐਕਲੀਜ਼ ਤੇ ਐਗਾਮੈਮਨੋਨ ਦੀ ਸਹਾਇਤਾ ਲਈ ਦੇਵੀ-ਦੇਵਤੇ ਅਦਿੱਖ ਦਖਲ-ਅੰਦਾਜੀ ਕਰਦੇ ਹਨ। ਹਿੰਦੂ ਮਿਥਿਹਾਸ ਤਾਂ ਦੇਵੀ-ਦੇਵਤਿਆਂ ਨਾਲ ਭਰਿਆ ਪਿਆ ਹੈ, ਸਮੁੰਦਰ-ਮੰਥਨ ਤੋਂ ਲੈ ਕੇ

ਨਾਮ ਦੀ ਉੱਤਪਤੀ ਤੀਕ। ਅਜੋਕੇ ਸਮੇਂ 'ਚ ਇਰਾਕ ਦੇ ਤੇਲ-ਖੂਹਾਂ 'ਤੇ, ਪਾਊਂਡ ਤੇ ਯੂਰੋ ਦੀ ਖਿਚੋਤਾਣ ਕਰਕੇ, ਕਬਜ਼ਾ ਕਰਨ ਲਈ ਸੁਦੈਮ ਹੁਸੈਨ ਤੇ ਉਸ ਦੇ ਪਰਿਵਾਰ ਦਾ ਅਮਰੀਕਾ ਵੱਲੋਂ ਘਾਣੀ ਬੱਚਾ ਘਾਣ ਕੀਤਾ ਗਿਆ ਸੀ। ਜਦੋਂ ਕੋਈ ਬਹੁਤਾ ਨੇੜਲਾ ਦੋਸਤ ਯਾਰ-ਮਾਰ ਕਰਦਾ ਹੈ ਤਾਂ ਮੇਰੇ ਵਰਗੇ ਦੇ ਮੂੰਹੋਂ ਨਿਕਲਦਾ ਹੈ, "ਯੂ ਟੂ ਬਰੂਟਸ।" ਮਨਸੂਰ ਦੇ ਸੰਬੰਧ 'ਚ ਗੀਤ ਪ੍ਰਚਲਿਤ ਹੈ: 'ਮਿੱਤਰਾਂ ਨੇ ਫੂਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ।' ਕੁਝ ਸਾਲ ਪਹਿਲਾਂ ਮੈਂ ਕੁਲਦੀਪ ਨਈਅਰ ਦੀ ਸ੍ਵੈ-ਜੀਵਨੀ 'ਵਿਟਵੀਨ ਦੀ ਲਾਇਨਜ਼' ਪੜ੍ਹੀ ਸੀ। ਐਮਰਜੈਂਸੀ ਵੇਲੇ ਉਸ ਨੂੰ ਬੰਦੀ ਬਣਾ ਲਿਆ ਗਿਆ ਸੀ। ਜੇਲ੍ਹ ਤੋਂ ਰਿਹਾਈ ਤੋਂ ਦੋ ਦਿਨ ਪਹਿਲਾਂ ਉਸ ਨੂੰ ਆਪਣੇ ਲਾਇਲਪੁਰ (ਪਾਕਿਸਤਾਨ) ਵਾਲੇ ਘਰ ਦੇ ਪਿਛੇ ਬਣੀ ਕਿਸੇ ਪੀਰ ਦੀ ਜਗ੍ਹਾ ਵਾਲਾ ਪੀਰ ਸੁਪਨੇ 'ਚ ਆ ਕੇ ਦੱਸਦਾ ਹੈ ਕਿ ਉਸ ਦੀ ਕੱਲ੍ਹ ਨੂੰ ਰਿਹਾਈ ਹੋ ਜਾਵੇਗੀ। ਕੁਝ ਕਾਰਨਾਂ ਕਰਕੇ, ਕੱਲ੍ਹ ਨਹੀਂ, ਦੂਜੇ ਦਿਨ ਉਸ ਦੀ ਰਿਹਾਈ ਹੋ ਗਈ ਸੀ। ਸ਼ੈਕਸਪੀਅਰ ਦੇ ਦੁਖਾਂਤ ਡਰਾਮਿਆਂ 'ਚ ਅਕਸਰ ਭੂਤ (Ghost) ਆਉਂਦਾ ਹੈ ਜਿਹੜਾ ਕਿ ਆਉਣ ਵਾਲੇ ਮਾੜੇ ਸਮਿਆਂ ਬਾਰੇ ਸੰਕੇਤ ਕਰਦਾ ਹੈ। ਸਾਡੀ ਆਪਣੀ ਜ਼ਿੰਦਗੀ 'ਚ ਵਥੇਰਾ ਅਜਿਹਾ ਕੁਝ ਵਾਪਰਦਾ ਰਹਿੰਦਾ ਹੈ। ਵਿਲੀਅਮ ਡੈਲਰਿੰਪਲ ਦੀ ਬਹੁ-ਚਰਚਿਤ ਪੁਸਤਕ ਹੈ 'ਦੀ ਲਾਸਟ ਮੁਗਲ'। 1857 'ਚ ਜਦੋਂ ਦਿੱਲੀ ਦੇ ਲਾਲ ਕਿੱਲ੍ਹੇ 'ਤੇ ਅੰਗਰੇਜ਼ ਕਬਜ਼ਾ ਕਰ ਲੈਂਦੇ ਹਨ ਤਾਂ ਬਦਲਾ-ਲਊ ਕਾਰਵਾਈ ਹੇਠ, (ਇਕ ਅੰਗਰੇਜ਼ ਅਫਸਰ ਮੈਟਕਾਫ਼ ਨੂੰ ਮੁਸਲਮਾਨਾਂ ਨੇ ਬਹੁਤ ਤਸੀਹੇ ਦਿੱਤੇ ਸਨ) ਬਹਾਦਰ ਸ਼ਾਹ ਜਫ਼ਰ ਦੇ ਸਹਿਜ਼ਾਦਿਆਂ ਦੇ ਸਿਰ ਕਲਮ ਕਰਕੇ ਚੌਂਕ 'ਚ ਟੰਗੇ ਜਾਂਦੇ ਹਨ। ਬੇਕਿਰਕੀ ਨਾਲ ਮੁਸਲਮਾਨਾਂ ਦਾ ਕਤਲੇਆਮ ਕੀਤਾ ਜਾਂਦਾ ਹੈ। ਹੁਣ ਵੀ ਜਦੋਂ ਗੁਜਰਾਤ, ਮੁਜ਼ਫਰਨਗਰ ਜਾਂ ਪਿੱਛੇ ਜਿਹੇ ਦਿੱਲੀ 'ਚ ਮੁਸਲਮਾਨਾਂ ਦੇ ਵਿਰੁੱਧ, ਇਕ ਸਾਜ਼ਿਸ਼ ਅਧੀਨ ਕਤਲ ਤੇ ਲੁੱਟ ਮਾਰ ਦੀਆਂ ਵਾਰਦਾਤਾਂ ਹੁੰਦੀਆਂ ਹਨ ਤਾਂ ਮੈਨੂੰ 'ਦੀ ਲਾਸਟ ਮੁਗਲ' ਵੇਲੇ ਹੋਈਆਂ ਬੀਤੀਆਂ ਯਾਦ ਆ ਜਾਂਦੀਆਂ ਹਨ।

ਕਹਿੰਦੇ ਹਨ ਕਿ ਕੁਦਰਤ ਨੇ ਬੰਦੇ ਨੂੰ ਹਰ ਚੀਜ਼ ਦਿੱਤੀ ਹੈ, ਉਹ ਕੋਈ ਨਵੀਂ 'ਕਰੀਏਸ਼ਨ' ਨਹੀਂ ਕਰਦਾ। ਪਹਿਲਾਂ ਤੋਂ ਮੌਜੂਦ ਮੈਟਰ ਨੂੰ ਲੱਭਦਾ ਹੈ। ਉਸ ਦੀ ਖੋਜ ਕਰਦਾ ਹੈ। ਸਿਰਫ ਲੇਖਕ ਹੀ 'ਕਰੀਏਸ਼ਨ' ਕਰਦਾ ਹੈ। ਆਪਣੀਆਂ ਰਚਨਾਵਾਂ 'ਚ ਇਕ ਨਵਾਂ ਸੰਸਾਰ ਉਸਾਰਦਾ ਹੈ। ਸਮੇਂ ਦੀਆਂ ਤਬਦੀਲੀਆਂ ਨੂੰ ਫੜਦਾ ਹੈ। ਜਿੱਦਾਂ ਤੁਰਗਨੇਵ ਦੇ ਨਾਵਲ 'ਪਿਓ-ਪੁੱਤਰ' 'ਚ ਪਿਓ-ਪੁੱਤਰ ਦੇ ਨਵੇਂ ਰਿਸ਼ਤਿਆਂ ਨੂੰ ਪੇਸ਼ ਕੀਤਾ ਹੈ। ਲਿਖਣ ਵੇਲੇ ਇਹ ਆਪਣੇ ਸਮਕਾਲ ਨੂੰ ਸਮਝਣ ਦੀ ਚੇਸ਼ਟਾ 'ਚ ਹੁੰਦਾ ਹੈ। ਫੇਰ ਪਲ-ਪਲ ਭੂਤ ਵੱਲ ਦੇਖਦਾ ਹੈ। ਕਈ ਵਾਰ ਉਹ ਇਕੋ ਵੇਲੇ ਸਮਕਾਲ ਤੇ ਇਤਿਹਾਸ 'ਚ ਵਿਚਰਦਾ ਹੈ। ਉਹ ਕਿਹੜਾ ਯੋਜਨਾਬੰਦੀ ਕਰਦਾ ਹੈ ਜਾਂ ਸੋਚ ਕੇ ਕਰਦਾ ਹੈ। ਉਸ ਨੂੰ ਆਪ ਨੂੰ ਪਤਾ ਨਹੀਂ ਹੁੰਦਾ ਕਿ ਇਹ ਸਭ ਕੁਝ ਕਿੱਦਾਂ ਹੋ ਗਿਆ। ਬੰਦੇ ਦੀ 'ਸਾਇਕੀ' ਵੀ ਬੜੀ ਅਜੀਬ ਹੈ। ਦਰਅਸਲ ਉਹ ਜਿਉਂਦਾ ਹੀ ਅਨਿਸ਼ਚਿਤਾਵਾਂ 'ਚ ਹੈ। ਉਸ ਲਈ ਕੁਝ ਵੀ ਸਥਿਤ ਨਹੀਂ। ਹੁਣ ਦਾ ਸਮਾਂ ਤਾਂ ਬੜਾ ਹੀ ਸੰਕਟ ਭਰਪੂਰ ਹੈ। ਬਹੁਤ ਕੁਝ ਪਲ-ਪਲ ਬਦਲ ਰਿਹਾ ਹੈ। ਮੈਂ ਕਦੇ-ਕਦੇ ਜੋਗਿੰਦਰ ਸਿੰਘ ਰਾਹੀ ਬਾਰੇ ਸੋਚਦਾ ਹੁਨਾਂ ਕਿ ਜਦੋਂ ਉਹ ਨੌਕਰੀ ਕਰਦੇ ਸਨ, ਉਦੋਂ ਉਨ੍ਹਾਂ ਨੇ ਕੋਈ ਵੱਡਾ ਕੰਮ ਨਹੀਂ ਕੀਤਾ, ਜਿੰਨਾ ਰਿਟਾਇਰਮੈਂਟ ਮਗਰੋਂ।

ਅੱਜ ਕੱਲ੍ਹ ਅਸੀਂ ਕਰੋਨਾ ਦੇ ਅਜੀਬ ਜਿਹੇ ਦੌਰ 'ਚੋਂ ਦੀ ਗੁਜਰ ਰਹੇ ਹਾਂ। ਪਿੱਛੇ ਮੁੜ

ਕੇ ਦੇਖਦੇ ਹਾਂ ਤਾਂ ਸਾਨੂੰ 20ਵੀਂ ਸਦੀ ਦੀ ਸ਼ੁਰੂਆਤ 'ਚ ਫੈਲੀ ਪਲੇਗ ਤੇ ਸਪੈਨਿਸ਼ ਫਲੂ ਵੀ ਯਾਦ ਆ ਜਾਂਦੇ ਹਨ। ਅਪ੍ਰੈਲ, 2020 ਦੇ ਆਖਿਰੀ ਦਿਨਾਂ ਦੀ ਗੱਲ ਹੈ। ਮੈਂ ਸਾਈਕਲ 'ਤੇ ਰਵੀਦਾਸ ਚੌਕ ਵੱਲੋਂ ਘਰ ਨੂੰ ਵਾਪਸ ਆ ਰਿਹਾ ਸੀ। ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਜਾਂ ਉੜੀਸਾ ਦੀ ਲੇਬਰ-ਔਰਤਾਂ-ਮਰਦ, ਬੁੱਢੇ-ਬੱਚੇ, ਨੌਜੁਆਨ ਕੁੜੀਆਂ, ਸਿਰ 'ਤੇ ਗਠੜੀਆਂ ਚੁੱਕੀ, ਕਈਆਂ ਦੇ ਪੈਰਾਂ 'ਚ ਕੈਂਚੀ-ਚੱਪਲਾਂ, ਕਈ ਨੰਗੇ ਪੈਰ, ਭੁੱਖੇ ਭਾਣੇ। ਕੋਈ ਲੋਹੀਆਂ ਤੇ ਕੋਈ ਸੁਲਤਾਨਪੁਰੋਂ ਪੈਦਲ ਹੀ ਤੁਰ ਕੇ ਰੇਲਵੇ ਸਟੇਸ਼ਨ ਵੱਲ ਜਾ ਰਿਹਾ ਸੀ। ਉਨ੍ਹਾਂ ਦੇ ਹਰਾਸੇ, ਚਿੰਤਾਗ੍ਰਸਤ ਚਿਹਰਿਆਂ ਨੂੰ ਦੇਖਦਿਆਂ ਹੋਇਆਂ ਮੈਂ ਅਗਲੇ ਪਲਾਂ 'ਚ 1947 ਦੀ ਵੰਡ ਵੇਲੇ ਦੀਆਂ ਦੇਖੀਆਂ ਤਸਵੀਰਾਂ ਤੇ ਪੜ੍ਹੀਆਂ ਘਟਨਾਵਾਂ 'ਚ ਜਾ ਪਹੁੰਚਿਆ। ਇਨ੍ਹਾਂ ਲੋਕਾਂ ਨੂੰ ਆਪਣੀ ਮੰਜ਼ਿਲ ਦਾ ਪਤਾ ਸੀ ਕਿ ਕਿੱਥੇ ਜਾਣਾ ਹੈ, ਪਰ 1947 ਦੀ ਵੰਡ ਵੇਲੇ ਤਾਂ ਬਹੁਤਿਆਂ ਨੂੰ ਆਪਣੀ ਮੰਜ਼ਿਲ ਬਾਰੇ ਕੁਝ ਵੀ ਪਤਾ ਨਹੀਂ ਸੀ। ਇਹ ਦਿਨ ਮੇਰੀ ਜ਼ਿੰਦਗੀ ਦਾ ਬਹੁਤ ਹੀ ਉਦਾਸ ਦਿਨ ਗੁਜਰਿਆ। ਮੈਨੂੰ ਆਭਾਸ ਹੋਇਆ ਕਿ ਇਹੋ ਜਿਹੀ ਫੀਲਿੰਗਜ਼ 'ਚੋਂ ਹੀ ਕੁਲਵੰਤ ਸਿੰਘ ਵਿਰਕ ਨੇ 'ਖੱਬਲ' ਕਹਾਣੀ ਲਿਖੀ ਹੋਈ ਹੈ। ਰਾਤ ਨੂੰ ਮੇਰੇ ਬੇਟੇ ਸੈਫੀ ਨੇ ਦੱਸਿਆ, "ਘੁਲੇ ਦੀ ਚੱਕੀ ਵੱਲੋਂ ਇਕ ਭਲਾ ਪੁਰਸ਼ ਕਾਰ 'ਚ ਆਇਆ। ਉਸ ਆਪਣੀ ਟੋਪੀ ਲਾਹ ਕੇ ਕਾਰ ਦੀ ਛੱਤ 'ਤੇ ਵਗਾਹ ਕੇ ਮਾਰੀ। ਕੇਲਿਆਂ ਵਾਲੀ ਰੇਹੜੀ ਕੋਲ ਆਣ ਖੜਿਆ। ਰੇਹੜੀ ਵਾਲੇ ਨੂੰ ਕਿਹਾ ਕਿ ਇਨ੍ਹਾਂ ਸਾਰਿਆਂ ਨੂੰ ਚਾਰ-ਚਾਰ ਕੇਲੇ ਦਈ ਜਾ। ਆਹ ਪਿਆ ਮੇਰਾ ਬਟੂਆ। ਜਿੰਨੇ ਪੈਸੇ ਬਣਦੇ ਆ ਆਪੇ ਕੱਢ ਲੈ।" ਸੈਫੀ ਦੀ ਗੱਲ ਸੁਣਦਿਆਂ ਹੋਇਆਂ ਮੇਰੀਆਂ ਨਜ਼ਰਾਂ ਸਾਹਮਣੇ ਦਾਨਵੀਰ ਕਰਣ ਆ ਗਿਆ।

ਕੋਈ ਵੀ ਲੇਖਕ ਆਪਣੇ ਸਮੇਂ ਦੀਆਂ ਰਾਜਨੀਤਿਕ, ਸਮਾਜਿਕ ਤੇ ਆਰਥਿਕ ਪਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ। ਇਹੀ ਉਸ ਦੇ ਸਾਹਮਣੇ ਯਥਾਰਥ ਹੁੰਦਾ ਹੈ। ਇਨ੍ਹਾਂ ਨੂੰ ਹੀ ਉਸ ਗ੍ਰਹਿਣ ਕਰਨਾ ਹੁੰਦਾ ਹੈ। ਹੁਣ ਇਹ ਉਸ ਦੀ ਸੋਚ 'ਤੇ ਨਿਰਭਰ ਕਰਦਾ ਹੈ ਕਿ ਉਹ ਸਮਕਾਲ ਨੂੰ ਕਿੱਦਾਂ ਮਿਥਦਾ ਹੈ। ਜਿੱਦਾਂ ਮੈਂ 66 ਸਾਲਾਂ ਦਾ ਹੋ ਗਿਆ ਹਾਂ। ਕੀ ਇਹ 66 ਸਾਲ ਮੇਰੇ ਸਮਕਾਲ ਦਾ ਸਮਾਂ ਹੈ ਜਾਂ ਪੰਜ-ਦਸ ਸਾਲਾਂ ਦਾ ਸਮਾਂ। ਮੈਂ ਆਪਣੀ ਗੱਲ ਨੂੰ ਆਪਣੀ ਕਹਾਣੀ 'ਜਿੱਤ' ਰਾਹੀਂ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਮੈਨੂੰ ਨਹੀਂ ਪਤਾ ਕਿ ਇਹ ਕਹਾਣੀ ਮੈਥੋਂ ਕਿੱਦਾਂ ਲਿਖੀ ਗਈ ਪਰ ਇਹ ਸਮਕਾਲ ਦੀ ਸੱਚੀ ਕਹਾਣੀ ਸੀ। ਇਕ ਘਟਨਾ ਮੈਂ ਇਸ ਨੂੰ ਕਿੱਦਾਂ ਲਿਆ ਜਾਂ ਇਸ ਬਾਰੇ ਮੇਰੇ ਅਚੇਤ ਮਨ ਨੇ ਕੀ ਪ੍ਰਤੀਕ੍ਰਿਆ ਜਾਹਿਰ ਕੀਤੀ-ਇਹ ਗੱਲ ਨੋਟ ਕਰਨ ਵਾਲੀ ਹੈ। ਇਹ ਕਹਾਣੀ ਹਿੰਦੀ 'ਚ ਰਾਜੇਂਦਰ ਯਾਦਵ ਨੇ 'ਹੰਸ' 'ਚ ਪਹਿਲੇ ਨੰਬਰ 'ਤੇ ਛਾਪੀ। ਮੈਂ ਦੋ ਵਾਰ ਇਸ ਨੂੰ ਪੜ੍ਹਿਆ ਦੋਬਾਰਾ। ਹਫਤੇ ਮਗਰੋਂ ਫੇਰ। ਮੈਨੂੰ ਇਕ ਵਾਰ ਫੇਰ ਆਪਣੇ ਆਪ ਨੂੰ ਹੈਰਾਨੀ ਹੋਈ ਕਿ ਮੈਂ ਕਿੱਦਾਂ ਸਮਕਾਲ ਨੂੰ ਭੂਤ ਨਾਲ ਜੋੜ ਕੇ ਦੇਖਿਆ। ਕਹਾਣੀ ਇਨ੍ਹਾਂ ਸਤਰਾਂ ਨਾਲ ਸ਼ੁਰੂ ਹੁੰਦੀ ਹੈ। ਮੈਲਬੌਰਨ, ਅਸਟ੍ਰੇਲੀਆ ਆਪਣੇ ਬੇਟਿਆਂ ਕੋਲ ਗਏ ਮੇਰੇ ਦਫਤਰ ਦੇ ਪੁਰਾਣੇ ਕੁਲੀਗ ਸੁਰਿੰਦਰਪਾਲ ਸਿੰਘ ਨੇ ਮੈਨੂੰ ਵਟਸਅਪ 'ਤੇ 20 ਫੋਟੋ ਭੇਜੀਆਂ। ਪਹਿਲੀ ਫੋਟੋ 1947 ਦੀ, ਦੂਜੀ 2020 ਦੀ। ਇਹ ਦਸ ਜੋੜੀਆਂ ਫੋਟੋ ਹਨ। ਦੋਵੇਂ ਉਜਾੜੇ ਨਾਲ ਸੰਬੰਧ ਹਨ। ਮੈਨੂੰ ਲੱਗਾ ਹੀ ਨਹੀਂ ਕਿ 1947 ਜਾਂ 2020 'ਚ ਗਰੀਬਾਂ ਦੇ ਰਹਿਣ-ਸਹਿਣ, ਉਜੜਣ 'ਚ ਕੋਈ ਬਹੁਤਾ ਫਰਕ ਆਇਆ ਹੈ। ਉਹੀ ਰਾਜਸੀ ਚਾਲਾਂ, ਮੌਕਾਪ੍ਰਸਤੀ, ਦੇਖ ਕੇ ਵੀ ਅਣਢਿੱਠਾ ਕਰਨਾ। 1960 ਦੇ ਲਾਗੇ-

ਛਾਗੇ ਬਣੀ ਗੁਰੂੱਦਤ ਦੀ ਫਿਲਮ 'ਪਿਆਸਾ' ਦਾ ਗੀਤ 'ਜਿਨਹੇਂ ਹਿੰਦ ਪਰ ਨਾਜ਼ ਹੈ, ਵੋਹ ਕਹਾਂ ਹੈ.....ਕਹਾਂ ਹੈ' ਅੱਜ ਵੀ ਸਮਕਾਲ ਦਾ ਹਿੱਸਾ ਬਣਿਆ ਹੋਇਆ ਹੈ। ਅੱਜ ਦਾ ਸੱਚ ਹੈ।

ਨੀਂਦ ਮੇਰੇ ਵੱਸ 'ਚ ਨਹੀਂ ਰਹੀ। ਮੇਰੇ ਸਾਹਮਣੇ ਤਾਂ ਪ੍ਰਸ਼ਨਾਂ ਦੀ ਵਿਸ਼ਾਲ ਦੁਨੀਆ ਉਸਰੀ ਹੋਈ ਹੈ। ਮਸਲਨ:

ਔਰਤ ਨੂੰ ਮੌਤ ਤੋਂ ਡਰ ਕਿਉਂ ਨਹੀਂ ਲੱਗਾ?

ਕੀ ਉਹ ਪਾਗਲ ਸੀ?

ਕੀ ਉਸ ਮੌਤ ਦੇ ਅਰਥਾਂ ਨੂੰ ਸਮਝ ਲਿਆ ਸੀ?

ਕੀ ਉਹ ਆਪਣੇ ਬੱਚੇ ਦੀ ਬੀਮਾਰੀ 'ਤੇ ਇੰਨੀ ਚਿੰਤੁਤ ਸੀ ਕਿ ਉਹਨੂੰ ਮੌਤ ਦਾ ਡਰ ਹੀ ਭੁੱਲ ਗਿਆ ਸੀ?

ਕੀ ਕਾਰ 'ਚ ਮਰਨ ਵਾਲਿਆਂ 'ਚ ਉਸ ਦਾ ਖਾਵੰਦ ਵੀ ਸੀ?

ਉਹ ਕੌਣ ਸੀ?

ਉਹ ਕਿੱਥੋਂ ਆਈ ਸੀ?

ਉਹ ਕਿੱਥੇ ਚਲੀ ਸੀ?

ਉਹ ਕਿਨ੍ਹਾਂ ਨਾਲ ਜਾ ਰਹੀ ਸੀ?

ਉਹ ਕਾਰ 'ਚੋਂ ਕਿਵੇਂ ਭੱਜ ਗਈ ਸੀ?

ਕੀ ਕੁਦਰਤ ਨੇ ਉਸ ਨੂੰ ਜਿਊਣ ਦਾ ਮੌਕਾ ਦਿੱਤਾ ਸੀ?

ਜੇ ਉਸਨੂੰ ਜੀਊਣ ਦਾ ਮੌਕਾ ਦਿੱਤਾ ਸੀ ਤਾਂ ਕੀ ਉਸ ਮੇਰੇ ਹੱਥੋਂ ਹੀ ਮਰਨਾ ਸੀ?

ਇਸ ਕਹਾਣੀ ਦਾ ਮੁਖ ਪਾਤਰ ਮੈਂ ਉਰਫ਼ ਹੈਰੀ ਉਰਫ ਹਰਮਿੰਦਰ ਅਮਰੀਕਾ ਦੀ ਰਿਜਰਵ ਆਰਮੀ ਦਾ ਨੌਜੁਆਨ ਹੈ। ਇਸ ਰਿਜਰਵ ਆਰਮੀ ਨੂੰ ਸਿਰਫ ਐਮਰਜੈਂਸੀ ਵੇਲੇ ਹੀ ਆਰਮੀ 'ਚ ਬੁਲਾਇਆ ਜਾਂਦਾ ਹੈ। ਇਸੇ ਦੇ ਆਧਾਰ 'ਤੇ ਹੀ ਹੈਰੀ ਨੂੰ ਅਮਰੀਕਾ ਦੀ ਨਾਗਰਿਕਤਾ ਮਿਲੀ ਹੈ। 'ਅਪ੍ਰੇਸ਼ਨ ਇਰਾਨੀ ਫਰੀਡਮ' ਤਹਿਤ ਬਗਦਾਦ ਲਾਗਲੀ ਚੈਕ ਪੋਸਟ 'ਤੇ ਉਸ ਦੀ ਡਿਊਟੀ ਲੱਗੀ ਹੈ। ਇਕ ਦਿਨ ਇਕ ਸ਼ੱਕੀ ਔਰਤ, ਜਿਸ ਨੇ ਆਪਣੀ ਵੱਖੀ ਨਾਲ ਪੋਟਲੀ ਜਿਹੀ ਘੁੱਟੀ ਹੋਈ ਹੈ, ਫੌਜੀਆਂ ਦੀ ਵਾਰਨਿੰਗ ਵੱਲ ਧਿਆਨ ਨਾ ਦਿੰਦੀ ਹੋਈ ਅੱਗੇ ਵਧਦੀ ਚਲੀ ਜਾਂਦੀ ਹੈ। ਫੌਜੀ ਉਸ ਦਾ ਸਿਰ ਗੋਲੀਆਂ ਨਾਲ ਉਡਾ ਦਿੰਦੇ ਹਨ। ਜਦੋਂ ਲਾਸ਼ ਦੇ ਕੋਲ ਜਾਂਦੇ ਹਨ ਤਾਂ ਪੋਟਲੀ ਨਹੀਂ, ਇਹ ਬੱਚਾ ਹੁੰਦਾ ਹੈ। ਜਿਊਂਦਾ-ਬੀਮਾਰ ਬੱਚਾ। ਮਾਂ ਆਪਣੇ ਬੱਚੇ ਬਾਰੇ ਇੰਨੀ ਫਿਕਰਮੰਦ ਹੋਈ ਹੁੰਦੀ ਹੈ ਕਿ ਉਸ ਨੂੰ ਫੌਜੀਆਂ ਦੀ ਦਿੱਤੀ ਵਾਰਨਿੰਗ ਵੀ ਨਹੀਂ ਸੁਣਦੀ। ਇਹ ਹੈ ਹੈਰੀ ਦਾ ਵਰਤਮਾਨ। ਔਰਤ ਦੀ ਮੌਤ ਉਸ ਨੂੰ ਅੰਤਾਂ ਦੀ ਬੇਚੈਨ ਕਰਦੀ ਹੈ। ਉਹ ਇਨ੍ਹਾਂ ਸੋਚਾਂ ਨਾਲ ਪ੍ਰੇਸ਼ਾਨ ਹੋ ਜਾਂਦਾ ਹੈ ਕਿ ਉਸ ਨੂੰ ਪੂਰੀ ਬੋਤਲ ਪੀ ਕੇ ਵੀ ਸ਼ਾਂਤੀ ਨਹੀਂ ਮਿਲਦੀ। ਉਹ ਆਪਣੇ ਕਮਰੇ 'ਚ ਇਕੱਲਾ ਬੈਠਾ ਹੈ। ਕਦੇ ਪੈ ਜਾਂਦਾ ਹੈ, ਕਦੇ ਬੈਠ ਜਾਂਦਾ ਹੈ। ਨੀਂਦ ਨਹੀਂ ਆਉਂਦੀ। ਉਹ ਆਪਣੀ ਜੈਕਿਟ ਦੀ ਅੰਦਰਲੀ ਜੇਬ 'ਚ ਰੱਖੀ 'ਗੀਤਾ' 'ਚੋਂ ਮੌਤ ਦੇ ਅਰਥ ਲੱਭਦਾ ਹੈ:

"ਸਾਰੇ ਜੀਵ ਜਨਮ ਤੋਂ ਪਹਿਲਾਂ ਅਪ੍ਰਗਟ ਸਨ ਤੇ ਮਰਨ ਤੋਂ ਬਾਅਦ ਮੁੜ ਅਪ੍ਰਗਟ ਹੋ ਜਾਣਗੇ। ਉਹ ਤਾਂ ਸਿਰਫ਼ ਵਿਚਕਾਰ ਹੀ ਕੁਝ ਦੇਰ ਲਈ ਪ੍ਰਗਟ ਨਜ਼ਰ ਆਉਂਦੇ ਹਨ। ਇਸ ਲਈ ਸ਼ੋਕ ਕਰਨ ਵਾਲੀ ਕਿਹੜੀ ਗੱਲ ਹੈ?" ਉਸ ਨੂੰ 'ਗੀਤਾ' ਦੇ ਇਹ ਸ਼ਬਦ ਕੁਝ ਚਿਰ ਲਈ

ਧਰਵਾਸ ਦਿੰਦੇ ਹਨ। ਫੇਰ ਉਸ ਨੂੰ ਕ੍ਰਿਸ਼ਨ ਦੀ ਅਰਜੁਨ ਨੂੰ ਸਮਝਾਈ ਗੱਲ ਯਾਦ ਆਉਂਦੀ ਹੈ: "ਆਪਣੇ ਫਰਜ਼ਾਂ ਲਈ ਯੁੱਧ ਕਰਨ ਤੋਂ ਵੱਧ ਕੇ ਕਿਸੇ ਯੋਧੇ ਲਈ ਹੋਰ ਕੁਝ ਨਹੀਂ ਹੈ।" ਇਨ੍ਹਾਂ ਸ਼ਬਦਾਂ ਨਾਲ ਉਸ ਨੂੰ ਆਪਣੀ ਨਿਭਾਈ ਡਿਊਟੀ ਉੱਚਿਤ ਲੱਗਦੀ ਹੈ। ਪਰ ਜਦੋਂ ਇੰਡੀਆ 'ਚ ਬੈਠੀ ਆਪਣੀ ਮਾਂ ਦਾ ਖਿਆਲ ਆਉਂਦਾ ਹੈ ਤਾਂ ਉਸ ਦੀ ਰੂਹ ਕੰਬ ਜਾਂਦੀ ਹੈ। ਜਦੋਂ ਉਸ ਦੀ ਮਾਂ ਨੂੰ ਉਸ ਦੇ ਇਸ ਕਾਰੇ ਦਾ ਪਤਾ ਲੱਗਣਾ ਸੀ ਤਾਂ ਉਸ ਅਵੱਸ਼ ਕਹਿਣਾ ਸੀ:

"ਹਰਮਿੰਦਰ, ਸਾਨੂੰ ਨ੍ਹੀਂ ਚਾਹੀਦੀ ਤੇਰੀ ਆਹ ਮਰਜਾਣੀ ਨੌਕਰੀ। ਅਸੀਂ ਅਮਰੀਕਾ ਤੋਂ ਕੀ ਲੈਣਾ। ਤੂੰ ਘਰ ਆ ਜਾ। ਦੋ ਰੋਟੀਆਂ ਆਚਾਰ ਨਾਲ ਖਾ ਲਵਾਂਗੇ। ਸੁੱਖ ਦੀ ਨੀਂਦ ਤਾਂ ਸੌਂਵਾਂਗੇ। ਮੈਂ ਤੇਰੀ ਕੋਈ ਗੱਲ ਨ੍ਹੀਂ ਸੁਣਨੀ। ਸਾਡੇ ਧਰਮ 'ਚ ਗਾਂ ਤੇ ਔਰਤ ਨੂੰ ਮਾਰਨਾ ਘੋਰ ਪਾਪ ਹੁੰਦਾ। ਮੇਰਾ ਆਪਣਾ ਪੁੱਤ ਇਹ ਪਾਪ ਕਰੇ-ਐਦੂੰ ਤਾਂ ਰੱਬ ਮੈਨੂੰ ਚੁੱਕ ਲਵੇ। ਸਾਨੂੰ ਕਿਸੇ ਦੀ ਜਿੱਤ ਨ੍ਹੀਂ ਚਾਹੀਦੀ...ਐਦਾਂ ਦੀ ਜਿੱਤ ਨਾਲੋਂ ਹਾਰ ਚੰਗੀ ਆ...।" ਫੇਰ ਇਹ ਵਰਤਮਾਨ 'ਚ ਵਿਚਰਨ ਲੱਗਦਾ ਹੈ। ਉਹ ਆਪਣੀ ਗੋਰੀ ਫਰੈਂਡ ਸੈਰੀ ਨੂੰ ਯਾਦ ਕਰਦਾ ਹੋਇਆ ਸੋਚਦਾ ਹੈ ਕਿ ਉਹਦਾ ਇਹੀ ਕਹਿਣਾ ਹੈ:

"ਹੈਰੀ, ਮੈਂ ਤੈਨੂੰ ਕਿੰਨੀ ਵਾਰ ਕਹਿ ਚੁੱਕੀ ਆਂ ਕਿ ਪਹਿਲਾਂ ਆਪਣੇ ਅੰਦਰ ਬੈਠੇ ਇੰਡੀਅਨ ਨੂੰ ਮਾਰ। ਤੂੰ ਇਸ ਗੱਲ ਨੂੰ ਕਿਉਂ ਭੁੱਲ ਜਾਨਾ ਕਿ ਤੂੰ ਹੁਣ ਅਮੈਰਕਿਨ ਆਂ। ਤੂੰ ਅਮੈਰਕਿਨ ਆਰਮੀ ਦਾ ਅਹਿਮ ਸੋਲਜਰ ਆਂ। ਸਰਕਾਰ ਤੈਨੂੰ ਇਸੇ ਗੱਲ ਦੀ ਤਨਖਾਹ ਦਿੰਦੀ ਆ। ਤੂੰ ਸਿਰਫ਼ ਤੇ ਸਿਰਫ਼ ਜਿੱਤ ਬਾਰੇ ਸੋਚ।"

ਹੁਣ ਸੁਆਲ ਜਿੱਤ ਤੇ ਹਾਰ ਦਾ ਖੜ੍ਹਾ ਹੋ ਗਿਆ ਸੀ। ਕਿਸ ਦੀ ਹਾਰ ਹੋਈ ? ਕਿਸ ਦੀ ਜਿੱਤ ਹੋਈ ਸੀ ? ਇਸ ਬਾਰੇ ਮੈਂ ਕੀ ਕਹਾਂ ? ਇਹੀ ਹੈ ਮੇਰਾ ਸਮਕਾਲ ਜਿੱਥੋਂ ਮੈਨੂੰ ਲਿਖਣ ਲਈ ਕੱਚੀ ਸਮੱਗਰੀ ਮਿਲਦੀ ਹੈ ਜਿਸ ਨੂੰ ਮੈਂ ਕਲਪਨਾ ਦੀ ਚਾਸ਼ਨੀ ਦੀ ਪੁੱਠ ਦਿੰਦਾ ਹਾਂ।

***


*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 19 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

Rajnish Bahadur Singh
Ac. no. 30568250112 IFSC SBIN0008301
STATE BANK OF INDIA,
Harbans Nagar Branch Jalandhar

# ਸਮਕਾਲ ਦੇ ਰੂਬਰੂ ਮੇਰੀਆਂ ਕਹਾਣੀਆਂ

**-ਕੇਸਰਾ ਰਾਮ**

ਮੇਰੇ ਪੰਜ ਮੌਲਿਕ ਕਹਾਣੀ ਸੰਗ੍ਰਹਿ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ', 'ਪੁਲਸੀਆ ਕਿਉਂ ਮਾਰਦਾ ਹੈ?', 'ਬੁਲਬੁਲਿਆਂ ਦੀ ਕਾਸ਼ਤ', 'ਥੈਂਕਸ ਏ ਲੌਟ ਪੁੱਤਰਾ', 'ਜਨਾਨੀ ਪੌਦ' ਅਤੇ ਚੋਣਵੀਆਂ ਕਹਾਣੀਆਂ ਦਾ ਇਕ ਸੰਗ੍ਰਹਿ (ਡਾ. ਰਜਨੀਸ਼ ਬਹਾਦਰ ਸਿੰਘ ਵੱਲੋਂ ਸੰਪਾਦਤ) ਛਪ ਚੁੱਕੇ ਹਨ। ਸੰਘਰਸ਼ਸ਼ੀਲ ਆਮ ਆਦਮੀ ਮੇਰੀ ਸੋਚ ਦੇ ਕੇਂਦਰ ਵਿਚ ਹੈ। ਰੋਜ਼ਮਰੱਰਾ ਦੀ ਜ਼ਿੰਦਗੀ ਵਿਚ ਉਸਨੂੰ ਦਰਪੇਸ਼ ਨਿੱਕੀਆਂ-ਵੱਡੀਆਂ ਸਮੱਸਿਆਵਾਂ ਨੂੰ ਲੈ ਕੇ ਮੈਂ ਯਥਾਰਥਵਾਦੀ ਸ਼ੈਲੀ ਦੀਆਂ ਕਹਾਣੀਆਂ ਲਿਖਦਾ ਹਾਂ। ਜੋ ਸਾਡੇ ਸਮਕਾਲੀ ਰਾਜਨੀਤਕ, ਸਮਾਜਿਕ ਤੇ ਆਰਥਿਕ ਸੱਚ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਹੁੰਦੀਆਂ ਹਨ ਕਿ ਇਹ ਕਹਾਣੀਆਂ ਨਿੱਜੀ ਹੋਂਦ ਤੋਂ ਆਰੰਭ ਹੋ ਕੇ ਸਮੂਹਿਕ ਮਾਨਸਿਕਤਾ ਦੀ ਤਸਵੀਰ ਪੇਸ਼ ਕਰਨ ਦੇ ਕਾਬਲ ਬਣਨ।

ਉਂਝ ਵੀ ਅੱਜ ਦੇ ਦੌਰ ਵਿਚ ਆਮ ਆਦਮੀ ਦਾ ਕਿਹੜਾ ਕੋਈ ਭਵਿੱਖ ਹੈ ਅਤੇ ਅਤੀਤ ਨੂੰ ਆਪਣੇ ਮੋਢਿਆਂ 'ਤੇ ਲੱਦੀ ਫਿਰਨ ਦੀ ਨਾ ਉਸਨੂੰ ਲੋੜ ਹੈ ਅਤੇ ਨਾ ਹੀ ਉਸਦੀ ਔਕਾਤ ਹੈ। ਸੋ ਉਸ ਕੋਲ ਤਾਂ ਬਸ ਆਪਣਾ ਨਿੱਕਾ ਜਿਹਾ ਵਰਤਮਾਨ ਹੀ ਹੈ, ਜਿਸ ਨਾਲ ਦਸਤਪੰਜਾ ਲੈਂਦਿਆਂ ਉਹ ਜਿਉਣ ਲਈ ਸੰਘਰਸ਼ ਕਰਦਾ ਰਹਿੰਦਾ ਹੈ। ਉਸ ਸੰਘਰਸ਼ ਨੂੰ ਬਿਆਨ ਕਰਨ ਲਈ ਮੇਰੀਆਂ ਕਹਾਣੀਆਂ ਸਮਕਾਲੀ ਯਥਾਰਥ ਨਾਲ ਨਾ ਕੇਵਲ ਜੁੜਦੀਆਂ ਹਨ, ਸਗੋਂ ਸਮਕਾਲੀ ਯਥਾਰਥ ਦੀ ਪੇਸ਼ਕਾਰੀ ਕਰਦਿਆਂ ਸਿੱਧੀਆਂ ਟੱਕਰਦੀਆਂ ਹਨ। ਪਰਤ-ਦਰ-ਪਰਤ ਸਮਾਜਿਕ ਬੁਰਾਈਆਂ ਖੁੱਲਦੀਆਂ ਹਨ ਅਤੇ ਪਾਠਕ ਉਨ੍ਹਾਂ ਨਾਲ ਮੇਰੇ ਵਾਂਗ ਹੀ ਦੋ-ਚਾਰ ਹੋ ਰਿਹਾ ਹੁੰਦਾ ਹੈ, ਜਿਵੇਂ ਕਿ 'ਖਤਰੇ ਦੀ ਘੰਟੀ' ਕਹਾਣੀ ਭਾਵੇਂ ਵਿਦਿਆ ਦੇ ਖੇਤਰ ਵਿਚ ਆਈ ਗਿਰਾਵਟ ਦਾ ਜ਼ਿਕਰ ਕਰਦੀ ਨਜ਼ਰ ਆਉਂਦੀ ਹੈ ਪਰ ਅਸਲ ਵਿਚ ਇਹ ਕਹਾਣੀ ਭਾਰਤ ਦੀ ਸਮੁੱਚੀ ਵਿਵਸਥਾ ਦੀ ਇਕ ਘਿਨਾਉਣੀ ਤਸਵੀਰ ਪੇਸ਼ ਕਰਦੀ ਹੈ। ਇਸ ਵਿਚਲੇ ਪਾਤਰਾਂ ਦੇ ਸੰਕਟ ਦੀਆਂ ਤੰਦਾਂ ਫਿਰ ਕਿਤੇ ਨਾ ਕਿਤੇ ਕਿਸਾਨੀ ਦੇ ਆਰਥਿਕ ਸੰਕਟ ਨਾਲ ਵੀ ਜੁੜੀਆਂ ਹੋਈਆਂ ਹਨ।

ਇਕ ਅਨਪੜ੍ਹ ਬੰਦੇ ਨਾਲ ਸਰਕਾਰੀ ਦਫਤਰਾਂ ਵਿਚ ਕਿੰਨੀ ਕੁੱਤੇਖਾਣੀ ਹੁੰਦੀ ਹੈ, ਇਹ ਮੈਂ ਬਚਪਨ ਵਿਚ ਹੀ ਦੇਖ ਲਿਆ ਸੀ, ਜਦੋਂ ਪਿਉ ਨਾਲ ਪਟਵਾਰੀ ਕੋਲ ਤੇ ਨਹਿਰ ਮਹਿਕਮੇ ਦੇ ਦਫਤਰ ਗੇੜੇ ਕੱਢਣੇ ਪਏ ਸੀ। ਇਸੇ ਅਨੁਭਵ 'ਚੋਂ ਮੇਰੀ ਪਹਿਲੀ ਕਹਾਣੀ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ' ਰਚੀ ਗਈ ਸੀ।

'ਲਾਸ਼', 'ਮਹਾਭਾਰਤ', 'ਖਤਰੇ ਦੀ ਘੰਟੀ', 'ਬੁਲਬੁਲਿਆਂ ਦੀ ਕਾਸ਼ਤ', 'ਤਾਂ ਕਿ ਸਨਦ ਰਹੇ' ਕਹਾਣੀਆਂ ਵਿਚ ਵੀ ਮੈਂ ਯਥਾਰਥ ਦੀ ਧਰਤੀ 'ਤੇ ਖੜ੍ਹਾ ਸਿੱਧਾ ਆਪਣੇ ਸਮਕਾਲ ਨੂੰ ਮੁਖਾਤਬ ਹਾਂ। ਇਸ ਲਈ ਇਹਨਾਂ ਦੇ ਪ੍ਰਗਟਾ-ਢੰਗ ਨੂੰ ਮੈਂ ਕੁਝ-ਕੁਝ ਬਦਲਿਆ ਹੈ। ਅਨੁਭਵ ਦੀ ਪ੍ਰਮਾਣਿਕਤਾ ਮੇਰੇ ਕੋਲ ਸੀ। ਉਸਨੂੰ ਸਾਹਿਤਕ ਰਚਨਾ ਦੇ ਤੌਰ 'ਤੇ ਪੇਸ਼ ਕਰਨ ਲਈ ਵਿਅੰਗਮਈ ਗਲਪ ਭਾਸ਼ਾ ਅਤੇ ਨਾਟਕੀ ਸਥਿਤੀਆਂ ਦੀ ਪੇਸ਼ਕਾਰੀ ਕਰਕੇ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਹੈ।

ਕਹਾਣੀ 'ਲਾਸ਼' ਪੇਂਡੂ ਸਮਾਜ ਦੀਆਂ ਤਹਿਆਂ ਵਿਚ ਵੱਸੇ ਜਾਤੀ ਟਕਰਾਅ ਦੀਆਂ ਪਰਤਾਂ ਫੋਲਦੀ ਹੈ। ਇਸ ਵਿਚ ਨਾਰੀ ਦਮਨ ਨਾਲ ਜੁੜਿਆ ਬਿਰਤਾਂਤ ਹੈ। ਸਥਿਤੀਆਂ, ਪਾਤਰ ਅਤੇ ਇਹਨਾਂ ਦਾ ਨਿਭਾਅ ਯਥਾਰਥ ਦੇ ਨੇੜੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਭਾਸ਼ਾ ਅਤੇ ਵਸਤੂ-ਸਥਿਤੀ ਦਾ ਤਵਾਜਨ ਇਸ ਕਰਕੇ ਬਣਿਆ ਰਹਿ ਸਕਿਆ ਹੈ ਕਿਉਂਕਿ ਇਸ ਕਹਾਣੀ ਦੇ ਲੋਕੇਲ, ਬਠਿੰਡੇ-ਮਾਨਸੇ-ਸਰਸੇ ਇਲਾਕੇ ਅਤੇ ਇੱਥੋਂ ਦੀਆਂ ਸਥਿਤੀਆਂ ਤੇ ਆਬੋ-ਹਵਾ ਤੋਂ ਮੈਂ ਜਾਣੂ ਹਾਂ। ਮੇਰੀਆਂ ਕਹਾਣੀਆਂ ਦਾ ਕੇਂਦਰ ਅੱਜ ਦਾ ਉਹ ਮਨੁੱਖ ਹੈ, ਜਿਹੜਾ ਕਰੂਰ ਸਮਾਜੀ ਯਥਾਰਥ ਵਿਚ ਪਿੱਸਦਾ ਹੋਇਆ ਖੰਡਿਤ ਮਾਨਸਿਕਤਾ ਅਤੇ ਦੁਖਾਂਤਕ ਹੋਣੀ ਹੰਡਾ ਰਿਹਾ ਹੈ। ਗੁੰਝਲਦਾਰ ਵਸਤੂ-ਸਥਿਤੀ ਦੇ ਮੱਕੜ ਜਾਲ ਵਿਚ ਉਲਝੇ ਉਸ ਮਨੁੱਖ ਦੀ ਵਿਡੰਬਨਾ ਤੇ ਵਿਕਰਤੀਆਂ ਨੂੰ ਮੈਂ ਵੱਖ-ਵੱਖ ਥੀਮਕ ਜੁਗਤਾਂ ਨਾਲ ਅਤੇ ਵਰਤਮਾਨ ਦੇ ਹਵਾਲੇ ਨਾਲ ਸਮੱਸਿਆਤਮਕ ਪਰਿਪੇਖ ਵਿਚ ਰਚਦਾ ਹਾਂ।

ਵਰਤਮਾਨ ਵਿਚ ਗੁੰਝਲਤਾਵਾਂ ਹੀ ਇੰਨੀਆਂ ਜ਼ਿਆਦਾ ਹਨ ਕਿ ਉਹਨਾਂ ਨਾਲ ਨੱਜਿਠਦਿਆਂ ਮੇਰੀਆਂ ਕਹਾਣੀਆਂ ਕੁਝ ਲੰਮੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਦੀ ਮੇਰੀ ਇਕ ਕਹਾਣੀ 'ਹਿਕ ਆਹੀ ਜਮਨਾ ਉਰਫ ਜੁੰਮਨ ਖਾਂ' ਭਾਰਤ-ਪਾਕਿਸਤਾਨ ਦੀ ਸਾਂਝ ਅਤੇ ਵਿਰੋਧ ਦੀ ਵਿਆਕਰਨ ਨੂੰ ਵਿਸ਼ਵ ਦੀ ਨਵ-ਬਸਤੀਵਾਦੀ ਰਾਜਨੀਤੀ ਦੇ ਹਵਾਲੇ ਨਾਲ ਸਮਝਦਿਆਂ ਹੋਇਆਂ, ਇਸ ਦੇ ਮਾਨਵੀ/ਅਮਾਨਵੀ ਪਹਿਲੂਆਂ ਨੂੰ ਕਲਾਵੇ ਵਿਚ ਲੈਂਦੀ ਹੈ। ਸੰਤਾਲੀ ਦੀ ਵੰਡ ਨਾਲ ਜੁੜੀਆਂ ਸਿਮਰਤੀਆਂ ਇਸ ਕਹਾਣੀ ਵਿਚ ਵੀ ਬੜੀ ਸ਼ਿੱਦਤ ਨਾਲ ਕਥਾ-ਵਸਤੂ ਬਣਦੀਆਂ ਹਨ ਪਰ ਪੰਜਾਬੀ ਪਛਾਣ ਦਾ ਸੰਕਲਪ ਇੱਥੇ ਨਵੇਂ ਅਰਥਾਂ ਵਿਚ ਪੇਸ਼ ਹੋਇਆ ਹੈ। ਮੈਂ ਇੱਥੇ ਵਕਤ ਦੇ ਬਦਲਣ ਨਾਲ ਪੀੜ੍ਹੀ ਪਾੜੇ ਅਤੇ ਬਦਲੀ ਹੋਈ ਸੋਚ ਨੂੰ ਪੇਸ਼ ਕੀਤਾ ਹੈ, ਇਸ ਤਰ੍ਹਾਂ ਇਹ ਨਵੀਂ ਪੀੜ੍ਹੀ ਦੇ ਡੀ-ਸੈਂਸੇਟਾਈਜੇਸ਼ਨ ਦੀ ਕਹਾਣੀ ਹੋ ਨਿਬੜਦੀ ਹੈ। ਅੱਜ ਦੀ ਪੀੜ੍ਹੀ ਨੂੰ ਵੰਡ ਵੇਲੇ ਦੀਆਂ ਸਥਿਤੀਆਂ ਨਾਲ ਕਾਹਦਾ ਹੇਰਵਾ ?

'ਵੀਹਵੀਂ ਸਦੀ ਦਾ ਆਖਰੀ ਬੈਲ ਗੱਡਾ' ਕਹਾਣੀ ਵਿਚ ਮੈਂ ਸਮਾਜਿਕ, ਆਰਥਿਕ ਰਿਸ਼ਤੇ, ਕਿਸਾਨੀ, ਤੰਤਰ-ਪ੍ਰਬੰਧ ਅਤੇ ਮਨੋਵਿਗਿਆਨਕ ਪਾਸਾਰਾਂ ਨੂੰ ਆਪੋ ਵਿਚੀ ਜੋੜ ਕੇ ਬਿਰਤਾਂਤ ਸਿਰਜਦਿਆਂ ਮੈਂ ਬਦਲਦੇ ਵਕਤ ਦੇ ਹਵਾਲੇ ਨਾਲ ਕਿਸਾਨੀ ਦੀ ਦੁੱਖਦੀ ਰਗ 'ਤੇ ਹੱਥ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਕੋਸ਼ਿਸ਼ ਹੁੰਦੀ ਹੈ ਕਿ ਮੇਰੇ ਪਾਤਰ ਤੇ ਵਰਤਾਰੇ ਜ਼ਿੰਦਗੀ ਦੀ ਗਹਿ-ਗੱਚ ਟੱਕਰ ਵਿਚੋਂ ਆਪਣਾ ਰੂਪ ਇਖਤਿਆਰ ਕਰਨ।

ਜਿਵੇਂ ਕਿ ਸਾਹਿਤ ਬਾਰੇ ਕਿਹਾ ਜਾਂਦਾ ਹੈ, ਮੇਰੀਆਂ ਕਹਾਣੀਆਂ ਵੀ ਆਪਣੇ ਸਮੇਂ ਦਾ ਇਤਿਹਾਸ ਹਨ। ਆਪਣੇ ਆਲੇ ਦੁਆਲੇ ਦਾ ਸੱਚ ਹਨ। ਇਨ੍ਹਾਂ ਵਿਚ ਹਰਿਆਣਵੀ, ਪੰਜਾਬੀ, ਰਾਜਸਥਾਨੀ ਸਭਿਆਚਾਰ ਦੇ ਸੁਮੇਲ ਦੀ ਝਲਕ ਹੈ। ਇਸਦਾ ਕਾਰਨ ਹੈ ਕਿ ਮੈਂ ਜਿਸ ਇਲਾਕੇ ਦਾ ਜੰਮਪਲ ਹਾਂ ਉਹ ਇਲਾਕਾ ਹਰਿਆਣਾ, ਪੰਜਾਬ ਅਤੇ ਰਾਜਸਥਾਨ ਦਾ ਸੰਗਮ ਹੈ ਜਿਸ ਦੀ ਆਂਚਲਿਕਤਾ ਤੇ ਭਾਸ਼ਾ ਮੇਰੀਆਂ ਕਹਾਣੀਆਂ ਵਿਚ ਆ ਜਾਂਦੀ ਹੈ।

ਮੇਰੀਆਂ ਲੱਗਭਗ ਸਾਰੀਆਂ ਕਹਾਣੀਆਂ ਵਿਚ ਨਿਮਨ ਮੱਧਵਰਗੀ ਕਿਸਾਨਾਂ, ਕੀਰਤੀਆਂ ਦੀ ਤੰਗੀਆਂ ਤੁਰਸ਼ੀਆਂ ਭਰੀ ਜ਼ਿੰਦਗੀ ਦਾ ਯਥਾਰਥਮਈ ਚਿਤਰਣ ਹੈ ਕਿਉਂਕਿ ਮੈਨੂੰ ਇਸੇ ਦਾ ਅਨੁਭਵ ਹੈ। ਭ੍ਰਿਸ਼ਟ ਸੱਤਾ, ਉਸ ਦੇ ਭ੍ਰਿਸ਼ਟ ਕਰਿੰਦਿਆਂ ਤੇ ਭ੍ਰਿਸ਼ਟ ਸੰਸਥਾਵਾਂ ਦੇ ਮੱਕੜੀ ਜਾਲ ਵਿਚ ਛਟਪਦਾ ਰਹੇ ਤੇ ਟੁੱਟ ਰਹੇ ਆਮ ਆਦਮੀ ਦੀ ਜ਼ਿੰਦਗੀ ਦੀ ਟੁੱਟ-ਭੱਜ

ਨੂੰ ਬਿਨਾਂ ਸ਼ਬਦ-ਜਾਲ ਬੁਣਿਆ ਪੇਸ਼ ਕਰਨ ਦੀ ਕੋਸ਼ਿਸ਼ ਹੁੰਦੀ ਹੈ।

ਆਧੁਨਿਕ/ਉਤਰ ਆਧੁਨਿਕ ਮਨੁੱਖ ਦੀ ਖੁੰਢੀ ਹੋ ਚੁੱਕੀ ਸੰਵੇਦਨਾ ਅੱਜ ਕੱਲ੍ਹ ਕਠੋਰ ਤੇ ਕਰੂਰ ਸਥਿਤੀਆਂ ਦੀ ਚੋਭ ਵੀ ਮਹਿਸੂਸ ਨਹੀਂ ਕਰਦੀ। ਆਸ ਪਾਸ ਦੇ ਸ਼ੋਰ, ਸੰਚਾਰ ਮਾਧਿਅਮਾਂ ਦੀ ਭਾਂਤ-ਭਾਂਤ ਦੀਆਂ ਜੁਗਤਾਂ ਨਾਲ ਪਰੋਸੀ ਸਨਸਨੀਖੇਜ਼ ਸਮੱਗਰੀ, ਰਾਜਨੀਤਕ ਜਗਤ ਦੇ ਰੰਗ ਬਰੰਗੇ ਨਾਅਰੇ, ਪਾਖੰਡ ਤੇ ਹਰ ਚੰਗੀ ਮਾੜੀ ਘਟਨਾ ਨੂੰ ਨਿਆਂਸ਼ੀਲ ਸਿੱਧ ਕਰਨ ਦੀ ਚੁਸਤੀ ਵਰਗੀਆਂ ਗਲਾਂ ਮੈਨੂੰ ਹੌਂਟ ਕਰਦੀਆਂ ਹਨ ਜਿਨ੍ਹਾਂ ਨੂੰ ਮੈਂ ਆਪਣੀਆਂ ਕਈ ਕਹਾਣੀਆਂ ਦੇ ਵਿਸ਼ੇ ਬਣਾਇਆ ਹੈ। 'ਤਾਂ ਕਿ ਸਨਦ ਰਹੇ' ਇਕ ਸਾਇੰਸ ਫਿਕਸ਼ਨ ਹੈ, ਜਿਸ ਵਿਚ ਪਰਿਆਵਰਨ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਇਆ ਗਿਆ ਹੈ। ਹਵਾ, ਪਾਣੀ ਨੂੰ ਜਿਸ ਤਰ੍ਹਾਂ ਅੱਜ ਅਸੀਂ ਨਸ਼ਟ ਕਰ ਰਹੇ ਹਾਂ, ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

ਸਾਡੇ ਕਰੂਰ ਯਥਾਰਥ ਵਾਲੇ ਸਮਾਜ ਪ੍ਰਬੰਧ ਦੀਆਂ ਉਹ ਸਮੱਸਿਆਵਾਂ, ਜਿਨ੍ਹਾਂ ਨੂੰ ਅਸੀਂ ਆਪਣੇ ਜੀਵਨ ਵਿਚ ਰੋਜ ਭੋਗਦੇ ਹਾਂ, ਜਿਨ੍ਹਾਂ ਦੇ ਦਰਦ ਨਾਲ ਅਸੀਂ ਕੁਰਲਾਉਂਦੇ ਹਾਂ, ਜਿਨ੍ਹਾਂ ਦੇ ਰੈਡੀਕਲ ਹਲ ਤੋਂ ਬਿਨਾਂ ਕੋਈ ਚਾਰਾ ਨਹੀਂ, ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਮੇਰੀਆਂ ਕਹਾਣੀਆਂ ਵਿਸ਼ੇ ਦੀ ਪੱਧਰ ਤੇ ਭਾਵੇਂ ਵੱਖ ਵੱਖ ਨਜ਼ਰ ਆਉਂਦੀਆਂ ਹਨ ਪਰ ਕਹਾਣੀਆਂ ਵਿਚ ਪੇਸ਼ ਸਮੁੱਚੇ ਵਰਤਾਰਿਆਂ ਨੂੰ ਚਲਾਉਣ ਪਿੱਛੇ ਇਕ ਹੀ ਵਰਤਾਰਾ ਕੰਮ ਕਰਦਾ ਨਜ਼ਰ ਆਉਂਦਾ ਹੈ। ਇਹ ਵਰਤਾਰਾ ਵਿਸ਼ਵੀਕਰਣ ਦਾ ਹੈ। ਘੜੀਮੁੜੀ ਕੇ ਇਸੇ ਵਰਤਾਰੇ ਨੂੰ ਵਿਭਿੰਨ ਪ੍ਰਸੰਗਾਂ ਵਿਚ ਚਿਤਰਦਾ ਰਹਿੰਦਾ ਹਾਂ, ਜਿਸ ਨਾਲ ਇਸ ਦੀ ਵਿਕਰਾਲਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਬਾਰੇ ਇਕ ਸਿਲਸਿਲੇਵਾਰ ਅਧਿਐਨ ਮੈਂ ਆਪਣੀਆਂ ਕਈ ਕਹਾਣੀਆਂ ਵਿਚ ਪੇਸ਼ ਕੀਤਾ ਹੈ, ਜਿਨ੍ਹਾਂ ਵਿਚੋਂ ਪਹਿਲੀ ਕਹਾਣੀ ਹੈ 'ਪੁਲਸੀਆ ਕਿਉਂ ਮਾਰਦਾ ਹੈ?' ਇਹ ਇਕ ਮਨੋਵਿਗਿਆਨਕ ਕਹਾਣੀ ਹੈ। ਗਲੋਬਲਾਈਜੇਸ਼ਨ ਦੇ ਇਸ ਭੌਤਿਕਵਾਦੀ ਦੌਰ ਵਿਚ ਇਸ ਕਹਾਣੀ ਦਾ ਮੁੱਖ ਪਾਤਰ ਜਿਸ ਤਰ੍ਹਾਂ ਦੀਆਂ ਸਥਿਤੀਆਂ ਦੇ ਰੂਬਰੂ ਹੈ, ਉਹਨਾਂ ਨੂੰ ਹੋਲੀ ਦੇ ਮੈਟਾਫਰ ਰਾਹੀਂ ਉਕੇਰਿਆ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ। ਜਨ ਸਧਾਰਨ ਦੀ ਪ੍ਰਸੰਨਤਾ ਦਾ ਦਿਨ ਹੈ ਉਸ ਦਿਨ ਲੋਕਾਂ ਵਿਚ ਨਵੇਂ ਉਤਸ਼ਾਹ ਤੇ ਖੁਸ਼ੀਆਂ ਦਾ ਸੰਚਾਰ ਹੁੰਦਾ ਹੈ। ਲੋਕ ਇਕ-ਦੂਜੇ ਨੂੰ ਮਿਲਦੇ, ਨੱਚਦੇ-ਟੱਪਦੇ, ਹਾਸਾ-ਠੱਠਾ ਕਰਦੇ ਹੋਏ ਰੰਗਾਂ ਨਾਲ ਖੇਡਦੇ ਤੇ ਖਾਂਦੇ-ਪੀਂਦੇ ਹਨ। ਫੇਰ ਕੀ ਕਾਰਨ ਹੈ ਕਿ ਉਹ ਪਾਤਰ ਹੋਲੀ ਦਾ ਤਿਉਹਾਰ ਨਹੀਂ ਮਨਾ ਪਾਉਂਦਾ?

ਆਨੰਦ ਪ੍ਰਾਪਤੀ ਇਨਸਾਨ ਦੀ ਮੁਢ ਕਦੀਮੀ ਇੱਛਾ ਰਹੀ ਹੈ। ਹਰ ਜੀਅ ਨੂੰ ਭਾਵਾਂ ਦੀ ਉਤੇਜਨਾ ਵਿਚ ਆਨੰਦ ਪ੍ਰਾਪਤ ਹੁੰਦਾ ਹੈ, ਮਜ਼ਾ ਆਉਂਦਾ ਹੈ। ਇਸੇ ਮਕਸਦ ਲਈ ਵੱਖ-ਵੱਖ ਮੌਸਮਾਂ, ਰੁੱਤਾਂ ਅਨੁਸਾਰ ਤਿਉਹਾਰਾਂ ਦੀ ਪਰੰਪਰਾ ਸ਼ੁਰੂ ਹੋਈ ਤੇ ਸਾਡੇ ਸੱਭਿਆਚਾਰ ਦਾ ਹਿੱਸਾ ਬਣੀ। ਪਰ ਅੱਜ ਸਾਡੇ ਹਾਸੇ, ਉਤਸ਼ਾਹ, ਰੁਮਾਂਚ ਕੀਹਨੇ ਇਹ ਖੋਹ ਲਏ? ਜਾਹਿਰ ਹੈ ਬਾਜ਼ਾਰ ਨੇ। ਬਾਜ਼ਾਰ ਨੇ ਆਪਣੇ ਨਵੇਂ ਤਿਉਹਾਰ ਵੀ ਥੋਪ ਦਿੱਤੇ, ਵੇਲੇਨਟਾਈਨ ਡੇ, ਫਾਦਰਜ਼ ਡੇ, ਮਦਰਜ਼ ਡੇ ਵਗੈਰਾ।

ਆਨੰਦ ਪ੍ਰਾਪਤੀ ਲਈ ਭਾਵ-ਉਤੇਜਕ ਸਾਧਨ ਮਨੁੱਖ ਨੂੰ ਪ੍ਰਕ੍ਰਿਤੀ ਵਿਚੋਂ ਪ੍ਰਾਪਤ ਹੁੰਦੇ ਹਨ ਤੇ ਪ੍ਰਕ੍ਰਿਤੀ ਦਾ ਆਪਣਾ ਇਕ ਸਿਸਟਮ ਹੈ ਜਿਸ ਨੂੰ ਰੁੱਤਾਂ ਦੇ ਨਾਂ ਨਾਲ ਜਾਣਿਆ

ਜਾਂਦਾ ਹੈ, ਰੁੱਤਾਂ ਅਨੁਸਾਰ ਤਿਉਹਾਰ ਆਉਂਦੇ ਹਨ। ਪਰ ਬਾਜ਼ਾਰ ਦੀਆਂ ਆਪਣੀਆਂ ਲੋੜਾਂ ਹਨ। ਆਪਣਾ ਵਾਧੂ ਮਾਲ ਵੇਚਣ ਲਈ ਉਹ ਰੁੱਤਾਂ ਦੀ ਉਡੀਕ ਨਹੀਂ ਕਰ ਸਕਦਾ।

ਬਾਜ਼ਾਰ ਦੀ ਦਖਲ ਅੰਦਾਜੀ ਦਾ ਹੀ ਨਤੀਜਾ ਹੈ ਕਿ ਮਨੁੱਖ ਪ੍ਰਕ੍ਰਿਤੀ ਤੋਂ ਟੁੱਟ ਕੇ ਖੁਦ ਵਿਚ ਸੁੰਗੜਦਾ ਜਾ ਰਿਹਾ ਹੈ ਤੇ ਹੱਦ ਦਰਜੇ ਦੀ ਡਰਪੋਕ ਪ੍ਰਵਿਰਤੀ ਉਸ ਵਿਚ ਘਰ ਕਰਦੀ ਜਾ ਰਹੀ ਹੈ। ਉਸਦੀ ਮਾਸੂਮੀਅਤ ਖੋਹ ਲਈ ਗਈ ਹੈ, ਸਹਿਜਤਾ ਕਿਤੇ ਗੁਆਚ ਗਈ ਹੈ। ਇਹ ਕਹਾਣੀ ਵਿਸ਼ਵੀਕਰਣ ਦੇ ਇਸ ਮਾਰੂ ਦੌਰ ਵਿਚ ਵਾਪਰ ਰਹੇ ਉਹਨਾਂ ਅੰਤਰਰਾਸ਼ਟਰੀ ਵਰਤਾਰਿਆਂ ਨੂੰ ਵੀ ਸੰਕੇਤ ਰੂਪ ਵਿਚ ਆਪਣੇ ਕਲਾਵੇ ਵਿਚ ਲੈਂਦੀ ਹੈ ਜੋ ਆਮ ਲੋਕਾਂ ਦੀ ਮਾਨਸਿਕਤਾ ਨੂੰ ਬਾਜ਼ਾਰ ਦੇ ਅਨੁਕੂਲ ਢਾਲਣ ਲਈ ਪ੍ਰਚੰਡ ਰੂਪ ਵਿਚ ਕੋਸ਼ਿਸ਼ ਵਿਚ ਹਨ।

ਇਹਨਾਂ ਸਾਰੇ ਵਰਤਾਰਿਆਂ ਦੇ ਵੱਖ-ਵੱਖ ਪਹਿਲੂਆਂ ਦੇ ਰੂਬਰੂ ਹੁੰਦਿਆਂ ਇਸੇ ਲੜੀ 'ਚ ਅਗਲੀ ਕਹਾਣੀ ਹੈ 'ਖੁਸ਼ਬੂ-ਖੁਸ਼ਬੂ', ਜਿਸ ਵਿਚ ਖੁਸ਼ਬੂ ਦੇ ਮੈਟਾਫਰ ਰਾਹੀਂ ਪਤਾ ਚੱਲਦਾ ਹੈ ਕਿ ਸਾਡੇ ਰਿਸ਼ਤਿਆਂ 'ਚੋਂ, ਸਾਡੇ ਆਲੇ-ਦੁਆਲੇ 'ਚੋਂ ਬਹੁਤ ਕੁਝ ਗੁਆਚ ਚੁੱਕਾ ਹੈ। ਇਸ ਤੋਂ ਅਗਲੀ ਤੇ ਮਾਰੂ ਸਟੇਜ 'ਥੈਂਕਸ ਏ ਲੌਟ ਪੁੱਤਰਾ' ਵਿਚ ਦੇਖੀ ਜਾ ਸਕਦੀ ਹੈ। ਬਾਜ਼ਾਰ ਦੀ ਕਰੂਰਤਾ ਇੱਥੇ ਹੀ ਨਹੀਂ ਰੁਕਦੀ। ਲਗਾਤਾਰ ਵਧਦੇ ਹੋਏ ਮਰਜ਼ ਦੀ ਅਲਾਰਮਿੰਗ ਸਥਿਤੀ ਦਾ ਚਿਤਰਣ ਕਹਾਣੀ 'ਪਿੰਡਾਂ ਵਿਚੋਂ ਪਿੰਡ ਸੁਣੀਦਾ' ਵਿਚ ਦੇਖਿਆ ਜਾ ਸਕਦਾ ਹੈ ਅਤੇ ਅਸੀਂ ਨਿਸ਼ਬਦ ਰਹਿ ਜਾਂਦੇ ਹਾਂ ਕਿ ਸਾਡਾ ਕੀ-ਕੀ ਕੀਮਤੀ ਸਰਮਾਇਆ ਗੁਆਚ ਚੁੱਕਾ ਹੈ।

ਪਿੱਛੇ ਜਦੋਂ ਕਿਸੇ ਨਵੇਂ ਵਾਇਰਸ ਨਾਲ ਫੈਲੀ ਮਹਾਂਮਾਰੀ ਕੋਰੋਨਾ ਜਾਂ ਕੋਵਿਡ-19 ਸ਼ੁਰੂ ਹੋਈ ਤਾਂ ਸੱਤਾ/ਸਿਸਟਮ ਨੇ ਪਾਖੰਡ ਫੈਲਾਉਣੇ ਸ਼ੁਰੂ ਕਰ ਦਿੱਤੇ ਤਾਂ ਕਿ ਆਪਣੀਆਂ ਨਾਕਾਮੀਆਂ ਛਿਪਾਈਆਂ ਜਾ ਸਕਣ ਅਤੇ ਇਸ ਬਹਾਨੇ ਕੀਤੀ ਜਾਣ ਵਾਲੀ ਲੁੱਟ-ਖਸੁੱਟ 'ਤੇ ਪਰਦਾ ਪਾਉਣ ਲਈ ਲੋਕਾਂ ਨੂੰ ਬੇਵਕੂਫ ਬਣਾਇਆ ਜਾ ਸਕੇ ਤਾਂ ਖ਼ਿਆਲ ਆਇਆ ਕਿ ਬੇਸ਼ੱਕ ਇਹ ਵਾਇਰਸ ਨਵਾਂ ਤੇ ਨਾਮਾਲੂਮ ਸਟ੍ਰੇਨ ਵਾਲਾ ਹੈ ਪਰ ਜਿਹੜੇ ਨਵੇਂ ਵਾਇਰਸ ਮੇਰੇ ਜ਼ਮਾਨੇ ਵਿਚ ਮੇਰੇ ਆਲੇ-ਦੁਆਲੇ ਵਿਚਰ ਰਹੇ ਹਨ ਉਹਨਾਂ ਨੂੰ ਵੀ ਤਾਂ ਆਈਡੈਂਟੀਫਾਈ ਕਰਨਾ ਜ਼ਰੂਰੀ ਹੈ ਅਤੇ ਮੈਂ ਕਹਾਣੀ ਲਿਖੀ 'ਨੋਵਲ ਕਮੀਨਾ ਵਾਇਰਸ।'

ਇਸ ਤਰ੍ਹਾਂ ਹਰ ਕਹਾਣੀ ਦੀ ਆਪਣੀ ਕਹਾਣੀ ਹੈ। ਹਰ ਕਹਾਣੀ ਵਿਚ ਮੈਂ ਆਪਣੇ ਸਮੇਂ ਨੂੰ ਮੁਖਾਤਬ ਹੋਇਆ ਹਾਂ ਅਤੇ ਸਾਹਿਰ ਲੁਧਿਆਣਵੀ ਦੇ ਸ਼ਬਦਾਂ ਵਿਚ ਕਹਿ ਸਕਦਾ ਹਾਂ ਕਿ:

ਦੁਨੀਆ ਨੇ ਤਜੁਰਬਾਤ-ਹਵਾਦਿਸ ਦੀ ਸ਼ਕਲ ਮੇਂ
ਜੋ ਕੁਛ ਮੁਝੇ ਦੀਆ ਹੈ ਵੋ ਲੌਟਾ ਰਹਾ ਹੂ ਮੈਂ।

***


## ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ

ਸੰਪਾਦਕ: ਰਜਨੀਸ਼ ਬਹਾਦਰ ਸਿੰਘ

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

ਪੰਨੇ: 320 ਮੁੱਲ: 280/-

# ਸਮਕਾਲ ਤੇ ਮੇਰੀ ਸਿਰਜਣਕਾਰੀ

**- ਭਗਵੰਤ ਰਸੂਲਪੁਰੀ**

ਸਮਕਾਲ ਮੇਰੇ ਲਈ ਬਹੁਤ ਹੀ ਮਹੱਤਵਪੂਰਨ ਏ। ਕਿਉਂਕਿ ਸਮਕਾਲ ਵਿਚੋਂ ਮੈਂ ਕਹਾਣੀ ਲਈ ਪਾਤਰ ਲੱਭਦਾ ਹਾਂ। ਏਥੋਂ ਹੀ ਕਹਾਣੀ ਦੇ ਦ੍ਰਿਸ਼ ਬਣਾਉਂਦਾ ਹਾਂ ਅਤੇ ਏਥੋਂ ਹੀ ਕਹਾਣੀ ਦੀ ਜ਼ਮੀਨ ਪਾਤਰ ਦੇ ਅਨੁਕੂਲ ਤਿਆਰ ਕਰਦਾ ਹਾਂ। ਸਮਕਾਲ ਨੂੰ ਹਰ ਬੰਦਾ ਵੇਖਦਾ ਏ। ਕੋਈ ਓਪਰੀ ਨਜ਼ਰ ਨਾਲ ਵੇਖਦਾ ਏ। ਕੋਈ ਗਹਿਰੀ ਨਜ਼ਰ ਨਾਲ ਵੇਖਦਾ ਏ। ਕੋਈ ਸਮਕਾਲ ਦੀ ਕੋਈ ਲੇਅਰ ਫੜ੍ਹਦਾ ਏ, ਕੋਈ ਦੂਜੀ ਫੜਦਾ ਏ। ਸਮਕਾਲ ਨੂੰ ਫੜ੍ਹਨਾ ਹਰ ਬੰਦੇ ਦੀ ਆਪਣੀ ਰੁਚੀ 'ਤੇ ਨਿਰਭਰ ਕਰਦਾ ਏ। ਜਿਸ ਸਮਾਜਿਕ ਕਲਚਰ ਵਿਚੋਂ ਲੇਖਕ ਪੈਦਾ ਹੁੰਦਾ ਏ, ਵੱਡਾ ਹੁੰਦਾ ਏ, ਉਹਦੇ ਸਾਹਿਤ ਦੀ ਜ਼ਮੀਨ ਉਸ ਸਮਾਜਿਕ ਕਲਚਰ ਵਿਚੋਂ ਬਣਦੀ ਏ। ਮੇਰੀ ਕਹਾਣੀ ਦੀ ਜ਼ਮੀਨ ਨਿੱਜੀ ਅਤੇ ਹੱਢੀ-ਹੰਢਾਏ ਅਨੁਭਵ ਦੀ ਰਹੀ ਏ। ਇਹ ਉਹ ਅਨੁਭਵ ਏ ਜਿਸ ਅਨੁਭਵ ਨੇੜਿਓਂ ਮੈਂ ਘਸਰ ਕੇ ਲੰਘਿਆ ਹਾਂ। ਮੇਰੇ ਤਨ-ਮਨ 'ਤੇ ਜਿਸ ਅਨੁਭਵ ਨੇ ਝਰੀਟਾਂ ਪਾਈਆਂ ਹੁੰਦੀਆਂ ਨੇ।

ਆਮ ਸਧਾਰਨ ਬੰਦਾ ਆਪਣੀ ਤਰ੍ਹਾਂ ਨਾਲ ਸਮਕਾਲ ਨੂੰ ਫੜ੍ਹਦਾ ਏ। ਖਾਸ ਜਾਂ ਕਹਿ ਲਓ ਚੇਤਨਸ਼ੀਲ ਬੰਦਾ ਸਮਕਾਲ ਨੂੰ ਆਪਣੀ ਨਜ਼ਰ ਨਾਲ ਫੜ੍ਹਦਾ ਏ। ਉਸ ਤੋਂ ਅੱਗੇ ਜਿਹੜਾ ਲੇਖਕ ਹੁੰਦਾ ਏ, ਉਸ ਦੀ ਸਮਕਾਲ ਨੂੰ ਫੜ੍ਹਨ ਦੀ ਦ੍ਰਿਸ਼ਟੀ ਆਪਣੀ ਤਰ੍ਹਾਂ ਦੀ ਹੁੰਦੀ ਏ। ਇਤਿਹਾਸਕਾਰ ਸਮਕਾਲ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਵੇਖਦਾ ਏ। ਹਰ ਬੰਦੇ ਦੀ ਸਮਕਾਲ ਨੂੰ ਫੜ੍ਹਨ ਦੀ ਆਪਣੀ ਪਹੁੰਚ ਏ। ਆਪਣੀ ਸਮਰੱਥਾ ਏ। ਹਰ ਲੇਖਕ ਸਮਕਾਲ ਨੂੰ ਆਪਣੀ ਪਹੁੰਚ ਅਤੇ ਦ੍ਰਿਸ਼ਟੀ ਤੋਂ ਫੜ੍ਹਦਾ ਏ। ਇਸ ਦੇ ਪਿੱਛੇ ਉਸਦਾ ਪਰਿਵਾਰਕ ਪਿਛੋਕੜ ਪਿਆ ਹੁੰਦਾ ਏ। ਉਸ ਦੇ ਪੁਰਖਿਆ ਦੀਆਂ ਜੜ੍ਹਾਂ ਪਈਆਂ ਹੁੰਦੀਆਂ ਨੇ। ਫਿਰ ਉਸ ਦੀ ਸਮਕਾਲ ਨੂੰ ਸਮਝਣ ਦੀ ਆਪਣੀ ਇਕ ਸਮਝ ਬਣੀ ਹੁੰਦੀ ਏ। ਉਮਰ ਦੇ ਬੀਤਣ ਨਾਲ ਇਹ ਸਮਝ ਵੀ ਬਦਲਦੀ ਰਹਿੰਦੀ ਏ। ਜੇ ਮੈਂ ਆਪਣੀ ਗੱਲ ਕਰਾਂ ਤਾਂ ਸਮਕਾਲ ਨੂੰ ਸਮਝਣ ਦੀ, ਵੇਖਣ ਦੀ, ਜਿਹੜੀ ਦ੍ਰਿਸ਼ਟੀ ਮੇਰੀ ਅੱਜ ਤੋਂ ਵੀਹ ਸਾਲ ਪਹਿਲਾਂ ਦੀ ਸੀ, ਉਹ ਅੱਜ ਨਹੀਂ ਏ। ਜਿਹੜੀ ਅੱਜ ਏ, ਉਹ ਅੱਜ ਤੋਂ ਦਸ ਸਾਲ ਬਾਅਦ ਵਾਲੀ ਨਹੀਂ ਹੋਵੇਗੀ। ਸਮਕਾਲ ਨੂੰ ਵੇਖਣ ਦੀ ਮੇਰੀ ਦ੍ਰਿਸ਼ਟੀ ਬਦਲਦੀ ਰਹੀ ਏ। ਇਹਨੂੰ ਵਿਕਾਸ ਵੀ ਕਿਹਾ ਜਾ ਸਕਦਾ ਏ। ਸਮੇਂ ਨਾਲ ਮਨੁੱਖ ਦੀ ਬੁੱਧੀ ਦਾ ਵਿਕਾਸ ਵੀ ਹੁੰਦਾ ਏ। ਇਕ ਸਮਾਂ ਇਹ ਵੀ ਆਉਂਦਾ ਏ ਕਿ ਲੇਖਕ ਕੋਲੋਂ ਸਮਕਾਲ ਫੜਿਆ ਹੀ ਨਹੀਂ ਜਾਂਦਾ। ਉਹ ਆਪਣੀ ਕਹਾਣੀ ਜਾਂ ਨਾਵਲ ਉਸ ਕਿਸਮ ਦੇ ਲਿਖੀ ਜਾਂਦਾ ਏ, ਜਿਹੜੀ ਕਹਾਣੀ ਉਹ ਵੀਹ ਸਾਲ ਪਹਿਲਾਂ ਦੀ ਲਿਖ ਰਿਹਾ ਹੁੰਦਾ ਏ। ਪਿੰਡ ਵਿਚੋਂ ਉੱਠ ਕੇ ਜਦੋਂ ਕਸਬੇ ਜਾਂ ਸ਼ਹਿਰ ਵਿਚ ਲੇਖਕ ਆ ਜਾਂਦਾ ਏ ਤਾਂ ਉਸ ਕੋਲੋਂ ਵੀ ਕਈ ਵਾਰ ਸ਼ਹਿਰ ਦਾ ਸਮਕਾਲ ਫੜਿਆ ਨਹੀਂ ਜਾਂਦਾ। ਉਹ ਪੇਂਡੂ ਅਨੁਭਵ ਜਾਂ ਉਸ ਵੇਲੇ ਦੇ ਸਮਕਾਲ ਨੂੰ ਹੀ ਲਿਖੀ ਤੁਰਿਆ ਜਾਂਦਾ ਏ। ਸਮਕਾਲ ਨੂੰ ਕਿਵੇਂ ਸਮਝਣਾ ਏ ? ਇਹ ਆਪਣੀ ਕਿਸਮ ਦਾ ਵੱਡਾ ਸਵਾਲ ਲੇਖਕ ਅੱਗੇ ਆ ਖੜਦਾ ਏ।

ਮੈਂ ਸਮਕਾਲ ਬਾਰੇ ਕੁਝ ਇਸ ਕਿਸਮ ਦੀਆਂ ਧਾਰਨਾਵਾਂ ਰੱਖਦਾ ਹਾਂ ਅਤੇ ਇਨ੍ਹਾਂ ਧਾਰਨਾਵਾਂ ਦੇ ਅਧਾਰ ਤੇ ਮੈਂ ਆਪਣੇ ਸਮਕਾਲ ਦੀ ਸਮਝ ਬਾਰੇ ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਾਗਾ ਕਿ ਸਮੇਂ ਸਮੇਂ ਮੇਰੀਆਂ ਕਹਾਣੀਆਂ ਵਿਚ ਸਮਕਾਲ ਕਿਸ-

ਕਿਸ ਤਰ੍ਹਾਂ ਪੇਸ਼ ਹੁੰਦਾ ਰਿਹਾ ਏ।

ਸਮਕਾਲ ਨੂੰ ਮੈਂ ਹੂ-ਬ-ਹੂ ਪੇਸ਼ ਨਹੀਂ ਕਰਦਾ। ਆਪਣੀ ਕਲਪਨਾ ਨਾਲ ਸਮਕਾਲ ਦੀਆਂ ਅੰਦਰੂਨੀ ਪਰਤਾ ਫੜਦਾ ਹਾਂ। ਮੈਂ ਆਪਣੀ ਕਹਾਣੀ ਵਿਚ ਪਾਤਰਾਂ ਦੀ ਫੋਟੋਗ੍ਰਾਫੀ ਕਰਨ ਤੋਂ ਵੀ ਗੁਰੇਜ਼ ਕਰਦਾ ਹਾਂ। ਮੇਰਾ ਮੰਨਣਾ ਹੈ ਹੂ-ਬ-ਹੂ ਫੋਟੋਗ੍ਰਾਫੀ ਉਤਮ ਸਾਹਿਤ ਕਦੇ ਵੀ ਨਹੀਂ ਬਣ ਸਕਦੀ। ਬਹੁਤੀ ਵਾਰੀ ਏਹ ਹੁੰਦਾ ਹੈ ਕਿ ਪਾਤਰ ਤੁਹਾਡੇ ਸਾਹਮਣੇ ਜੋ ਆਉਂਦੇ ਹਨ, ਉਹ ਅਸਲ 'ਚ ਹੁੰਦੇ ਨਹੀਂ। ਜੋ ਤੁਸੀਂ ਘਟਨਾਵਾਂ ਦੇ ਦ੍ਰਿਸ਼ ਵੇਖਦੇ ਹੋ, ਉਹਦੇ ਪਿੱਛੇ ਲੁਕੇ ਹੋਏ ਦ੍ਰਿਸ਼ ਵੱਖਰੇ ਹੁੰਦੇ ਨੇ। ਹਰ ਦ੍ਰਿਸ਼ ਪਿੱਛੇ, ਪਾਤਰ ਪਿੱਛੇ ਉਸਦਾ ਆਪਣਾ ਇਕ ਇਤਿਹਾਸ ਲੁਕਿਆ ਹੁੰਦੇ ਏ। ਮੈਂ ਉਹ ਵੇਖਦਾ ਹਾਂ। ਅਣਦਿਸਦੇ ਸਮਕਾਲ ਨੂੰ ਵੇਖਦਾ ਹਾਂ। ਇਕ ਪਾਤਰ ਜਿਹੜਾ ਮੇਰੇ ਸਾਹਮਣੇ ਆ ਖੜਦਾ ਏ, ਮੈਂ ਉਹਦੀਆਂ ਜੜ੍ਹਾਂ ਲੱਭਦਾ ਹਾਂ। ਮੈਨੂੰ ਜੜ੍ਹਾਂ ਉਹਦੇ ਪੁਰਖਿਆ 'ਚੋਂ ਲੱਭਦੀਆਂ ਨੇ। ਕਹਾਣੀ-ਨਾਵਲ ਵਿਚ ਫੋਟੋਗ੍ਰਾਫੀ ਵਾਲਾ ਚਿਤਰਣ ਸਿੱਧੜ ਤੇ ਅਨਾੜੀ ਲੇਖਕ ਦੀ ਨਿਸ਼ਾਨੀ ਏ। ਜਦੋਂ ਮੇਰੇ ਸਾਹਮਣੇ 'ਕਸੂਰਵਾਰ' ਕਹਾਣੀ ਦੀ ਰੱਜੋ/ਅਮਰੋ, 'ਜੜ੍ਹਾਂ' ਕਹਾਣੀ ਦਾ ਭਿਕਸ਼ੂ ਗਿਆਨ, 'ਆਦਿ ਡੰਕਾ' ਤੇ 'ਸੁੱਕੀਆਂ ਕੁੰਨਾਂ' ਦੇ 'ਮੈਂ ਪਾਤਰ' ਆ ਖੜੇ ਤਾਂ ਉਨ੍ਹਾਂ ਦੇ ਸਮਕਾਲ ਨੂੰ ਸਮਝਣ ਲਈ ਮੈਂ ਉਨ੍ਹਾਂ ਦੇ ਪੁਰਖਿਆ ਨੂੰ ਸਮਝਣ ਲੱਗਾ, ਉਨ੍ਹਾਂ ਦੀਆਂ ਜੜ੍ਹਾਂ ਲੱਭਣ ਲੱਗਾ। ਉਨ੍ਹਾਂ ਦਾ ਸਮਾਜਿਕ ਇਤਿਹਾਸ ਵੇਖਣ ਲੱਗਾ, ਜਿਨ੍ਹਾਂ ਨੇ ਉਨ੍ਹਾਂ ਪਾਤਰ ਨੂੰ ਸਮਕਾਲ ਵਿਚ ਏਹੋ ਜਿਹਾ ਬਣਾ ਕੇ ਮੇਰੇ ਸਾਹਮਣੇ ਖੜਾ ਕਰ ਦਿੱਤਾ।

ਜਦੋਂ ਮੈਂ ਵੱਡਾ ਹੁੰਦਾ ਗਿਆ। ਆਪਣੇ ਆਲੇ-ਦੁਆਲੇ ਨੂੰ ਵੇਖਣ ਲੱਗਾ। ਜਿਹੜੀਆਂ ਪਰਿਵਾਰ ਵਿਚ ਘਟਨਾਵਾਂ ਘਟਦੀਆਂ ਮੈਂ ਉਨ੍ਹਾਂ ਨੂੰ ਵੇਖਣ ਤੇ ਸਮਝ ਲੱਗਾ। ਇਕ ਤਾਂ ਮੇਰੇ ਮੋਹਰੇ ਪਰਿਵਾਰ ਦੇ ਮੈਂਬਰ ਸਨ। ਉਸ ਕਿਸ ਤਰ੍ਹਾਂ ਪਰਿਵਾਰ ਵਿਚ ਰਹਿੰਦੇ ਹਨ। ਉਨ੍ਹਾਂ ਦਾ ਵਰਤਾਓ ਆਪਣੇ ਮਾਂ ਪਿਓ ਨਾਲ ਕਿਸ ਤਰ੍ਹਾਂ ਦਾ ਏ। ਉਨ੍ਹਾਂ ਦਾ ਵਿਹਾਰ ਆਪਣੀਆਂ ਪਤਨੀਆਂ ਨਾਲ ਕਿਸ ਤਰ੍ਹਾਂ ਏ। ਆਪਣੀਆਂ ਮਾਂਵਾਂ ਨਾਲ ਕਿਸ ਤਰ੍ਹਾਂ ਦਾ ਏ ਅਤੇ ਪਰਿਵਾਰ ਵਿਚ ਜਿਹੜੀਆਂ ਹੋਰ ਔਰਤਾਂ ਹੁੰਦੀਆਂ ਨੇ, ਉਨ੍ਹਾਂ ਦਾ ਵਿਹਾਰ ਕਿਸ ਤਰ੍ਹਾਂ ਏ ? ਉਹ ਪਰਿਵਾਰਾਂ ਵਿਚ ਕਿਸ ਤਰ੍ਹਾਂ ਰਹਿ ਰਹੀਆਂ ਨੇ। ਉਨ੍ਹਾਂ ਦੇ ਆਪਸੀ ਸਬੰਧ ਕਿਸ ਤਰ੍ਹਾਂ ਦੇ ਨੇ। ਵੱਡਿਆਂ ਨਾਲ ਉਨ੍ਹਾਂ ਦਾ ਵਰਤਾਓ ਕਿਸ ਤਰ੍ਹਾਂ ਦੇ ਏ। ਪਿਓ ਦਾ ਆਪਣੇ ਪੁੱਤ ਨਾਲ ਕਿਸ ਤਰ੍ਹਾਂ ਵਿਹਾਰ ਏ ? ਉਨ੍ਹਾਂ ਦਾ ਕਲਚਰ ਕਿਸ ਤਰ੍ਹਾਂ ਦਾ ਏ ? ਜਿਸ ਕਲਚਰ ਨੂੰ ਛੋਟਿਆਂ ਨੇ ਸਹਿ-ਸੁਭਾ ਹੀ ਆਤਮਸਾਤ ਕਰਨਾ ਹੁੰਦੇ ਏ। ਸਮਾਜਿਕ ਮੇਲ ਮਿਲਾਪ ਕਿਸ ਕਿਸਮ ਦਾ ਏ ਅਤੇ ਉਹ ਮਿਲਾਪ ਦੂਜੇ ਦੇ ਸਾਹਮਣੇ ਕਿਸ ਤਰ੍ਹਾਂ ਦੇ ਹੁੰਦਾ ਏ ? ਜਦੋਂ ਉਹ ਅੱਖੋਂ ਓਹਲੇ ਹੋ ਜਾਵੇ ਤਾਂ ਫਿਰ ਉਸ ਪ੍ਰਤੀ ਵਿਹਾਰ ਕਿਸ ਤਰ੍ਹਾਂ ਦਾ ਹੁੰਦਾ ਏ। ਪਰਿਵਾਰਾਂ ਵਿਚ ਤਣਾਓ ਕਿਵੇਂ ਪੈਦਾ ਹੁੰਦੇ ਨੇ। ਪਰਿਵਾਰ ਦੀ ਔਰਤ ਜੇਕਰ ਕਦੋਂ ਭਾਂਡੇ ਜੋਰ ਜੋਰ ਦੀ ਖੜਕਾਉਂਦੀ ਏ। ਗੱਲ ਗੱਲ ਤੇ ਖਿਝਦੀ ਏ, ਤਾਂ ਉਹਦੇ ਪਿੱਛੇ ਕੀ ਕਾਰਨ ਨੇ। ਸਮਕਾਲ ਵਿਚ ਉਹ ਜੋ ਵਿਹਾਰ ਕਰਦੀ ਏ ਉਹਦੇ ਅਤੀਤ ਨਾਲ ਉਹਦਾ ਕੀ ਸਬੰਧ ਹੁੰਦਾ ਏ। ਬੁੜ੍ਹਾ-ਬੁੜ੍ਹੀ ਦੀ ਬੁੜ-ਬੁੜ ਕਿਓਂ ਵਧਦੀ ਏ। ਕਿਸੇ ਪਰਿਵਾਰ ਦਾ ਬਜ਼ੁਰਗ ਬੰਦਾ ਜੇਕਰ ਕੰਮ ਤੋਂ ਆਉਂਦਾ ਏ ਤਾਂ ਚੁੱਪ ਕਰਕੇ ਕਿਉਂ ਬੈਠ ਜਾਂਦਾ ਏ। ਉਹਦੇ ਕੀ ਕਾਰਨ ਨੇ। ਜਾਂ ਕੰਮ ਤੋਂ ਆ ਕੇ ਪਰਿਵਾਰ ਨਾਲ ਕਿਓਂ ਖਿੱਝਦਾ ਏ। ਉਹ ਕਿਓ ਇਸ ਤਰ੍ਹਾਂ ਰਿਐਕਟ ਕਰਦਾ ਏ। ਇਹ ਸਾਰਾ ਵਿਹਾਰ ਜਿਹੜਾ ਸਮਕਾਲ ਨਾਲ ਜੁੜਿਆ ਹੁੰਦਾ ਏ, ਮੈਂ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਸਾਂ। ਉਸ ਤੋਂ ਇਲਾਵਾ ਪਰਿਵਾਰਾਂ

ਤੋਂ ਬਾਹਰ ਜਿਹੜੇ ਲੋਕਾਂ ਨੂੰ ਤੁਰਦੇ ਫਿਰਦੇ ਵੇਖਦਾ ਉਨ੍ਹਾਂ ਨੂੰ ਸਮਝਣ ਦਾ ਯਤਨ ਕਰਦਾ ਸਾਂ। ਇਹ ਜਿਉਂਦੇ ਜਾਗਦੇ ਪਾਤਰ ਜਿਹੜੇ ਸਮਕਾਲ ਵਿਚ ਵਿਚਰਦੇ ਮੈਂ ਵੇਖਦਾ ਸਾਂ। ਉਨ੍ਹਾਂ ਦੇ ਵਿਹਾਰ ਦੀਆਂ ਜੜ੍ਹਾਂ ਮੈਨੂੰ ਇਤਿਹਾਸ ਵਿਚੋਂ ਲੱਭਦੀਆਂ ਨੇ। ਉਨ੍ਹਾਂ ਪਾਤਰਾਂ ਦੇ ਇਤਿਹਾਸ ਵਿਚੋਂ ਲੱਭਦੀਆਂ ਨੇ। ਉਨ੍ਹਾਂ ਦੇ ਅਤੀਤ ਵਿਚੋਂ ਲੱਭਦੀਆਂ ਨੇ। ਉਨ੍ਹਾਂ ਦੀ ਸਮਾਜਿਕ ਇਤਿਹਾਸਕਾਰੀ ਕਰਦਿਆਂ ਮੈਨੂੰ ਉਹ ਪਾਤਰ ਬੜੇ ਹੀ ਦਿਲਚਸਪ ਅਤੇ ਗੁੰਝਲਦਾਰ ਮਿਲਦੇ ਨੇ। ਮੈਂ ਉਨ੍ਹਾਂ ਦੀਆਂ ਗੁੰਝਲਾਂ ਦੀਆਂ ਤੰਦਾਂ ਨੂੰ ਆਪਣੀ ਸਮਝ ਨਾਲ ਫੜਨ ਦੀ ਕੋਸ਼ਿਸ਼ ਕਰਦਾ।

ਪਹਿਲਾਂ ਪਹਿਲ ਜਦੋਂ ਮੈਂ ਸਾਹਿਤ ਨਾਲ ਜੁੜਿਆ, ਉਸ ਵੇਲੇ ਪੜ੍ਹੀਆਂ ਕਹਾਣੀਆਂ ਦੇ ਪਾਤਰਾਂ ਦੇ ਨਾਲ-ਨਾਲ ਮੇਰੇ ਮਨ ਅੰਦਰ ਬਹੁਤ ਨੇੜੇ ਦੇ ਜਿਉਂਦੇ ਜਾਗਦੇ ਪਾਤਰ ਘੁੰਮਣ ਲੱਗ ਪਏ। ਮੈਂ ਸਮਕਾਲ ਵਿਚ ਵਿਚਰਦਿਆਂ ਹੋਇਆ ਉਨ੍ਹਾਂ ਨੂੰ ਵੇਖਣ ਤੇ ਸਮਝਣ ਲੱਗ ਪਿਆ। ਉਨ੍ਹਾਂ ਨੂੰ ਹੋਰ ਗਹਿਰਾਈ ਨਾਲ ਸਮਝਣ ਲਈ ਮੈਨੂੰ ਉਨ੍ਹਾਂ ਦੇ ਅਤੀਤ ਵਿਚ ਜਾਣਾ ਪਿਆ। ਉਹ ਅਤੀਤ ਜਿਸ ਨੂੰ ਇਤਿਹਾਸ ਕਹਿੰਦੇ ਨੇ। ਸਮਾਜਿਕ ਇਤਿਹਾਸ ਕਹਿੰਦੇ ਨੇ। ਮੈਂ ਵੇਖਣ ਲੱਗਾ ਕਿ ਇਹ ਸਮਕਾਲ ਵਿਚ ਜਿਹੜੀਆਂ ਹਰਕਤਾਂ ਕਰਦੇ ਨੇ, ਜਿਹੜਾ ਵਿਹਾਰ ਕਰਦੇ ਨੇ, ਜਿਹੜੇ ਰਿਐਕਟ ਕਰਦੇ ਨੇ, ਉਨ੍ਹਾਂ ਦੀਆਂ ਜੜ੍ਹਾਂ ਉਨ੍ਹਾਂ ਦੇ ਸਮਾਜਿਕ ਇਤਿਹਾਸ ਵਿਚ ਕਿਤੇ ਨਾ ਕਿਤੇ ਪਈਆਂ ਨੇ। ਮੇਰਾ ਮੰਨਣਾ ਏ ਕਿ ਸਮਕਾਲ ਆਪਣੇ ਆਪ ਵਿਚ ਕੁੱਝ ਵੀ ਨਹੀਂ ਹੁੰਦਾ, ਉਹ ਆਪਣੇ ਅਤੀਤ ਨਾਲ ਜੁੜਿਆ ਹੁੰਦਾ ਏ ਅਤੇ ਆਪਣੇ ਭਵਿੱਖ ਨਾਲ ਵੀ ਜੁੜਿਆ ਹੁੰਦਾ ਏ। ਆਪਣੇ ਭਵਿੱਖ ਨੂੰ ਚੰਗਾ ਬਣਾਉਣ ਲਈ ਪਾਤਰ ਚੰਗਾ ਮਾੜਾ ਰਿਐਕਟ ਕਰਦਾ ਏ। ਉਨ੍ਹਾਂ ਦੇ ਰਿਐਕਟ ਪਿੱਛੇ ਉਨ੍ਹਾਂ ਦਾ ਆਪਣਾ ਇਕ ਇਤਿਹਾਸ ਹੁੰਦੇ ਏ।

ਜਿਸ ਸਮਾਜ ਦੇ ਸਮਕਾਲ ਵਿਚ ਵਿਚਰਦਿਆਂ ਮੇਰੀ ਚੇਤਨਾ ਦਾ ਵਿਕਾਸ ਹੋ ਰਿਹਾ ਸੀ, ਮੈਂ ਵੱਡਾ ਹੋ ਰਿਹਾ ਸੀ, ਉਹ ਸਮਾਜ ਅਛੂਤ ਮੰਨਿਆ ਜਾ ਚੁੱਕਾ ਸਮਾਜ ਸੀ। ਜੋ ਦਲਿਤ ਸਮਾਜ ਏ, ਸਮਾਜ ਦੀ ਪੌੜੀ ਦਾ ਸਭ ਤੋਂ ਹੇਠਲੇ ਪੌਡੇ 'ਤੇ ਬੈਠਾ ਹੋਇਆ। ਮੇਰੇ ਆਲੇ-ਦੁਆਲੇ ਅਛੂਤ ਸਮਾਜ ਆਪਣੇ ਕਲਚਰ, ਇਤਿਹਾਸ, ਸੁਭਾ ਨੂੰ ਲੈ ਕੇ ਵਿਚਰ ਰਿਹਾ ਸੀ। ਮੇਰੀ ਚੇਤਨਾ ਇਸ ਸਮਾਜ ਵਿਚ ਵਿਕਾਸ ਕਰ ਰਹੀ ਸੀ। ਮੇਰੇ ਇਰਦ-ਗਿਰਦ ਬੁੱਧੀ ਵਾਲੇ ਬਜ਼ੁਰਗ ਵੀ ਸਨ, ਸਧਾਰਨ ਬੁੱਧੀ ਵਾਲੇ ਵੀ ਸਨ। ਅਤੇ ਅਸਧਾਰਨ ਜਾਂ ਅਬਨੌਰਮਿਲ ਲੋਕ ਵੀ ਸਨ। ਜਿਨ੍ਹਾਂ ਨੂੰ ਤੁਸੀਂ ਪਾਗਲ ਵੀ ਕਹਿ ਸਕਦੇ ਹੋ। ਇਸ ਅਛੂਤ ਸਮਾਜ ਦਾ ਸਮਕਾਲ ਬਾਕੀ ਸਮਾਜ ਨਾਲੋਂ ਵੱਖਰਾ ਤਾਂ ਹੋਣਾ ਹੀ ਸੀ। ਨਿਸਚੇ ਹੀ ਪਾਤਰ ਵੀ ਵੱਖਰੇ ਹੋਣੇ ਸੀ। ਉਨ੍ਹਾਂ ਦੀ ਸੋਚ ਵੀ ਵੱਖਦੀ ਹੋਣੀ ਸੀ। ਉਹ ਸਾਰੇ ਪਾਤਰ ਆਪਣੇ ਪਰਿਵਾਰ ਨੂੰ ਲੈ ਕੇ, ਸਮਾਜ ਨੂੰ ਲੈ ਕੇ, ਜਿਸ ਤਰ੍ਹਾਂ ਦਾ ਰਿਐਕਟ ਕਰ ਰਹੇ ਸਨ, ਉਹ ਵੀ ਵੱਖਰਾ ਹੋਣਾ ਸੀ। ਸੋ ਇਸ ਸਮਾਜ ਨੂੰ ਸਮਝਣ ਤੋਂ ਇਲਾਵਾ ਮੇਰੇ ਕੋਲ ਹੋਰ ਕੋਈ ਬਦਲ ਹੈ ਵੀ ਨਹੀਂ ਸੀ। ਇਸ ਗੱਲ ਨੂੰ ਮੈਂ ਅੱਜ ਦੇ ਸੰਦਰਭ ਵਿਚ ਸੋਚ ਰਿਹਾ ਹਾਂ।

ਜਦੋਂ ਮੈਂ ਆਪਣੇ ਆਲੇ-ਦੁਆਲੇ ਆਪਣੇ ਨਾਲ ਘਸਰਦੇ ਪਾਤਰਾਂ ਨੂੰ ਵੇਖਦਾ ਤਾਂ ਮੈਂ ਉਨ੍ਹਾਂ ਨੂੰ ਸਮਝਣ ਲਈ ਉਨ੍ਹਾਂ ਦੇ ਇਤਿਹਾਸ ਨੂੰ ਜਾਨਣ ਦਾ ਤਰੱਦਦ ਕਰਨ ਲੱਗ ਪਿਆ ਸਾਂ। ਇਨ੍ਹਾਂ ਪਾਤਰਾਂ ਬਾਰੇ ਮੇਰੇ ਮਨ ਵਿਚ ਸ਼ੁਰੂ ਤੋਂ ਹੀ ਕਹਾਣੀ ਬਣੀ। ਕਵਿਤਾ ਬਿਲਕੁਲ ਨਹੀਂ ਬਣੀ। ਓਸ ਵੇਲੇ ਦੇ ਸਮਕਾਲ ਵਿਚ ਵਿਚਰਦੀ ਇਕ ਔਰਤ ਨੇ ਮੇਰਾ ਧਿਆਨ ਖਿੱਚਿਆ।

ਉਹ ਔਰਤ ਦਾ ਨਾਂ ਸੰਤੀ ਸੀ। ਉਹ ਕਮਲੀ ਤੇ ਰੁਲ਼ੀ ਹੋਈ ਔਰਤ ਸੀ। ਉਹਨੂੰ ਏਧਰ ਉਧਰ ਮੈਂ ਬਾਲਣ 'ਕੱਠਾ ਕਰਦੀ ਹੋਈ ਵੇਖਦਾ ਸਾਂ। ਮੈਨੂੰ ਉਸ ਨੇ ਖਿੱਚਿਆ। ਉਸ ਦੇ ਸਮਕਾਲ ਦੀ ਸਥਿਤੀ ਸਮਝਣ ਲਈ ਮੈਨੂੰ ਉਹਦੇ ਇਤਿਹਾਸ ਨੂੰ ਜਾਨਣ ਦੀ ਉਤਸੁਕਤਾ ਪੈਦਾ ਹੋਈ। ਮੈਂ ਉਹਦੇ ਇਤਿਹਾਸ ਨੂੰ ਸਮਝਿਆ। ਕਿ ਕਿਵੇਂ ਉਹਦੇ ਘਰ ਵਾਲਾ ਉਹਨੂੰ ਕੁੱਟਦਾ ਏ। ਉਹਦੇ 'ਕੱਠੇ ਕੀਤੇ ਹੋਏ ਬਾਲਣ ਨਾਲ ਸ਼ੱਕਰਕੰਦੀ ਉਭਾਲਦਾ ਤੇ ਸਾਡੇ ਸਕੂਲ ਅੱਗੇ ਆ ਕੇ ਰੇਹੜੀ ਲਾਉਂਦਾ ਏ। ਪਰ ਉਸ ਨੂੰ ਖਾਣ ਨੂੰ ਰੋਟੀ ਨਹੀਂ ਬਲਕਿ ਕੁੱਟ ਦਿੰਦਾ ਏ। ਰੋਟੀ ਉਹ ਮੰਗ ਕੇ ਖਾ ਲੈਂਦੀ। ਉਸ ਦੀ ਏਸ ਸਥਿਤੀ ਦੀਆਂ ਜੜ੍ਹਾਂ ਉਸ ਦੇ ਅਤੀਤ ਦੇ ਇਤਿਹਾਸ ਵਿਚ ਪਈਆਂ ਸਨ। ਉਸ ਵੇਲੇ ਮੇਰੀ ਜਿੰਨੀ ਕੁ ਸਮਕਾਲ ਨੂੰ ਸਮਝਣ ਦੀ ਸੂਝ ਸੀ, ਮੈਂ ਉਹਨੂੰ ਇਕ ਕਹਾਣੀ ਵਿਚ ਪੇਸ਼ ਕੀਤਾ। ਉਹ ਕਹਾਣੀ ਬਹੁਤ ਛੋਟੀ ਸੀ। ਇਕ ਪਰਤੀ ਸੀ। ਜਿੰਨ੍ਹਾਂ ਕੁ ਮੈਂ ਉਹਦੇ ਇਤਿਹਾਸ ਨੂੰ ਜਾਣਿਆ ਤੇ ਉਸ ਨੂੰ ਲਿਖ ਦਿੱਤਾ। ਬਈ ਔਰਤ ਉੱਤੇ ਮਰਦ ਜ਼ੁਲਮ ਕਿਵੇਂ ਕਰਦਾ ਏ। ਇਹ ਸਿੱਧੀ ਜਿਹੀ ਗੱਲ ਤਾਂ ਪਹਿਲਾਂ ਵੀ ਬਹੁਤ ਲਿਖੀ ਗਈ ਹੋਵੇਗੀ। ਮੇਰੇ ਵਿਚ ਜਿੰਨੀ ਕੁ ਸਮਰੱਥਾ ਸੀ ਮੈਂ ਲਿਖ ਦਿੱਤੀ। ਇਹ ਮੇਰੀ ਸਮਕਾਲ ਨੂੰ ਸਮਝਣ ਦੀ ਸ਼ੁਰੂਆਤ ਸੀ। ਉਸ ਵੇਲੇ ਮੇਰੇ ਕੋਲੋਂ ਕਲਪਨਾ ਬਹੁਤ ਘੱਟ ਸੀ। ਕਹਾਣੀ ਵਿਚ ਵਧੇਰੇ ਮੈਂ ਫੋਟੋਗ੍ਰਾਫੀ ਕੀਤੀ।

ਅਛੂਤ ਸਮਾਜ ਵਿਚ ਘਟਦੀਆਂ ਘਟਨਾਵਾਂ ਨੂੰ ਵੇਖ ਕੇ ਮੇਰੀ ਸ਼ੁਰੂ ਵਿਚ ਇਹ ਧਾਰਨਾ ਬਣੀ ਕਿ ਜਿਸ ਬੰਦੇ ਉੱਤੇ ਜ਼ੁਲਮ ਹੁੰਦਾ ਐ, ਚਾਹੇ ਉਹ ਔਰਤ ਏ ਚਾਹੇ ਉਹ ਮਰਦ ਏ, ਉਸ ਦੇ ਹੱਕ ਵਿਚ ਖੜਨਾ ਏ। ਆਪਣੇ ਸਮਕਾਲ ਨੂੰ ਮੈਂ ਇਸ ਐਂਗਲ ਤੋਂ ਸਮਝਣ ਲੱਗ ਪਿਆ ਸਾਂ। ਜਿਸ ਪਾਤਰ ਨਾਲ ਸਮਾਜ ਵਿਚ ਅਨਿਆ ਹੁੰਦਾ, ਤੇ ਜਿਹੜਾ ਮੈਨੂੰ ਖਿੱਚਦਾ ਸੀ ਮੇਰੇ ਮਨ ਵਿਚ ਉਸ ਦੇ ਦੁਆਲੇ ਕਹਾਣੀਆਂ ਦੀਆਂ ਤੰਦਾਂ ਜੁੜ ਹੋਣ ਲੱਗ ਪੈਂਦੀਆਂ ਸਨ। ਉਸ ਵੇਲੇ ਮੈਂ ਜਿਹੜੀਆਂ ਕਹਾਣੀਆਂ ਪੜ੍ਹੀਆਂ ਜਾਂ ਨਾਵਲ ਪੜ੍ਹੇ, ਉਨ੍ਹਾਂ ਵਿਚ ਪਾਤਰ ਬੜੇ ਕ੍ਰਾਂਤੀਕਾਰੀ ਹੁੰਦੇ ਸਨ। ਉਹ ਜ਼ੁਲਮ ਦੇ ਖ਼ਿਲਾਫ਼ ਖੜਦੇ ਸਨ। ਮੈਂ ਸੋਚਿਆ ਕਿ ਸਾਹਿਤ ਇਸ ਕਿਸਮ ਦਾ ਹੀ ਲਿਖਿਆ ਜਾਂਦਾ ਹੋਵੇਗਾ। ਮੇਰੇ ਸਾਹਮਣੇ ਪ੍ਰਗਤੀਵਾਦੀ ਦੌਰ ਦੀਆਂ ਕਹਾਣੀਆਂ ਸਨ। ਮੈਂ ਉਸ ਕਿਸਮ ਦੀਆਂ ਕਹਾਣੀਆਂ ਲਿਖਣ ਦਾ ਅਭਿਆਸ ਕਰਨ ਲੱਗ ਪਿਆ। ਉਸ ਵੇਲੇ ਮੇਰੇ ਸਮਕਾਲ ਵਿਚ ਉਹ ਪਾਤਰ ਵਿਚਰਦੇ ਸਨ। ਉਹ ਘਟਨਾਵਾਂ ਘਟਦੀਆਂ ਸਨ। ਮੈਨੂੰ ਉਹ ਜਾਤੀ ਵਿਤਕਰੇ ਵਾਲੀਆਂ ਘਟਨਾਵਾਂ ਆਪਣੇ ਵੱਲ ਖਿੱਚਦੀਆਂ ਵੀ ਸਨ। ਦੋਸਤਾਂ ਦਾ ਦਾਇਰਾ ਵੀ ਇਸ ਕਿਸਮ ਦਾ ਸੀ ਕਿ ਉਹ ਪ੍ਰੇਰਦੇ ਸਨ ਕਿ ਅਨਿਆ, ਜ਼ੁਲਮ, ਵਿਤਕਰੇ ਵਿਰੁੱਧ ਖੜਨ ਵਾਲਾ ਹੀ ਸਾਹਿਤ ਹੁੰਦਾ ਏ। ਮੈਂ ਉਸ ਵੇਲੇ ਸਮਕਾਲ ਵਿਚ ਵਿਚਰਦਾ ਹੋਇਆ ਖੁਦ ਇਹ ਮਹਿਸੂਸ ਕਰਦਾ ਸਾਂ ਕਿ ਮੈਨੂੰ ਇਸ ਕਿਸਮ ਦੀਆਂ ਕਹਾਣੀਆਂ ਲਿਖਣੀਆਂ ਚਾਹੀਦੀਆਂ ਨੇ। ਇਹ ਘਟਨਾਵਾਂ ਮੇਰੇ ਸਮਕਾਲ ਵਿਚ ਵਾਪਰਦੀਆਂ ਸਨ।

ਆਪਣੀ ਸਿਰਜਣਕਾਰੀ ਦਾ ਅਧਾਰ ਬਣੀਆਂ, ਮੈਂ ਕੁਝ ਉਨ੍ਹਾਂ ਕਹਾਣੀਆਂ ਦੇ ਹਵਾਲੇ ਨਾਲ ਆਪਣੀ ਗੱਲ ਕਰਾਗਾ ਜਿਹੜੀਆਂ ਕਹਾਣੀਆਂ ਔਰਤਾਂ ਦੇ ਇਰਦ ਗਿਰਦ ਘੁੰਮਦੀਆਂ ਨੇ। ਸਮਕਾਲ ਵਿਚ ਉਨ੍ਹਾਂ ਔਰਤਾਂ ਦੀ ਕਿਸ ਕਿਸਮ ਦੀ ਪੀੜਾ ਏ। ਉਨ੍ਹਾਂ ਦੀ ਸਮਕਾਲ ਵਿਚ ਮਨੋਅਵਸਥਾ ਕਿਵੇਂ ਖਰਾਬ ਹੋ ਜਾਂਦੀ ਏ। ਉਹ ਕਿਵੇਂ ਅਤੇ ਕਦੋਂ ਮਰਦ ਦੇ ਦਾਬੇ ਦਾ ਸ਼ਿਕਾਰ ਹੋ ਕੇ ਮਾਨਸਿਕ ਪੀੜਾ ਭੋਗਦੀ ਏ। ਇਸ ਉਖੜੀ ਹੋਈ ਮਾਨਸਿਕਤਾ ਪਿੱਛੇ ਉਹਦੀ ਅਤ੍ਰਿਪਤ ਦੇਹ ਭੁੱਖ ਵੀ ਦਿਸਦੀ ਰਹੀ ਏ। 'ਕੁਵੇਲੇ ਤੁਰਿਆ ਪਾਂਧੀ' ਪਹਿਲੀ ਕਿਤਾਬ ਵਿਚ ਮੇਰੀਆਂ ਗਿਆਰਾਂ ਕਹਾਣੀਆਂ ਨੇ। ਇਨ੍ਹਾਂ ਕਹਾਣੀਆਂ ਵਿਚ ਮੈਂ ਸਮਕਾਲ ਦੀ ਓਸ ਔਰਤ ਨੂੰ ਪੇਸ਼

ਕੀਤਾ ਏ, ਜਿਹੜੀ ਆਰਥਿਕ ਤੌਰ ਤੇ ਪੀੜਤ ਏ। ਅਤਿ ਦੀ ਗਰੀਬੀ ਹੰਢਾ ਰਹੀ ਏ। ਏਹ ਔਰਤ ਬਹੁਤ ਹੀ ਨਿਮਾਣੀ ਜਿਹੀ ਏ। ਵਿਚਾਰੀ ਜਿਹੀ ਏ। ਬਸ ਜ਼ੁਲਮ ਸਹੀ ਜਾਂਦੀ ਏ। ਆਪਣੇ ਆਪ ਨੂੰ ਜਿਉਂਦਾ ਰੱਖਣ ਦੇ ਲਈ ਅਤੇ ਆਪਣੇ ਬੱਚਿਆਂ ਨੂੰ ਜਿਉਂਦਾ ਰੱਖਣ ਦੇ ਲਈ ਉਹ ਆਪਣੇ ਘਰ ਨਾਲ ਬੱਝੀ ਰਹਿੰਦੀ ਏ। ਪੈਰ-ਪੈਰ 'ਤੇ ਸਮਝੌਤਾ ਕਰਦੀ ਏ। ਉਹਦੇ ਕੋਲ ਹੋਰ ਕੋਈ ਬਦਲ ਵੀ ਨਹੀਂ ਹੁੰਦਾ। ਉਹ ਆਪਣੇ ਘਰ ਨੂੰ ਬੰਨ੍ਹਦੀ ਏ, ਜਿਹੜਾ ਘਰ ਉਸ ਦਾ ਨਹੀਂ। 'ਸੂਰਜ ਦੀ ਕਿਰਨ' ਕਹਾਣੀ ਦੀ ਜਿਹੜੀ ਔਰਤ ਏ, ਉਹਦਾ ਪਤੀ ਬੱਚੇ ਪੈਦਾ ਕਰਨ ਤੋਂ ਇਲਾਵਾ ਕੋਈ ਕੰਮ ਨਹੀਂ ਕਰਦਾ। ਉਹ ਔਰਤ ਆਪਣੇ ਘਰ ਦਾ ਗੁਜਾਰਾ ਚਲਾਉਣ ਦੇ ਲਈ ਖੇਤਾਂ ਵਿਚ ਦਿਹਾੜੀਆਂ ਕਰਦੀ ਏ। ਉਹਦੇ ਕੋਲ ਹੋਰ ਕੋਈ ਬਦਲ ਨਹੀਂ ਕਿ ਉਹ ਆਪਣੇ ਹੱਕ ਲਈ ਖੜ ਸਕੇ। ਭਵਿੱਖੀ ਆਸ ਦੀ ਕਿਰਨ ਉਹ ਆਪਣੀ ਨਿੱਕੀ ਬੇਟੀ ਵਿਚੋਂ ਵੇਖਦੀ ਏ। 'ਵਾਢੀਆਂ ਤੋਂ ਬਾਅਦ' ਵਿਚ ਵੀ ਇਕ ਚੰਚਲ ਜਿਹੀ ਅੱਲੜ ਕੁੜੀ ਆਉਂਦੀ ਏ, ਜਿਹੜੀ ਆਪਣੇ ਹਾਣੀ ਨਾਲ ਪਿਆਰ ਕਰਨਾ ਲੋਚਦੀ ਏ। 'ਕੱਚੀ ਇੱਟ ਦਾ ਦਰਦ' ਦੀ ਔਰਤ ਵੀ ਆਪਣੇ ਪਤੀ ਹੱਥੋਂ ਪੀੜਤ ਏ। ਉਹ ਜ਼ੁਲਮ ਸਹਿੰਦੀ-ਸਹਿੰਦੀ ਇਕ ਦਿਨ ਆਪਣੇ ਪਤੀ 'ਤੇ ਹੱਥ ਚੁੱਕ ਲੈਂਦੀ ਏ। ਇਨ੍ਹਾਂ ਕਹਾਣੀਆਂ ਵਿਚ ਜਿਹੜੀਆਂ ਘਟਨਾਵਾਂ ਹਨ, ਜਿਹੜੇ ਦ੍ਰਿਸ਼ ਹਨ, ਉਹ ਦਲਿਤ ਵੇਹੜਿਆ ਦੇ ਦ੍ਰਿਸ਼ ਨੇ। ਇਹ ਉਹ ਦ੍ਰਿਸ਼ ਨੇ ਜਿਹੜੇ ਮੈਂ ਆਪਣੇ ਸਮਕਾਲ ਵਿਚ ਵਿਚਰਦਿਆਂ ਬਹੁਤ ਨੇੜਿਓਂ ਵੇਖੇ। ਬਹੁਤ ਨੇੜੇ ਵੇਖੇ ਹੀ ਨਹੀਂ ਬਲਕਿ ਜਿਨ੍ਹਾਂ ਨੇ ਮੇਰੇ ਪਿੰਡੇ ਉੱਤੇ ਝਰੀਟਾਂ ਪਾਈਆਂ। 'ਕਸੂਰਵਾਰ' ਕਹਾਣੀ ਦੀ 'ਮੈਂ' ਪਾਤਰ ਆਪਣੇ ਸਮਕਾਲ ਦੀ ਬਹੁਤ ਵੱਡੀ ਤ੍ਰਾਸਦੀ ਲੈ ਕੇ ਮੇਰੇ ਸਾਹਮਣੇ ਆ ਖੜਦੀ ਏ। ਉਹ ਔਰਤ ਜਿਹੜੀ ਆਪਣੇ ਘਰ ਨੂੰ ਬੰਨ੍ਹ ਮਾਰਦੀ-ਮਾਰਦੀ ਬੁੱਢੀ ਹੋ ਜਾਂਦੀ ਏ। ਘਰ ਬਣਾਉਂਦੀ ਹੋਈ ਉਸ ਸਥਿਤੀ ਵਿਚ ਪਹੁੰਚ ਜਾਂਦੀ ਏ ਕਿ ਉਹਨੂੰ ਆਪਣੇ ਆਪ ਨਾਲ ਨਫ਼ਰਤ ਹੋਣ ਲੱਗ ਪੈਂਦੀ ਏ। ਉਹਦੇ ਅੰਦਰ ਇਕ ਗਿਲਟੀ ਪੈਦਾ ਹੋ ਜਾਂਦੀ ਏ ਕਿ ਮੈਂ ਹੀ ਸ਼ਾਇਦ ਕਸੂਰਵਾਰ ਹਾਂ। ਏਸ ਕਹਾਣੀ ਦੀ ਇਕ ਪਾਤਰ ਰੱਜੋ ਏ। ਏਹ ਵੱਖ-ਵੱਖ ਮਰਦਾ ਨਾਲ ਸੰਬੰਧ ਕਿਉਂ ਬਣਾਉਂਦੀ ਏ? ਇਹਦੇ ਪਿੱਛੇ ਕੀ ਕਾਰਨ ਨੇ? ਉਹਨੂੰ ਏਧਰ ਲਿਜਾਣ ਵਾਲਾ ਕਸੂਰਵਾਰ ਕੌਣ ਏ? ਸਮਕਾਲ ਵਿਚ ਜਿਸ ਕਿਸਮ ਦੀ ਏਸ ਔਰਤ ਦੀ ਸਥਿਤੀ ਹੋ ਜਾਂਦੀ ਏ, ਉਹਦੀਆਂ ਜੜ੍ਹਾਂ ਉਸ ਦੇ ਇਤਿਹਾਸ ਵਿਚ ਪਈਆਂ ਨੇ। ਉਹ ਇਤਿਹਾਸ ਜਿਹੜਾ ਮਰਦ ਲਿਖਦਾ ਏ ਤੇ ਮਰਦਾਵੀਂ ਸੋਚ ਰੱਖਣ ਵਾਲਾ ਸਮਾਜ ਲਿਖਦਾ ਏ। ਮੇਰੇ ਸਾਹਮਣੇ ਔਰਤ ਦਾ ਇਕ ਹੋਰ ਰੂਪ ਆਉਂਦਾ ਏ। 'ਮਾਸਾਹਾਰੀ' ਮੇਰੇ ਸਮਾਜ ਦੀ ਉਸ ਔਰਤ ਦੀ ਕਹਾਣੀ ਏ, ਜਿਹੜੀ ਸਮਾਜ ਵਿਚ ਬਿਲਕੁਲ ਵੱਖਰਾ ਵਿਹਾਰ ਕਰਦੀ ਏ। ਇਸ ਕਹਾਣੀ ਵਿਚ ਔਰਤ ਪਾਤਰ ਦਾ ਮਰਦ ਹੱਥੋਂ ਹਰ ਤਰ੍ਹਾਂ ਦਾ ਸਮਾਜਿਕ ਦਬਾਅ ਬਣਦਾ ਏ। ਸੋਸ਼ਣ ਦਾ ਸ਼ਿਕਾਰ ਹੁੰਦੀ ਹੋਈ ਆਪਣੇ ਅਸਤਿਤਵ ਨੂੰ ਕਾਇਮ ਰੱਖਦੀ ਏ। ਮੇਰੇ ਸਮਕਾਲ ਦੀਆਂ ਔਰਤਾਂ ਦਾ ਇਹ ਵੀ ਇਕ ਪੱਖ ਏ। ਕਹਾਣੀ ਦੀ ਪਾਤਰ ਘਰਾਂ ਵਿਚ ਸਫ਼ਾਈ ਦਾ ਕੰਮ ਕਰਦੀ ਏ। ਉਹ ਇਕੱਲੀ ਏ। ਇਕ ਤਾਂ ਪੇਟ ਦੀ ਭੁੱਖ ਏ। ਜੋ ਉਹਨੂੰ ਲੱਗਦੀ ਏ। ਦੂਜੀ ਏ ਸਰੀਰ ਦੀ ਭੁੱਖ। ਜਿਸ ਨੂੰ ਪੂਰੀ ਕਰਨ ਲਈ ਉਹ ਮਰਦਾਂ ਨੂੰ ਭਰਮਾਉਂਦੀ ਏ। ਏਹ ਤਾਂ ਕੁਦਰਤੀ ਪ੍ਰਵਿਰਤੀ ਏ।

'ਦੇਵਕੀ ਨਾਲ ਮੁਲਾਕਾਤ' ਕਹਾਣੀ 'ਚ ਦੇਵਕੀ ਆਪਣੀ ਸਮਾਜਿਕ ਹੋਂਦ ਨੂੰ ਬਣਾਈ ਰੱਖਣ ਲਈ ਲਗਾਤਾਰ ਮਰਦ 'ਤੇ ਦਬਾਓ ਬਣਾ ਕੇ ਰੱਖਦੀ ਏ। ਮਰਦ ਵੀ ਉਹਨੂੰ ਆਪਣੇ ਹਿੱਤਾ ਲਈ ਵਰਤਦਾ ਏ। ਇਹ ਦੋਹਾਂ ਵਿਚ ਇਕ ਦੂਜੇ ਤੇ ਹਾਵੀ ਹੋਣ ਦੀ ਕਹਾਣੀ ਏ।

ਔਰਤ ਸੋਚਦੀ ਏ ਮੈਂ ਆਰਥਿਕ ਤੌਰ 'ਤੇ ਤਾਕਤਵਾਰ ਬਣ ਕੇ ਘਰ ਦੀ ਸਤਾ ਹਥਿਆ ਲਵਾਂ ਪਰ ਔਰਤ ਸਿਸਟਮ ਹੱਥੋਂ ਹਾਰ ਜਾਂਦੀ ਏ। ਇਹ ਸਮਕਾਲੀ ਯਥਾਰਥ ਦੀ ਬਹੁਤ ਵੱਡੀ ਤ੍ਰਾਸਦੀ ਏ। ਕਿ ਮਰਦ ਔਰਤ ਨੂੰ ਵਰਤ ਕੇ ਤੁਰਦਾ ਬਣਦਾ ਏ। ਪਰ ਏਸ ਤ੍ਰਾਸਦੀ ਦੀਆਂ ਜੜ੍ਹਾਂ ਇਤਿਹਾਸ ਵਿਚ ਪਈਆਂ ਨੇ। ਦੇਵਕੀ ਸਮਾਜ ਵਿਚ ਆਪਣੀ ਸਪੇਸ ਬਣਾਉਣਾ ਲਈ ਹਰ ਤਰ੍ਹਾਂ ਯਤਨ ਕਰਦੀ ਏ ਪਰ ਹਰ ਵਾਰ ਉਸ ਦਾ ਟ੍ਰੈਜਡਿਕ ਅੰਤ ਹੁੰਦਾ ਏ। 'ਤੀਜਾ ਨੇਤਰ' ਕਹਾਣੀ ਦੀ ਔਰਤ ਰਜਨੀ ਵੀ ਮੇਰੇ ਸਮਕਾਲ ਦੀ ਆਧੁਨਿਕ ਔਰਤ ਏ। ਜਿਹਦੀਆਂ ਸਮੱਸਿਆਵਾਂ ਵੱਖਰੀਆਂ ਨੇ। ਉਹ ਵੀ ਸਮਾਜ ਵਿਚ ਆਪਣੇ ਘਰ ਵਿਚ ਆਪਣੀ ਸਪੇਸ ਲੱਭਦੀ ਲੱਭਦੀ ਆਪਣੀਆਂ ਭਾਵਨਾਵਾਂ ਸੇਖ਼ਰ ਨਾਲ ਸਾਂਝੀਆਂ ਕਰ ਲੈਂਦੀ ਏ। ਕੰਪਿਊਟਰ ਦੇ ਕੰਮ ਦੇ ਬੋਝ ਵਿਚ ਪਿਸਦੀ ਉਹਦੀ ਉਮਰ ਵੱਧਣ ਲੱਗ ਪੈਂਦੀ ਏ। ਉਹਦਾ ਪਿਓ ਆਰਥਿਕ ਤੌਰ ਤੇ ਬਹੁਤ ਕਮਜ਼ੋਰ ਏ। ਉਹਦੇ ਮਨ ਦੇ ਕਿਸੇ ਕੋਨੇ ਵਿਚ ਆਪਣੇ ਘਰ ਦਾ ਕਨਸੈਪਟ ਪਿਆ ਏ। ਏਸੇ ਕਰਕੇ ਉਹ ਕੰਪਿਊਟਰ ਦਾ ਕੰਮ ਕਰਵਾਉਣ ਆਉਂਦੇ ਸੇਖ਼ਰ ਨਾਲ ਪਿਆਰ ਕਰਨ ਲੱਗਦੀ ਏ। ਪਰ ਮਰਦ ਦਾ ਵਤੀਰਾ ਰਵਾਇਤੀ ਏ। ਜਿੱਥੋਂ ਦੁਖਾਂਤ ਸ਼ੁਰੂ ਹੋ ਜਾਂਦਾ ਏ। 'ਮਹਾਮਾਯਾ' ਕਹਾਣੀ ਰਾਹੀਂ ਵੀ ਮੈਂ ਸਮਕਾਲੀ ਔਰਤ ਦੀ ਵੱਖਰੀ ਕਿਸਮ ਦੀ ਭਾਵਨਾ ਨੂੰ ਜ਼ੁਬਾਨ ਦਿੱਤੀ ਏ। ਏਹ ਔਰਤ ਦੇ ਪੇਟ ਵਿੱਚ ਬੱਚਾ ਏ। ਘਰ ਵਿਚ ਇਕੱਲੀ ਬੈਠੀ ਔਰਤ ਆਪਣੇ ਬੱਚੇ ਬਾਰੇ ਸੋਚਦੀ ਏ। ਉਸਦੀਆਂ ਸੋਚਾਂ ਭਾਵੇਂ ਸਮਕਾਲ ਨਾਲ ਸਬੰਧਤ ਹਨ ਪਰ ਉਹਦੇ ਅਤੀਤ ਨਾਲ ਜੁੜੀਆਂ ਹੋਈਆਂ ਨੇ। ਉਹਦੇ ਮਨ ਵਿਚ ਬੱਚੇ ਪ੍ਰਤੀ ਇਕ ਡਰ ਤੇ ਦਬਾਅ ਏ, ਜਿਹੜਾ ਉਹਨੂੰ ਮਾਨਸਿਕ ਤੌਰ ਤੇ ਵਾਰ-ਵਾਰ ਤੋੜ ਰਿਹਾ ਏ। ਸਾਰੀਆਂ ਘਟਨਾਵਾਂ ਉਹਦੇ ਅਵਚੇਤਨ ਵਿਚ ਘਟਦੀਆਂ ਨੇ। 'ਜਨੇਊ' ਕਹਾਣੀ ਵਿਆਹੀ ਔਰਤ ਦੀ ਅਛੂਤੀ ਪੀੜਾ ਨੂੰ ਬਿਆਨ ਕਰਦੀ ਏ, ਏਸ ਕਹਾਣੀ ਵਿਚਲੀ ਔਰਤ ਨੂੰ 'ਭਾਰ' ਪੈਣ ਦੀ ਬਿਮਾਰੀ ਏ। ਜਿਸ ਕਰਕੇ ਉਹ ਅੰਦਰੋਂ ਬਾਹਰੋਂ ਖਿੰਡੀ ਹੋਈ ਏ। ਆਪਣੇ ਸਹੁਰੇ ਘਰ ਬੈਠੀ ਉਹ ਇਸ ਪੀੜਾ ਨੂੰ ਸਹਿੰਦੀ ਏ। ਇਹੋ ਬਿਮਾਰੀ ਸਹੁਰੇ ਪਰਿਵਾਰ ਵਿਚ ਦੁੱਧ ਦੇਣ ਵਾਲੀ ਮੱਝ ਨੂੰ ਵੀ ਹੁੰਦੀ ਏ, ਜਦੋਂ ਉਹ ਬੱਚਾ ਦੇਣ ਵਾਲੀ ਹੁੰਦੀ ਏ। ਇਹ ਮਨ ਦੇ ਕਸ਼ਮਕਸ਼ ਦੀ ਕਹਾਣੀ ਏ। ਸਮੱਸਿਆ ਭਾਵੇਂ ਸਮਕਾਲ ਦੀ ਏ ਪਰ ਇਸ ਦੀਆਂ ਜੜ੍ਹਾਂ ਇਤਿਹਾਸ ਵਿਚ ਪਈਆਂ ਨੇ। 'ਗੰਧ' ਕਹਾਣੀ ਓਸ ਔਰਤ ਦੀ ਮਨੋਅਵਸਥਾ ਨੂੰ ਪੇਸ਼ ਕਰਦੀ ਏ, ਜਿਹੜੀ ਔਰਤ ਦਾ ਪਤੀ ਵਿਦੇਸ਼ ਪੱਕਾ ਹੋਣ ਲਈ ਗੋਰੀ ਦਾ ਸਾਥ ਕੁਝ ਸਮੇਂ ਲਈ ਉਹਦੇ ਘਰ, ਉਹਦੇ ਕਮਰੇ ਤੇ ਉਹਦੇ ਬੈੱਡ 'ਤੇ ਮਾਣਦਾ ਏ। ਇਸ ਕਾਰਜ ਲਈ ਉਸਦਾ ਪਰਿਵਾਰ ਤੇ ਉਹ ਆਪ ਪ੍ਰਵਾਨਗੀ ਦਿੰਦੀ ਏ। ਇਹ ਸਮਕਾਲ ਵਿਚ ਬਦਲ ਰਹੀ ਔਰਤ ਦੀ ਕਹਾਣੀ ਏ। ਜਿਹੜੀ ਵਿਦੇਸ਼ ਜਾਣ ਦੀ ਚਾਹਤ ਨਾਲ ਇਹ ਪ੍ਰਵਾਨਗੀ ਤਾਂ ਦੇ ਦਿੰਦੀ ਏ ਪਰ ਆਪਣੇ ਬੈੱਡ ਰੂਮ ਵਿਚ ਆ ਕੇ ਉਹਨੂੰ ਗੋਰੀ ਦੀ ਕਮਰੇ ਵਿਚ ਗੰਧ ਪਰੇਸ਼ਾਨ ਕਰਦੀ ਏ। ਉਹ ਮਾਨਸਿਕ ਤੌਰ ਤੇ ਉਖੜ ਜਾਂਦੀ ਏ। ਕਿ ਮੇਰੇ ਪਤੀ ਨੂੰ ਗੋਰੀ ਨੇ ਵੀ ਭੋਗਿਆ ਹੋਵੇਗਾ। ਉਹ ਆਪਣੀ ਕਲਪਨਾ ਵਿਚ ਐਵਲਿਨ ਤੇ ਆਪਣੇ ਪਤੀ ਦੇ ਦ੍ਰਿਸ਼ ਸਿਰਜਦੀ ਏ। ਆਪਣੇ ਪਤੀ ਵੱਲੋਂ ਛੱਡੀ ਹੋਈ ਔਰਤ ਦੀ ਤ੍ਰਾਸ਼ਦੀ ਵੀ ਸਮਕਾਲ ਦੀ ਬਹੁਤ ਵੱਡੀ ਸਮੱਸਿਆ ਰਹੀ ਏ। ਜਦੋਂ ਔਰਤ ਦਾ ਪਤੀ ਉਹਨੂੰ ਛੱਡ ਦਿੰਦਾ ਏ ਤਾਂ ਔਰਤ ਕਿੱਥੇ ਜਾਵੇ? ਉਹ ਆਪਣੇ ਪੇਕੇ ਘਰ ਆ ਕੇ ਬੈਠ ਜਾਂਦੀ ਏ। ਤੇ ਸਾਰੀ ਉਮਰ ਦੁੱਖ ਭੋਗਦੀ ਏ। ਇਸ ਵਰਤਾਰੇ ਨੂੰ ਮੈਂ 'ਡਾਕੂਮੈਂਟਰੀ' ਕਹਾਣੀ ਵਿਚ ਪੇਸ਼ ਕੀਤਾ ਏ। ਸੰਤਾਲੀ ਦੇ ਉਜਾੜੇ ਦੌਰਾਨ ਜਿਹੜੀ ਪੀੜਾ ਔਰਤ ਨੇ ਹੰਢਾਈ, ਉਹਦਾ ਆਪਣਾ ਇਤਿਹਾਸ ਏ। ਮੈਂ ਏਸ ਇਤਿਹਾਸ

ਨੂੰ ਸਮਕਾਲ ਨਾਲ ਜੋੜ ਕੇ ਵੇਖਿਆ ਏ। 'ਕਿੱਥੇ ਗਈ ਹਮੀਦਾ??' ਵਿਚਲੀ ਔਰਤ ਉਹ ਔਰਤ ਏ, ਜਿਹਨੂੰ ਸੰਤਾਲੀ 'ਚ ਉਧਾਲ ਲਿਆ ਜਾਂਦੇ ਏ। ਪਾਕਿਸਤਾਨ ਵਿਚ ਇਕ ਮੁਸਲਮਾਨ ਜਿਹਨੂੰ ਆਪਣੇ ਘਰ ਹਮੀਦਾ ਬਣਾ ਕੇ ਰੱਖ ਲੈਂਦਾ ਏ। ਇਹ ਤ੍ਰਾਸਦੀ ਉਸ ਵੇਲੇ ਅਨੇਕਾਂ ਔਰਤਾਂ ਦੀ ਰਹੀ ਏ, ਜਿਨ੍ਹਾਂ ਔਰਤਾਂ ਨੂੰ ਦੂਜੇ ਫਿਰਕੇ ਦੇ ਲੋਕਾਂ ਨੇ ਘਰਾਂ ਵਿਚ ਰੱਖ ਲਿਆ ਸੀ। ਕਹਾਣੀ ਦਾ ਯਥਾਰਥ ਸਮਕਾਲ ਨਾਲ ਬਣਦਾ ਏ ਪਰ ਇਹਦਾ ਸੱਚ ਇਤਿਹਾਸ ਵਿਚ ਪਿਆ ਏ।

ਸਮਕਾਲ ਦੀਆਂ ਔਰਤਾਂ ਦੇ ਵੱਖ-ਵੱਖ ਵਿਹਾਰ ਨੂੰ ਸਮਝਦਿਆਂ ਮੈਂ 'ਇੰਦੂਮਣੀ' ਕਹਾਣੀ ਦੀ ਸਿਰਜਣਾ ਕੀਤੀ। ਏਸ ਕਹਾਣੀ ਵਿਚ ਜਿਹੜੀ ਔਰਤ ਏ, ਉਹ ਵੀ ਪਿਆਰ ਵਿਚ ਮਿਲੇ ਧੋਖੇ ਨੂੰ ਹੰਢਾਉਂਦੀ ਏ। ਉਹ ਦੀ ਪਾਰੇ ਵਾਂਗ ਡੋਲਦੀ ਮਨੋ ਅਵਸਥਾ ਨੂੰ ਮੈਂ ਇਤਿਹਾਸਕ ਪ੍ਰਸੰਗ ਵਿਚ ਅਤੇ ਮਿਥਿਹਾਸਕ ਪ੍ਰਸੰਗ ਵਿਚ ਪੇਸ਼ ਕੀਤਾ ਏ। 'ਲੰਘ ਚੱਲੀ' ਦੀ ਸਿਰਜਣਕਾਰੀ 'ਚ ਸਮਕਾਲੀ ਦਲਿਤ ਵੇਹੜਿਆ ਵਿਚ ਬਜ਼ੁਰਗ ਔਰਤ ਪੇਸ਼ ਹੋਈ ਏ। ਏਸ ਦੀ ਮੈਂ ਪਾਤਰ ਬੁੜ੍ਹੀ ਏ। ਜਿਸ ਦਾ ਸਾਰਾ ਜੀਵਨ ਦਲਿਤ ਪਰਿਵਾਰ 'ਚ ਬਤੀਤ ਹੁੰਦਾ ਏ। ਪਰ ਆਪਣੇ ਟੱਬਰ ਬਾਰੇ ਚਿਤਵ ਕੇ ਉਹਦੇ ਦੁੱਖ ਦਰਦ ਨੂੰ ਆਪਣੇ ਦੁੱਖ ਵਿਚ ਆਤਮ ਸਾਤ ਕਰਦੀ ਹੋਈ ਮਾਨਸਿਕ ਪੀੜਾ ਹੰਢਾਉਂਦੀ ਏ। ਉਹਦੀ ਸਾਰੀ ਉਮਰ ਬਿਗਾਨੇ ਖੇਤਾਂ ਦੀਆਂ ਵੱਟਾਂ-ਬੰਨ੍ਹਿਆਂ ਤੋਂ ਘਾਹ ਖੋਤਦਿਆਂ ਲੰਘ ਜਾਂਦੀ ਏ। ਦਲਿਤ ਪਰਿਵਾਰਾਂ ਵਿਚ ਔਰਤਾਂ ਸਾਰੀ ਉਮਰ ਕੰਮ ਕਰਦੀਆਂ ਮਰ ਖਪ ਜਾਂਦੀਆਂ ਨੇ। ਭਾਰਤੀ ਸਮਾਜਿਕ ਬਣਤਰ ਏਸ ਕਿਸਮ ਦੀ ਬਣ ਗਈ ਏ ਕਿ ਬੰਦਾ (ਔਰਤ+ਮਰਦ) ਸਾਰੀ ਉਮਰ ਆਪਣੇ ਨਿਆਣਿਆਂ ਲਈ ਕੰਮ ਕਰਦਾ ਉਨ੍ਹਾਂ ਨੂੰ ਪੈਰਾਂ ਸਿਰ ਕਰਦਾ ਹੀ ਮਰ ਖਪ ਜਾਂਦਾ ਏ। ਆਪਣੇ ਲਈ ਤਾਂ ਜਿਉਂਦਾ ਹੀ ਨਹੀਂ ਇਸ ਕਹਾਣੀ ਦੀ ਬੁੱਢੀ ਮੈਂ ਪਾਤਰ ਦਾ ਵੀ ਏਹੋ ਹਾਲ ਏ। ਉਹ ਸਾਰੀ ਉਮਰ ਆਪਣੇ ਲਈ ਜੀਅ ਕੇ ਵੇਖਦੀ ਹੀ ਨਹੀਂ ਏ।

ਆਪਣੇ ਸਮਕਾਲ ਵਿਚ ਮੈਂ ਜਿਹੜੀਆਂ ਵੀ ਔਰਤਾਂ ਨੂੰ ਵੇਖਿਆ, ਉਨ੍ਹਾਂ ਦੇ ਵਿਹਾਰ ਨੂੰ ਉਨ੍ਹਾਂ ਦੇ ਪਿਛੋਕੜ ਦੇ ਪ੍ਰਸੰਗ ਵਿਚ ਸਮਝਿਆ ਏ। ਸਮਕਾਲ ਵਿਚ ਉਹ ਕਿਸ ਤਰ੍ਹਾਂ ਸਮਾਜ ਵਿਚ ਵਿਚਰਦੀਆਂ ਨੇ। ਕਿਸ ਤਰ੍ਹਾਂ ਰਿਐਕਟ ਕਰਦੀਆਂ ਨੇ। ਸਮਕਾਲ 'ਚ ਆ ਕੇ ਉਨ੍ਹਾਂ ਦੀ ਮਨੋ ਅਵਸਥਾ ਖਰਾਬ ਕਿਓ ਏ। ਕੀ ਇਨ੍ਹਾਂ ਸਾਰੀਆਂ ਅਵਸਥਾਵਾਂ ਦੀਆਂ ਜੜ੍ਹਾਂ ਉਸ ਦੇ ਅਤੀਤ ਵਿਚ ਪਈਆਂ ਨੇ? ਉਸ ਦੇ ਸਮਾਜਿਕ ਇਤਿਹਾਸ ਵਿਚ ਪਈਆਂ ਨੇ? ਵਰਤਮਾਨ ਜਾਂ ਸਮਕਾਲ ਨੂੰ ਸਮਝਣ ਲਈ ਮੈਂ ਸਿਮਰਤੀ ਉੱਤੇ ਵੱਧ ਜ਼ੋਰ ਦਿੱਤਾ ਏ। ਔਰਤ ਦੇ ਦਿਸਦੇ ਰੂਪ ਤੋਂ ਉਸ ਦੇ ਵਰਤਮਾਨ ਨੂੰ ਸਮਝਿਆ ਨਹੀਂ ਜਾ ਸਕਦਾ। ਦਲਿਤ ਵਿਹੜਿਆਂ ਦੇ ਵੇਰਵੇ ਮੈਂ ਸਹਿਜ ਰੂਪ 'ਚ ਪੇਸ਼ ਕੀਤੇ ਨੇ। ਇਸ ਕਾਰਜ ਲਈ ਮੈਂ ਕੋਈ ਉਚੇਚ ਵੀ ਨਹੀਂ ਵਰਤੀ। ਔਰਤ ਦੇ ਸੁਭਾ ਅਤੇ ਉਨ੍ਹਾਂ ਦੀ ਪਰਿਵਾਰਾਂ ਵਿਚ ਸਪੇਸ ਦਾ ਬਿਰਤਾਂਤ ਮੈਂ ਵੱਖ-ਵੱਖ ਸਮੇਂ ਵੱਖ-ਵੱਖ ਤਰ੍ਹਾਂ ਪੇਸ਼ ਕੀਤਾ ਏ। ਮਸਲਨ ਪਹਿਲੀ ਕਿਤਾਬ 'ਕੁਵੇਲੇ ਤੁਰਿਆ ਪਾਂਧੀ' ਵਿਚ ਮੇਰੀਆਂ ਮੁੱਢਲੀਆਂ ਕਹਾਣੀਆਂ ਹਨ। ਇਸ ਕਿਤਾਬਾਂ ਵਿਚ ਜਿਹੜੀ ਨਾਰੀ ਮੈਂ ਪੇਸ਼ ਕੀਤੀ, ਉਸ 'ਤੇ ਪੈਰ-ਪੈਰ 'ਤੇ ਜ਼ੁਲਮ ਹੁੰਦੇ ਨੇ। ਜ਼ੁਲਮ ਕਰਨ ਵਾਲਾ ਮਰਦ ਏ। ਉਹ ਨਿਮਾਣੀ ਤੇ ਨਿਤਾਣੀ ਬਣ ਕੇ ਪਰਿਵਾਰਾਂ ਵਿਚ ਵਿਚਰਦੀ ਏ। ਇਨ੍ਹਾਂ ਕਹਾਣੀਆਂ ਵਿਚ ਕਲਪਨਾ ਦੀ ਛੋਟੀ ਉਡਾਰੀ ਮਾਰੀ ਏ। ਫੋਟੋਗ੍ਰਾਫ਼ੀ ਹਾਵੀ ਰਹਿੰਦੀ ਏ। ਉਸ ਵੇਲੇ ਮੈਂ ਔਰਤ ਨੂੰ ਉਸ ਦ੍ਰਿਸ਼ਟੀ ਨਾਲ ਵੇਖਦਾ ਸਾਂ। ਦਿਸਦਾ ਯਥਾਰਥ ਵੇਖਣ ਤੇ ਵਿਖਾਉਣ ਦੀ ਰੁਚੀ ਮੇਰੇ

'ਤੇ ਭਾਰੂ ਸੀ। ਉਸ ਸਾਫ਼ ਸੁਥਰੀ ਨਾਰੀ ਦਾ ਬਿੰਬ ਮੈਂ ਇਸ ਕਿਤਾਬ ਵਿਚ ਪੇਸ਼ ਕੀਤਾ। ਉਸ ਵੇਲੇ ਮੈਂ ਸਮਕਾਲ ਨੂੰ ਉਸ ਤਰ੍ਹਾਂ ਵੇਖਦਾ ਸਾਂ। ਫਿਰ ਜਦੋਂ ਮੇਰੀ ਦੂਜੀ ਕਿਤਾਬ 'ਮੈਂ, ਸ਼ੈਤਾਨ ਤੇ ਇੰਦੂਮਣੀ' ਛਪੀ ਤਾਂ ਔਰਤ ਦਾ ਰੂਪ ਬਦਲ ਗਿਆ। ਮੈਂ ਨਵੀਂ ਔਰਤ ਨੂੰ ਲੱਭਣ ਲੱਗਾ ਪਿਆ। ਉਸ ਕਿਤਾਬ ਵਿਚ ਨਾਰੀ ਦੇ ਪਰਾਏ ਮਰਦ ਨਾਲ ਸੰਬੰਧ ਨਿਸੰਗ ਹੋ ਕੇ ਜੁੜਦੇ ਮੈਂ ਵਿਖਾਏ। ਚਾਹੇ ਉਹ 'ਕਸੂਰਵਾਰ' ਕਹਾਣੀ ਹੋਵੇ ਜਾਂ 'ਕੀੜਾ', 'ਸ਼ੈਤਾਨ', 'ਇੰਦੂਮਣੀ' ਜਾਂ 'ਵਿੱਥਾਂ ਦੇ ਆਰ-ਪਾਰ' ਕਹਾਣੀਆਂ ਹੋਣ। ਇਸ ਕਿਤਾਬ ਵਿਚ ਜੋ ਔਰਤ ਪੇਸ਼ ਹੋਈ ਉਹ ਪਹਿਲੇ ਨਾਲੋਂ ਵੱਖਰੀ ਏ। ਉਹਦਾ ਵਿਹਾਰ ਵੀ ਪਹਿਲਾਂ ਨਾਲੋਂ ਵੱਖਰਾ ਏ। 'ਤੀਜਾ ਨੇਤਰ' ਕਿਤਾਬ ਦੀਆਂ ਕਹਾਣੀਆਂ ਦੀ ਔਰਤ ਮਾਨਸਿਕ ਪੀੜਾ ਹੰਢਾਉਂਦੀ ਏ। ਉਹ ਵਧੇਰੇ ਸਵੈ ਕੇਂਦਰਿਤ ਹੋ ਜਾਂਦੀ ਏ। ਉਹ ਸਮਾਜ ਵਿਚ ਆਪਣੀ ਪਛਾਣ ਬਣਾਉਣਾ ਚਾਹੁੰਦੀ ਏ। ਆਰਥਿਕ ਤੌਰ ਤੇ ਆਤਮ ਨਿਰਭਰ ਹੋਣ ਚਾਹੁੰਦੀ ਏ। ਜਦੋਂ ਸਮਾਜ ਵਿਚ ਉਹਨੂੰ ਸਪੇਸ ਨਹੀਂ ਮਿਲਦੀ ਤਾਂ ਉਹ ਅੰਤਰਮੁਖੀ ਹੋ ਜਾਂਦੀ ਏ। ਅੰਤਰਮੁਖੀ ਹੋਣ 'ਤੇ ਉਹਦੀਆਂ ਆਰਥਿਕ ਨਾਲੋਂ ਮਾਨਸਿਕ ਸਮੱਸਿਆਵਾਂ ਵੱਧ ਜਾਂਦੀਆਂ ਨੇ। ਉਹ ਸਮਾਜ ਦੇ ਬੰਧਨਾਂ 'ਤੇ ਪੈਰ ਰੱਖ ਕੇ ਅੱਗੇ ਲੰਘਣ ਲਈ ਤਰਲੋ-ਮੱਛੀ ਰਹਿੰਦੀ ਏ। ਉਹ ਪਿਤਰੀ-ਸੱਤਾ ਦੇ ਦਾਬੇ ਤੋਂ ਨਿਕਲਣਾ ਚਾਹੁੰਦੀਆਂ ਨੇ। ਸਮਕਾਲ ਵਿਚ ਵਾਪਰਦੇ ਅੰਦਰੂਨੀ ਅਤੇ ਬਾਹਰੀ ਕਾਰਨ ਕਰਕੇ ਏਹ ਔਰਤਾਂ ਪੀੜਤ ਹੁੰਦੀਆਂ ਨੇ। ਸਮਕਾਲ ਨੂੰ ਸਮਝਣ ਦੀ ਮੇਰੀ ਪਹੁੰਚ ਸਮੇਂ-ਸਮੇਂ ਬਦਲਦੀ ਵੀ ਰਹੀ ਏ। ਮੁੱਢਲੇ ਦੌਰ ਵਿਚ ਮੈਂ ਜਿਸ ਤਰ੍ਹਾਂ ਓਸ ਵੇਲੇ ਦੇ ਸਮਕਾਲ ਨੂੰ ਸਮਝ ਰਿਹਾ ਸੀ। ਓਸ ਵੇਲੇ ਦੀ ਔਰਤ ਨੂੰ ਸਮਝ ਰਿਹਾ ਸੀ। ਉਸ ਤਰ੍ਹਾਂ ਹੁਣ ਨਹੀਂ ਸਮਝ ਰਿਹਾ। ਮੇਰੀ ਸੋਚ ਬਦਲੀ ਏ ਅਤੇ ਏਸ ਸਮੇਂ ਦੌਰਾਨ ਔਰਤ ਵੀ ਬਦਲੀ ਏ। ਇਹ ਬਦਲੀ ਔਰਤ ਵੀ ਮੇਰੀਆਂ ਕਹਾਣੀਆਂ ਵਿਚ ਆਈ ਏ। ਉਹਦਾ ਵਿਹਾਰ ਵੀ ਬਦਲਿਆ ਏ। ਉਹਦੀ ਪਹੁੰਚ ਵੀ ਬਦਲੀ ਏ।

ਜਦੋਂ ਮੈਂ ਸਮਕਾਲ ਤੇ ਆਪਣੀ ਸਿਰਜਣਕਾਰੀ ਬਾਰੇ ਸੋਚ ਰਿਹਾ ਸਾਂ ਤਾਂ ਸਮਕਾਲ ਨੂੰ ਸਮਝਣ ਲਈ ਮੈਂ ਮੁੜ ਤੋਂ ਆਪਣੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ ਤੇ ਮੈਂ ਹੈਰਾਨ ਰਹਿ ਗਿਆ ਕਿ ਮੈਂ ਇਨ੍ਹਾਂ ਪਾਤਰਾਂ ਬਾਰੇ ਐਨਾ ਕੁੱਝ ਲਿਖ ਦਿੱਤਾ ਏ। ਉਨ੍ਹਾਂ ਦੇ ਮਨ ਦੀਆਂ ਪਰਤਾਂ ਦੇ ਐਨੇ ਬਰੀਕ ਪਸਾਰ ਖੋਲ੍ਹ ਦਿੱਤੇ ਨੇ। ਮੇਰੇ ਮਨ ਵਿਚ ਸਮਕਾਲ ਵਿਚ ਵਿਚਰਦੇ ਇਹ ਪਾਤਰ, ਇਹ ਦ੍ਰਿਸ਼ ਅਤੇ ਇਹ ਸਾਰੀਆਂ ਘਟਨਾਵਾਂ, ਵਿਹੜਿਆਂ ਦੇ ਦ੍ਰਿਸ਼ ਤੇ ਪਸਾਰ ਪੁਨਰ ਸਿਰਜਤ ਹੋਣ ਲੱਗ ਪਏ। ਇਨ੍ਹਾਂ ਪਸਾਰਾਂ ਨੂੰ ਮੈਂ ਦੋ ਭਾਗਾਂ ਵਿਚ ਵੰਡ ਕੇ ਵੇਖਣ ਲੱਗ ਪਿਆ। ਇਕ ਤਾਂ ਨਾਰੀ ਪਾਤਰ ਸਨ। ਦੂਜਾ ਮਰਦ ਪਾਤਰ ਸਨ। ਇਹ ਦਲਿਤ ਵੇਹੜਿਆ ਦੀ ਨਾਰੀ ਪਾਤਰ ਏ। ਜਿਹੜੀ ਨਪੀੜੀ ਹੋਈ ਏ। ਨਿਮਾਣੀ ਏ। ਕਿਤੇ ਕਿਤੇ ਪਰਿਵਾਰ ਤੋਂ ਬਾਗੀ ਵੀ ਹੁੰਦੀ ਏ। ਆਪਣੇ ਆਪ ਤੋਂ ਬਾਗੀ ਵੀ ਹੁੰਦੀ ਏ। ਉਹ ਸਮਾਜ ਨੂੰ ਟਿੱਚ ਸਮਝਦੀ ਏ। ਉਹ ਆਪਣੇ ਪਤੀ ਨੂੰ ਟਿੱਚ ਸਮਝਦੀ ਏ। ਪਰ ਉਹ ਯਾਤਰਾ 'ਤੇ ਰਹਿੰਦੀ ਏ। ਉਹਦੀ ਵਾਟ ਮੁੱਕੀ ਨਹੀਂ ਏ। ਮੇਰੀ ਸਿਰਜਣਕਾਰੀ ਵਿਚ ਜਿਹੜੀ ਨਾਰੀ ਦੇ ਵੱਖ-ਵੱਖ ਰੂਪ ਆਏ ਨੇ, ਉਨ੍ਹਾਂ ਨੂੰ ਮੈਂ ਸਮੇਂ-ਸਮੇਂ ਵੱਖਰੇ-ਵੱਖਰੇ ਰੂਪਾਂ ਨਾਲ ਪੇਸ਼ ਕੀਤਾ ਏ। ਜਿਨ੍ਹਾਂ ਦਾ ਜ਼ਿਕਰ ਮੈਂ ਉਪਰ ਕਰ ਚੁੱਕਾ ਹਾਂ। ਆਪਣੀ ਸਿਰਜਣਕਾਰੀ ਦਾ ਦੂਜਾ ਰੂਪ ਮੈਂ ਮਰਦ ਪਾਤਰ ਮੰਨਦਾ ਹਾਂ। ਉਹ ਪਾਤਰ ਆਪਣੇ ਵੱਖਰੇ ਰੂਪ ਵਿਚ ਮੇਰੀ ਸਿਰਜਣਕਾਰੀ ਵਿਚ ਟਰੈਵਿਲ ਕਰਦੇ ਨੇ। ਇਨ੍ਹਾਂ ਦਲਿਤ ਸਮਾਜ ਦੇ ਪਾਤਰਾ  ਰਾਹੀਂ ਮੈਂ ਦਲਿਤ ਸਮਾਜ ਦੀ ਸਮਾਜਿਕ ਇਤਿਹਾਸਕਾਰੀ, ਆਰਥਿਕ ਇਤਿਹਾਸਕਾਰੀ ਪ੍ਰਮੁੱਖ ਰੂਪ ਵਿਚ ਕਰਨ ਦੀ ਕੋਸ਼ਿਸ਼ ਕੀਤੀ ਏ। ਇਨ੍ਹਾਂ ਪਾਤਰਾਂ ਰਾਹੀਂ ਮੈਂ

ਆਪਣੇ ਸਮਾਜ ਦੇ ਸਮਕਾਲ ਦੇ ਵੱਡੇ ਮਸਲਿਆਂ ਨੂੰ ਡਿਸਕਸ ਕੀਤਾ ਏ। ਇਨ੍ਹਾਂ ਮਸਲਿਆਂ ਦੀਆਂ ਜੜ੍ਹਾਂ ਅਤੀਤ ਵਿਚ ਪਈਆਂ ਨੇ। ਇਤਿਹਾਸ ਵਿਚ ਪਈਆਂ ਨੇ।

ਇਸ ਲਈ ਮੁਢਲੇ ਦੌਰ ਤੋਂ ਆਪਣੀ ਵਿਕਾਸ ਯਾਤਰਾ ਦੱਸਣਾ ਜ਼ਰੂਰੀ ਏ। 'ਆਪਣੇ ਲਹੂ ਦੀ ਚਿੰਤਾ', 'ਗੜ੍ਹੀ ਪਿੰਡ ਦੀ ਕਹਾਣੀ' ਅਤੇ 'ਫ਼ੈਸਲਾ' ਮੁੱਢਲੇ ਦਲਿਤ ਜੀਵਨ ਯਥਾਰਥ ਦੀਆਂ ਕਹਾਣੀਆਂ ਨੇ। ਓਸ ਵੇਲੇ ਮੈਂ ਵੇਖਿਆ ਕਿ ਦਲਿਤਾਂ ਵਿਚ ਸਮਾਜਕ ਦਾਬੇ ਤੋਂ ਨਾਬਰੀ ਦੀ ਸੁਰ ਉੱਠ ਰਹੀ ਏ। ਉਹ ਆਪਣੇ ਨਾਲ ਹੁੰਦੇ ਧੱਕੇ, ਅਨਿਆ ਅਤੇ ਜ਼ੁਲਮ ਵਿਰੁੱਧ ਬੋਲਣ ਦੀ ਸਮਰੱਥਾ ਰੱਖਣ ਲੱਗ ਪਏ ਨੇ। ਇਸ ਨਾਲ ਸਮਾਜਿਕ ਸਾਂਝ ਦੀ ਬਣਤਰ ਨੂੰ ਸੱਟ ਵੱਜਦੀ ਏ। ਸਮਾਜ 'ਤੇ ਕਾਬਜ ਧਿਰਾ ਪੀੜਤ ਧਿਰਾਂ ਨੂੰ ਦਬਾਉਣ ਲਈ ਹਰ ਯਤਨ ਕਰਦੀਆਂ ਨੇ। ਇਥੋਂ ਹੀ ਤਣਾਓ ਪੈਦਾ ਹੁੰਦਾ ਏ। ਇਹ ਮੇਰੇ ਸਮਕਾਲ ਦਾ ਸੱਚ ਰਿਹਾ ਏ। ਜਿਹੜਾ ਮੈਂ ਆਪਣੀ ਸਿਰਜਣਕਾਰੀ ਵਿਚ ਪੇਸ਼ ਕੀਤਾ ਏ। ਵੇਹੜਿਆ ਦੇ ਮਰਦ ਪਾਤਰਾਂ ਦਾ ਆਪਸੀ ਵਿਰੋਧ, ਇਕ ਦੂਜੇ ਪ੍ਰਤੀ ਵਿਹਾਰ, ਉਨ੍ਹਾਂ ਦੀਆਂ ਆਪਣੀਆਂ ਆਰਥਿਕਤਾਂ ਨੂੰ ਲੈ ਕੇ ਕੰਟਾਡੰਕਸ਼ਨ ਸਹਿਜ ਗਤੀ ਨਾਲ ਆਉਣ ਲੱਗ ਪਈਆਂ ਸਨ। ਜਦੋਂ ਮੈਂ ਵਿਹੜਿਆਂ ਦੀ ਸਮਾਜਿਕ ਬਣਤਰ ਨੂੰ ਸਮਝਣ ਲੱਗਾ ਤਾਂ ਮੈਂ ਵੇਖਿਆ ਕਿ ਇਹ ਦਲਿਤ ਸਮਾਜ ਤਾਂ ਆਪਸ ਵਿਚ ਬਹੁਤ ਵਖਰੇਵੇਂ ਰੱਖਦਾ ਏ। ਇਨ੍ਹਾਂ ਵਖਰੇਵਿਆਂ ਨੂੰ ਲੈ ਕੇ ਉਨ੍ਹਾਂ ਵਿਚ ਬਹੁਤ ਜਿਆਦਾ ਇਨਰ ਕੰਟਾਡੰਕਸ਼ਨ ਨੇ। ਇਹ ਇਕ ਦੂਜੇ ਪ੍ਰਤੀ ਵਿਰੋਧ ਦੀ ਸੰਸਕ੍ਰਿਤੀ ਉਸਾਰ ਕੇ ਆਪਣੇ ਆਪ ਨੂੰ ਪਾੜ ਰਹੇ ਨੇ। ਅਗਲੀਆਂ ਕਹਾਣੀਆਂ ਦੀ ਸਿਰਜਣਕਾਰੀ ਵਿਚ ਮੈਂ ਸਮਕਾਲ ਦੇ ਇਨ੍ਹਾਂ ਪ੍ਰਸੰਗਾ ਨੂੰ ਲੈ ਕੇ ਆਇਆ। ਮੈਂ ਵੇਖਿਆ ਕਿ ਕਾਸਟ ਕਨਵਰਸ਼ਨ ਦਲਿਤ ਸਮਾਜ ਦੀਆਂ ਜੜ੍ਹਾਂ ਨੂੰ ਲੱਗਾ ਇਕ ਅਜਿਹਾ ਕੀੜਾ ਏ ਜਿਹੜਾ ਉਹਦੀਆਂ ਜੜ੍ਹਾਂ ਨੂੰ ਖਾ ਕੇ ਦਲਿਤ ਸਮਾਜ ਦੇ ਦਰੱਖਤ ਨੂੰ ਦਿਨੋਂ ਦਿਨ ਖੋਖਲਾ ਕਰ ਰਿਹਾ ਏ। ਮੇਰੇ ਸਾਹਮਣੇ ਸਮਕਾਲ ਦੇ ਇਹ ਬਹੁਤ ਵੱਡੇ ਸਵਾਲ ਸਨ। ਮੈਂ ਆਪਣੇ ਇਰਦ-ਗਿਰਦ ਦੇ ਦਲਿਤ ਕਹਾਣੀਕਾਰਾਂ ਵੱਲ ਵੇਖਿਆ ਤਾਂ ਮਹਿਸੂਸ ਕੀਤਾ ਦਲਿਤ ਸਮਾਜ ਦੇ ਇਸ ਵਰਤਾਰੇ ਨੂੰ ਕੋਈ ਕਹਾਣੀਕਾਰ ਫੜ ਨਹੀਂ ਰਿਹਾ। ਮੈਂ ਇਨ੍ਹਾਂ ਨੂੰ ਸੁਚੇਤ ਹੋ ਕੇ ਤਾਂ ਨਹੀਂ ਫੜਿਆ, ਪਰ ਏਸ ਮਸਲੇ ਨੂੰ ਗੰਭੀਰਤਾ ਨਾਲ ਸਮਝਣ ਦਾ ਯਤਨ ਕਰਨ ਲੱਗ ਪਿਆ। ਸਮਕਾਲ ਦੇ ਇਸ ਵਰਤਾਰੇ ਦੀਆਂ ਜੜ੍ਹਾਂ ਇਤਿਹਾਸ ਵਿਚ ਪਈਆਂ ਸਨ। ਸੋ ਮੇਰਾ ਦਲਿਤ ਸਮਾਜ ਦੀ 'ਜੜ੍ਹ ਸਾਂਸਕ੍ਰਿਤੀ' ਵੱਲ ਉਲਾਰ ਹੋਣਾ ਸੁਭਾਵਿਕ ਸੀ। ਮੇਰੇ ਸਾਹਮਣੇ ਦਲਿਤ ਸਮਾਜ ਦੇ ਜਿਹੜੇ ਨਵੇਂ ਪਸਾਰ ਸਨ। ਉਨ੍ਹਾਂ ਪਸਾਰਾਂ ਵਿਚੋਂ ਮੈਂ ਪਾਤਰਾਂ ਦੀ ਤਲਾਸ਼ ਕਰਨ ਲੱਗ ਪਿਆ ਸਾਂ। ਮੇਰੇ ਸਾਹਮਣੇ ਭੰਗੀ ਸਮਾਜ ਦਾ ਇਕ ਪਾਤਰ ਆ ਖੜਦਾ ਏ। ਮੈਂ ਸਮਕਾਲ ਦੀਆਂ ਘਟਨਾਵਾਂ ਦੇ ਇਤਿਹਾਸਕ ਪ੍ਰਸੰਗਾਂ ਨੂੰ ਲੈ ਕੇ ਉਹਦੇ ਇਰਦ-ਗਿਰਦ ਭੰਗੀ ਸਮਾਜ ਦੇ ਵੇਰਵੇ ਸਾਹਿਜ ਰੂਪ ਵਿਚ ਜੋੜਨ ਲੱਗ ਪਿਆ ਸਾਂ। ਮੈਂ ਉਹਦੇ ਸਮਕਾਲ ਦੇ ਸਰੂਪ ਨੂੰ ਉਹਦੀਆਂ ਜੜ੍ਹਾਂ ਤੋਂ ਵੇਖਣਾ ਸ਼ੁਰੂ ਕਰਦਾ ਹਾਂ। ਮੈਂ ਉਸ ਪਾਤਰ ਨੂੰ ਇਤਿਹਾਸਕ ਪ੍ਰਸੰਗ ਵਿਚ ਉਸਾਰਨ ਲੱਗ ਪਿਆ ਸਾਂ। ਉਸ ਪਾਤਰ ਦੀ ਜਿਹੜੀ ਕਹਾਣੀ ਬਣੀ, ਉਹ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਸੀ। ਏਸ ਕਹਾਣੀ ਵਿਚ ਮੈਂ ਵਾਲਮੀਕੀ ਸਮਾਜ ਵਿਚ ਹੋ ਰਹੀ ਕਾਸਟ ਕਨਵਰਸ਼ਨ ਦੀ ਹੋਣੀ ਨੂੰ ਵੱਡੇ ਪ੍ਰਸੰਗ ਵਿਚ ਲੈ ਕੇ ਆਂਦਾ। ਉਸ ਤੋਂ ਉਪਰੰਤ 'ਕੁੰਭੀ ਨਰਕ' ਵਿਚ ਭੰਗੀ ਸਮਾਜ ਦੇ ਕਨਵਰਸ਼ਨ ਦੇ ਰਹਿ ਗਏ ਪਸਾਰ ਮੇਰੇ ਸਾਹਮਣੇ ਆ ਗਏ। ਇਹ ਸਮਕਾਲ ਦਾ ਅਜਿਹਾ ਪੱਖ ਸੀ, ਜਿਸ ਪੱਖ ਨੂੰ ਸਿਰਜਣਕਾਰੀ ਦਾ ਅੰਗ ਬਣਾਉਣਾ ਮੈਂ ਜ਼ਰੂਰੀ ਸਮਝਿਆ।

ਦਲਿਤ ਸਮਾਜ ਦਾ ਇਕ ਸੈਕਸ਼ਨ ਆਦਿ ਧਰਮੀ ਬਰਾਦਰੀ ਦਾ ਏ। ਜਿਸ ਸਮਾਜ ਵਿਚ ਮੈਂ ਜਨਮਿਆ। ਇਸ ਬਰਾਦਰੀ ਨੇ ਪੰਜਾਬ ਦੇ ਸਮੁੱਚੇ ਸਮਾਜ ਵਿਚ ਆਪਣੀ ਸਮਰੱਥਾ ਨਾਲ ਆਪਣੀ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਸਰਕਾਰੀ ਰੋਜਗਾਰ ਵਿਚ ਚੰਗੀ ਸਪੇਸ ਲਈ ਹੋਈ ਏ। ਇਸ ਸਮਾਜ ਦੀ ਅੰਦਰੂਨੀ ਬਣਤਰ ਆਪਣੀ ਕਿਸਮ ਦੀ ਏ। ਇਸ ਬਣਤਰ ਨੂੰ ਮੈਂ ਬਚਪਨ ਤੋਂ ਵੇਖਦਾ ਆ ਰਿਹਾ ਸਾਂ। ਸਮਝ ਰਿਹਾ ਸਾਂ। ਏਸ ਦਲਿਤ ਸਮਾਜ ਦੀ ਸਮਾਜਿਕ ਬਣਤਰ ਵਿਚੋਂ ਮੈਂ ਵਧੇਰੇ ਕਹਾਣੀ ਦੇ ਪਾਤਰ ਲਏ ਨੇ। ਮੇਰੀ ਸਿਰਜਣਕਾਰੀ ਵਿਚ ਇਕੱਲੇ ਪਾਤਰ ਹੀ ਨਹੀਂ ਆਏ ਬਲਕਿ ਪੂਰੀ ਸਮਾਜਿਕ ਬਣਤਰ ਅਤੇ ਪਰਿਵਾਰਾਂ ਦਾ ਕਲਚਰ, ਬਰੀਕ ਤੋਂ ਬਰੀਕ ਵੇਰਵੇ ਵੀ ਆਏ ਨੇ। ਇਹ ਵੇਰਵੇ ਤਾਂ ਆਉਣੇ ਹੀ ਸਨ। ਕਿਉਂਕਿ ਇਹ ਮੇਰੇ ਅਨੁਭਵ ਦਾ ਹਿੱਸਾ ਰਿਹਾ ਏ। 'ਜੜ੍ਹਾਂ', 'ਸੁੱਕੀਆਂ ਕੁੰਨ੍ਹਾ' ਅਤੇ 'ਆਦੀ ਡੰਕਾ' ਇਨ੍ਹਾਂ ਅਨੁਭਵਾ ਵਿਚੋਂ ਨਿਕਲਦੀਆਂ ਨੇ। ਇਨ੍ਹਾਂ ਤਿੰਨ ਕਹਾਣੀਆਂ ਵਿਚ ਮੈਂ ਚਮਾਰ ਉਪ ਜਾਤੀ ਦੀ ਅੰਦਰੂਨੀ ਸਮਾਜਿਕ ਬਣਤਰ ਨੂੰ ਇਤਿਹਾਸਕ ਪ੍ਰਸੰਗਾਂ ਵਿਚ ਪੇਸ਼ ਕੀਤਾ ਏ। ਇਹ ਦਲਿਤ ਸਮਾਜ ਦੀ ਅੰਦਰੂਨੀ ਬਣਤਰ ਵੇਖਣ ਦੇ ਬਿਲਕੁਲ ਨਵੇਂ ਪਸਾਰ ਨੇ। ਮੇਰੀ ਸਿਰਜਣਕਾਰੀ ਦੇ ਵੀ ਨਵੇਂ ਪਸਾਰ ਬਣ ਕੇ ਉਭਰਦੇ ਨੇ। ਏਸੇ ਉਪ ਜਾਤੀ ਦੇ ਨਵੇਂ ਪਸਾਰ ਹੋਰ ਮੇਰੇ ਸਾਹਮਣੇ ਆਉਂਦੇ ਨੇ। ਭਾਵੇਂ ਕਿ ਇਹ ਪਸਾਰ ਤੇ ਪ੍ਰਸੰਗਾਂ ਨੂੰ ਮੈਂ ਬਚਪਨ ਵਿਚ ਵੇਖਦਾ ਆ ਰਿਹਾ ਸਾਂ। ਪਰ ਉਸ ਵੇਲੇ ਇਹ ਪ੍ਰਸੰਗ ਮੇਰੇ ਲਈ ਅਹਿਮ ਬਣ ਜਾਂਦੇ ਨੇ ਜਦੋਂ ਮੈਂ ਵੇਖਦਾ ਸਾਂ ਕਿ ਮੇਰੇ ਪਿੰਡ ਦੇ ਚਮੜਾ ਰੰਗਣ ਵਾਲੇ ਚਮਾਰ ਦੇ ਹੱਥਾਂ ਵਿਚੋਂ ਉਨ੍ਹਾਂ ਦਾ ਕਿੱਤਾ ਖਿਸਕਦਾ ਜਾ ਰਿਹਾ ਏ। ਨਵੀਆਂ ਨੀਤੀਆਂ ਕਾਰਨ ਇਹ ਕਿੱਤਾ ਪਿੰਡ ਵਿਚੋਂ ਬਦਲ ਕੇ ਚਮੜਾ ਉਦਯੋਗ ਵਿਚ ਜਰਨਲ ਸ੍ਰੇਣੀ ਦੇ ਹੱਥਾਂ ਵਿਚ ਚਲੇ ਜਾਂਦਾ ਏ। ਮਾਲਕ ਉੱਥੇ ਕਾਮਿਆ 'ਚ ਤਬਦੀਲ ਹੋ ਜਾਂਦੇ ਨੇ। ਉਪਰੰਤ ਮੈਂ ਏਸ ਵੇਲੇ ਦੇ ਸਮਕਾਲ ਵਿਚ ਵਾਪਰ ਰਹੇ ਦੁਖਾਂਤ ਨੂੰ ਵੇਖਦਾ ਸਾਂ। ਮਹਿਸੂਸ ਕਰਦਾ ਸਾਂ। ਇਸ ਸਾਰੇ ਵਰਤਾਰੇ ਨੂੰ ਮੈਂ ਇਤਿਹਾਸਕ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਨ ਲੱਗਦਾ ਸਾਂ। ਤਾਂ ਮੇਰੇ ਜ਼ਿਹਨ ਵਿਚ ਇਕ ਪਾਤਰ ਮੇਰੇ ਸਾਹਮਣੇ ਆ ਖੜਦਾ ਏ। ਮੈਂ ਇਹ ਪਾਤਰ ਆਪਣੀ ਕਲਪਨਾ ਨਾਲ ਆਪਣੇ ਨਾਨੇ ਵਿਚੋਂ ਉਸਾਰਦਾ ਹਾਂ। ਉਸ ਰਾਹੀਂ ਮੈਂ ਦਲਿਤਾਂ ਦੇ ਪਿਤਾ ਪੁਰਖੀ ਕਿੱਤੇ ਦੇ ਨਿਘਾਰ ਦੀ ਕਹਾਣੀ ਸਮਝਣ ਲੱਗ ਪੈਂਦਾ ਹਾਂ। ਕਹਾਣੀ ਵਿਚ ਉਹ ਚਮੜਾ ਰੰਗਣ ਦੇ ਦ੍ਰਿਸ਼ ਬੜੇ ਸਾਹਿਜ ਰੂਪ ਵਿਚ ਆਉਂਦੇ ਨੇ। ਇਹ ਕਹਾਣੀ 'ਸੁੱਕੀਆਂ ਕੁੰਨਾਂ' ਨਾਂ ਨਾਲ ਮੈਂ ਪੂਰੀ ਕਰਕੇ ਪੰਜਾਬੀ ਪਾਠਕਾਂ ਨੂੰ ਪੜ੍ਹਨ ਲਈ ਦਿੰਦਾ ਹਾਂ। ਇਹ ਕਹਾਣੀ ਦਲਿਤਾਂ ਦੇ ਨਵੇਂ ਪ੍ਰਸੰਗਾਂ ਨੂੰ ਖੋਲ੍ਹਦੀ ਏ। ਏਸ ਦੌਰਾਨ ਮੈਂ ਜਾਤੀ ਵਿਤਕਰੇ ਤੇ ਤਣਾਓ ਨੂੰ ਵੀ ਪੇਂਡੂ ਸਿਸਟਮ ਦੇ ਪ੍ਰਸੰਗ 'ਚ ਰੱਖ ਕੇ ਸਮਝਣਾ ਚਾਹੁੰਦਾ ਸਾਂ। ਪਿੰਡਾਂ ਦੇ ਜਾਤੀ ਵਿਤਕਰੇ ਵਾਲੇ ਪੰਚਾਇਤੀ ਸਿਸਟਮ ਮੇਰੀਆਂ ਪਹਿਲੀਆਂ ਇਕ ਦੋ ਕਹਾਣੀਆਂ ਵਿਚ ਆਏ ਨੇ ਪਰ ਮੇਰੇ ਜ਼ਿਹਨ ਵਿਚ ਇਸ ਦੇ ਨਵੇਂ ਪ੍ਰਸੰਗ ਆਉਣ ਲੱਗ ਪਏ ਸਨ। ਇਸ ਪ੍ਰਸੰਗ ਵਿਚ 'ਧੂੜ' ਕਹਾਣੀ ਦੀ ਸਿਰਜਣਾ ਹੋਈ। ਜਿਸ 'ਤੇ 'ਚੰਮ' ਫਿਲਮੀ ਬਣੀ। ਇਹ ਸਮਕਾਲ ਵਿਚ ਬਣ ਰਹੀ ਨਵੀਂ ਦਰਜੇਬੰਦੀ ਦੀ ਕਹਾਣੀ ਏ। ਕਹਾਣੀ ਦਾ ਬਿਰਤਾਂਤ ਸਰਪੰਚ ਦੀ ਚੋਣ ਦੇ ਇਰਦ ਗਿਰਦ ਘੁੰਮਦਾ ਏ। ਪਰ ਕਹਾਣੀ ਵਿਚ ਜਿਹੜਾ ਮਰੇ ਡੰਗਰਾਂ ਦੀਆਂ ਖੱਲ੍ਹਾ ਲਾਹੁਣ ਵਾਲਾ ਪਰਿਵਾਰ ਏ, ਉਹਦੀ ਸੁਰ ਨਾਬਰੀ ਦੀ ਸੁਰ ਏ। ਜਿਹੜਾ ਸੰਕਟ ਦਾ ਕਾਰਨ ਬਣਦੀ ਏ। ਦੋ ਧਿਰਾਂ ਜਦੋਂ ਆਪਣੀ ਆਪਣੀ ਪੁਜ਼ੀਸ਼ਨ ਵਿਚ ਖੜੀਆਂ ਹੁੰਦੀਆਂ ਹਨ, ਮੈਂ ਕਹਾਣੀ ਰਾਹੀ ਸਾਮਕਾਲ ਦੇ ਪ੍ਰਸੰਗ ਵਿਚ ਕਹਾਣੀ ਦੇ ਬਿਰਤਾਂਤ ਰਾਹੀ ਦੱਸਣਾ ਚਾਹੁੰਦਾ ਹਾਂ ਕਿ ਦਲਿਤ

ਧਿਰਾ ਕੇਵਲ ਅੰਬੇਡਕਰ ਦੇ ਚਿੰਤਨ ਨਾਲ ਅੱਗੇ ਨਹੀਂ ਵਧ ਸਕਦੀਆਂ, ਬਲਕਿ ਖੱਬੇ ਪੱਖੀ ਧਿਰਾਂ ਤੇ ਮਾਰਕਸ ਤੇ ਅੰਬੇਡਕਰ ਦੀ ਧਾਰਾ ਇਕ ਦੂਜੇ ਨੂੰ ਨਾਲ ਲੈ ਕੇ ਚੱਲਣ ਤਾਂ ਮਸਲੇ ਦਾ ਹੱਲ ਕਿਤੇ ਲੱਭ ਸਕਦਾ ਏ। ਇਹ ਸਮਕਾਲ ਦਾ ਯਥਾਰਥ ਏ। ਰਵਿਦਾਰ, ਅੰਬੇਡਕਰ, ਭਗਤ ਸਿੰਘ ਤੇ ਕਾਰਲ ਮਾਰਕਸ ਦੀਆਂ ਫੋਟੋਆਂ ਦਾ ਇਕ ਥਾਂ ਲਾਉਣਾ। ਸਾਰੀਆਂ ਵਿਚਾਰਧਾਰਾ ਨੂੰ ਇਕੱਠਾ ਕਰਨ ਦਾ ਚਿਹਨ ਏ। ਇਹ ਚਿਹਨ ਸਮਕਾਲ ਵਿਚੋਂ ਉਭਰਿਆ ਏ।

ਦਲਿਤ ਸਮਾਜ ਵਿਚੋਂ ਆਏ ਲੇਖਕ, ਕਲਾਕਾਰ ਅਤੇ ਸਮਾਜ ਵਿਗਿਆਨੀ ਵੱਲੋਂ ਦਲਿਤ ਮਸਲਿਆਂ ਤੇ ਕੀਤਾ ਬੌਧਿਕ ਸੰਵਾਦ ਅੱਜ ਸਮਕਾਲ ਦਾ ਅਹਿਮ ਅੰਗ ਏ। ਸਮਕਾਲ ਦੇ ਏਸ ਪ੍ਰਸੰਗ ਨੂੰ ਮੈਂ ਬਹੁਤ ਧਿਆਨ ਨਾਲ ਵੇਖ ਤੇ ਸਮਝ ਰਿਹਾ ਸਾਂ। ਇਨ੍ਹਾਂ ਪ੍ਰਸੰਗਾਂ ਨੂੰ ਲੈ ਕੇ ਮੈਂ ਕੋਈ ਅਜਿਹਾ ਪਾਤਰ ਲੱਭ ਰਿਹਾ ਸਾਂ ਜਿਸ ਰਾਹੀਂ ਮੈਂ ਆਰਟ ਨੂੰ ਲੈ ਕੇ, ਕਲਾ ਨੂੰ ਲੈ ਕੇ ਅਤੇ ਇਤਿਹਾਸ ਨੂੰ ਲੈ ਕੇ ਸਮਕਾਲ ਦੀਆਂ ਘਟਨਾਵਾਂ ਨੂੰ ਫੜ ਸਕਾਂ। ਮੇਰੇ ਅੱਗੇ ਇਕ ਦਲਿਤ ਪਾਤਰ ਆ ਖੜਦਾ ਏ। ਜਿਹੜਾ ਆਪਣੀ ਪੇਟਿੰਗ ਰਾਹੀਂ ਦਲਿਤ ਇਤਿਹਾਸਕਾਰੀ ਕਰਦਾ ਆ ਰਿਹਾ ਏ। ਉਹ ਇਕ ਪ੍ਰਤੀਬੱਧ ਕਲਾਕਾਰ ਮੇਰੇ ਜ਼ਿਹਨ ਵਿਚ ਬਣਦਾ ਏ। ਇਹ ਪਾਤਰ ਮੈਂ ਆਪਣੀ ਕਲਪਨਾ ਸ਼ਕਤੀ ਰਾਹੀਂ ਦਲਿਤ ਸਮਾਜ ਦੀ ਚਿੱਤਰਕਾਰੀ ਕਰਦੇ ਆ ਰਹੇ ਚਿੱਤਰਕਾਰਾਂ ਵਿਚੋਂ ਇਕ ਨਵਾਂ ਪਾਤਰ ਸਿਰਜਦਾ ਹਾਂ। ਜਿਸ ਰਾਹੀਂ ਮੈਂ ਸਮਾਜ ਦੇ ਮਸਲਿਆ ਨੂੰ ਉਭਾਰ ਸਕਾਂ। ਕੋਸ਼ਿਸ਼ ਇਹ ਕਰਦਾ ਹਾਂ ਕਿ ਇਹ ਪਾਤਰ ਹੱਡ ਮਾਸ ਦਾ ਜਿਉਂਦਾ ਜਾਗਦਾ ਪਾਤਰ ਲੱਗੇ। ਮੇਰੀ ਇਸੇ ਸਿਰਜਣਾ ਦੀ ਸ਼ਕਤੀ ਨਾਲ ਇਕ ਪਾਤਰ ਬਣ ਜਾਂਦਾ ਏ ਜਿਹੜਾ ਮੇਰੀ ਕਹਾਣੀ 'ਰੰਗਾ ਦੀ ਸਾਂਝ ਸਮਾਜ ਵਿਗਿਆਨ' ਦਾ ਪਾਤਰ ਬਣਦਾ ਏ। ਉਹ ਪਾਤਰ ਅੰਤਰਜਾਤੀ ਵਿਆਹ ਕਰਵਾਉਂਦਾ ਏ। ਮੇਰੇ ਪਾਤਰ ਦੇ ਸਾਹਮਣੇ ਅੰਬੇਡਕਰ ਏ, ਜਿਹੜਾ ਅੰਤਰਜਾਤੀ ਵਿਆਹ ਰਾਹੀਂ ਜਾਤ ਪਾਤ ਨੂੰ ਤੋੜਨ ਦੀ ਇੱਛਾ ਰੱਖਦਾ ਏ। ਦੋਵੇਂ ਆਰਟ ਨਾਲ ਜੁੜੇ ਹੋਏ ਪਾਤਰ ਨੇ। ਦੋਹਾਂ ਦੀ ਚਿੱਤਰਕਾਰੀ ਆਪਣੇ ਆਪਣੇ ਪਰਿਵਾਰਕ ਪ੍ਰਸੰਗਾਂ ਤੇ ਚਿਹਨ, ਰਸਮਾਂ ਵਿਚੋਂ ਉਪਜਦੀ ਏ। ਔਰਤ ਹਿੰਦੂ ਸੰਸਕ੍ਰਿਤੀ ਵਿਚ ਜਵਾਨ ਹੋਈ ਔਰਤ ਏ। ਉਹ ਆਪਣੀ ਚਿੱਤਰਕਾਰੀ ਆਪਣੀ ਹਿੰਦੂ ਸੰਸਕ੍ਰਿਤੀ ਵਿਚੋਂ ਲੈਂਦੀ ਏ। ਅਤੇ ਦਲਿਤ ਪਾਤਰ ਦੀਆਂ ਜੜ੍ਹਾਂ ਦਲਿਤ ਸੰਸਕ੍ਰਿਤੀ ਵਿਚੋਂ ਆਉਂਦੀਆਂ ਨੇ। ਉਸ ਸਾਹਮਣੇ ਉੱਚ ਜਾਤੀ ਹੱਥੋਂ ਪੀੜਤ ਦਲਿਤ ਲੋਕਾਂ ਦੀ ਸੰਸਕ੍ਰਿਤੀ ਏ, ਜਿਸ ਨੂੰ ਅਧਾਰ ਬਣਾ ਕੇ ਉਹ ਚਿੱਤਰਕਾਰੀ ਕਰਦਾ ਏ। ਉਹ ਬੜੇ ਪਿਆਰ ਨਾਲ ਇਕ ਛੱਤ ਥੱਲੇ ਰਹਿੰਦੇ ਨੇ। ਹੌਲੀ-ਹੌਲੀ ਉਨ੍ਹਾਂ ਵਿਚ ਆਪਣੀ-ਆਪਣੀ ਸੰਸਕ੍ਰਿਤੀ ਨੂੰ ਲੈ ਕੇ, ਸਮਾਜ ਵਿਚ ਮਿਲ ਰਹੀ ਮਾਨਤਾ ਨੂੰ ਲੈ ਕੇ ਦਰਾੜ ਪੈਦਾ ਹੋਣ ਲੱਗ ਪੈਂਦੀ ਏ। ਮੈਂ ਕਹਾਣੀ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਰੰਗਾਂ ਦੀ ਸਾਂਝ ਕਿਵੇਂ ਦੋਹਾਂ ਵਿਚਕਾਰ ਸਮਾਜਿਕ ਤੇ ਪਰਿਵਾਰਕ ਸਾਂਝ ਨਹੀਂ ਬਣਦੀ। ਇਹ ਸਮਕਾਲ ਦਾ ਵਰਤਾਰਾ ਏ। ਪਰ ਇਸ ਸਾਰੇ ਵਰਤਾਰੇ ਨੂੰ ਮੈਂ ਇਤਿਹਾਸਿਕ ਪ੍ਰਸੰਗ ਵਿਚੋ ਲੱਭ ਕੇ ਸਮਝਿਆ ਏ।

ਸੋ ਸਮਕਾਲ ਨੂੰ ਕਹਾਣੀ ਰਾਹੀ ਸਮਝਣ ਦੀ ਮੇਰੀ ਇਹ ਸਪੱਸਟ ਸਮਝ ਰਹੀ ਏ। ਮੇਰੀਆਂ ਇਨ੍ਹਾਂ ਧਾਰਨਾਵਾਂ ਨੂੰ ਸਾਹਮਣੇ ਰੱਖ ਕੇ ਜਦੋਂ ਪਾਠਕ ਮੇਰੀਆਂ ਕਹਾਣੀਆਂ ਨੂੰ ਪੜ੍ਹਨਗੇ ਤਾਂ ਮੇਰੇ ਸਮਾਜ ਦੇ ਸਮਕਾਲੀ ਸੱਚ ਨੂੰ ਸਮਝਣ ਦੇ ਸਮਰੱਥ ਹੋ ਸਕਣਗੇ।

***

# ਸਮਕਾਲ ਤੇ ਮੇਰੀ ਕਹਾਣੀ ਸਿਰਜਣਕਾਰੀ

**-ਹਰਪ੍ਰੀਤ ਸੇਖਾ**

ਮੇਰੀ ਸਿਰਜਣਕਾਰੀ ਸਮਕਾਲ ਦੇ ਬਹੁਤ ਹੀ ਸੀਮਤ ਦਾਇਰੇ 'ਤੇ ਕੇਂਦ੍ਰਿਤ ਹੈ। ਜਿਆਦਾਤਰ ਇਸ ਘੇਰੇ ਦੇ ਸਮਾਜਕ ਸਰੋਕਾਰ ਹੀ ਮੇਰੇ ਤੋਂ ਸਿਰਜਣਕਾਰੀ ਕਰਵਾਉਂਦੇ ਹਨ। ਸਿਆਸੀ ਗੰਦਲਾਪਨ, ਪੰਜਾਬੀ ਸਾਹਿਤਕ ਪ੍ਰਦੂਸ਼ਣ ਤੇ ਤਕਨਾਲੋਜੀ ਦੇ ਮਨੁੱਖ 'ਤੇ ਪ੍ਰਭਾਵ ਮੇਰੀ ਸੰਵੇਦਨਾ ਨੂੰ ਟੁੰਬਦੇ ਤਾਂ ਹਨ ਪਰ ਮੇਰੀ ਸਿਰਜਣਕਾਰੀ ਦਾ ਹਿੱਸਾ ਨਹੀਂ ਬਣਦੇ।

ਹੁਣ ਤੱਕ ਮੇਰੀਆਂ ਚਾਲੀ ਕੁ ਕਹਾਣੀਆਂ ਛਪੀਆਂ ਹਨ। ਸਾਰੀਆਂ ਕਹਾਣੀਆਂ ਹੀ ਮੇਰੇ ਸਮਕਾਲ ਦੀਆਂ ਹਨ। ਜਿਸ ਸਮੇਂ ਵਿੱਚੋਂ ਮੈਂ ਗੁਜ਼ਰ ਰਿਹਾ ਹੁੰਦਾ ਹਾਂ, ਉਸ ਦੌਰ ਦੀ ਹੀ ਕਹਾਣੀ ਲਿਖਦਾ ਹਾਂ। ਜੇ ਕਿਸੇ ਕਹਾਣੀ ਵਿੱਚ ਕੋਈ ਇਤਿਹਾਸਕ ਪਾਤਰ ਹੈ ਵੀ ਤਾਂ ਉਹ ਸਮਕਾਲ ਨਾਲ ਜੋੜਕੇ ਪੇਸ਼ ਕੀਤਾ ਗਿਆ ਹੈ। ਮੈਂ ਕਹਾਣੀਆਂ ਰਾਹੀਂ ਮਨੁੱਖੀ ਮਨ ਅਤੇ ਆਪਣੇ ਸਮਕਾਲ ਨੂੰ ਸਮਝਣ ਅਤੇ ਪਕੜਣ ਦੀ ਕੋਸ਼ਿਸ਼ ਕਰਦਾ ਹਾਂ। ਕੁਝ ਕਹਾਣੀਆਂ ਤਤਕਾਲੀ ਘਟਨਾਵਾਂ ਤੋਂ ਤੁਰੰਤ ਬਾਅਦ ਹੋਂਦ ਵਿੱਚ ਆ ਗਈਆਂ। ਜਿਵੇਂ ਅਮਰੀਕੀ ਰਾਸ਼ਟਰਪਤੀ ਜਾਰਜ਼ ਬੁਸ਼ ਦੇ ਰਸਾਇਣਕ ਹਥਿਆਰਾਂ ਦਾ ਬਹਾਨਾ ਬਣਾਕੇ ਇਰਾਕ ਉੱਪਰ ਹਮਲੇ ਤੋਂ ਬਾਅਦ 'ਲਾਵਾ' ਕਹਾਣੀ ਨੇ ਜਨਮ ਲਿਆ। ਇਸ ਕਹਾਣੀ ਵਿੱਚ ਇੱਕ ਬਜ਼ੁਰਗ ਜੋੜੇ ਨੂੰ ਧਮਕਾ ਕੇ ਉਨ੍ਹਾਂ ਦੇ ਗੁਆਂਢ ਵਿੱਚ ਇੱਕ ਗੁੰਡਾ ਨਜਾਇਜ਼ 'ਆਫਟਰ ਆਵਰ ਕਲੱਬ' ਖੋਲ੍ਹਦਾ ਹੈ। ਕਹਾਣੀ ਵਿੱਚ ਉਸਦੀ ਬੁਰਸ਼ਾਗਰਦੀ ਨੂੰ ਜੌਰਜ਼ ਬੁਸ਼ ਨਾਲ ਜੋੜਕੇ ਪੇਸ਼ ਕੀਤਾ ਗਿਆ ਹੈ। ਕਹਾਣੀ 'ਅੰਦਰ ਬੈਠੇ ਡਰ' ਅਮਰੀਕਾ ਦੇ ਜੌੜੇ ਟਾਵਰਾਂ 'ਤੇ ਹੋਏ ਹਮਲੇ ਤੋਂ ਕੁਝ ਦਿਨ ਬਾਅਦ ਲਿਖੀ ਗਈ। ਇਹ ਕਹਾਣੀ ਮੁਸਲਿਮ ਭਾਈਚਾਰੇ ਨਾਲ ਸਬੰਧਤ ਵੈਨਕੂਵਰ ਦੀ ਇੱਕ ਗਰਭਵਤੀ ਔਰਤ ਦੀ ਕਹਾਣੀ ਹੈ, ਜਿਹੜੀ ਸੰਨ 1992-93 ਦੇ ਬੰਬਈ ਦੰਗਿਆਂ ਤੋਂ ਪੀੜਤ ਸੀ। ਇਸ ਕਹਾਣੀ ਰਾਹੀਂ ਉਸ ਔਰਤ ਅੰਦਰ ਬੈਠੈ ਡਰਾਂ ਨੂੰ ਫੜਣ ਦੀ ਕੋਸ਼ਿਸ਼ ਕੀਤੀ।

ਸੰਨ 2011 ਵਿੱਚ ਵੈਨਕੂਵਰ ਦੀ ਆਈਸ ਹਾਕੀ ਟੀਮ ਦੇ ਸਟੈਨਲੀ ਕੱਪ ਦਾ ਫਾਈਨਲ ਮੈਚ ਹਾਰਨ ਤੋਂ ਬਾਅਦ ਨਿਰਾਸ਼ ਹਾਕੀ ਪ੍ਰੇਮੀਆਂ ਨੇ ਸ਼ਹਿਰ ਵਿੱਚ ਭੰਨ-ਤੋੜ ਕੀਤੀ। ਕਹਾਣੀ 'ਸੂਰਾ ਸੋ ਪਹਿਚਾਨੀਐ' ਅਜੇਹੀਆਂ ਘਟਨਾਵਾਂ ਦੇ ਪਿੱਛੇ ਕੰਮ ਕਰਦੀ ਮਾਨਸਿਕਤਾ ਅਤੇ ਮਾਹੌਲ ਨੂੰ ਫੜਣ ਦੀ ਕੋਸ਼ਿਸ਼ ਕਰਦੀ ਹੈ।

ਵੈਨਕੂਵਰ ਵਿੱਚ ਇਸ ਸਦੀ ਦੇ ਪਹਿਲੇ ਦਹਾਕੇ ਵਿੱਚ ਉੱਪਰ-ਥਲੀ ਬਹੁਤ ਸਾਰੀਆਂ ਪੰਜਾਬੀ ਔਰਤਾਂ ਦੇ ਉਨ੍ਹਾਂ ਦੇ ਘਰਦਿਆਂ ਵੱਲੋਂ ਕਤਲ ਕੀਤੇ ਜਾਂ ਕਰਵਾਏ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ। ਇਨ੍ਹਾਂ ਵਿੱਚੋਂ ਬਹੁਤੇ ਕਤਲ ਅਖ਼ੌਤੀ 'ਆਨਰ ਕਿਲਿੰਗ' ਨਾਲ ਸਬੰਧਿਤ ਸਨ। ਉਨ੍ਹਾਂ ਦਿਨਾਂ 'ਚ ਹੀ ਦੇਸੀ ਰੇਡੀਓ ਉੱਪਰ ਸੁੱਚੇ ਸੂਰਮੇ ਦੀ ਵੱਜਦੀ ਵਾਰ ਸੁਣਕੇ ਕਤਲ ਹੋਈਆਂ ਔਰਤਾਂ ਦੀਆਂ ਖ਼ਬਰਾਂ ਵਿੱਚੋਂ ਹੀ ਇੱਕ ਖ਼ਬਰ ਨਾਲ ਜੁੜਕੇ ਕਹਾਣੀ 'ਇੱਕ ਹੋਰ ਸੁੱਚਾ ਸਿੰਘ' ਜਨਮ ਲੈਣ ਲੱਗੀ। ਕਹਾਣੀ ਵਿੱਚ ਸੁੱਚੇ ਸੂਰਮੇ ਦੇ ਸਮਾਨਅੰਤਰ ਅਜੇਹਾ ਪੰਜਾਬੀ ਮਰਦ ਖੜ੍ਹਦਾ ਹੈ, ਜਿਹੜਾ ਆਪਣੀ ਅਣਜੋੜ ਵਿਆਹੁਤਾ ਦੀਆਂ ਭਾਵਨਾਵਾਂ ਨੂੰ ਸਮਝਕੇ, ਉਸ ਨੂੰ ਆਪਣੇ ਬਰਾਬਰ ਦਾ ਸਾਥ ਲੱਭਣ ਲਈ ਪ੍ਰੇਰਦਾ ਹੈ।

ਪਿਛਲੀ ਸਦੀ ਦੇ ਆਖਰੀ ਦਹਾਕੇ 'ਚ ਵੈਨਕੂਵਰ ਵਿੱਚ ਸ਼ੁਰੂ ਹੋਈ ਗੈਂਗਵਾਰ ਦੀ ਭੇਂਟ ਸੈਂਕੜੇ ਪੰਜਾਬੀ ਮੂਲ ਦੇ ਨੌਜਵਾਨ ਚੜ੍ਹੇ। ਸ਼ੁਰੂ ਵਿੱਚ ਇਸ ਬਾਰੇ ਮੈਂ ਚਾਹਕੇ ਵੀ ਕੁਝ ਨਾ ਲਿਖ ਸਕਿਆ। ਪਰ ਹੁਣ, ਇਸ ਗੈਂਗਵਾਰ ਦੇ ਅਗਲੀ ਪੀੜ੍ਹੀ ਤੱਕ ਪਹੁੰਚਣ ਨਾਲ ਨਿੱਤ ਚੱਲਦੀ ਗੋਲੀ ਕਾਰਣ ਵੈਨਕੂਵਰ ਇਲਾਕੇ ਦੇ ਪੰਜਾਬੀ ਭਾਈਚਾਰੇ ਵਿੱਚ ਪੈਦਾ ਹੋਏ ਸਹਿਮ ਦੇ ਮਾਹੌਲ ਅਤੇ ਆਪਣੇ ਬੱਚਿਆਂ ਪ੍ਰਤੀ ਪੈਦਾ ਹੋਈ ਬੇਵਸਾਹੀ ਨੂੰ ਕਹਾਣੀ 'ਬੇਵਸਾਹੀ ਰੁੱਤ' ਰਾਹੀਂ ਫੜਣ ਦੀ ਕੋਸ਼ਿਸ਼ ਕੀਤੀ ਹੈ।

ਕਨੇਡਾ ਦੇ ਪੰਜਾਬੀ ਭਾਈਚਾਰੇ ਵਿੱਚ ਮੇਰੇ ਦੇਖਦਿਆਂ ਹੀ ਪਿਛਲੇ ਤੀਹ-ਬੱਤੀ ਸਾਲਾਂ ਵਿੱਚ ਵਿਆਹ ਸਮਾਗਮਾਂ ਵਿੱਚ ਵੱਡੀ ਤਬਦੀਲੀ ਆਈ ਹੈ। ਉਨ੍ਹਾਂ ਜੋੜਿਆਂ ਦੇ ਬੱਚਿਆਂ ਦੇ ਵਿਆਹ ਹੋਣ ਲੱਗੇ ਹਨ, ਜਿਨ੍ਹਾਂ ਨੂੰ ਮੈਂ ਪਾਈ ਪਾਈ ਜੋੜਕੇ ਮੁੱਢੋਂ ਘਰ ਬੰਨਦੇ ਦੇਖਿਆ ਸੀ। ਸਾਰੀ ਉਮਰ ਵਿੱਚ ਜੋੜੀ ਪੂੰਜੀ ਨੂੰ ਹਫਤਾ ਭਰ ਚਲਦੇ ਸਮਾਗਮਾਂ 'ਤੇ ਰੋੜ੍ਹਦਿਆਂ ਤੇ ਨਾਲ ਨਾਲ ਝੁਰਦਿਆਂ ਮੈਂ ਕਈਆਂ ਨੂੰ ਦੇਖਿਆ ਹੈ। ਸਮੇਂ ਦੇ ਇਸ ਪੱਖ ਨੂੰ ਕਹਾਣੀ 'ਵਿਆਹ' ਵਿੱਚ ਅੰਕਤ ਕਰਨ ਦਾ ਯਤਨ ਕੀਤਾ।

ਪਿਛਲੇ ਸਮੇਂ ਵਿੱਚ ਪੰਜਾਬ ਤੋਂ ਕਨੇਡਾ ਪ੍ਰਵਾਸ ਕਰਨ ਦੇ ਤਰੀਕਿਆਂ ਵਿੱਚ ਤਬਦੀਲੀ ਆਈ ਹੈ। ਵਿਕਸਤ ਦੇਸ਼ਾਂ ਨੇ ਵਿਦਿਅਕ ਅਦਾਰਿਆਂ ਨੂੰ ਕਮਾਈ ਦਾ ਸਾਧਨ ਬਣਾ ਲਿਆ ਹੈ ਅਤੇ ਵਿਕਾਸਸ਼ੀਲ ਦੇਸ਼ਾ ਦੇ ਨੌਜਵਾਨ ਇਸ ਸਾਧਨ ਨੂੰ ਪ੍ਰਵਾਸ ਕਰਨ ਦੇ ਢੰਗ ਵਜੋਂ ਵਰਤਣ ਲੱਗੇ ਹਨ। ਨਤੀਜਨ, ਪੰਜਾਬ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਵਜੋਂ ਨੌਜਵਾਨ ਕਨੇਡਾ ਆਉਣ ਲੱਗੇ ਹਨ। ਉਨ੍ਹਾਂ ਦੇ ਮਗਰ ਹੀ ਉਨ੍ਹਾਂ ਦੇ ਮਾਪੇ ਵਿਜ਼ਿਟਰ ਵਜੋਂ ਆਉਣ ਲੱਗੇ ਹਨ। ਇੱਥੇ ਆ ਕੇ ਉਹ ਗੈਰਕਾਨੂੰਨੀ ਢੰਗ ਨਾਲ ਕੰਮ ਕਰਦੇ ਹਨ। ਉਨ੍ਹਾਂ ਦੀ ਇਸ ਕਮਜ਼ੋਰੀ ਦਾ ਪੰਜਾਬੀ ਮੂਲ ਦੇ ਵਪਾਰੀ ਨਜ਼ਾਇਜ ਫਾਇਦਾ ਉਠਾਉਂਦੇ ਹਨ। ਇਸ ਮਾਹੌਲ ਨੂੰ ਫੜਣ ਲਈ ਤਿੰਨ ਕਹਾਣੀਆਂ ਵੀਡਜ਼, ਓਹ ਰਾਤ ਅਤੇ ਹਮਦਰਦ, ਹੋਂਦ ਵਿੱਚ ਆਈਆਂ।

ਇਸ ਸਦੀ ਦੇ ਪਹਿਲੇ ਦਹਾਕੇ ਤੱਕ ਪੰਜਾਬ ਤੋਂ ਕਨੇਡਾ ਵਿੱਚ ਪਰਵਾਸ ਦਾ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਤਰੀਕਾ ਵਿਆਹ ਹੀ ਸੀ। ਉਸ ਸਮੇਂ ਦੇ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' ਦੀਆਂ ਕਹਾਣੀਆਂ, ਲੋਕਾਚਾਰੀ, ਘੁੰਮਣਘੇਰ, ਤੇ ਬੀਜੀ ਮੁਸਕਰਾ ਪਏ ਇਸ ਵਿਸ਼ੇ ਨਾਲ ਸਬੰਧਿਤ ਹਨ । ਕਨੇਡਾ ਪਹੁੰਚਣ ਲਈ ਕੀਤੇ ਜਾਂਦੇ ਵਿਆਹਾਂ ਤੋਂ ਪੈਦਾ ਹੋਏ ਤਣਾਅ ਅਤੇ ਰਿਸ਼ਤਿਆਂ ਵਿੱਚ ਪੈਂਦੀਆਂ ਤ੍ਰੇੜਾ ਨੂੰ ਕਹਾਣੀਆਂ ਗਿਫਟ, ਕਿਤਾਬ ਵਿਚਲੇ ਫੁੱਲ ਅਤੇ ਪੈਂਗੁਇਨ ਪੇਸ਼ ਕਰਦੀਆਂ ਹਨ।

ਪੰਜਾਬ ਤੋਂ ਆਏ ਪ੍ਰਵਾਸੀਆਂ ਦੀਆਂ ਕਨੇਡਾ ਵਿੱਚ ਜਨਮੀ ਆਪਣੀ ਔਲਾਦ ਨਾਲ ਦਬੰਧਾਂ ਨੂੰ ਹੋਰ ਕਹਾਣੀਆਂ ਦੇ ਨਾਲ ਨਾਲ ਤਿੰਨ ਕਹਾਣੀਆਂ ਛੱਪੜ, ਮੋਹ-ਜ਼ਾਲ਼ ਤੇ ਕਮੈਂਸਮੈਂਟ ਵਿੱਚ ਉੱਭਰਵੇਂ ਤੌਰ ਤੇ ਪੇਸ਼ ਕੀਤਾ ਹੈ।

'ਛੱਪੜ' ਕਹਾਣੀ ਦੀ ਸਿਰਜਣਾ ਕਿਸੇ ਤਤਕਾਲੀ ਘਟਨਾ ਤੋਂ ਬਾਅਦ ਨਹੀਂ ਹੋਈ, ਸਗੋਂ ਸਮਕਾਲ ਦੇ ਮਾਹੌਲ ਦੀ ਉਪਜ ਹੈ। ਮਾਹੌਲ ਇਸ ਤਰ੍ਹਾਂ ਦਾ ਹੈ ਕਿ ਪੰਜਾਬ ਤੋਂ ਪਰਵਾਸ ਕਰਕੇ ਕਨੇਡਾ ਆਈ ਪੀੜ੍ਹੀ ਆਪਣੇ ਨਾਲ ਲਿਆਂਦੀਆਂ ਜਾਤ-ਪਾਤ ਦੀਆਂ ਗੰਢਾਂ ਨੂੰ ਚੁੱਕੀ ਰੱਖਣਾ ਚਾਹੁੰਦੀ ਹੈ ਪਰ ਇੱਥੋਂ ਦੀ ਜੰਮਪਲ ਪੀੜ੍ਹੀ ਲਈ ਇਨ੍ਹਾਂ ਦੇ ਕੋਈ ਮਾਅਨੇ ਨਹੀਂ

ਹਨ। ਇਸ ਕਹਾਣੀ ਵਿੱਚ ਪੰਜਾਬ ਵਿੱਚ ਜ਼ੈਲਦਾਰ ਪਰਿਵਾਰ ਵਿੱਚ ਜੰਮੇ ਅਤੇ ਕਨੇਡਾ ਵਿੱਚ ਪਰਵਾਸ ਧਾਰਕੇ ਵਸੇ 'ਤੂੰ' ਪਾਤਰ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਸਦੇ ਕੰਮ ਦੀ ਸੁਪਰਵਾਈਜ਼ਰ, ਉਸਦੇ ਪਿੰਡ ਦੇ ਕੰਮੀ ਪਰਿਵਾਰ ਦੀ ਨੂੰਹ ਹੈ ਤਾਂ 'ਤੂੰ' ਪਾਤਰ ਲਈ ਹੇਠਲੀ ਉੱਤੇ ਹੋ ਜਾਂਦੀ ਹੈ। ਇਸ ਗਮ ਵਿੱਚ ਸ਼ਰਾਬੀ ਹੋਇਆ ਪਿਛਾਂਹ ਵੱਲ ਦੇਖਦਾ ਉਹ ਛੱਪੜ ਦਾ ਰੂਪ ਧਾਰ ਚੁੱਕੇ ਸਵਿਮਿੰਗ ਪੂਲ ਵਿੱਚ ਡਿੱਗ ਪੈਂਦਾ ਹੈ। ਉਸ ਨੂੰ ਨਸੀਹਤ ਕਰਦਾ ਉਸਦਾ ਕਨੇਡਾ ਦਾ ਜੰਮ-ਪਲ ਪੁੱਤਰ ਆਖਦਾ ਹੈ ਕਿ ਉਹ ਅੱਗੇ ਵੱਲ ਦੇਖਕੇ ਚੱਲੇ। ਮੋਹ-ਜ਼ਾਲ਼ ਕਹਾਣੀ ਵਿੱਚ ਕਨੇਡਾ ਦੀ ਜੰਮਪਲ ਬੱਚੀ ਰਮਣੀਕ ਦਾ ਅੰਦਰ ਵਲੂੰਧਰਿਆ ਜਾਂਦਾ ਹੈ, ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸਦੇ ਡੈਡੀ ਨੇ ਆਪਣੇ ਕੌਮਾ ਵਿੱਚ ਪਏ ਬਾਪ ਨੂੰ ਇਸ ਕਰਕੇ ਲਟਕਾਇਆ ਹੋਇਆ ਹੈ ਤਾਂ ਕਿ ਉਹ ਉਸਦੀ ਇਸ ਹਾਲਤ ਦਾ ਫਾਇਦਾ ਉਠਾਕੇ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਸਪੌਂਸਰ ਕਰ ਸਕੇ।

ਪਿਛਲੇ ਦਿਨੀ ਟਵਿੱਟਰ 'ਤੇ ਅਮਰੀਕਾ ਵਿੱਚ ਜਨਮੇ ਇੱਕ ਮੁੰਡੇ ਨੇ ਟਵੀਟ ਪਾਈ ਕਿ ਉਸਦੇ ਗੇਅ ਹੋਣ ਕਾਰਣ ਉਸਦੇ ਪੰਜਾਬੀ ਪਿਓ ਨੇ ਉਸ ਨੂੰ ਤਸੀਹੇ ਦਿੱਤੇ । ਇਸ ਟਵੀਟ ਦੇ ਪ੍ਰਤੀਕਰਮ ਵਜੋਂ ਅਨੇਕਾਂ ਹੀ ਕਨੇਡਾ/ਅਮਰੀਕਾ/ਇੰਗਲੈਂਡ ਵਿੱਚ ਜਨਮੇ ਪੰਜਾਬੀ ਮੂਲ ਦੇ ਬੱਚਿਆਂ ਨੇ ਉਸ ਮੁੰਡੇ ਨਾਲ ਹਮਦਰਦੀ ਪ੍ਰਗਟਾਈ ਅਤੇ ਕਈਆਂ ਹੋਰਾਂ ਨੇ ਆਪਣੀ ਆਪਣੀ ਵਿਥਿਆ ਦੱਸੀ। ਪਰ ਪੰਜਾਬ ਤੋਂ ਪਰਵਾਸ ਕਰਕੇ ਆਇਆਂ ਦਾ ਪ੍ਰਤੀਕਰਮ ਇਸ ਦੇ ਵਿਰੁੱਧ ਸੀ। ਪੀੜ੍ਹੀ ਤੇ ਸਭਿੱਆਚਾਰ ਦੇ ਇਸ ਪਾੜੇ ਨੂੰ ਕਹਾਣੀ 'ਕਮੈਂਸਮੈਨਟ' ਵਿੱਚ ਫੜਣ ਦੀ ਕੋਸ਼ਿਸ਼ ਕੀਤੀ ਗਈ।

ਪੰਜਾਬੀ ਭਾਈਚਾਰੇ ਵਿਚ ਇਹ ਸਮਝਿਆ ਜਾਂਦਾ ਹੈ ਕਿ ਜਿਹੜਾ ਬਜ਼ੁਰਗ ਕੇਅਰਹੋਮ ਵਿੱਚ ਰਹਿੰਦਾ ਹੈ, ਉਸਦੀ ਔਲਾਦ ਨਲਾਇਕ ਹੋਵੇਗੀ। ਕਨੇਡਾ ਵਿੱਚ ਪਰਵਾਸ ਕਰਕੇ ਸੈਟਲ ਹੋਈ ਪੰਜਾਬੀਆਂ ਦੀ ਬਜ਼ੁਰਗ ਹੋ ਰਹੀ ਪੀੜ੍ਹੀ ਲਈ ਭਵਿੱਖ ਵਿੱਚ ਕੇਅਰ ਹੋਮਾਂ ਵਿੱਚ ਰਹਿਣਾ ਇਕ ਹਊਆ ਬਣਿਆ ਹੋਇਆ ਹੈ। ਜੇ ਕੇਅਰਹੋਮਾਂ ਵਿੱਚ ਰਹਿਣਾ ਐਨਾ ਹੀ ਦੁਖਦਾਈ ਹੁੰਦਾ ਤਾਂ ਕਨੇਡਾ ਦੀ ਮੁਖਧਾਰਾ ਦੇ ਲੋਕਾਂ ਅੰਦਰ ਵੀ ਇਸ ਪ੍ਰਤੀ ਡਰ ਹੋਣਾ ਸੀ। ਪਰ ਉਨ੍ਹਾਂ ਵਿੱਚ ਇਸ ਤਰ੍ਹਾਂ ਦਾ ਕੋਈ ਭੈਅ ਨਹੀਂ। 'ਘਰ' ਕਹਾਣੀ ਇੱਕ ਇੰਡੋ-ਕਨੇਡੀਅਨ ਬਜ਼ੁਰਗ ਦੇ ਇਸ ਡਰ ਦੇ ਘਰ ਵਿਚ ਵਟਣ ਦੀ ਹੀ ਕਹਾਣੀ ਹੈ।

ਜਦੋਂ ਮੈਂ ਆਪਣੇ ਸਿਰਜਣਾਤਮਕ ਸਫਰ ਦੇ ਤੀਹ ਸਾਲਾਂ ਵੱਲ ਯਾਤੀ ਮਾਰਦਾ ਹਾਂ ਤਾਂ ਮੈਨੂੰ ਆਪਣੀਆਂ ਕਹਾਣੀਆਂ ਵਿੱਚ ਹੀ ਪੰਜਾਬ ਤੋਂ ਕਨੇਡਾ ਪਰਵਾਸ ਕਰਕੇ ਆਈ ਔਰਤ ਦੀ ਦਸ਼ਾ ਵਿੱਚ ਅੰਤਰ ਦਿਸਦਾ ਹੈ। ਜਿਵੇਂ ਜਿਵੇਂ ਔਰਤ ਆਰਥਿਕ ਤੌਰ 'ਤੇ ਆਤਮ ਨਿਰਭਰ ਹੋ ਰਹੀ ਹੈ, ਉਹ ਆਪਣੀ ਪਛਾਣ ਲਈ ਜੂਝਦੀ ਹੈ। 'ਸ਼ਨੁੱਕ' ਕਹਾਣੀ ਵਾਲੀ ਕਮਲ ਆਪਣੀ ਕਮਾਈ ਨਾਲ ਆਪਣਾ ਘਰ ਬੰਨਦੀ ਹੈ ਤੇ ਆਪਣੇ ਨਾਂ ਨਾਲ ਆਪਣੇ ਪਤੀ ਦਾ ਗੋਤ ਲਾਉਣ ਤੋਂ ਇਨਕਾਰੀ ਹੋ ਜਾਂਦੀ ਹੈ। 'ਹਾਊਸ ਵਾਈਫ' ਕਹਾਣੀ ਦੀ ਮੈਂ ਪਾਤਰ ਨੌਕਰੀ ਕਰਕੇ ਘਰ ਦਾ ਖਰਚ ਚਲਾਉਂਦੀ ਹੈ ਤੇ ਉਸਦਾ ਘਰਵਾਲਾ ਘਰ ਰਹਿਕੇ ਬੱਚੇ ਦੀ ਦੇਖ ਭਾਲ ਕਰਦਾ ਹੈ। ਉਨ੍ਹਾਂ ਦਾ ਇਹ ਲਾਈਫ ਸਟਾਈਲ ਆਰਥਿਕ ਲੋੜ ਤੇ ਆਲੇ-ਦੁਆਲੇ ਤੋਂ ਲਈ ਸੋਝੀ 'ਚੋਂ ਨਿਕਲਦਾ ਹੈ। ਔਰਤ ਦੀ ਦਸ਼ਾ ਦੇ ਨਾਲ ਨਾਲ ਕੁਝ ਕਹਾਣੀਆਂ ਵਿੱਚ ਸਮੇਂ ਦੇ ਨਾਲ ਬਦਲੇ ਹੋਏ ਨਵੇਂ ਪੰਜਾਬੀ ਮਰਦ ਨੂੰ ਵੀ ਪਹਿਚਾਨਣ ਦਾ ਯਤਨ ਕੀਤਾ ਹੈ। ਜਿਵੇਂ

ਹਾਊਸ ਵਾਈਫ ਕਹਾਣੀ ਵਾਲਾ ਮਨਮੀਤ, ਪੈਂਗੁਇਨ ਕਹਾਣੀ ਵਾਲਾ ਕੀਥ ਤੇ ਇਕ ਹੋਰ ਸੁੱਚਾ ਸਿੰਘ ਕਹਾਣੀ ਵਾਲਾ ਸੁੱਚਾ ਸਿੰਘ।

ਉਪਰੋਕਤ ਕਹਾਣੀਆਂ ਤੋਂ ਇਲਾਵਾ ਕੁਝ ਹੋਰ ਕਹਾਣੀਆਂ ਦੀ ਵੀ ਸਿਰਜਣਾ ਕੀਤੀ ਪਰ ਉਨ੍ਹਾਂ ਵਿੱਚ ਸਮਕਾਲ ਦੀ ਥਾਹ ਪਾਉਣ ਨਾਲੋਂ ਮਨੁੱਖੀ ਮਨ ਨੂੰ ਟੋਹਣ ਵੱਲ ਜਿਆਦਾ ਧਿਆਨ ਦਿੱਤਾ ਗਿਆ।

ਮੇਰੀਆਂ ਕਹਾਣੀਆਂ ਕਨੇਡਾ ਦੇ ਪੰਜਾਬੀ ਭਾਈਚਾਰੇ ਦੁਆਲੇ ਘੁੰਮਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਹੋਰ ਭਾਈਚਾਰਿਆਂ ਦੇ ਪਾਤਰ ਤਾਂ ਹਨ ਪਰ ਇਕਲੌਤੀ ਕਹਾਣੀ 'ਲਾਵਾ' ਹੀ ਹੈ , ਜਿਹੜੀ ਨਿਰੋਲ ਗੈਰਪੰਜਾਬੀ ਪਾਤਰਾਂ ਦੀ ਕਹਾਣੀ ਹੈ। ਇਨ੍ਹਾਂ ਕਹਾਣੀਆਂ ਦਾ ਪੰਜਾਬੀ ਭਾਈਚਾਰੇ ਨਾਲ ਸਬੰਧਤ ਹੋਣ ਦਾ ਕਾਰਣ ਇਹ ਨਹੀਂ ਕਿ ਮੇਰਾ ਬਹਿਣ-ਉੱਠਣ ਕਿਸੇ ਹੋਰ ਭਾਈਚਾਰੇ ਨਾਲ ਨਹੀਂ। ਮੇਰੀ ਦਿਹਾੜੀ ਦਾ ਜਿਆਦਾ ਹਿੱਸਾ ਗੈਰ ਪੰਜਾਬੀ ਲੋਕਾਂ ਨਾਲ ਗੁਜ਼ਰਦਾ ਹੈ। ਮੈਨੂੰ ਉਨ੍ਹਾਂ ਦੇ ਰਹਿਣ-ਸਹਿਣ, ਦੁੱਖ-ਸੁੱਖ ਤੇ ਮੁਸ਼ਕਲਾਂ ਬਾਰੇ ਵੀ ਜਾਣਕਾਰੀ ਹੁੰਦੀ ਹੈ। ਪਰ ਪੰਜਾਬੀ ਭਾਈਚਾਰੇ ਦਾ ਵਰਤ ਵਿਹਾਰ, ਦੋਗਲਾਪਨ, ਉਨ੍ਹਾਂ ਦੀਆਂ ਸਮੱਸਿਆਵਾਂ, ਝੂਠ, ਭ੍ਰਿਸ਼ਟਾਚਾਰ, ਇੱਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ, ਝੂਠਾ ਦਿਖਾਵਾ ਤੇ ਦੰਭ ਨਾਲ ਸਬੰਧਤ ਕੋਈ ਨਾ ਕੋਈ ਗੱਲ ਅਕਸਰ ਹੀ ਸੁਣ ਜਾਂਦੀ ਹੈ, ਜਿਹੜੀ ਮੇਰੀ ਸੋਚ 'ਤੇ ਭਾਰੂ ਹੋ ਜਾਂਦੀ ਹੈ। ਇਸ ਤਰ੍ਹਾਂ ਘਟਨਾਵਾਂ ਤੇ ਵਰਤਾਰੇ ਮੇਰੀ ਸੰਵੇਦਨਾ ਨੂੰ ਝੰਜੋੜਕੇ ਆਪ ਹੀ ਮੇਰੇ ਤੋਂ ਸਿਰਜਣਾ ਕਰਵਾ ਲੈਂਦੇ ਹਨ। ਭਾਵੇਂ ਮੇਰੀ ਸਿਰਜਣਕਾਰੀ ਸਮਕਾਲ ਦੇ ਬਹੁਤ ਹੀ ਸੀਮਤ ਦਾਇਰੇ ਵਿੱਚ ਸੁੰਘੜੀ ਹੋਈ ਹੈ ਪਰ ਮੈਨੂੰ ਤਸੱਲੀ ਹੈ ਕਿ ਮੈਂ ਆਪਣੀ ਸਮਰੱਥਾ ਅਨੁਸਾਰ ਉਸ ਘੇਰੇ ਨੂੰ ਸਮਝਣ ਤੇ ਪਕੜਣ ਦੀ ਕੋਸ਼ਿਸ਼ ਕਰ ਰਿਹਾ ਹਾਂ।

***


ਚਰਚਿਤ ਵਾਰਤਕਕਾਰ ਤੇ ਕਹਾਣੀਕਾਰ
ਸੁਕੀਰਤ ਦਾ ਸਫ਼ਰਨਾਮਾ

ਕਿੰਨੇ ਪਰਬਤਾਂ ਤੋਂ ਪਾਰ

ਇਨ੍ਹਾਂ ਸੰਸਮਰਣਾਂ 'ਚ ਉਹ ਸਾਰੀਆਂ ਖੂਬੀਆਂ ਹਨ, ਜੋ ਹੋਣੀਆਂ ਚਾਹੀਦੀਆਂ ਹਨ। ਸਾਥੀਆਂ-ਦੋਸਤਾਂ ਦੇ ਸੁਭਾਅ, ਸਥਾਨਾਂ ਬਾਰੇ ਇਤਿਹਾਸਕ-ਮਿਥਿਹਾਸਕ ਅਤੇ ਭੂਗੋਲਕ ਵੇਰਵੇ, ਗਲੀਆਂ, ਬਜ਼ਾਰਾਂ, ਰੈਸਤੋਰਾਨਾਂ, ਪਾਣੀ ਜਾਂ ਹਵਾਈ ਜਹਾਜ਼ਾਂ, ਪਰਬਤਾਂ, ਪ੍ਰਕਿਰਤੀ ਦੇ ਵੇਰਵੇ ਬੜੀ ਸੂਝ ਨਾਲ ਦਿੱਤੇ ਗਏ ਹਨ। ਕਿਤੇ ਕੋਈ ਗੈਰ-ਜ਼ਰੂਰੀ ਖਲਾਰ ਨਹੀਂ ਅਤੇ ਜੋ ਜ਼ਰੂਰੀ ਹੈ, ਉਸ ਨੂੰ ਵੀ ਨਹੀਂ ਛੱਡਿਆ ਗਿਆ। ਕਿਤੇ-ਕਿਤੇ ਲੇਖਕ ਦੀਆਂ ਰਾਜਨੀਤਕ, ਦਾਰਸ਼ਨਿਕ ਟਿੱਪਣੀਆਂ ਇਨ੍ਹਾਂ ਸੰਸਮਰਣਾਂ 'ਚ ਰੂਹ ਪੈਦਾ ਕਰਦੀਆਂ ਹਨ। -
ਮਨਮੋਹਨ ਬਾਵਾ

# ਮੇਰੀ ਕਵਿਤਾ ਦੀ ਸਮਕਾਲ ਯਾਤਰਾ

**-ਪਾਲ ਕੌਰ**

ਕਵਿਤਾ ਨਾਲ ਮੈਂ ਹੋਸ਼ ਸੰਭਾਲਦਿਆਂ ਹੀ ਰੂਬਰੂ ਹੋ ਗਈ ਸਾਂ। ਮੇਰੇ ਪਿਤਾ ਕਵਿਤਾ ਲਿਖਦੇ ਸਨ, ਜ਼ਿਆਦਾਤਰ ਧਾਰਮਿਕ ਜਾਂ ਕਦੀ ਕਦੀ ਆਜ਼ਾਦੀ ਦੇ ਸ਼ੰਘਰਸ਼ ਨਾਲ ਸੰਬੰਧਿਤ ਸਿਆਸੀ ਕਵਿਤਾਵਾਂ। ਮੈਂ ਪੰਜਵੀਂ ਛੇਵੀਂ ਵਿੱਚ ਪੜ੍ਹਦੀ ਸਾਂ ਤਾਂ ਘਰ ਵਿੱਚ ਪਿਤਾ ਦੀ ਕੱਪੜੇ ਦੀ ਜਿਲਦ ਚੜ੍ਹੀ ਕਾਪੀ ਸੀ ਕਵਿਤਾਵਾਂ ਦੀ। ਉਹ ਪੜ੍ਹਦੀ ਤਾਂ ਆਪ ਵੀ ਕੁਝ ਲਿਖਣ ਨੂੰ ਦਿਲ ਕਰਦਾ, ਪਰ ਹਾਲੇ ਕਲਮ ਨਹੀਂ ਉੱਠਦੀ ਸੀ। 1971-72 ਭਾਰਤ-ਪਾਕਿਸਤਾਨ ਦੀ ਜੰਗ ਦੇ ਦਿਨ ਸਨ, ਮੈਂ ਰਾਜਪੁਰੇ ਕੁੜੀਆਂ ਦੇ ਸਰਕਾਰੀ ਸਕੂਲ ਵਿੱਚ ਪੜ੍ਹਦੀ ਸਾਂ। ਵਿਦਿਆਰਥੀ ਤੇ ਅਧਿਆਪਕ ਸਵੇਰੇ ਪ੍ਰਾਰਥਨਾ ਵੇਲੇ ਦੇਸ਼ ਭਗਤੀ ਲਈ ਕੁਝ ਨਾ ਕੁਝ ਬੋਲਦੇ। ਉਦੋਂ ਪਿਤਾ ਦੀ ਇੱਕ ਕਵਿਤਾ ਵਿੱਚ ਸ਼ਬਦ ਅਦਲ ਬਦਲ ਕੇ ਮੈਂ ਪਾਕਿਸਤਾਨ ਨੂੰ ਲਲਕਾਰਦੀ ਕਵਿਤਾ ਲਿਖ ਕੇ ਪੜ੍ਹੀ। ਉਦੋਂ ਨਹੀਂ ਜਾਣਦੀ ਸਾ ਕਿ ਦੇਸ਼ਭਗਤੀ ਦੇ ਅਰਥ ਮਗਰੋਂ ਸਮਝ ਆਉਣਗੇ। ਇਹ ਵੀ ਨਹੀਂ ਜਾਣਦੀ ਸਾਂ ਕਿ ਪਾਕਿਸਤਾਨ ਨਾਲ ਮੇਰੀ ਵਿਰਾਸਤੀ ਤੇ ਜਜ਼ਬਾਤੀ ਸਾਂਝ ਮੇਰੇ ਅੰਦਰ ਦੱਬੀ ਹੋਈ ਹੈ। ਪਰ ਇਸ ਬਹਾਨੇ ਮੇਰੀ ਕਵਿਤਾ ਤੁਰ ਪਈ। ਨਿੱਜੀ ਤੌਰ 'ਤੇ ਮੇਰੀ ਆਪਣੇ ਪਰਿਵਾਰ ਵਿੱਚ ਆਪਣੀ ਹੋਂਦ ਸੰਬੰਧੀ ਚੇਤਨਾ ਦੀ ਯਾਤਰਾ ਵੀ ਅਰੰਭ ਹੋ ਚੁੱਕੀ ਸੀ। ਇਹ ਯਾਤਰਾ ਹੁਣ ਮੇਰੀਆਂ ਅਬੋਲ ਕਵਿਤਾਵਾਂ ਵਿੱਚ ਲਿਖੀ ਜਾਣ ਲੱਗੀ ਅਤੇ ਕਿਸੇ ਅਚੇਤ-ਅਦਿੱਖ ਵਿਅਕਤੀ ਤੇ ਮੋਹ ਦੀ ਤਲਾਸ਼ ਵੀ।

ਕਵਿਤਾ ਦੀ ਗੱਲ ਕਰਨ ਲੱਗੇ ਵਿਦਵਾਨ ਕਵਿਤਾ ਵਿੱਚ ਲੀਕ ਮਾਰ ਕੇ ਵੰਡੀ ਪਾ ਲੈਂਦੇ ਹਨ, ਨਿੱਜ ਤੇ ਪਰ ਦੀ ਕਵਿਤਾ। ਮੈਨੂੰ ਨਹੀਂ ਪਤਾ ਕਦੋਂ ਮੇਰਾ ਨਿੱਜ ਪਰ ਵਿੱਚ ਤੇ ਪਰ ਨਿੱਜ ਵਿੱਚ ਦਾਖ਼ਿਲ ਹੋ ਜਾਂਦਾ ਹੈ। ਮੈਨੂੰ ਤਾਂ ਇਹ ਲੀਕ ਮਾਰਨੀ ਕਵਿਤਾ ਦੀ ਰੂਹ ਨਾਲ ਜ਼ਿਆਦਤੀ ਲੱਗਦੀ ਹੈ। ਮੇਰੇ ਕੁੜੀ ਦੀ ਹੋਣੀ ਜੀਣ ਦੇ ਅਹਿਸਾਸ ਤੇ ਦਰਦ ਕੀ ਸਿਰਫ਼ ਨਿੱਜੀ ਹਨ? ਸਮਾਜੀ ਰਿਸ਼ਤਿਆਂ ਨਾਲ ਸੰਬੰਧਿਤ ਸਵਾਲ ਨਿੱਜੀ ਹਨ? ਇਨ੍ਹਾਂ ਨੂੰ ਮੈਂ ਸਮਕਾਲ ਵਿੱਚੋਂ ਕਿਵੇਂ ਖਾਰਜ ਕਰਾਂ? ਮੇਰੀ ਪਹਿਲੀ ਕਾਵਿ-ਕਿਤਾਬ "ਖ਼ਲਾਅਵਾਸੀ" ਦੀ 'ਖ਼ਲਾਅਵਾਸੀ' ਨਜ਼ਮ ਵਿੱਚ ਆਉਂਦਾ ਹੈ-

ਮੈਂ ਜ਼ਮੀਨ 'ਤੇ ਤੁਰੀ ਤਾਂ ਮਿੱਟੀ ਜ਼ਖ਼ਮੀ ਹੋਈ-  
ਖ਼ਲਾਅ 'ਚ ਤੁਰੀ ਹਾਂ ਤਾਂ ਹਵਾਵਾਂ ਜ਼ਖ਼ਮੀ ਨੇ!  
ਤੇ ਮਾਰੂਥਲੀ ਨੈਣਾਂ ਵਾਲੀ ਮੈਂ  
ਖ਼ਲਾਅਵਾਸੀ-  
ਹਵਾਵਾਂ ਨੂੰ ਫੜਨ ਦੇ ਯਤਨ ਵਿੱਚ, ਹਵਾਵਾਂ ਦੀ ਕਾਤਿਲ ਹਾਂ!

ਇੱਕ ਹੋਰ ਨਜ਼ਮ 'ਪੈੜ-ਵਿਹੂਣੀ ਸੱਸੀ' ਵੀ ਮੇਰੀ ਯਾਤਰਾ ਨੂੰ ਪਰ ਯਾਨਿ ਪ੍ਰਬੰਧ ਵੱਲ ਲੈ ਤੁਰਦੀ ਹੈ-

ਮੈਂ ਹਰ ਪਹਿਲੀ ਜਨਵਰੀ ਨੂੰ ਕੋਈ ਸੁੰਦਰ ਬੁੱਤ ਘੜਦੀ ਹਾਂ  
ਤੇ ਇਹ ਹਰ ਮਾਰਚ ਵਿੱਚ, ਉਹ ਬੁੱਤ ਮੈਥੋਂ ਖੋਹ ਕੇ

ਉਹਦੇ ਇੱਕ ਇੱਕ ਨਜਸ਼ ਨਾਲ, ਜਬਰ-ਜਿਨਾਹ ਕਰਦੇ ਨੇ-

'ਤੇ ਹਰ ਇਕੱਤੀ ਦਿਸੰਬਰ ਨੂੰ, ਮੇਰੇ ਹੱਥੀਂ ਇੱਕ ਲਾਸ਼ ਫੜਾ ਦੇਂਦੇ ਨੇ !

ਹਰ ਘੁਟਨ ਵਿੱਚ ਅਤੇ ਹਰ ਤੂਫ਼ਾਨ ਵਿੱਚ ਲੇਖਕ ਦਾ ਕਰਮ ਪੌਣ-ਕੁੱਕੜ ਵਰਗਾ ਵੀ ਹੈ ਅਤੇ ਚੌਂਕ ਵਿੱਚ ਖੜ੍ਹੇ ਕਿਸੇ ਸੰਤਰੀ ਵਰਗਾ ਵੀ। "ਖ਼ਲਾਅਵਾਸੀ" 'ਚ ਘਰ-ਪਰਿਵਾਰ ਤੇ ਰਿਸ਼ਤਿਆਂ ਦੇ ਸੰਕਲਪ ਤੇ ਸੱਚ ਨੂੰ ਸਵਾਲ ਕਰਦੀਆਂ ਨਜ਼ਮਾਂ ਹਨ-

ਤੇ ਜਿੱਥੇ ਇਹ ਸਭ ਰਹਿੰਦੇ ਨੇ
ਉਹਨੂੰ 'ਘਰ' ਕਹਿੰਦੇ ਨੇ!
ਜਿਸ ਦੇ ਸਾਰੇ ਫ਼ਰਸ਼ ਊਬੜ-ਖਾਬੜ
ਲੰਘਦਿਆਂ ਟੱਪਦਿਆਂ, ਪੈਰਾਂ ਨੂੰ ਲਹੂ-ਲੂਹਾਨ ਕਰਦੇ ਨੇ-
ਖਰੇਪੜ ਲੱਥੀਆਂ ਤੇ ਤਰੇੜੀਆਂ ਕੰਧਾਂ ਨੇ-
ਚੋਂਦੀਆਂ ਤੇ ਲਿਫ਼ਦੀਆਂ ਛੱਤਾਂ ਨੇ-
ਬੇਸ਼ੀਸ਼ਾ ਖਿੜਕੀਆਂ-
ਤੇ ਬਿਨ ਚਿਟਕਣੀਆਂ, ਚੀਕ ਚੀਕ ਕੇ ਬੰਦ ਹੁੰਦੇ ਬੂਹੇ।

ਮੇਰਾ ਵੱਡਾ ਭਰਾ ਆਪਣੇ ਸਮਕਾਲ ਦੀ ਸਿਆਸਤ ਤੇ ਸੰਘਰਸ਼ ਕਰਦੀਆਂ ਜਥੇਬੰਦੀਆਂ ਨਾਲ ਜੁੜਿਆ ਹੋਇਆ ਸੀ। ਉਸ ਦੀ ਮਾਰਫ਼ਤ ਘਰ ਵਿੱਚ ਸਮਾਜਿਕ ਚੇਤਨਾ ਦਾ ਸਾਹਿਤ ਵੀ ਮੌਜੂਦ ਸੀ। ਧਾਰਮਿਕ ਕਵਿਤਾ ਤੋਂ ਬਾਅਦ ਮੇਰੀ ਪੜ੍ਹਤ ਇਸੇ ਸਾਹਿਤ ਦੀ ਸੀ। ਪਰ ਉਹ ਐਫ਼.ਸੀ ਆਈ. ਵਿੱਚ ਯੂਨੀਅਨ ਲੀਡਰ ਹੋਣ ਕਰਕੇ ਲੰਮੇ ਸੰਘਰਸ਼ ਤੋਂ ਬਾਅਦ ਨੌਕਰੀ 'ਚੋਂ ਬਾਹਰ ਆ ਗਿਆ। ਉਹ ਨਿੱਜੀ ਜੀਵਨ ਵਿੱਚ ਵੀ ਨਿਰਾਸ਼ ਸੀ, ਜੁਝਾਰੂ ਲਹਿਰ ਵੀ ਮੱਠੀ ਪੈ ਗਈ, ਪਰ ਉਸ ਦੇ ਅੰਦਰ ਦਾ ਰੋਹ ਅਤੇ ਉਸ ਦੀ ਢਲਾਨ ਮੈਂ ਵੇਖੀ ਹੈ.....

ਉਹ ਸੂਰਜ ਨੂੰ ਆਪਣੇ ਰੇਗਿਸਤਾਨੀ ਹੰਝੂਆਂ 'ਚ ਘੋਲ ਘੋਲ ਕੇ, ਪੀਂਦਾ ਰਹਿੰਦਾ ਹੈ-

ਉਹ, ਜਿਸ ਨੇ ਸੂਰਜ ਨੂੰ, ਆਪਣੇ ਲਹੂ 'ਚ ਘੋਲ ਕੇ
ਸਾਰੀ ਫ਼ਿਜ਼ਾ ਵਿੱਚ ਛਿੜਕਣ ਦੀ ਸਹੁੰ ਖਾਧੀ ਸੀ।

ਮੇਰੀ ਕਵਿਤਾ ਪ੍ਰਤੱਖ ਰੂਪ ਵਿੱਚ ਸਮਕਾਲ ਦੇ ਰੂਬਰੂ ਅੱਸੀਵੇਂ ਦਹਾਕੇ ਵਿੱਚ ਪੰਜਾਬ ਦੇ ਦੁਖਾਂਤ ਵੇਲੇ ਹੋਈ। ਹਵਾਵਾਂ ਸਾਜ਼ਿਸ਼ੀ ਹੋ ਗਈਆਂ ਸਨ, ਸਾਹ ਲੈਣਾ ਔਖਾ ਹੋ ਗਿਆ ਸੀ। ਪੰਜਾਬ ਦੀ ਜਵਾਨੀ ਸਾਰੇ ਸਮਾਜਿਕ, ਆਰਥਿਕ ਤੇ ਸਿਆਸੀ ਢਾਂਚੇ ਤੋਂ ਮੋਹ-ਭੰਗ ਦੀ ਸਥਿਤੀ ਵਿੱਚ ਸੀ। ਹਾਰੀ-ਹੁੱਟੀ ਪੀੜ੍ਹੀ ਸੰਪਰਦਾਇਕਤਾ ਦੇ ਹੱਥਾਂ ਵਿੱਚ ਆ ਗਈ। ਇਤਿਹਾਸ, ਕਿਤੇ ਤਾਂ ਤਲਵਾਰਾਂ, ਤ੍ਰਿਸ਼ੂਲਾਂ, ਬੰਬਾਂ, ਟੈਂਕਾਂ ਤੇ ਤੋਪਾਂ ਨਾਲ ਲਿਖਿਆ ਜਾ ਰਿਹਾ ਸੀ, ਕਿਤੇ ਉਹੀ ਇਤਿਹਾਸ ਸਰਕਾਰੀ ਫ਼ਾਇਲਾਂ, ਇਸ਼ਤਿਹਾਰਾਂ, ਹੁਕਮਨਾਮਿਆਂ ਤੇ ਅਖ਼ਬਾਰਾਂ-ਪੱਤਰਕਾਵਾਂ ਵਿੱਚ ਵੀ ਲਿਖਿਆ ਜਾ ਰਿਹਾ ਸੀ ਤੇ ਉਹੀ ਇਤਿਹਾਸ ਲੋਕਾ ਦੇ ਸੀਨਿਆਂ ਵਿੱਚ ਬਣ ਚੁੱਕੇ ਪੱਥਰਾਂ-ਸ਼ਿਲਾਵਾਂ ਉੱਪਰ ਲਿਖਿਆ ਗਿਆ-

ਅਸੀਂ, ਟਾਂਕ ਤੇ ਜਿਸਤ ਹਿੰਦਸੇ
ਸਾਲਮ ਦੀ ਸਾਲਮ ਗਿਣਤੀ ਵਿੱਚ ਅੱਗੜ-ਪਿੱਛੜ ਪਏ ਸਾਂ-

ਜਮ੍ਹਾਂ ਹੁੰਦੇ ਸਾਂ- ਮਨਫ਼ੀ ਹੁੰਦੇ ਸਾਂ,
ਜ਼ਰਬ ਹੁੰਦੇ ਸਾਂ, ਤਕਸੀਮ ਹੁੰਦੇ ਸਾਂ।
ਪਰ ਪਤਾ ਨਹੀਂ ਸ਼ਾਹੂਕਾਰਾਂ ਨੂੰ ਕੀ ਸੁੱਝੀ ਹੈ
ਉਨ੍ਹਾਂ ਨੇ ਆਪਣੇ ਲੇਖੇ ਲੰਮੇ ਕਰਨ ਲਈ
ਲੰਡਿਆਂ ਵਰਗੇ ਕੋਈ 'ਆਪਣੇ' ਹੀ ਹਿੰਦਸੇ
ਸਾਡੇ 'ਚ ਰਲਾ ਦਿੱਤੇ...
ਸਾਡੀ ਹੋਂਦ ਦੀ ਪਛਾਣ ਗੁਆਚ ਗਈ
ਤੇ ਅਸੀਂ ਹੁਣ ਆਪੋ ਵਿੱਚ ਖਹਿਣ ਲੱਗੇ ਹਾਂ!

"ਖ਼ਲਾਅਵਾਸੀ" (1986) ਤੋਂ ਪਹਿਲਾਂ ਮੈਂ ਕੁਝ ਪੰਜਾਬੀ ਕਵੀਆਂ ਦੀਆਂ ਇਸ ਦੁਖਾਂਤ ਨਾਲ ਸੰਬੰਧਿਤ ਕਵਿਤਾਵਾਂ ਦੀ ਕਿਤਾਬ ਸੰਪਾਦਤ ਕੀਤੀ, "ਬਲਦੇ ਖ਼ਤਾਂ ਦੇ ਸਿਰਨਾਵੇਂ" (1985) ਮੇਰੀਆਂ ਵੀ ਉਸ ਵਿੱਚ ਦਸ ਕਵਿਤਾਵਾਂ ਸ਼ਾਮਿਲ ਹਨ। ਸਮਾਜਿਕ ਘੁਟਨ ਨੂੰ ਪੇਸ਼ ਕਰਦੀ 'ਬੇਨਕਸ਼ ਮੌਸਮ', ਇੰਦਰਾ ਗਾਂਧੀ ਨੂੰ ਮੁਖ਼ਾਤਿਬ 'ਮਾਈ ਤਾੜਕਾ", ਪੂਰੇ ਪੰਜਾਬ ਦਾ ਦ੍ਰਿਸ਼ 'ਜਲਿਆਂ ਵਾਲਾ ਬਾਗ਼'। ਉਸ ਵਕਤ ਮੈਂ ਪੀ ਐਚ. ਡੀ. ਕਰਦਿਆਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਕੁੜੀਆਂ ਦੇ ਹੋਸਟਲ ਵਿੱਚ ਰਹਿੰਦੀ ਸਾਂ, ਜਦੋਂ 1984 ਵਾਪਰਿਆ। ਸੰਪਰਦਾਇਕ ਜ਼ਹਿਰ ਦੇ ਛਿੱਟੇ ਵੀ ਝੱਲੇ, ਇਸ ਲਈ ਕਈ ਮਿਥਹਾਸਿਕ ਪਾਤਰਾਂ ਰਾਹੀਂ ਤੇ ਉਦਾਸ ਗੀਤਾਂ ਰਾਹੀਂ ਉਸ ਸਮੇਂ ਦਾ ਬਿਆਨ ਹੋਇਆ-

ਮਾਏ ਨੀ ਅਸੀਂ ਧੱਫੜਾਂ ਜਿੱਡੇ ਹੋਏ!
ਨਾ ਤਾਂ ਧੱਦਰ ਵਾਂਗੂੰ ਠਹਿਰੇ, ਨਾ ਅਸੀਂ ਪਸ ਪਸ ਚੋਏ
ਮਾਏਂ ਨੀ ਅਸੀਂ ਧੱਫੜਾਂ ਜਿੱਡੇ ਹੋਏ।
ਨਾ ਸਿਹਰਨ ਨਾ ਮਲ੍ਹਮ ਕੋਈ ਪੱਟੀ, ਦਵਾ ਅਸਾਡੀ ਹੋਈ
ਸਾਡੇ ਭਾਗੀਂ ਮਨ ਦੀ ਚਿੜ ਚਿੜ, ਨਹੁੰਆਂ ਨੇ ਚੁਭੋਈ
ਅਸੀਂ ਤਾਂ ਜਿੰਨੇ ਪਲ ਵੀ ਤੜਫੀਏ, ਓਨਿਆਂ ਜੋਗੇ ਹੋਏ
ਮਾਏ ਨੀ ਅਸੀਂ ਧੱਫੜਾਂ ਜਿੱਡੇ ਹੋਏ!

ਆਜ਼ਾਦੀ ਤੋਂ ਬਾਅਦ ਸਾਡੀ ਜ਼ਿੰਦਗੀ ਨੂੰ ਬਾਜ਼ਾਰ ਦੀ ਸਿਆਸਤ ਤੇ ਸਿਆਸੀ ਬਾਜ਼ਾਰ ਨੇ ਬਹੁਤ ਪ੍ਰਭਾਵਿਤ ਕੀਤਾ। ਸਾਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਕਿ ਅਸੀਂ ਕੀ ਪਾਇਆ ਤੇ ਕੀ ਗੁਅਇਆ। ਇਸੇ ਦੀ ਇਬਾਰਤ ਮੇਰੀ ਕਿਤਾਬ "ਸਵੀਕਾਰ ਤੋਂ ਬਾਅਦ" ਵਿੱਚ ਲਿਖੀ ਗਈ-

ਸਰਾਫ਼ ਨੇ ਆਖਿਆ
ਜ਼ੇਵਰਾਂ ਦੀ ਭਾਸ਼ਾ ਵਿੱਚ, ਖਰਾ ਸ਼ਬਦ ਫ਼ਾਲਤੂ ਏ-
ਕੁਝ ਘੜਨ ਲਈ ਜ਼ਰਾ ਕੁ ਮਿਲਾਵਟ ਤਾਂ ਕਰਨੀ ਹੀ ਪੈਂਦੀ ਹੈ 1
————————————————————
ਅਸੀਂ ਸੋਨੇ ਵਿੱਚ ਤਾਂਬਾ ਸਵੀਕਾਰ ਕਰ ਲਿਆ
ਤੇ ਸਵੀਕਾਰਦੇ ਹੀ ਗਏ...
————————————————————

ਅਤੇ ਫਿਰ ਹੌਲੀ ਹੌਲੀ ਸੋਨਾ ਖੁਰਦਾ ਰਿਹਾ
ਤੇ ਹੁਣ ਸਾਡੇ ਪੱਲੇ ਰਹਿ ਗਿਆ ਏ ਸਿਰਫ਼ ਤਾਂਬਾ—-
ਸਰਾਫ਼ ਕਹਿੰਦਾ ਏ
ਸੋਨੇ ਦੇ ਬਾਜ਼ਾਰ ਵਿੱਚ ਤਾਂਬੇ ਦੀ ਕੀ ਕੀਮਤ ?

ਬਾਜ਼ਾਰ ਦੀ ਇਹ ਸਿਆਸਤ ਪਿੱਛੋਂ ਵੀ 'ਮਾਲ' ਵਰਗੀਆ ਕਵਿਤਾਵਾਂ ਵਿੱਚ ਸਿਰਜਤ ਹੁੰਦੀ ਰਹੀ।

ਅਸੀਂ ਆਪਣੀਆਂ ਜੜ੍ਹਾਂ ਪੁੱਟ ਕੇ ਸ਼ਹਿਰਾਂ 'ਚ ਆ ਲਾਈਆਂ
ਤੇ ਜ਼ਮੀਨ ਨਾਲ ਰਿਸ਼ਤਾ ਗੁਆ ਬੈਠੇ-
ਅਰੰਭ ਤਾਂ ਫੁੱਲਾਂ ਤੇ ਕੈਕਟਸ ਤੋਂ ਕੀਤਾ ਸੀ
ਪਰ ਹੁਣ ਤਾਂ ਬੋਹੜ ਤੇ ਪਿੱਪਲ ਵੀ ਅਸੀਂ
ਗਮਲਿਆਂ 'ਚ ਉਗਾ ਕੇ ਸਜਾ ਲਏ ਨੇ
ਆਏ ਗਏ ਨੂੰ ਵਿਖਾਉਂਦੇ ਹਾਂ
ਬਾਪ-ਦਾਦੇ ਦੀਆਂ ਗੱਲਾਂ ਕਰਦੇ ਹਾਂ
ਤੇ ਅੰਦਰੋਂ ਕਦੀ ਕਦੀ ਉੱਠਦੇ ਸਵਾਲਾਂ ਨੂੰ ਸ਼ਾਂਤ ਕਰਦੇ ਹਾਂ-
ਤੇ ਇੰਜ ਆਪਣੇ ਪੁਰਖਿਆਂ ਦੇ ਅਸੀਂ, ਬੋਨਜ਼ਈ ਵਾਰਿਸ ਹਾਂ!

ਜਦੋਂ ਮੈਂ ਨੌਕਰੀ ਅਰੰਭ ਕੀਤੀ ਤਾਂ ਵੱਖਰੀ ਤਰ੍ਹਾਂ ਦੇ ਮੋਹ-ਭੰਗ ਹੋਏ। ਸਿੱਖਿਆ-ਪ੍ਰਣਾਲੀ ਨਾਲ ਸੰਬੰਧਿਤ, ਸਾਥੀ ਅਧਿਆਪਕਾਂ ਨਾਲ ਸੰਬੰਧਿਤ, ਵਿਦਿਆਰਥੀਆਂ ਨਾਲ ਸੰਬੰਧਿਤ ਅਤੇ ਉਪਰਲੇ ਪ੍ਰਬੰਧਕਾਂ ਨਾਲ ਸੰਬੰਧਿਤ ਸਵਾਲਾਂ ਦੀ ਲੜੀ ਲੱਗ ਗਈ-

ਮੈਂ ਸ਼ਬਦਾਂ ਦਾ ਵਣਜਾਰਾ ਸਾਂ
ਤੇ ਐਥੇ ਸ਼ਬਦਾਂ ਨੂੰ ਉਨ੍ਹਾਂ ਦੀ ਹੋਂਦ ਤੇ ਸਾਰਥਕਤਾ ਦੇਣ ਆਈ ਸਾਂ-
ਚਾਹਿਆ ਸੀ
ਕਿ ਸੱਚ ਨੂੰ ਇੰਜ ਹਵਾਵਾਂ ਵਿੱਚ ਪੇਂਟ ਕਰ ਦਿਆਂਗੀ
ਕਿ ਇਸ ਨੂੰ ਪੜ੍ਹ ਸਕੇ ਕੋਈ-
——————————————

ਇਸ ਬੌਣਿਆਂ ਦੇ ਸ਼ਹਿਰ ਵਿੱਚ, ਮੇਰਾ ਕੱਦ ਗੁਆਚ ਗਿਆ ਹੈ-
ਮੈਂ ਏਥੇ ਗੁਆਚਾ ਆਪਣਾ ਕੱਦ ਜ਼ਰੂਰ ਲੱਭਣਾ ਹੈ।
ਤੇ ਆਪਣੀ ਗੱਲ,
ਜੋ ਮੈਂ ਤੁਰ ਤੁਰ ਕੇ, ਭੱਜ ਭੱਜ ਕੇ,
ਲੜ ਲੜ ਕੇ, ਪੜ੍ਹ ਪੜ੍ਹ ਕੇ,
ਡਿੱਗ ਡਿੱਗ ਕੇ ਤੇ ਉੱਠ ਉੱਠ ਕੇ ਸਮਝੀ ਸੀ,
ਐਥੋਂ ਦੀਆਂ ਹਵਾਵਾਂ ਨੂੰ ਜ਼ਰੂਰ ਕਹਿਣੀ ਹੈ।

ਇਹ ਮੇਰੀ ਜ਼ਿੰਦਗੀ ਦੇ ਫ਼ੈਸਲਿਆਂ ਦਾ ਵੀ ਸਮਾਂ ਸੀ। ਰਿਸ਼ਤਿਆਂ ਤੋਂ ਮੋਹ-ਭੰਗ ਦੀ ਸਥਿਤੀ ਸੀ। ਮੈਂ ਅੰਬਾਲੇ ਵਰਕਿੰਗ ਵੂਮੈਨ ਹੋਸਟਲ ਵਿੱਚ ਰਹਿੰਦੀ ਸਾਂ, ਉਥੇ ਮੈਂ ਇਕੱਲੀਆਂ ਔਰਤਾਂ ਦੇ ਰੂਬਰੂ ਹੋਈ। ਭਾਵੇਂ ਇਨ੍ਹਾਂ ਔਰਤਾਂ ਦੇ ਰੇਖਾ-ਚਿੱਤਰ ਮੈਂ ਆਪਣੀ ਪੁਸਤਕ "ਮੀਰਾ" ਵਿੱਚ ਦਿੱਤੇ ਹਨ, ਪਰ ਇਹ ਇਕੱਲੀਆਂ ਔਰਤਾਂ/ਕੁੜੀਆਂ ਮੇਰੀਆਂ ਕਵਿਤਾਵਾਂ ਵਿੱਚ ਵੀ ਆ ਸ਼ਾਮਿਲ ਹੁੰਦੀਆਂ ਹਨ। ਇਸ ਲਈ "ਇੰਜ ਨਾ ਮਿਲੀਂ" ਕਾਵਿ-ਕਿਤਾਬ ਵਿੱਚ 'ਡੁਹਾਗਣ', 'ਦਰੱਖਤਾਂ 'ਚ ਅੜੀਆਂ ਪਤੰਗਾਂ', 'ਸੁੱਤੇ ਪਰਾਂ ਵਾਲੀਆਂ ਚਿੜੀਆਂ', 'ਬਿਨਾ ਡੋਰ ਉਡਦੀਆਂ ਪਤੰਗਾਂ' ਜਿਹੀਆਂ ਕਵਿਤਾਵਾਂ ਸਮਕਾਲੀ ਸਮਾਜ ਦੇ ਚਿਹਰੇ ਪੇਸ਼ ਕਰਦੀਆਂ ਹਨ। ਇਸੇ ਤਰ੍ਹਾਂ 'ਕਮਲੀਆਂ ਨੇ ਕੁੜੀਆਂ', 'ਬੱਸ ਨਦੀਆਂ', 'ਦਹਿਲੀਜ਼ ਦੇ ਇਸ ਪਾਰ', 'ਕਬਿਰਸਤਾਨ', 'ਜੀਣ-ਮਰਨ', 'ਕੁੜੀ ਕਰਦੀ ਏ ਸਵਾਲ', 'ਟਿਸ਼ੂ ਪੇਪਰ ਪੇਸ਼ ਹੈ', 'ਰਕਤਬੀਜ' ਆਦਿ ਕਵਿਤਾਵਾਂ ਆਪਣੇ ਪੈਰੀਂ ਤੁਰਨ ਦੀ ਯਾਤਰਾ ਦੇ ਆਰ-ਪਾਰ ਹੁੰਦੀਆਂ ਕੁੜੀਆਂ ਨੂੰ ਹੀ ਸਿਰਜ ਰਹੀਆਂ ਸਨ। ਕੁੜੀ ਦੀ ਹੋਂਦ ਨਾਲ ਸੰਬਧਿਤ ਸਵਾਲ ਸਮਾਜਿਕ ਸਿਆਸਤ ਬਣ ਹਾਲੇ ਵੀ ਮੇਰੀ ਕਵਿਤਾ ਵਿੱਚ ਮੌਜੂਦ ਹਨ। 2012 ਵਿੱਚ ਦਿੱਲੀ ਵਿੱਚ ਨਿਰਭੈਆ ਕਾਂਡ ਵਾਪਰਿਆ ਤਾਂ ਸਾਰਾ ਮੁਲਕ ਕੰਬ ਗਿਆ।

ਪਹਿਲੀ ਵਾਰੀ ਕੁੜੀਆਂ ਦੀ ਸੁਰੱਖਿਆ ਅਤੇ ਸਮਾਜ ਵਿੱਚ ਮਰਦ ਦੀ ਉਹੀ ਜਗੀਰੂ ਸੋਚ ਉਭਰੀ ਸੀ, ਜਿਸ ਨੂੰ ਕੁੜੀਆਂ ਨੇ ਆਪ ਮੁੱਕੇ ਵੱਟ ਕੇ ਸਵਾਲ ਪੁੱਛੇ ਸਨ—

ਰਾਜਧਾਨੀ ਦੀਆਂ ਸੜਕਾਂ 'ਤੇ, ਵੇਖੀਆਂ ਅੱਜ ਮੈਂ
ਪੱਤੀਆਂ ਲੋਹੇ ਦੀ ਸਾਣ ਚੜ੍ਹਦੀਆਂ!
"ਮੇਰੀ ਸਕੱਰਟ ਨਾਲੋਂ ਉੱਚੀ ਮੇਰੀ ਆਵਾਜ਼ ਸੁਣ"
"ਮੇਰੇ ਚਿਹਰੇ ਤੋਂ ਸੁੰਦਰ...ਮੇਰੀ ਹਿੰਮਤ ਵੇਖ"
"ਖੋਟ ਤੇਰੀ ਨਜ਼ਰ ਵਿੱਚ... ਤੇ ਪਰਦਾ ਕਰਾਂ ਮੈਂ?"
ਕਿਸੇ ਦਾ ਵਜੂਦ, ਸੰਸਦ 'ਚ ਡਿੱਗਾ ਹੈ, ਬੰਬ ਬਣ ਕੇ!
ਖੜਕਦੀ ਵੇਖੀ ਹੈ ਅੱਜ ਮੈਂ ਲੱਠ,
ਪਰ ਦ੍ਰੋਪਦੀ ਦੇ ਹੱਥ!

ਉਸ ਵਕਤ ਦੀ ਪੰਜਾਬੀ ਕਵਿਤਾ ਵਿੱਚ ਪੰਜਾਬ ਦੇ ਦੁਖਾਂਤ ਦੇ ਨਾਲ ਨਾਲ ਸਮਜਿਕ ਤਾਣੇ-ਬਾਣੇ ਅਤੇ ਰਿਸ਼ਤਿਆਂ ਦੇ ਮੋਹ-ਭੰਗ ਦੀ ਸਥਿਤੀ ਸਿਰਜੀ ਜਾ ਰਹੀ ਸੀ। ਸਵਰਨਜੀਤ ਸਵੀ, ਜਸਵੰਤ ਦੀਦ, ਅਮਰਜੀਤ ਕੌਂਕੇ, ਗੁਰਤੇਜ ਕੋਹਾਰਵਾਲਾ, ਤੇਜਵਿੰਦਰ, ਸੁਖਪਾਲ ਇਸੇ ਮੋਹ-ਭੰਗ ਤੇ ਪਿਆਦਿਆਂ ਦੇ ਦਰਦ ਦੀ ਬਾਤ ਪਾ ਰਹੇ ਸਨ। ਮੇਰੀ ਕਵਿਤਾ ਵਿੱਚ ਵੀ 'ਘਰ' ਦੀਆਂ ਕਿਰਚਾਂ ਸਨ-

ਫਿਰ ਹਾਂ ਸਾਹਵੇਂ ਦਰਪਣ ਦੇ
'ਛੱਡ ਪਰਿਕਰਮਾ ਤੇ ਤੁਰ ਅੱਗੇ...
ਟੱਕਰੇ ਕੋਈ, ਤਾਂ ਪਲ ਦੋ ਪਲ ਮਾਣ
ਤੇ ਤੁਰ ਚੱਲ ਅੱਗੇ—-

ਜੀਣਾ ਹੈ ਤਾਂ
ਨਾ ਕਰ ਟਿਕਾਣਾ ਕਿਤੇ
ਸਿਰਜ ਨਾ ਘਰ ਕੋਈ!

ਪਾਕਿਸਤਾਨ ਨਾਲ ਸ਼ੀਤ-ਯੁੱਧ ਸਾਡੀ ਹੋਣੀ ਬਣ ਗਿਆ ਹੈ। ਹੌਲੀ-ਹੌਲੀ ਸਮਝ ਆਇਆ ਕਿ ਦੇਸ਼ ਦੀ ਵੰਡ ਦਾ ਵੱਡਾ ਦੁਖਾਂਤ ਤਾਂ ਪੰਜਾਬੀਆਂ ਨੇ ਹੀ ਜਰਿਆ ਹੈ। ਭਾਵੇਂ ਉਸ ਵਕਤ ਛਵੀਆਂ ਵੀ ਪੰਜਾਬੀਆਂ ਦੇ ਹੱਥਾਂ ਵਿੱਚ ਹੀ ਸਨ, ਪਰ ਅੱਜ ਉਹ ਜੱਫੀਆਂ ਪਾਉਣ ਨੂੰ ਵੀ ਤਿਆਰ ਨੇ। ਦੋਵੇਂ ਪਾਸੇ ਮੁਲਕ ਦੀ ਜ਼ਮੀਨ ਨਾਲ ਸਾਂਝਾਂ ਡੂੰਘੀਆਂ ਨੇ। ਵਾਰਿਸ਼ ਸ਼ਾਹ ਦੇ ਉਰਸ ’ਤੇ ਜੰਡਿਆਲਾ ਸ਼ੇਰ ਖਾਂ, ਸ਼ੇਖੂਪੁਰਾ, ਲਹੌਰ ਤੇ ਹਸਨ ਅਬਦਾਲ ਵਿੱਚ ਆਪਣਾ ਹੀ ਕੁਝ ਖਿੰਡਿਆ ਹੋਇਆ ਸਮੇਟ ਰਹੀ ਸੀ। ਮਾਂ ਦੱਸਦੀ ਸੀ ਕਿ ਲਹੌਰ ਤੋਂ ਕਿਵੇਂ ਨਹਿਰ ਦੇ ਨਾਲ-ਨਾਲ ਤੁਰਦੇ ਕਾਫ਼ਲੇ ਵਿੱਚ ਉਹ ਡਰਦੇ-ਤ੍ਰਹਿੰਦੇ ਆਏ ਸਨ। ਉਥੇ ਜਾ ਕੇ ਉਨ੍ਹਾਂ ਪੈੜਾਂ ਨੂੰ ਲੱਭਦੀ ਰਹੀ। ਦੋ ਨਜ਼ਮਾਂ ਲਿਖੀਆਂ ਗਈਆਂ। ਇੱਕ ਉਸ ਭਾਵੁਕ ਸਾਂਝ ਨਾਲ ਸੰਬੰਧਿਤ ‘ਇਹ ਮੁਲਕ ਮੇਰਾ ਵੀ ਹੈ’ ਅਤੇ ਦੂਜੀ ਸ਼ੀਤ-ਯੁੱਧ ਨੂੰ ਮੁਕਾਉਣ ਲਈ ਸਿਆਸੀ ਨੇਤਾਵਾਂ ਨੂੰ ਮੁਖ਼ਾਤਿਬ ‘ਜੂਨ ਪ੍ਰਸ਼ਨ-ਚਿੰਨ੍ਹ ਦੀ’––

ਆ! ਕਿ ਇਸ ‘ਨੋ ਮੈਨਜ਼ ਲੈਂਡ’ ’ਤੇ,
ਪੋਟਲੀਆਂ ਨੂੰ ਵਹਾਅ, ਪ੍ਰਸ਼ਨ-ਮੁਕਤ ਹੋ ਜਾਈਏ!
ਇਸ ਯੁੱਧ ਨੂੰ ਹਰਾ
ਆਪਣੇ ਆਪਣੇ ਮੋਰਚਿਆਂ ਵੱਲ ਪਰਤ ਜਾਈਏ!

ਪਿਛਲੇ ਪੰਜ ਛੇ ਸਾਲ ਤੋਂ ਦੇਸ਼ ਜਿਨ੍ਹਾਂ ਹਾਲਾਤ ‘ਚੋਂ ਗੁਜ਼ਰ ਰਿਹਾ ਹੈ, ਇਸ ਨੇ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸਿੱਧੀ ਸਪੱਸ਼ਟ ਲੀਕ ਖਿੱਚੀ ਗਈ ਹੈ ਲੋਕਾਂ ਵਿਚਕਾਰ। ਇੱਕ ਪਾਸੇ ਫ਼ਾਸ਼ੀਵਾਦੀ ਤਾਕਤਾਂ ਦੇ ਸਮੱਰਥਕ ਨੇ, ਜੋ ਧਰਮ ਦੇ ਨਾਮ ‘ਤੇ ਜਜ਼ਬਾਤੀ ਹੋ ਕੇ ਇਨ੍ਹਾਂ ਤਾਕਤਾਂ ਦੀ ਤਾਨਾਸ਼ਾਹੀ, ਭ੍ਰਿਸ਼ਟਾਚਾਰੀ, ਤੇ ਜ਼ਾਲਮ ਰਵੱਈਏ ਨੂੰ ਸਮਝਣਾ ਨਹੀਂ ਚਾਹੁੰਦੇ ਅਤੇ ਦੂਜੇ ਪਾਸੇ ਮਨੁੱਖੀ ਹੱਕ-ਸੱਚ ਦੀਆਂ ਲੋਕਤੰਤਰੀ ਆਵਾਜ਼ਾਂ ਹਨ, ਜੋ ਲੋਕਾਂ ਅਤੇ ਦੇਸ਼-ਹਿੱਤ ਦੀਆਂ ਸਮੱਰਥਕ ਹਨ। ਦੇਸ਼ ਭਗਤੀ ਨੂੰ ਬਹੁਤ ਹੀ ਜ਼ਾਲਿਮ ਤਰੀਕੇ ਨਾਲ ਉਲਝਾ ਦਿੱਤਾ ਗਿਆ ਹੈ। ਸੱਚ-ਹੱਕ ਲਈ ਉੱਠਦੀ ਹਰ ਆਵਾਜ਼ ਨੂੰ ਬੇਹੂਦਾ ਟਿੱਪਣੀਆਂ, ਕਾਨੂੰਨੀ ਦਾਅਪੇਚਾਂ ਤੇ ਸਤ੍ਹਾਧਾਰੀ ਜ਼ੋਰ ਨਾਲ ਦਬਾਉਣ ਤੇ ਮਿਟਾਉਣ ਦੀ ਕੋਸ਼ਿਸ਼ ਜਾਰੀ ਹੈ। ਮੇਰੀ ਕਵਿਤਾ ‘ਰਾਜ ਤਿਲਕ’ ਨੇ ਛੇ ਸਾਲ ਪਹਿਲਾਂ ਹੀ ਸਹੁੰ-ਚੁੱਕ ਸਮਾਗਮ ਨੂੰ ਰਾਜ ਤਿਲਕ ਦਾ ਨਾਮ ਦੇਣ ਵਾਲੀਆਂ ਇਨ੍ਹਾਂ ਤਾਕਤਾਂ ਦੇ ਸਤ੍ਹਾ ਵਿੱਚ ਕਾਬਜ਼ ਹੋਣ ਦੀ ਦਸਤਕ ਸੁਣ ਲਈ ਸੀ। ਉਸ ਤੋਂ ਬਾਅਦ ‘ਸੈਲਫ਼ੀ’ ਕਵਿਤਾ ਵਿੱਚ ਹਉਂ ਤੇ ਮੈਂ ਦੇ ਪੁਜਾਰੀ ਦਾ ਖ਼ੁਦਪ੍ਰਸਤੀ ਵਾਲਾ ਰਵੱਈਆ, ਆਪਣੇ ਮਨ ਕੀ ਬਾਤ, ਲੋਕਾਂ ਵੱਲ ਪਿੱਠ ਅਤੇ ਬਹੁਤੇ ਪੱਤਰਕਾਰਾਂ ਦਾ ਉਸ ਦੀ ਸੈਲਫ਼ੀ ਵਿੱਚ ਸ਼ਾਮਿਲ ਹੋ ਜਾਣਾ, ਖ਼ੁਦਪ੍ਰਸਤੀ ਦੇ ਸੰਸਾਰ ਨੂੰ ਪੂਰਿਆਂ ਕਰਦਾ ਹੈ। ਮੇਰੀ ਨਵੀਂ ਕਾਵਿ-ਕਿਤਾਬ “ਹੁਣ ਨਹੀਂ ਮਰਦੀ ਨਿਰਮਲਾ” ਵਿੱਚ ਬਹੁਤ ਸਾਰੀਆਂ ਕਵਿਤਾਵਾਂ ਇਨ੍ਹਾਂ ਸਮਿਆਂ ਦੀ ਸਿਆਸਤ ਨੂੰ ਸਮਝਣ ਤੇ ਸਿਰਜਣ ਦਾ ਹੀ ਯਤਨ ਹੈ।

ਸ਼ਹਿਰਾਂ ਤੇ ਸੰਸਥਾਵਾਂ ਦੇ ਨਾਮ ਬਦਲ ਕੇ, ਇੱਕ ਫ਼ਿਰਕੇ ਨੂੰ ਘੇਰ ਕੇ ਮਾਰਨ ਦੀਆਂ ਘਟਨਾਵਾਂ ਅਤੇ ਇਤਿਹਾਸ ਨਾਲ ਛੇੜ-ਛਾੜ ਦੀ ਬਾਤ 'ਮੁਗ਼ਲ ਸਰਾਇ' ਵਿੱਚ ਪਾਈ ਗਈ ਹੈ——

ਕਿਸ ਕਿਸ ਇਬਾਰਤ 'ਚੋਂ
ਕਿਸ ਕਿਸ ਕਾਗ਼ਜ਼ ਤੋਂ ਪੂੰਝੋਗੇ ਮੈਨੂੰ ?
ਕਿਸ ਕਿਸ ਬਾਂਹ ਤੋਂ ਖੁਰਚੋਗੇ ਮੈਨੂੰ ?
ਕਿੱਥੇ ਕਿੱਥੇ ਮੈਨੂੰ, ਮਾਰੋਗੇ ਘੇਰ ਕੇ ?
ਚਾਹੁੰਦੇ ਹੋ ਤੁਸੀਂ, ਬੋਹੜ ਪੁੱਟ ਦਿਉਗੇ
ਤੇ ਬੀਜੋਗੇ ਬੀਜ ਨਵੇਂ !
ਮੈਂ ਤਾਂ ਲਮਕ ਲਮਕ ਕੇ, ਫਿਰ ਫੜ ਲੈਣੀ ਹੈ ਜੜ੍ਹ -
ਮੈਂ ਤਾਂ ਘਾਹ ਹਾਂ
ਉੱਗ ਆਵਾਂਗਾ ਫ਼ਸਲਾਂ 'ਚ ਵੀ
ਨਸਲਾਂ 'ਚ ਵੀ !

ਇਸ ਫ਼ਾਸ਼ੀਵਾਦ ਅਤੇ ਸੱਤ੍ਹਾਧਾਰੀ ਝੂਠ ਤੇ ਜੁਮਲਿਆਂ ਵਿਰੁੱਧ ਉੱਠਣ ਵਾਲੀ ਆਵਾਜ਼ ਗੌਰੀ ਲੰਕੇਸ਼ ਅਤੇ ਹੋਰ ਕਈ ਸੰਵੇਦਨਸ਼ੀਲ ਲੇਖਕਾਂ ਪੱਤਰਕਾਰਾਂ ਦੇ ਸ਼ਰੇਆਮ ਕਤਲ, ਮੁਕੱਦਮੇ ਅਤੇ ਦਬਾਉ ਦੀ ਨੀਤੀ ਅਪਣਾਈ ਗਈ ਹੈ।

ਗੌਰੀ ਲੰਕੇਸ਼ ਨੂੰ ਸਮਰਪਿਤ ਇੱਕ ਮਰਸੀਆ ਅਤੇ ਇੱਕ ਮਰਸੀਆ ਪ੍ਰਬੰਧ ਦੀ ਮੌਤ ਉੱਪਰ ਵੀ ਇਸ ਕਿਤਾਬ 'ਚ ਸ਼ਾਮਿਲ ਹੈ——

ਇਸ ਉਸ ਕਾਰਨ ਲੋਕ ਪਏ ਮਰਦੇ, ਆਪਣੀ ਮੌਤ ਨਾ ਕੋਈ ਮਰਦਾ।
ਚਾਲ ਚੱਲਣ ਉਹ, ਮੋਹਰੇ ਮਰਦੇ, ਕਿੰਨੇ ਮਰੇ, ਕੌਣ ਗਿਣਤੀ ਕਰਦਾ।
ਇੱਕ ਨਹੀਂ, ਹੁਣ ਫ਼ੌਜ ਯਜੀਦ ਹੈ, ਇੱਕ ਚੜ੍ਹੇ, ਇਕ ਵਿਛਦਾ ਜਾਵੇ,
ਨੌਂ ਦਿਨ ਨਹੀਂ, ਨੌਂ ਯੁੱਗ ਬੀਤ ਗਏ, ਬੀਤਣ ਵਿੱਚ ਨਾ ਮੁਹਰਮ ਆਵੇ।

ਨਵੇਂ ਨਾਗਰਿਕ ਕਾਨੂੰਨ ਦੇ ਖ਼ਿਲਾਫ਼ ਸੰਘਰਸ਼ ਇੱਕ ਵੱਡਾ ਸੰਘਰਸ਼ ਸੀ, ਜਿਸ ਨੇ ਲੋਕਾਂ ਨੂੰ ਇਨ੍ਹਾਂ ਫ਼ਾਸ਼ੀਵਾਦੀ ਤਾਕਤਾਂ ਵਿਰੁੱਧ ਜਗਾ ਦਿੱਤਾ ਸੀ। ਇਸ ਸਾਰੇ ਸਮੇਂ ਵਿੱਚ ਮੇਰੀ ਨਜ਼ਮ ਲੋਹੀ ਲਾਖੀ ਹੁੰਦੀ ਰਹੀ। ਕਈ ਦੋਸਤਾਂ ਨੇ ਇਸ ਨੂੰ ਲਾਊਡ ਵੀ ਕਿਹਾ। ਪਰ ਅਜਿਹੇ ਵੇਲਿਆਂ ਵਿੱਚ ਸੁਰ ਉੱਚੀ ਕਰਨੀ ਵੀ ਜ਼ਰੂਰੀ ਹੋ ਜਾਂਦੀ ਹੈ। ਮੇਰੀ ਕਵਿਤਾ 'ਗ਼ਦਾਰ' ਨੂੰ ਮਲੇਰਕੋਟਲੇ ਤੇ ਹੋਰ ਕਈ ਥਾਵਾਂ 'ਤੇ ਇਸ ਸੰਘਰਸ਼ ਦੇ ਇਕੱਠਾਂ ਵਿੱਚ ਪੜ੍ਹਿਆ ਗਿਆ। ਨੌਜਵਾਨਾਂ ਨੇ ਇਸ ਦੇ ਪੋਸਟਰ ਬਣਾ ਬਣਾ ਕੇ ਵੀ ਲਾਏ——

ਹਰ ਸਵਾਲ ਕਰਨ ਵਾਲਾ
ਜਾਗਦੇ ਸਿਰ ਵਾਲਾ
ਉੱਚੀ ਸੁਰ ਵਾਲਾ
"ਅਰਬਨ ਨਕਸਲ" ਹੁੰਦਾ ਹੈ !

ਮੈਨੂੰ ਭਾਂਤ ਭਾਂਤ ਦਾ, ਹਰ ਰੰਗ ਦਾ ਫੁੱਲ ਪਿਆਰਾ ਹੈ
ਮੈਨੂੰ ਬਸੰਤੀ, ਕੇਸਰੀ, ਜੋਗੀਆ
ਤੇ ਭਗਵੇਂ ਰੰਗ ਦੇ ਫ਼ਰਕ ਦੀ ਬਰੀਕੀ ਵੀ ਪਤਾ ਏ-
ਹਰ ਰੰਗ, ਹਰ ਫੁੱਲ ਦੀ ਪਛਾਣ ਲਈ
ਮੇਰੀ ਆਵਾਜ਼ ਬੁਲੰਦ ਏ...
ਤਾਹੀਂਉਂ ਮੈਂ "ਟੁਕੜਾ ਟੁਕੜਾ ਗੈਂਗ" ਦਾ ਹਿੱਸਾ ਹਾਂ!

ਮਹਾਂਮਾਰੀ ਦੇ ਬਹਾਨੇ ਸੜਕਾਂ 'ਤੇ ਉਤਰੇ ਲੋਕ ਤਾਲਾਬੰਦੀ ਵਿੱਚ ਘਿਰ ਗਏ। ਦੁਖਾਂਤ ਇਹ ਹੈ ਕਿ ਬੁਲੰਦ ਆਵਾਜ਼ਾਂ ਨੂੰ ਕੁਚਲਿਆ ਜਾ ਰਿਹਾ ਹੈ। ਕਈਆਂ ਨੂੰ ਜੇਲਾਂ ਵਿੱਚ ਸੁੱਟ ਦਿੱਤਾ ਗਿਆ ਹੈ ਤੇ ਕਈਆਂ 'ਤੇ ਮੁਕੱਦਮੇ ਤੇ ਕਾਰਵਾਈਆਂ ਚੱਲ ਰਹੀਆਂ ਹਨ। ਦਿੱਲੀ ਵਿਚਲੇ ਮੁਸਲਿਮ ਵਿਰੋਧੀ ਦੰਗੇ, ਮਹਾਂਮਾਰੀ ਵਿੱਚ ਚੱਲਦੀ ਸਿਆਸੀ ਖੇਡ ਮੇਰੀ ਕਵਿਤਾ ਦਾ

**ਕਾ.ਗਜ਼ ਕਾਲੇ**

ਮਾਂ ਦੇ ਢਿੱਡ 'ਤੇ ਲੱਤ ਪਈ ਹੈ
ਕੁੱਖ 'ਚ ਪਏ ਬੱਚੇ ਨੂੰ ਜਾ ਲੱਗੀ ਹੈ-
ਬੜਾ ਢੀਠ ਹੈ ਬੱਚਾ, ਫਿਰ ਵੀ ਜੰਮ ਪਿਆ ਹੈ।
ਆਲੇ-ਦੁਆਲੇ ਲਹੂ ਏ, ਲਾਸ਼ਾਂ ਨੇ, ਚੀਕਾਂ ਨੇ,

ਇਸੇ ਹਸਪਤਾਲ ਦਾ ਜਨਮ ਪ੍ਰਮਾਣ-ਪੱਤਰ, ਕੱਲ ਨੂੰ ਦੇਵੇਗਾ ਬੱਚਾ ਕਿ ਮੈਂ ਭਾਰਤ ਦਾ ਨਾਗਰਿਕ ਹਾਂ!

ਮਹਾਂਮਾਰੀ ਵਿੱਚ ਹੋਈ ਤਾਲਾਬੰਦੀ ਨੇ ਕਿਰਤੀਆਂ ਦੇ ਮੂੰਹੋਂ ਬੁਰਕੀ ਖੋਹ ਲਈ। ਹਰੇਕ ਵਰਗ ਆਰਥਿਕ ਤੰਗੀ 'ਚੋਂ ਗੁਜ਼ਰ ਰਿਹਾ ਹੈ, ਪਰ ਕਿਰਤੀਆਂ ਦਾ ਆਪਣੇ ਘਰਾਂ ਵੱਲ ਮੀਲੋ-ਮੀਲ ਪੈਦਲ ਤੁਰ ਕੇ ਜਾਣਾ, ਜਿਸ ਤਰ੍ਹਾਂ ਦੇ ਦ੍ਰਿਸ਼ ਪੇਸ਼ ਕਰ ਗਿਆ, ਇਹ 1947 ਦੇ ਪਰਵਾਸ ਵਰਗਾ ਹੀ ਸੀ-

ਸੋਸ਼ਲ ਡਿਸਟੈਂਸ ਤਾਂ ਲਿਖਿਆ ਹੈ
ਇਨ੍ਹਾਂ ਦੀਆਂ ਹਥੇਲੀਆਂ ਉੱਪਰ-
ਤੇ ਸਦੀਆਂ ਤੋਂ ਆਈਸੋਲੇਸ਼ਨ ਵਿੱਚ ਹੀ ਤਾਂ
ਰੱਖਿਆ ਹੈ ਅਸੀਂ ਇਨ੍ਹਾਂ ਨੂੰ-
ਕਈ ਮਹਾਂਮਾਰੀਆਂ ਰਹਿਣ ਸਵਾਰ
ਇਨ੍ਹਾਂ ਦੇ ਮੋਢਿਆਂ ਉੱਪਰ!
ਪਰ ਨਹੀਂ ਮਰਨਾ ਚਾਹੁੰਦੇ ਇਹ, ਮਰਨ ਤੋਂ ਪਹਿਲਾਂ,
ਪਰਾਏ ਬਾਰ ਦੇ ਉੱਤੇ!

ਮਹਾਂਮਾਰੀ ਦਾ ਇਹ ਦੌਰ ਅਤੇ ਸਰਕਾਰੀ ਨੀਤੀਆਂ ਨਵਾਂ ਇਤਿਹਾਸ ਲਿਖ ਰਹੀਆਂ ਹਨ। ਆਉਣ ਵਾਲੇ ਸਮੇਂ ਵਿੱਚ ਖ਼ਤਰੇ ਦੀਆਂ ਅਲਾਮਤਾਂ ਦਿਖਾਈ ਦੇ ਰਹੀਆਂ ਹਨ। ਅਜਿਹੇ ਸਮੇਂ ਵਿੱਚ ਕੋਈ ਵੀ ਸੰਵੇਦਨਸ਼ੀਲ ਕਲਮ ਕਿਵੇਂ ਚੁੱਪ ਰਹਿ ਸਕਦੀ ਹੈ।

***

## ਸਿਰਜਣਾ ਤੇ ਸਮਕਾਲ/ਸਮਕਾਲ ਤੇ ਸਿਰਜਣਾ

**-ਸੁਰਜੀਤ ਜੱਜ**

ਸਿਰਜਣਾ ਸਦਾ ਸਮਕਾਲੀ ਹੁੰਦੀ ਹੈ। ਸਰਬਕਾਲੀ ਹੋ ਕੇ ਵੀ ਸਮਕਾਲੀ ਤੇ ਸਮਕਾਲੀ ਹੁੰਦਿਆਂ ਹੋਇਆਂ ਸਰਬਕਾਲੀ। ਮਹਾਨ ਸਿਰਜਣਾ ਸਮਕਾਲ 'ਚੋਂ ਸਰਬਕਾਲੀ ਤੇ ਸਰਬਕਾਲ 'ਚੋਂ ਸਮਕਾਲੀ ਸੱਚ ਤੇ ਹੁੰਗਾਰਾ ਸਿਰਜਦੀ ਹੈ। ਅਸਲ ਵਿਚ ਸਰਬਕਾਲ ਸਾਡੀ ਮਨੋ ਇੱਛਤ ਤੇ ਮਨ-ਲੁਭਾਊ ਸਿਰਜਣਾ ਹੈ। ਹਕੀਕਤ ਵਿਚ ਇਹ ਉਸ ਰੂਪ ਵਿਚ ਸ਼ਾਇਦ ਹੀ ਕਦੇ ਹੋਂਦ ਰੱਖਦਾ ਹੋਵੇ ਜਿਸ ਰੂਪ ਵਿਚ ਅਸੀਂ ਇਸ ਨੂੰ ਤਸੱਵਰ ਵਿਚ ਤੈਅ ਕਰੀ ਰੱਖਦੇ ਹਾਂ, ਕਲਪਨਾ ਵਿਚ ਇਸ ਦੇ ਕਾਇਲ ਹੋਏ ਰਹਿੰਦੇ ਹਾਂ। ਹਰ ਸਿਰਜਣਾ ਸਮੇਂ ਦੇ ਇਕ ਵਿਸ਼ੇਸ਼ ਕਾਲ-ਖੰਡ ਵਿਚ ਪੱਸਰੀ ਸਮਕਾਲੀ ਸਤੱਹ ਤੋਂ ਪੁਲਾਂਘ ਪੁੱਟਦੀ ਹੈ ਤੇ ਸਮਕਾਲੀ ਸੱਚ ਨੂੰ ਅੰਗੀਕਾਰ ਕਰਦਿਆਂ ਸਮਕਾਲ ਵਿਚ ਵਿਚਰਨ ਵਾਲਿਆਂ ਨੂੰ ਮੁਖ਼ਾਤਿਬ ਹੁੰਦਿਆਂ, ਉਨ੍ਹਾਂ ਦੇ ਹੁੰਗਾਰੇ ਦੀ ਚਾਹਵਾਨ ਹੁੰਦੀ ਹੈ ਤੇ ਬਹੁਤੀ ਵਾਰ ਮੁਥਾਜ ਵੀ। ਸਮਕਾਲੀ ਹੁੰਗਾਰੇ ਦੀ ਮੁਥਾਜੀ ਸਿਰਜਣਾ ਤੋਂ ਸਮਕਾਲ ਦੇ ਰਿਸ਼ਤੇ ਨੂੰ ਨਿਰਧਾਰਿਤ ਕਰਨ ਵਾਲੀ ਮੁੱਖ ਜਾਂ ਅਤਿ ਅਹਿਮ ਕੜੀ ਭਾਵੇਂ ਨਾ ਵੀ ਹੋਵੇ, ਇਕ ਅਹਿਮ ਚਾਲਕ-ਸ਼ਕਤੀ ਜ਼ਰੂਰ ਹੈ। ਸਮਕਾਲ ਕੀ ਹੈ ? ਸਮੇਂ ਦੇ ਕਿਸੇ ਵਿਸ਼ੇਸ਼ ਕਾਲ ਬਿੰਦੂ 'ਤੇ ਸਿਮਟੇ ਸਰਬਕਾਲ ਦੇ ਵਿਆਪਕ ਅਕਸ ਦੀ ਇਕ ਝਲਕ ਹੀ ਤਾਂ ਹੈ। ਸਿਰਜਕ ਇਸੇ ਝਲਕ ਨੂੰ ਹੀ ਆਪਣੀ ਸਿਰਜਣ ਸ਼ਕਤੀ ਦੀ ਸਮਰਥਾ ਅਨੁਸਾਰ ਇਕ ਵਿਆਪਕ ਅਕਸ ਵਿਚ ਰੂਪਾਂਤ੍ਰਿਤ ਕਰਨ ਦੇ ਆਹਰ ਹਿੱਤ ਯਤਨਸ਼ੀਲ ਹੁੰਦਾ ਹੈ। ਨਿਰਸੰਦੇਹ, ਸਮਕਾਲੀ ਇਛਾਵਾਂ ਤੇ ਦਬਾਵਾਂ ਦਾ ਜੋੜ-ਮੇਲ ਉਸ ਦੇ ਇਸ ਯਤਨ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਸੇਧਤ ਕਰਨ ਹਿਤ ਫੈਸਲਾਕੁੰਨ ਭੂਮਿਕਾ ਅਦਾ ਕਰੇਗਾ ਹੀ ਕਰੇਗਾ। ਕੋਈ ਸਿਰਜਣਾ ਅਗਰ ਆਪਣੇ ਸਿਰਜਣ ਸਮੇਂ ਤੋਂ ਵਰ੍ਹਿਆਂ ਜਾਂ ਸਦੀਆਂ ਬਾਅਦ ਵੀ ਆਪਣੀ ਅਹਿਮੀਅਤ ਜਾਂ ਹੁੰਗਾਰਾ ਬਰਕਰਾਰ ਰੱਖਦੀ ਹੈ ਜਾਂ ਕਈ ਵਾਰ ਪਿਛਲੇਰੇ ਸਮਿਆਂ ਵਿਚ, ਉਹਦਾ ਸਾਇਆ ਹੋਰ ਵੀ ਗੂੜ੍ਹਾ ਅਤੇ ਵਿਆਪਕ ਹੋ ਜਾਂਦਾ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਹ ਕਾਲ-ਮੁਕਤ ਹੋ ਕੇ ਸਮਕਾਲ ਤੋਂ ਅਭਿੱਜ ਹੋ ਗਈ ਹੈ। ਪਹਿਲੀ ਗੱਲ, ਜਦੋਂ ਉਹ ਰਚੀ ਗਈ, ਉਦੋਂ ਉਹ ਆਪਣੀ ਸਮਕਾਲੀ ਲੋੜ ਦੇ ਦਬਾਓ ਹੇਠ ਹੀ ਹੋਂਦ ਵਿਚ ਆਈ ਸੀ ਤੇ ਨਿਰਸੰਦੇਹ, ਆਪਣੇ ਸਮਕਾਲ ਨੂੰ ਮੁਖ਼ਾਤਿਬ ਸੀ। ਸਮਕਾਲ ਨਾਲ ਹੀ ਸੰਵਾਦ ਛੇੜਦੀ ਸੀ, ਸਮਕਾਲ ਨਾਲ ਹੀ ਇਕਸੁਰ ਸੀ ਜਾਂ ਵਿਰੋਧਮੁਖੀ ਸੁਰ ਨਾਲ ਉਸੇ ਹੀ ਸਮਕਾਲ ਨੂੰ ਵੱਖਰੇ ਪੈਂਤੜੇ ਤੋਂ ਸਹੇਜ ਰਹੀ ਸੀ ਤੇ ਹੁਣ ਜਦੋਂ ਉਹੀ ਰਚਨਾ ਆਪਣੇ ਰਚੇ ਜਾਣ ਤੋਂ ਦੇਰ ਬਾਅਦ ਹੋਰ ਵੀ ਵਧੇਰੇ ਅਹਿਮੀਅਤ ਹਾਸਲ ਕਰ ਜਾਂਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਹੁਣ ਵੀ ਉਹ ਓਹੀ ਰਚਨਾ ਜਾਂ ਉਸੇ ਭਾਵ-ਬੋਧ ਵਾਲੀ ਸਿਰਜਣਾ ਹੋਵੇਗੀ ਜੋ ਉਹ ਆਪਣੇ ਰਚੇ ਜਾਣ ਵੇਲੇ ਸੀ। ਹਾਂ, ਉਹਦਾ ਪਾਠ ਓਹੀ ਹੋਵੇਗਾ ਪਰ ਉਸਦਾ ਸਾਰ-ਤੱਤ ਤੇ ਇਸ ਤੋਂ ਪ੍ਰਗਟ ਹੋਣ ਵਾਲਾ ਸੱਚ ਉਹ ਨਹੀਂ ਹੋਵੇਗਾ, ਬਲਕਿ ਪਿਛਲੇਰੇ ਕਾਲ-ਖੰਡ ਦੇ ਸਮਕਾਲ ਨੂੰ ਭਾਉਣ ਵਾਲਾ ਜਾਂ ਵਾਰਾ ਖਾਣ ਵਾਲਾ ਰੂਪ ਧਾਰਨ ਕਰ ਚੁੱਕਾ ਹੋਵੇਗਾ। ਵਾਲਮੀਕੀ ਰਮਾਇਣ ਨੂੰ ਇਸ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ। ਇਸ ਮਹਾਂਕਾਵਿ ਦੇ ਲਿਖਣ ਦੇ ਕਾਲਖੰਡ ਦੇ ਸਮੇਂ ਹੀ ਨਹੀਂ, ਵਰ੍ਹਿਆਂ ਬਾਅਦ ਵੀ ਇਸ ਦੇ ਨਾਇਕ ਰਾਮ ਚੰਦਰ ਜੀ, ਇਕ ਰਾਜ ਕੁਮਾਰ ਤੇ ਰਾਜਾ ਦੇ ਰੂਪ ਵਿਚ ਹੀ ਉੱਭਰ ਕੇ ਸਾਹਮਣੇ ਆਉਂਦੇ ਰਹੇ, ਭਗਵਾਨ ਰੂਪ ਵਿਚ ਨਹੀਂ। ਇਹ ਭਾਣਾ ਤਾਂ ਭਾਰਤ ਵਿਚ ਹਿੰਦੂ ਪੁਨਰ

ਜਾਗਰਣ, ਜਿਸ ਨੂੰ ਦੇਸ਼ ਦਾ ਸੁਨਹਿਰੀ ਕਾਲ ਐਲਾਨਿਆ ਜਾਂਦਾ ਹੈ, ਗੁਪਤਾ ਕਾਲ ਸਮੇਂ ਪਹਿਲੀ ਵਾਰ ਆ ਕੇ ਵਾਪਰਦਾ ਹੈ ਤੇ ਉਸ ਤੋਂ ਕਿਤੇ ਵਿਆਪਕ ਤੋਂ ਗਹਿਰੇ ਰੂਪ ਵਿਚ ਹੁਣ ਵਾਪਰ ਰਿਹਾ ਹੈ। ਨਿਰਸੰਦੇਹ, ਇਸ ਮਹਾਂਕਾਵਿ ਦਾ ਇਕ ਸਮਕਾਲ ਉਹ ਸੀ ਜਦੋਂ ਇਹ ਵਾਲਮੀਕੀ ਜੀ ਦੁਆਰਾ ਰਚਿਆ ਗਿਆ। ਦੂਸਰਾ ਸਮਕਾਲ ਉਹ ਸੀ ਜਦੋਂ ਇਹ ਮਹਾਂਕਾਵਿ ਤੋਂ ਧਾਰਮਿਕ ਗ੍ਰੰਥ ਵਜੋਂ ਸਥਾਪਿਤ ਹੋਇਆ ਜਾਂ ਵਧੇਰੇ ਸਹੀ ਕਹਿਣਾ ਹੋਵੇ ਤਾਂ ਨਵੇਂ ਸਮਕਾਲ ਦੀਆਂ ਲੋੜਾਂ ਹਿਤ ਪੁਨਰ-ਸਿਰਜਿਤ ਹੋਇਆ ਤੇ ਤੀਸਰਾ ਸਮਕਾਲ ਹੁਣ ਹੈ ਜਦੋਂ ਇਹ ਅੰਧ-ਰਾਸ਼ਟਰਵਾਦ ਨੂੰ ਠੁੰਮ੍ਹਣਾ ਦੇਣ ਲਈ ਇਕ ਕਾਰਗਰ ਜ਼ਰੀਏ ਵਜੋਂ ਸਾਰ-ਤੱਤ ਦੀ ਪੱਧਰ 'ਤੇ ਪੁਨਰ-ਸਿਰਜਤ ਕੀਤਾ ਜਾ ਰਿਹਾ ਹੈ ਜਾਂ ਕੀਤਾ ਜਾ ਚੁੱਕਾ ਹੈ। ਸੋ, ਸਰਬਕਾਲ ਹਮੇਸ਼ਾ ਸਮਕਾਲ ਵਿਚ ਹੀ ਸਾਹ ਲੈਂਦਾ ਹੈ, ਪਨਾਹ ਲੈਂਦਾ ਹੈ। ਪੰਜਾਬੀ ਰਚਨਾਕਾਰੀ ਦੀ ਮਿਸਾਲ ਲਈਏ ਤਾਂ ਹੀਰ ਵਾਰਿਸ ਦਾ ਇਕ ਸਮਕਾਲ ਉਹ ਸੀ, ਜੋ ਵਾਰਿਸ ਦੇ ਸਿਰਜਣਾ ਕਰਨ ਸਮੇਂ ਸੀ। ਉਸ ਵਿਸ਼ੇਸ਼ ਸਮਕਾਲ ਤੋਂ ਪਹਿਲਾਂ ਜਾਂ ਪਿੱਛੋਂ ਹੀਰ ਵਾਰਿਸ ਵਰਗੀ ਰਚਨਾ ਨਾ ਪੈਦਾ ਹੋਣੀ ਸੀ ਨਾ ਹੋਈ। ਹਾਂ, ਹੀਰ ਦੇ ਕਿੱਸੇ ਬਥੇਰੇ ਲਿਖੇ ਗਏ ਤੇ ਹੁਣ ਤਕ ਲਿਖੀ ਜਾ ਰਹੇ ਨੇ ਕਈ ਸ਼ਾਇਰ ਲੋਕ। ਇਸੇ ਮਹਾਂ-ਰਚਨਾ ਦਾ ਦੂਜਾ ਸਮਕਾਲ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਤੇ ਪ੍ਰੋ. ਕਿਸ਼ਨ ਸਿੰਘ ਹੁਰਾਂ ਦੀ ਸਮਝਦਾਰੀ 'ਚੋਂ ਹੋਂਦ ਗ੍ਰਹਿਣ ਕਰਦਾ ਰਿਹਾ ਸੀ ਤੇ ਤੀਸਰਾ ਸਮਕਾਲ 'ਹੀਰ ਵੰਨੇ ਪੰਜਾਬ' ਦੇ 'ਸੁਨਹਿਰੀ ਸੁਪਨੇ' ਰਾਹੀਂ ਸੁਮੇਲ ਸਿੱਧੂ ਹੁਰੀਂ ਸਿਰਜ ਰਹੇ ਹਨ। ਆਉਂਦੇ ਦਿਨੀਂ ਹੋਰ ਲੋਕ ਵੀ ਅਜਿਹੇ ਸਮਕਾਲ ਸਿਰਜਣਗੇ ਤੇ ਇਹ ਸਭ ਕੁਝ ਵਾਰਿਸ ਦੀ ਹੀਰ ਦਾ ਸਰਬਕਾਲ ਨਹੀਂ, ਇਨ੍ਹਾਂ 'ਨਵ-ਸਿਰਜਕਾਂ' ਦਾ ਸਮਕਾਲ ਹੋਵੇਗਾ। ਹੀਰ ਵਾਰਿਸ ਦੇ ਸਾਰ-ਤੱਤ ਨੂੰ ਆਪਣੇ ਸਮਕਾਲ ਅਨੁਸਾਰ ਸਾਰ-ਤੱਤ ਮੁਹੱਈਆ ਕਰਵਾਉਣ ਦਾ ਸੁਚੇਤ/ਅਚੇਤ ਸਭਿਆਚਾਰਕ ਸਿਆਸੀ ਯਤਨ। ਅਜਿਹਾ ਕਰਨਾ ਕੋਈ ਵਰਜਿਤ ਸ਼ੈਅ ਨਹੀਂ ਹੈ। ਸਮਕਾਲ ਦੇ ਸਨਮੁੱਖ ਹੋਣ ਦੇ ਦਬਾਅ ਦੀ ਅਲਾਮਤ ਹੈ ਜੋ ਰਚਨਾ ਦੀ ਸਰਬਕਾਲਤਾ ਦੀ ਬਜਾਇ ਉਸਦੀ ਸਮਕਾਲੀਨਤਾ ਦੀ ਅਹਿਮੀਅਤ ਦਾ ਵਾਜਬ ਤਰਕ ਹੈ।

ਸਮਕਾਲ ਦੀ ਥਾਂ ਸਰਬਕਾਲ ਦਾ ਜਨੂੰਨ ਸਾਡੇ ਉਪਰ ਸ਼ਾਇਦ ਇਸ ਲਈ ਵਧੇਰੇ ਹਾਵੀ ਰਹਿੰਦਾ ਹੈ ਕਿ ਦਾਰਸ਼ਨਿਕ ਦੂੰਦਾਂ/ਪ੍ਰਤਿ-ਦੂਵੰਦਾਂ ਨਾਲ ਖਹਿੰਦਿਆਂ ਅਸੀਂ ਇਹ ਤਸੱਵਰ ਕਰ ਬਹਿੰਦੇ ਹਾਂ ਕਿ ਸਮਕਾਲ ਤਾਂ ਅਸਲੋਂ ਛਿਣ-ਭੰਗਰ ਹੇ। ਹੁਣ ਆਇਆ, ਹੁਣੇ ਗਿਆ! ਜਾਣ ਤੇ ਆਉਣ ਵਾਲੇ ਦੇ ਵਿਚ-ਵਿਚਾਲੇ ਸਾਹ-ਵਰੋਲਦਾ ਕੋਈ ਅਲਪ-ਵਜੂਦੀ ਵਰਤਾਰਾ। ਸਿਰਜਨਾਤਮਕ ਸਮਕਾਲ, ਅਲਪ-ਵਜੂਦੀ ਵਰਤਾਰਾ ਨਹੀਂ ਹੁੰਦਾ। ਇਹੋ ਤਾਂ ਸਿਰਜਣਾ ਦਾ ਆਭਾ-ਮੰਡਲ ਹੈ, ਸਿਰਜਨਾਤਮਿਕਤਾ ਦੀ ਸਿਖਰਲੀ ਸਮਰਥਾ ਹੈ ਕਿ ਇਹ ਛਿਣ 'ਤੇ ਸਿਮਟੇ ਸਮਕਾਲੀ ਅਕਸਾਂ ਚੋਂ ਦੀਰਘ-ਕਾਲੀ ਸਮਕਾਲ ਦੇ ਨਕਸ਼ ਤਰਾਸ਼ਦੀ ਤੇ ਉਨ੍ਹਾਂ ਨੂੰ ਚਿਰਕਾਲੀ ਵਜੂਦ ਗ੍ਰਹਿਣ ਕਰਵਾਉਂਦੀ ਹੈ।

ਸਿਰਜਣਾ ਤੋਂ ਹੀ ਸਮਕਾਲੀ ਸ਼ਕਤੀ ਹੈ ਜਾਂ ਵਧੇਰੇ ਸਹੀ ਕਹੀਏ ਤਾਂ ਸਮਕਾਲ ਹੀ ਸਿਰਜਣਾ ਦੀ ਮੂਲ ਪ੍ਰੇਰਕ ਸ਼ਕਤੀ ਹੁੰਦਾ ਹੈ। ਇਤਿਹਾਸ/ਮਿਥਿਹਾਸ ਸਮਕਾਲ ਦੇ ਸਾਹਾਂ ਦੁਆਰਾ ਹੀ ਜੀਵੰਤ ਹੁੰਦੇ ਹਨ। ਸਿਰਜਣਾ ਦਾ ਖਾਸਾ ਸੱਚ ਦਾ ਸੁਨੇਹਾ ਸਿਰਜਤ ਕਰਨਾ ਹੈ ਤੇ ਸੱਚ ਸਦਾ ਸਮਕਾਲੀ ਹੁੰਦਾ ਹੈ। ਅਤੀਤ ਦਾ ਸੱਚ, ਸੱਚ ਨਹੀਂ, ਧਿਰਮੂਲਕ ਇਤਿਹਾਸਕ ਤੱਥ ਹੋ ਨਿਬੜਦਾ ਹੈ ਤੇ ਸਿਰਜਣਾ ਦਾ ਧਰਮ ਤੱਥਾਂ ਦਾ ਨਿਰੂਪਣ ਨਹੀਂ, ਸੱਚ ਦਾ ਉਦਘਾਟਕ ਹੁੰਦਾ ਹੈ। ਸ਼ਾਇਰ ਨਾਨਕ ਕਹਿੰਦੇ ਹਨ: 'ਸਚੁ ਸੁਣਾਇਸੀ ਸਚੁ ਕੀ ਬੇਲਾ'। ਚੇਤੇ ਕਰੀਏ ਤਾਂ ਇਹ ਮਹਾਂਵਾਕ ਕਿਸ

ਰਚਨਾ ਦੀ ਸਿਖ਼ਰ ਹੈ। ਉਸੇ ਰਚਨਾ ਦੀ ਜਿਸ ਵਿਚ ਇਸ ਮਹਾਂਵਾਕ ਤੋਂ ਪਹਿਲਾਂ ਕਿੰਨੇ ਸਾਰੇ ਸਮਕਾਲੀ ਤੱਥਾਂ ਦੇ ਵੇਰਵੇ ਹਨ, ਜਿਕਰ ਹੈ, ਪਰ ਸਿਰਜਣਾ ਦੀ ਸਿਖ਼ਰ ਤੇ ਬਿਰਾਜਮਾਨ ਇਹ ਮਹਾਂਵਾਕ 'ਸਚੁ ਸੁਣਾਇਸੀ ਸਚੁ ਕੀ ਬੇਲਾ' ਤੱਥਾਂ ਦੇ ਸਾਗਰ-ਮੰਥਨ ਤੋਂ ਬਾਅਦ ਅਰਜਿਤ ਸੱਚ ਰੂਪੀ ਅਮ੍ਰਿਤ ਦੀ ਮਹਿਮਾ ਦਾ ਸਿਖ਼ਰੀ ਗੁਣਗਾਨ ਹੈ ਜੋ ਸੁਣਾਉਣਾ ਹੈ, ਉਹ ਤੱਥ ਨਹੀਂ, ਸੱਚ ਹੈ। ਜੋ ਵਿਖਾਉਣਾ ਹੈ ਉਹ ਤੱਥ ਨਹੀਂ, ਸੱਚ ਅਧਾਰਿਤ ਸਿਰਜਨਾਤਮਕ ਅਸਲ ਹੈ, ਜੋ ਧਿਆਉਣਾ ਹੈ, ਪਾਉਣਾ ਹੈ ਉਹ ਤੱਥ ਨਹੀਂ ਆਮ ਫਹਿਮ ਸੱਚ ਵੀ ਨਹੀਂ, ਸੱਚ ਦੀ ਲਗਾਤਾਰਤਾ ਦਾ ਮਰਮ ਹੈ, ਭੇਦ ਹੈ, ਤੇ ਇਸ ਭੇਦ ਦੀ ਪਛਾਣ ਬਾਅਦ ਉਪਜਿਆ ਅਨਾਦੀ ਆਨੰਦ ਹੈ। ਸਮਕਾਲੀ ਸੱਚ ਸੁਣਾਉਣਾ ਹੀ ਸਭ ਤੋਂ ਔਖਾ ਤੇ ਖਤਰਨਾਕ ਹੁੰਦਾ ਹੈ ਤੇ ਅਕਸਰ ਅਵਾਕ ਹੁੰਦਾ ਹੈ। ਇਸੇ ਲਈ ਆਮ ਜਨ ਅਕਸਰ ਇਤਿਹਾਸ ਜਾਂ ਉਸ ਤੋਂ ਵੀ ਵਧੇਰੇ ਮਿਥਿਹਾਸ ਦੀਆਂ ਕੰਦਰਾਂ ਵਿਚ ਪਨਾਹ ਭਾਲਦੇ ਰਹਿੰਦੇ ਹਨ ਤੇ ਇਸ ਭਾਲ ਦਾ ਆਖਰੀ ਸਿਰਾ ਅੰਧ-ਭਗਤੀ ਦੀ ਸੁਰੰਗ ਵਿਚ ਖੁੱਲ੍ਹਦਾ ਹੈ। ਪਰ ਸਿਰਜਕ ਆਮ ਜਨ ਨਹੀਂ ਹੁੰਦਾ। ਘੱਟੋ-ਘੱਟ ਉਦੋਂ ਬਿਲਕੁਲ ਨਹੀਂ, ਜਦੋਂ ਉਹ ਸਿਰਜਣਾ ਦੇ ਛਿਣਾਂ ਚੋਂ ਗੁਜ਼ਰ ਰਿਹਾ ਹੁੰਦਾ ਹੈ। ਉਦੋਂ ਹੀ ਉਹ ਇਤਿਹਾਸਕ-ਮਿਥਿਹਾਸਕ ਤੱਥ ਬਣ ਚੁੱਕੇ ਜਾਂ ਬਣਾ ਦਿੱਤੇ ਗਏ, ਸੱਚ ਨੂੰ ਸਮਕਾਲ ਦੇ ਜਿਉਂਦੇ-ਜਾਗਦੇ ਹਕੀਕੀ ਸੱਚ ਦਾ ਜਾਮਾ ਪਹਿਨਾਉਂਦਿਆਂ ਆਪਣੇ ਸਿਰਜਨਾਤਮਕ ਧਰਮ 'ਤੇ ਪਹਿਰਾ ਦੇ ਰਿਹਾ ਹੁੰਦਾ ਹੈ।

ਮੈਨੂੰ ਨਹੀਂ ਲਗਦਾ ਕੋਈ ਸਿਰਜਕ ਇਹ ਸੋਚ ਕਿ ਸਿਰਜਣਾ ਦੇ ਅਮਲ ਵਿਚ ਪੈਂਦਾ ਹੈ ਕਿ ਉਹਦੀ ਕਿਰਤ/ਰਚਨਾ ਆਉਣ ਵਾਲੇ ਸਮਿਆਂ ਵਿਚ ਵਰ੍ਹਿਆਂ/ਸਦੀਆਂ ਬਾਅਦ ਆਪਣੇ ਸੱਚ ਰਾਹੀਂ ਲੋਕ-ਮਨ ਨੂੰ ਪ੍ਰਭਾਵਤ ਕਰੇ। ਘੱਟੋ-ਘੱਟ ਮੈਂ ਤਾਂ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦਾ। ਸੱਚਮੁੱਚ ਇਹ ਸੱਚ ਮੰਨਣ ਨੂੰ ਜੀਅ ਕਰਦਾ ਹੈ ਕਿ ਸਿਰਜਕ ਸਮਕਾਲ ਦੇ ਸੱਚ ਦੇ ਉਦਘਾਟਨ ਲਈ ਸਮਕਾਲ ਨੂੰ ਹੀ ਮੁਖ਼ਾਤਿਬ ਹੋ ਰਿਹਾ ਹੁੰਦਾ ਹੈ। ਬਾਬਰ ਦੇ ਹਮਲੇ ਬਿਨਾ ਬਾਬਰਬਾਣੀ ਦਾ ਇਲਹਾਮ ਨਹੀਂ ਹੁੰਦਾ, ਔਰੰਗਸ਼ਾਹੀ ਬਿਨਾਂ 'ਜ਼ਫ਼ਰਨਾਮਾ' ਸੰਭਵ ਨਹੀਂ, ਰਣਜੀਤ ਸਿੰਘ ਦੇ 'ਸਿੱਖ ਰਾਜ' ਵਿਚ ਨਵੇਂ ਬਣੇ ਰਜਵਾੜਿਆਂ/ਜਾਗੀਰਦਾਰਾਂ ਦੇ ਮਸ਼ਗੂਲਿਆਂ, 'ਨੇਕਨਾਮਿਆਂ', ਕਾਰਨਾਮਿਆਂ ਦੀ ਅਣਹੋਂਦ ਵਿਚ ਕਾਦਰਯਾਰ ਦਾ 'ਪੂਰਨ-ਭਗਤ' ਪੂਰਨ ਨਹੀਂ ਸੀ ਹੋ ਪਾਉਣਾ। ਅੰਗਰੇਜ਼ੀ ਚੜ੍ਹਤ ਬਿਨ ਸ਼ਾਹ ਮੁਹੰਮਦ ਦਾ 'ਜੰਗਨਾਮਾ' ਨਮੂਦਾਰ ਨਹੀਂ ਹੁੰਦਾ। ਅਜਿਹੀਆਂ ਅਣਗਿਣਤ ਉਦਾਹਰਣਾਂ ਹੁਣ ਤਕ ਦੇ ਸਮੇਂ ਤਕ ਦਿੱਤੀਆਂ ਜਾ ਸਕਦੀਆਂ ਹਨ। ਇਤਿਹਾਸ ਦਾ ਕੋਈ ਖੰਡ, ਸਿਰਜਣਾ ਦਾ ਸਬੱਬ ਉਦੋਂ ਹੀ ਬਣਦਾ ਹੈ, ਜਦੋਂ ਉਹ ਸਮਕਾਲ ਦੀ ਕਿਸੇ ਛਿਲਤਰ ਦੀ ਚੋਭ ਦੀ ਕਸਕ/ਟੀਸ ਨੂੰ ਸਾਕਾਰ ਕਰਨ ਦੀ ਸਮਰੱਥਾ ਦਾ ਉਦਘਾਟਨ ਕਰ ਰਿਹਾ ਹੋਵੇ। ਜ਼ਖ਼ਮ ਕਿਸੇ ਵੀ ਸਮੇਂ ਦਾ ਹੋਵੇ, ਪੀੜ ਹਮੇਸ਼ਾਂ 'ਹੁਣ' ਵਿਚ ਹੁੰਦੀ ਹੈ। ਟੀਸ ਹਮੇਸ਼ਾਂ ਸਮਕਾਲ ਵਿਚ ਸਹਿਣੀ ਪੈਂਦੀ ਹੈ। ਹੰਝੂ ਅਤੀਤਮਈ ਜਾਂ ਭਵਿੱਖਮੁਖੀ ਨਹੀਂ ਹੁੰਦੇ, ਵਰਤਮਾਨ ਵਿਚ ਵਹਿੰਦੇ ਹਨ ਤੇ ਜੇ ਇਹ ਸਾਰਾ ਕੁਝ 'ਹੁਣ ਦੀ ਹਿੱਕ ਤੇ ਸਵਾਰ ਹੈ ਤਾਂ ਸ਼ਾਇਰੀ/ਸਿਰਜਣਾ ਸੁਲੱਖਣੀ ਹੋਣ ਲਈ ਕਿਹੜੇ ਸਮਿਆਂ ਨੂੰ ਉਡੀਕੇਗੀ। ਨਹੀਂ, ਸ਼ਾਇਰੀ/ਸਿਰਜਣਾ ਹੁਣ ਦੀ ਟੀਸ ਨੂੰ ਉਜਾਗਰ ਕਰਨ ਲਈ ਮੁਨਾਸਬ/ਅਨੁਕੂਲ ਵਕਤਾਂ ਦੀ ਉਡੀਕ ਨਹੀਂ ਕਰ ਸਕਦੀ। ਮੁੱਲਾ ਨਸਰੁਦੀਨ ਚੇਤੇ ਆ ਗਿਆ। ਬੜੀ ਪਹੁੰਚੀ ਹੋਈ ਸ਼ੇਅ ਐ ਪਤੰਦਰ। ਬਿਨ ਪਤੇ ਵੀ ਪਤੇ ਦੀ ਗੱਲ ਕਰਦੈ। ਇਕ ਦਿਨ ਮੁੱਲਾ ਦੀ ਹਮੇਸ਼ਾਂ ਵਾਂਗ ਆਪਣੇ ਖੋਤੇ ਦੇ ਖੁਰਾਸਾਨੀ ਦੁਲੱਤਿਆਂ ਦੇ ਅੰਦਰੋਂ ਸਤਾਏ ਤੇ ਬਾਹਰੋਂ ਵਡਿਆਏ; ਇਤਿਹਾਸ ਨੂੰ ਮੂੰਹ-ਮਾਰਦੇ

'ਵੱਡੇ ਕਾਜ਼ੀ' ਦਾ ਵਿਖਿਆਨ ਸੁਣਨ ਰੁਕ ਗਏ ਜੋ ਪੈਗੰਬਰਾਂ/ਰਾਜਿਆਂ/ਵਡੇਰਿਆਂ ਵੱਲੋਂ ਲੋਕਾਂ ਦੀ ਮਦਦ ਕਰਨ ਦੇ ਕਿੱਸੇ ਬੜਾ ਹੁੱਬ-ਹੁੱਬ ਕੇ ਸੁਣਾ ਰਿਹਾ ਸੀ ਜਿਵੇਂ ਅਸੀਂ ਪਾਂਡੀ ਪਾਤਸ਼ਾਹ ਬਣੇ ਮਹਾਰਾਜੇ ਰਣਜੀਤ ਸਿੰਘ ਦੀ ਕਥਾ ਦੁਹਰਾਉਂਦੇ ਹਾਂ। ਕੁਝ ਦੇਰ ਸੁਣਨ ਤੋਂ ਸਹਿਣ ਕਰਨ ਪਿੱਛੋਂ, ਮੁੱਲਾਂ ਤੋਂ ਰਿਹਾ ਨਾ ਗਿਆ ਤੇ ਫਟੇ ਮੂੰਹ ਬੋਲ ਪਏ: ਇਹ ਮੂੰਹ ਚੰਗਾ ਹੈ ਜਾਂ ਮਾੜਾ, ਬਸ ਇਹ ਪੁੱਛਣ ਦੀ ਗੁਸਤਾਖੀ ਕਰਨੀ ਹੈ, ਕਾਜ਼ੀ ਸਾਹਿਬ ਕਿ ਆਹ, ਹੁਣ ਵਾਲੇ ਸਾਹਿਬੇ-ਸੁਲਤਾਨ ਮੇਰੇ ਖੋਤੇ ਦੇ ਲਿਫ਼ੇ ਲੱਕ ਤੇ ਮੇਰੀ ਕੁੱਬੀ ਹੋਈ ਢੂਈ ਉਤਲੇ ਭਾਰ ਦੀ ਪੀੜ ਪਛਾਣਦੇ ਨੇ ਜਾਂ ਨਹੀਂ। ਕਾਜ਼ੀ ਭੜਕਿਆ, ਗਧੇ ਹੀਂਗੇ, ਲੋਕ ਹੱਸੇ, ਹੁਣ ਵਕਤ ਦੇ ਹਾਕਮ ਦੀ ਇੱਛਾ ਕੌਣ ਦੱਸੇ। ਵਕਤ ਦੇ ਹਾਕਮ ਦੀ ਇੱਛਾ ਪੁੱਛਣ ਦੀ ਜੁਰਅਤ ਹੀ ਤਾਂ ਸਿਰਜਣਾ ਦਾ ਆਦਿ-ਬਿੰਦੂ ਹੈ।

ਮੇਰੀ ਸ਼ਾਇਰੀ ਆਪਣੀ ਸਮਰਥਾ ਮੁਜਬ ਇਨ੍ਹਾਂ ਪੁੱਛਾਂ ਨੂੰ ਮੁਖ਼ਾਤਿਬ ਹੋਣ ਦੇ ਅਮਲ 'ਚ ਸ਼ਾਮਲ ਰਹੀ ਹੈ। ਇਤਿਹਾਸ ਵਿਚ 'ਸ਼ਹਾਦਤ' ਦਾ ਸਫ਼ਰ ਜਿੰਨਾ ਮਰਜ਼ੀ ਸ਼ਾਨਦਾਰ ਰਿਹਾ ਹੋਵੇ, ਭਵਿੱਖ ਵਿਚ ਜਿੰਨਾ ਮਰਜ਼ੀ ਸ਼ਾਨਾਮੱਤਾ ਹੋਵੇ ਪਰ ਸਮਕਾਲ ਦਾ ਉਹ ਪੰਨਾ ਕਿਵੇਂ ਪਲਟ ਦੇਈਏ ਜਿਸ 'ਤੇ ਲਿਖਣਾ ਪਿਆ ਤੇ ਪੈ ਰਿਹਾ ਹੈ:

ਸ਼ਹਾਦਤ ਸ਼ਬਦ ਦੇ ਮਾਅਨੇ, ਬੜੇ ਮਨਹੂਸ ਲਗਦੇ ਨੇ
ਇਨ੍ਹਾਂ ਦੀ ਓਟ ਵਿਚ ਘਰ ਫੂਕਣੇ ਅੰਗਿਆਰ ਮਘਦੇ ਨੇ
ਲੋਕ ਹੁਣ ਜਾਗਦੇ ਹੋਏ ਬੁਝਾ ਕੇ ਬੈਠਦੇ ਦੀਵੇ
ਇਨ੍ਹਾਂ ਨੂੰ ਹੁਣ ਹਨੇਰੇ ਘਰ ਬੜੇ ਮਹਿਫੂਜ ਲਗਦੇ ਨੇ
ਅਸਾਡੇ ਇਸ ਵਕਤ ਦਾ ਦੋਸਤੋ ਇਤਿਹਾਸ ਕੀ ਹੋਊ
ਸਿਰਾਂ ਤੋਂ ਹੀਣ ਗਿੱਦੜ ਕਰ ਰਹੇ ਹੁਣ ਸਰਫਰੋਸ਼ੀ ਹੈ
ਬੜਾ ਗਹਿਰਾ ਹਨੇਰਾ ਹੈ, ਬੜੀ ਭਿਆਨਕ ਖਾਮੋਸ਼ੀ ਹੈ
ਘਰਾਂ ਵਿਚ ਸਿਮਟ ਬੈਠੇ ਹਾਂ ਦਰਾਂ ਨੂੰ ਵੀ ਨਮੋਸ਼ੀ ਹੈ

ਸਿਰਜਣਾ ਤੇ ਸਮਕਾਲ ਮੈਨੂੰ ਤਾਂ ਇਕ ਵਰਕੇ ਦੇ ਦੋ ਸਫ਼ੇ ਜਾਪਦੇ ਹਨ ਜੋ ਵੱਖ ਜਾਪਦੇ ਹਨ ਪਰ ਹੈ ਨਹੀਂ। ਜੋ ਨਹੀਂ ਵੀ ਤਾਂ ਇਸ ਤਰ੍ਹਾਂ ਹਨ ਕਿ ਇਕ ਦੀ ਗ਼ੈਰ-ਮੌਜੂਦਗੀ ਵਿਚ ਦੂਸਰੇ ਦੀ ਮੌਜੂਦਗੀ ਮੁਸ਼ਕਿਲ ਹੀ ਨਹੀਂ ਅਸੰਭਵ ਹੈ। ਬਸ ਇਹੀ ਅਸੰਭਵਤਾ ਦੋਹਾਂ ਦੇ ਅਟੁਟ ਰਿਸ਼ਤੇ ਦੀ ਹੋਂਦ ਦੀ ਹਾਜ਼ਰੀ ਵੀ ਹੈ ਤੇ ਜਾਮਨੀ ਵੀ। ਹਾਂ, ਸਮਕਾਲ ਤੇ ਸਿਰਜਣਾ ਦੇ ਸਬੰਧਾਂ ਨੂੰ ਜ਼ਾਹਰ ਕਰਦੇ ਸਫ਼ਿਆਂ ਦੇ ਜੋੜ 'ਵਰਕੇ' ਦੀ ਹੋਂਦ ਦਾ ਆਧਾਰ ਜੋ ਕਾਗਜ਼ ਹੈ ਉਹ ਸਮਕਾਲ ਹੈ, ਸਮਕਾਲ ਦਾ ਸੱਚ ਹੈ, ਸਮਕਾਲ ਦਾ ਸਹਿਜ ਅਸਿਹਿਜ ਹੈ, ਸਮਕਾਲ ਦਾ ਸੁਹਜ ਹੈ। ਇਥੇ ਹੀ ਸ਼ਬਦ-ਜੁੱਟ 'ਸਮਕਾਲ ਤੇ ਸਿਰਜਣਾ' ਅਤੇ 'ਸਿਰਜਣਾ ਤੇ ਸਮਕਾਲ' ਤੇ ਝਾਤ ਪਾਉਣੀ ਬਣਦੀ ਹੈ। ਇਹ ਮਹਿਜ ਅੱਗੇ-ਪਿੱਛੇ ਕੀਤੇ ਹੋਏ ਸ਼ਬਦ ਮਾਤਰ ਨਹੀਂ, ਸਗੋਂ ਵੱਖੋ-ਵੱਖ ਵਰਤਾਰੇ ਦੀ ਹੋਂਦ ਦੇ ਜਾਮਨ ਹਨ। 'ਸਮਕਾਲ ਤੇ ਸਿਰਜਣਾ' ਵਿਚ ਦੋ ਅਹਿਮਾਂ ਵਿਚੋਂ ਮੁੱਖ ਅਹਿਮ ਸਮਕਾਲ ਹੈ ਤੇ ਜ਼ਾਹਰ ਹੈ ਕਿ ਇਹਦੀ ਵਾਜਬੀਅਤ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਇਹਦਾ ਭਾਵ ਸਪੱਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ ਕਿ ਸਮਕਾਲ ਜੋ ਆਪਣੇ-ਆਪ ਵਿਚ ਵਿਆਪਕ ਹੋਂਦ ਦਾ ਧਾਰਨੀ ਹੈ, ਵਿੱਚੋਂ ਉਗਮੀ ਰਣ-ਹੋਂਦ ਸਿਰਜਣਾ ਜੋ ਸਮਕਾਲ ਦਾ ਅੰਸ਼ ਵੀ ਹੈ ਤੇ ਉਹਦੇ ਤੋਂ ਵੱਖ ਹੋਂਦ ਦੀ ਧਾਰਨੀ ਵੀ। 'ਸਿਰਜਣਾ ਤੇ ਸਮਕਾਲ' ਵਿਚ ਸ਼ਬਦੀ ਥਾਂ ਬਦਲੀ ਨਾਲ ਵਰਤਾਰੇ ਦੀ ਹੋਂਦ ਦਾ ਨਿਰਧਾਰਣ-ਬਿੰਦੂ ਵੀ ਬਦਲ ਗਿਆ। 'ਸਿਰਜਣਾ ਤੇ

ਸਮਕਾਲ' ਭਾਵ ਉਹ ਸਮਕਾਲ, ਜੋ ਸਿਰਜਣਾ ਤੋਂ ਪ੍ਰਗਟ ਹੋ ਰਿਹਾ ਹੈ। ਭਾਵ ਸ਼ਾਇਰ/ਸਿਰਜਕ ਦੁਆਰਾ ਸਿਰਜਿਤ ਸਮਕਾਲ। ਮੈਂ ਸਿਰਜਣਾ ਰਾਹੀਂ ਮਨੋ-ਕਲਪਿਤ ਸਮਕਾਲ ਦਾ ਮੁਦੱਈ ਹੋਣ ਨਾਲੋਂ ਸਮਕਾਲ ਵਿਚੋਂ ਕਲਪਨਾ ਰਾਹੀਂ ਕਸ਼ੀਦ ਕੀਤੇ ਅਹਿਸਾਸ, ਭਾਵ, ਸੱਚ, ਸੁਹਜ ਆਦਿ ਨੂੰ ਖੁਦ ਵਿਚ ਸੰਜੋਅ ਕੇ ਤੁਰਦੀ ਸਿਰਜਣਾ ਦੇ ਹਾਮੀ ਤੇ ਸਿਰਜਕ ਹੋਣ ਹਿਤ ਯਤਨਸ਼ੀਲ ਰਹਿਣ ਵਾਲਿਆਂ 'ਚੋਂ ਹਾਂ। ਇਹ ਸਮਕਾਲ ਹੀ ਹੈ ਜਿਸ ਚੋਂ ਮੈਂ ਹਸਤਨਾਪੁਰ ਤੇ ਦਿੱਲੀ ਦੇ ਰਿਸ਼ਤੇ ਦੀ ਸਾਂਝ ਦਾ ਸੂਤਰ ਤਲਾਸ਼ਦਿਆਂ ਲਿਖਿਆਂ:

ਬੜਾ ਗਹਿਰਾ ਹੈ ਰਿਸ਼ਤਾ ਹਸਤਨਾਪੁਰ ਨਾਲ ਦਿੱਲੀ ਦਾ
ਜੋ ਇਸ ਦੇ ਤਖ਼ਤ ਬੈਠਾ ਉਹ ਰਿਹਾ ਅੰਨ੍ਹੇ ਦਾ ਅੰਨ੍ਹਾ ਹੈ।

* * * *

ਇਹ ਮੇਰਾ ਦੇਸ਼ ਅੰਨ੍ਹੇ ਤਾਜ ਤੋਂ ਲੋਅ ਲੈਣ ਤੁਰਿਆ ਏ
ਇਹਦੀ ਹਿੱਕ 'ਤੇ ਹਸਤਨਾਪੁਰ ਦੇ ਹੁਣ ਖੰਡਰ ਸੁਲਗਦੇ ਨੇ।

ਸਿਰਜਣਾ ਦਾ ਸਮਾਜਕ ਮਾਨਵੀ ਸਬੰਧਾਂ ਨਾਲ ਸਿੱਧਾ ਸਬੰਧ ਹੁੰਦਾ ਹੈ। ਇਹਦੇ ਵਿਚ ਭਾਵੁਕ ਮਨੁੱਖੀ ਰਿਸ਼ਤੇ ਇਕ ਅਟੁਟ ਅੰਗ ਵਜੋਂ ਨਿਹਿਤ ਰਹਿੰਦੇ ਹਨ। ਇਸ ਤੱਥ ਦੀ ਵਾਜਬੀਅਤ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਕਿ ਸਿਰਜਣਾ ਇਨ੍ਹਾਂ ਸੰਬੰਧਾਂ/ਰਿਸ਼ਤਿਆਂ ਨੂੰ ਪ੍ਰਭਾਵਤ ਜਾਂ ਵੱਧ ਤੋਂ ਵੱਧ ਸੋਧਤ ਤਾਂ ਕਰ ਸਕਦੀ ਹੈ, ਨਿਰਧਾਰਿਤ ਨਹੀਂ ਕਰ ਸਕਦੀ। ਇਨ੍ਹਾਂ ਦਾ ਨਿਰਧਾਰਣ, ਨਿਰਸੰਦੇਹ, ਸਮਕਾਲ ਵਿਚਲੀ ਵਿਸ਼ੇਸ਼ ਵਸਤੂ-ਸਥਿਤੀ ਨੇ ਹੀ ਕਰਨਾ ਹੁੰਦਾ ਹੈ। ਭਾਵ ਏਥੇ ਵੀ ਸਮਕਾਲ ਸਿਰਜਣਾ ਦੇ ਅਹਿਮ ਆਧਾਰ ਵਜੋਂ ਸਾਡੇ ਰੂ-ਬਰੂ ਹੈ। ਇਕ ਵਿਸ਼ੇਸ਼ ਸਮਕਾਲੀ ਵਸਤੂ-ਸਥਿਤੀ ਦੇ ਰੂ-ਬਰੂ ਹੋਏ ਬਗੈਰ ਨਾ ਤਾਂ ਇਹ ਲਿਖਿਆ ਜਾ ਸਕਦਾ ਸੀ ਕਿ:

ਜੋ ਖੇਤਾਂ ਵਿਚ ਸੀ ਅੰਨਦਾਤਾ, ਉਹ ਮੰਡੀ ਵਿਚ ਭਿਖਾਰੀ ਹੈ
ਕਿ ਏਹੋ ਤਾਂ ਵਿਸ਼ਵ-ਸੁੰਦਰੀ ਤਜ਼ਾਰਤ ਦੀ ਨਜ਼ਾਕਤ ਹੈ।

* * * *

ਵਪਾਰੀ ਬਣਨ ਦੀ ਧੁਨ ਵਿਚ, ਅਸੀਂ ਸਾਰੇ ਵਿਕਾਊ ਹਾਂ,
ਪੰਘੂੜੇ ਤੋਂ ਸਿਵੇ ਤੀਕਰ ਤਜ਼ਾਰਤ ਹੀ ਤਜਾਰਤ ਹੈ।

ਤੇ ਨਾ ਹੀ ਇਹ ਸਿਰਜਿਆ ਜਾ ਸਕਦਾ ਸੀ :

ਤੇਰਾ ਖ਼ਤ ਮਿਲ ਗਿਆ ਹੈ, ਪਰ ਅਜੇ ਤਕ ਪੜ੍ਹ ਨਹੀਂ ਸਕਿਆ,
ਮੈਂ ਸ਼ੀਸ਼ੇ ਸਾਮ੍ਹਣੇ ਚਾਹੁੰਦੇ ਹੋਏ ਵੀ ਖੜ ਨਹੀਂ ਸਕਿਆ।

* * * *

ਸਜਾ ਬੈਠਾ ਹਾਂ ਕੁਰਸ਼ੇਤਰ ਤੇ ਰਚ ਬੈਠਾ ਹਾਂ ਗੀਤਾ ਵੀ,
ਅਜੇ ਤਕ ਪਰ ਮਹਾਂ-ਭਾਰਤ ਮੈਂ ਆਪਣਾ ਲੜ ਨਹੀਂ ਸਕਿਆ।

* * * *

ਗਯਾ ਇਸ ਤਰਫ਼ ਤੇ ਉਸ ਤਰਫ਼ ਸੀ ਰੂਹ ਕਪਲਵਸਤੂ ਦੀ
ਮੈਂ ਉਹ ਥਲ ਹਾਂ ਜੋ ਦੋ ਨਦੀਆਂ ਦੇ ਸੰਗ ਖਹਿਬੜ ਨਹੀਂ ਸਕਿਆ

* * * *

ਮਸੀਹਾ ਤੂੰ ਵੀ ਜਣਿਆਂ ਸੀ ਤੇ ਕੁੱਖੋਂ ਤੂੰ ਵੀ ਸੈਂ ਮਰੀਅਮ
ਤੇਰਾ ਕੀ ਦੋਸ਼ ਜੇਕਰ ਮੈਂ ਹੀ ਸੂਲੀ ਚੜ੍ਹ ਨਹੀਂ ਸਕਿਆ।

ਜਾਂ ਫਿਰ:

ਚੰਨ, ਤਾਰੇ, ਕਹਿਕਸ਼ਾਂ, ਜੁਗਨੂੰ, ਸਮ੍ਹਾਂ ਦੀਵਾ ਵੀ ਹੈ
ਦਰ 'ਤੇ ਤੇਰੇ ਜੋ ਵੀ ਜਗਦੈ, ਉਸ 'ਚ ਦਿਲ ਮੇਰਾ ਵੀ ਹੈ।

* * * *

ਬੰਦ ਦਰਵਾਜ਼ਾ ਢੁਪੀ ਬਾਰੀ, ਹਿਰਾਸਤ ਵਿਚ ਗਲ਼ੀ,
ਘਰ 'ਚ ਸਭ ਦੇ ਕੋਲ ਆਪੋ-ਆਪਣਾ ਸ਼ੀਸ਼ਾ ਵੀ ਹੈ।

ਇਸ ਤੋਂ ਅਗਾਂਹ:

ਤੂੰ ਪਿੰਜਰਾ ਖੋਲ੍ਹ ਦੇ ਤੇ ਇਸ ਪਰਿੰਦੇ ਨੂੰ ਸਜ਼ਾ ਦੇ ਦੇ
ਇਹ ਉਡਣਾ ਭੁੱਲ ਚੁੱਕੈ, ਇਸ ਨੂੰ ਅੰਬਰ ਮੋਕਲਾ ਦੇ ਦੇ

ਤੂੰ ਏਨਾ ਪਾਰਦਰਸ਼ੀ ਹੈ ਕਿ ਇਕ ਧੋਖਾ ਜਿਹਾ ਲਗਦੈਂ
ਮੈਂ ਤੇਰਾ ਸੱਚ ਤੱਕਣਾ ਏਂ ਜ਼ਰਾ ਕੁਝ ਧੁੰਧਲਕਾ ਦੇ ਦੇ।

* * * *

ਮੇਰੇ ਹੱਥਾਂ ਦੀ ਆਦਤ ਹੈ ਅਗਨ 'ਤੇ ਦਸਤਖ਼ਤ ਕਰਨਾ,
ਅਗਰ ਸੂਰਜ ਨਹੀਂ ਤਾਂ ਨਾ ਸਹੀ ਆਪਣਾ ਪਤਾ ਦੇ ਦੇ।

ਮੈਂ ਅਜਿਹੀਆਂ ਬੇ-ਸ਼ੁਮਾਰ ਮਿਸਾਲਾਂ ਦੇ ਸਕਦਾ ਹਾਂ, ਆਪਣੀ ਸ਼ਾਇਰੀ ਚੋਂ ਜੋ ਸਮਕਾਲ ਨਾਲ ਇਸ ਦੇ ਹੋਣ-ਥੀਣ ਦੇ ਸਬੰਧਾਂ ਨੂੰ ਦਰਸਾ ਸਕਣ। ਪ੍ਰੰਤੂ ਏਨੀ ਦੂਰ ਤਕ ਸਿਰਜਣ ਜਾਂ ਆਧਾਰ ਮੁਹੱਈਆ ਕਰਾਉਣ ਦੀ ਲੋੜ, ਸ਼ਾਇਦ ਉੱਥੇ ਹੁੰਦੀ ਹੈ ਜਦੋਂ ਕਿਸੇ ਸਬੰਧ ਸਬੰਧੀ ਕੋਈ ਸ਼ੱਕ-ਸੁਬ੍ਹਾ ਹੋਵੇ, ਕੋਈ ਗ਼ੈਰ-ਯਕੀਨੀਪਣ ਹੋਵੇ, ਕੋਈ ਵਿਸਵਿਸਾ ਹੋਵੇ, ਕੋਈ ਉਲਝਣ ਹੋਵੇ, ਕੋਈ ਥਿੜਕਣ ਹੋਵੇ। ਏਥੇ ਤਾਂ ਮੇਰੇ ਲਈ ਅਜਿਹਾ ਕੁਝ ਨਹੀਂ। ਮੈਂ ਤਾਂ ਪੂਰੀ ਸਿਰਜਨਾਤਮਕ ਸਮਰਥਾ ਨਾਲ ਕਹਿ ਸਕਦਾ ਹਾਂ ਕਿ ਸਿਰਜਣਾ, ਸਮਕਾਲ ਵਿਚ, ਸਮਕਾਲ ਰਾਹੀਂ, ਸਮਕਾਲ ਲਈ ਹੀ ਹੋ ਸਕਦੀ ਹੈ/ਹੁੰਦੀ ਹੈ। ਸਮਕਾਲ ਵਿਮੁੱਖ ਸਿਰਜਣਾ ਦਾ ਵਿਚਾਰ ਮੈਨੂੰ ਇਵੇਂ ਲਗਦਾ ਹੈ ਜਿਵੇਂ ਦਰਿਆ 'ਚ ਬਿਨ ਪਾਣੀ ਲਹਿਰਾਂ ਦੀ ਕਲਪਨਾ। ਭਾਵੇਂ ਮੈਂ, ਇਕ ਜੀਵੰਤ ਹੋਂਦ ਵਜੋਂ ਸਮਕਾਲ ਵਿਚ ਨਿਹਿਤ ਹਾਂ, ਇਕ ਸਿਰਜਕ ਵਜੋਂ ਸਮਕਾਲ ਦਾ ਸਹਿ-ਭਾਗੀ ਹਾਂ, ਫਿਰ ਵੀ ਅਤੀਤ ਤੋਂ ਭਵਿੱਖ ਨੂੰ ਜੋੜਦੀ ਇਕ ਕੜੀ ਹਾਂ। ਅਤੀਤ ਨੂੰ ਅਪਣਾਉਣਾ ਤੇ ਭਵਿੱਖ ਨੂੰ ਪਤਿਆਉਣਾ, ਮੇਰੀ ਸਮਕਾਲਕ ਸੁਪਨਸਾਜ਼ੀ ਦੀ ਜਾਮਨੀ ਹੈ। ਇਸ ਜਾਮਨੀ ਦਾ ਮੁਦੱਈ ਹੋਣ ਨਾਤੇ ਮੈਂ ਕਹਿ ਪਾਇਆ ਹਾਂ ਕਿ:

ਮੇਰੇ ਅੰਦਰ ਜਜ਼ਬ ਨੇ ਕੱਲ੍ਹ, ਅੱਜ, ਯੁੱਗ-ਜੁਗਾਦਿ
ਮੇਰੇ ਇਸ ਵਿਸਥਾਰ ਦਾ ਨਾ ਕੋਈ ਅੰਤ ਨਾ ਆਦਿ।

***

# ਮੇਰੀ ਕਵਿਤਾ ਦੀ ਸਮਕਾਲੀਨਤਾ

**-ਹਰਵਿੰਦਰ ਭੰਡਾਲ**

ਉਂਝ ਤਾਂ ਸਾਹਿਤ ਦੀ ਹਰੇਕ ਵਿਧਾ ਲੇਖਕ ਦੀ ਸਮਕਾਲੀਨਤਾ ਵਿੱਚੋਂ ਹੀ ਸਿਰਜੀ ਜਾ ਰਹੀ ਹੁੰਦੀ ਹੈ, ਪ੍ਰੰਤੂ ਫ਼ਿਰ ਵੀ ਕਵਿਤਾ ਦਾ ਆਪਣੀ ਸਮਕਾਲੀਨਤਾ ਨਾਲ਼ ਹੋਰ ਵੀ ਗੂੜ੍ਹਾ ਰਿਸ਼ਤਾ ਹੁੰਦਾ। ਕਵੀ ਕਿਸੇ ਵੀ ਹੋਰ ਵਿਧਾ ਦੇ ਲੇਖਕ ਨਾਲ਼ੋਂ ਵੱਧ ਆਪਣੀ ਸਮਕਾਲੀਨਤਾ ਦਾ ਪ੍ਰਗਟਾਵਾ ਕਰ ਰਿਹਾ ਹੁੰਦਾ ਹੈ। ਕਵੀ ਆਪਣੇ ਆਲ਼ੇ-ਦੁਆਲ਼ੇ ਦੀਆਂ ਘਟਨਾਵਾਂ, ਵਰਤਾਰਿਆਂ ਤੇ ਰਿਸ਼ਤਿਆਂ ਬਾਰੇ ਹੁੰਗਾਰਿਆਂ ਨੂੰ ਹੀ ਆਪਣੀ ਸੰਵੇਦਨਾ ਵਿੱਚੋਂ ਕਸ਼ੀਦ ਕਰਕੇ ਪੇਸ਼ ਕਰਦਾ। ਕਵੀ ਦੀ ਵੱਖਰੀ, ਨਿੱਜੀ ਸੰਵੇਦਨਾ ਉਸ ਨੂੰ ਕਈ ਪੀੜ੍ਹੀਆਂ ਦੀ ਸਾਂਝੀ ਸਮਕਾਲੀਨਤਾ ਨੂੰ ਵੀ ਆਪਣੇ ਵੱਖਰੇ ਅੰਦਾਜ਼ ਵਿੱਚ ਪੇਸ਼ ਕਰਨ ਦੇ ਯੋਗ ਬਣਾਉਂਦੀ ਹੈ। ਜੇ ਕਵੀ ਨਿਆਰਾ ਨਹੀਂ, ਜੇ ਕਵੀ ਵੱਖਰਾ ਨਹੀਂ, ਤਾਂ ਸੱਚੇ ਸ਼ਬਦਾਂ ਵਿੱਚ ਉਹਨੂੰ ਕਵੀ ਆਖਣਾ ਵੀ ਠੀਕ ਨਹੀਂ ਹੈ। ਇਹ ਕਸਵੱਟੀ ਮੇਰੇ ਸਮੇਤ ਆਪਣੇ ਆਪ ਨੂੰ ਕਵੀ ਸਮਝਦੇ ਸਾਰਿਆਂ ਲਈ ਹੈ। ਪਾਸ਼ ਦੀ ਮੌਤ ਪਿੱਛੋਂ ਵੀ ਕਿੰਨੇ ਸ਼ਬਦ ਅਭਿਆਸੀ ਪਾਸ਼ ਬਣਨ ਦੀ ਕੋਸ਼ਿਸ਼ ਕਰਦੇ ਰਹੇ; ਅੱਜ ਵੀ ਆਪਣੇ ਆਲ਼ੇ ਦੁਆਲ਼ੇ ਕਿੰਨੀਆਂ ਅਮ੍ਰਿਤਾ ਪ੍ਰੀਤਮਾਂ ਦੇਖੀਆਂ ਜਾ ਸਕਦੀਆਂ ਹਨ।

ਮੈਂ ਕਵੀ ਹਾਂ। ਮੈਂ ਬੁਨਿਆਦੀ ਤੌਰ ਤੇ ਕਵੀ ਹਾਂ। ਵਾਰਤਕ, ਆਲੋਚਨਾ, ਗਲਪ ਤੇ ਇਤਿਹਾਸ ਜਿਹੀਆਂ ਵਿਧਾਵਾਂ ਨਾਲ਼ ਗੁੱਥਮਗੁੱਥਾ ਹੁੰਦਿਆਂ ਵਾਰ ਵਾਰ ਆਪਣੇ ਆਪ ਨੂੰ ਇਹ ਯਾਦ ਕਰਵਾਉਂਦਾ ਹਾਂ। ਸਾਹਿਤ ਅਤੇ ਚਿੰਤਨ ਦੀ ਸ਼ਾਹਰਾਹ ਉੱਤੇ ਮੈਂ ਕਵਿਤਾ ਦੀ ਪਗਡੰਡੀ ਰਾਹੀਂ ਹੀ ਪਹੁੰਚਿਆ ਹਾਂ। ਇਹ ਕਵਿਤਾ ਹੀ ਹੈ ਜੋ ਤੁਹਾਨੂੰ ਅੰਦਰੋਂ ਪਿਘਲ਼ਿਆ ਰੱਖਦੀ ਹੈ। ਸਖ਼ਤ ਅਤੇ ਕਰੜਾ ਨਹੀਂ ਹੋਣ ਦਿੰਦੀ। ਆਮ, ਔਸਤ ਸੋਚ ਤੋਂ ਉੱਪਰ ਉੱਠ ਕੇ ਚੀਜ਼ਾਂ ਨੂੰ ਮਹਿਸੂਸ ਕਰਨਾ ਤੇ ਸਮਝਣਾ ਸਿਖਾਉਂਦੀ ਹੈ। ਬਹੁਤ ਚੀਜ਼ਾਂ ਮੈਨੂੰ ਕਵਿਤਾ ਲਿਖਦਿਆਂ ਹੀ ਸਮਝ ਆਉਂਦੀਆਂ ਹਨ। ਕਵਿਤਾ ਹੀ ਮੈਨੂੰ ਆਪਣੇ ਸਮਕਾਲ਼ ਪ੍ਰਤੀ ਵਧੇਰੇ ਸੰਵੇਦਨਸ਼ੀਲ ਬਣਾਉਂਦੀ ਹੈ।

ਤੁਕਬੰਦੀ ਕਰਨੀ ਤਾਂ ਮੈਂ ਸਕੂਲੇ ਪੜ੍ਹਦਿਆਂ ਹੀ ਸ਼ੁਰੂ ਕਰ ਦਿੱਤੀ ਸੀ ਪਰ 'ਬਾਲ ਸੰਦੇਸ਼' ਜਿਹੇ ਬਾਲ ਰਸਾਲਿਆਂ ਵਿੱਚ ਛਪੀਆਂ ਤਾਰਿਆਂ, ਤਿਓਹਾਰਾਂ ਬਾਰੇ ਇਹ ਕਵਿਤਾਵਾਂ ਸ਼ਬਦਾਂ ਦੀ ਲੈਅ ਅਤੇ ਸੰਗੀਤ ਨਾਲ਼ ਬਾਲ ਦੀਆਂ ਖੇਡਾਂ ਵਰਗੀਆਂ ਹੀ ਸਨ। ਗਭਰੇਟ ਉਮਰੇ ਕਾਲਪਨਿਕ ਪ੍ਰੇਮਿਕਾਵਾਂ ਬਾਰੇ ਕਵਿਤਾਵਾਂ/ ਗ਼ਜ਼ਲਾਂ ਲਿਖ ਲਿਖ ਕੇ ਵੀ ਰਜਿਸਟਰ ਭਰਿਆ। ਪਰ ਕਵਿਤਾ ਦੀ ਅਸਲ ਰਮਜ਼ ਉਹਨਾਂ ਵੇਲ਼ਿਆਂ ਦੇ ਇੱਕ ਸਦਮੇ ਤੋਂ ਬਾਦ ਸਮਝ ਆਈ।

1970 ਵਿੱਚ ਜੰਮਿਆਂ ਲਈ ਜਵਾਨ ਹੋਣ ਦਾ 80ਵਿਆਂ ਦਾ ਦਹਾਕਾ ਸਦਮਿਆਂ ਤੇ ਹਾਦਸਿਆਂ ਨਾਲ਼ ਹੀ ਭਰਿਆ ਹੋਇਆ ਸੀ। ਇਸ ਦਹਾਕੇ ਦੌਰਾਨ ਪੰਜਾਬ ਦੂਹਰੀ ਦਹਿਸ਼ਤਗਰਦੀ ਦੀ ਮਾਰ ਹੇਠ ਰਿਹਾ। ਆਪਰੇਸ਼ਨ ਨੀਲਾ ਤਾਰਾ, ਦਿੱਲੀ ਦੰਗੇ, ਖਾਲਿਸਤਾਨੀ ਦਹਿਸ਼ਤਪਸੰਦਾਂ ਵੱਲੋਂ ਹਕੂਮਤੀ ਮਸ਼ੀਨਰੀ ਨਾਲ਼ੋਂ ਵੱਧ ਆਮ ਲੋਕਾਂ ਦਾ ਘਾਣ ਤੇ ਹਕੂਮਤੀ ਮਸ਼ੀਨਰੀ ਵੱਲੋਂ ਦਹਿਸ਼ਤਪਸੰਦਾਂ ਦੇ ਨਾਲ਼ ਨਾਲ਼ ਕਿੰਨੇ ਨਿਰਦੋਸ਼ਾਂ ਦਾ ਸਫ਼ਾਇਆ। ਇਸ ਦਹਾਕੇ ਦੇ ਪੰਜਾਬ ਦਾ ਸਮੁੱਚਾ ਦ੍ਰਿਸ਼ ਆਪਣੇ ਆਪ ਵਿੱਚ ਹੀ ਪੰਜਾਬੀਆਂ ਲਈ ਵੱਡਾ ਸਦਮਾ ਸੀ। ਇਸ ਦਹਾਕੇ ਵਿੱਚ ਪੰਜਾਬ ਦੀ ਧਰਤੀ ਉੱਤੇ ਸਾਹ ਲੈਣ ਵਾਲ਼ਾ ਸ਼ਾਇਦ ਹੀ ਕੋਈ ਬੰਦਾ

ਇਸ ਸਦਮੇ ਨੂੰ ਆਪਣੇ ਮਨ ਦੀਆਂ ਅੰਦਰੂਨੀ ਤਹਿਆਂ ਅੰਦਰ ਹੰਢਾਉਣੋਂ ਬਚਿਆ ਰਿਹਾ ਹੋਵੇ।

ਮੇਰੇ ਕੋਲ਼ ਇਹ ਸਦਮਾ ਸਭ ਤੋਂ ਭਿਆਨਕ ਅਤੇ ਨਿੱਜੀ ਰੂਪ ਵਿੱਚ ਉਦੋਂ ਆਇਆ ਜਦੋਂ ਮੇਰਾ ਦੋਸਤਾਂ ਵਰਗਾ ਪਾਲ ਮਾਮਾ ਦਹਿਸ਼ਤਗਰਦਾਂ ਦੀ ਗੋਲ਼ੀ ਦਾ ਸ਼ਿਕਾਰ ਬਣਿਆਂ। ਨਾਨੇ ਦੀ ਬੇਵਕਤੀ ਮੌਤ ਪਿੱਛੋਂ ਨਾਨੀ ਨੇ ਹੀ ਪਿੰਡ ਦੀਆਂ ਔਰਤਾਂ ਦੇ ਸੂਟ ਸੀਅ ਕੇ ਨਿਆਣੇ ਵੱਡੇ ਕੀਤੇ ਸਨ ਤੇ ਚਾਰ ਕੁੜੀਆਂ ਵਿਆਹੀਆਂ ਸਨ। ਹੁਣ ਮਾਮੇ ਦੀ ਨੌਕਰੀ ਨੇ ਨਾਨੀ ਨੂੰ ਕੁਝ ਸੁੱਖ ਦੇ ਦਿਨ ਦੇਖਣ ਜੋਗਾ ਕੀਤਾ ਸੀ। ਕੁਝ ਦਿਨਾਂ ਬਾਅਦ ਘਰ ਨੂੰਹ ਵੀ ਆ ਜਾਣੀ ਸੀ। ਪਰ ਉਹਨਾਂ ਦਿਨਾਂ ਵਿੱਚ ਚੱਲ ਰਹੀ ਗੋਲ਼ੀ ਨਾ ਤਾਂ ਧਰਮ ਦੇਖ ਰਹੀ ਸੀ ਨਾ ਕਿਸੇ ਦੀ ਮਜਬੂਰੀ। ਪਹਿਲੀ ਵਾਰ ਅਹਿਸਾਸ ਹੋਇਆ ਕਿ ਸਿਵੇ ਮੱਚਣ ਦਾ ਏਨਾ ਭਿਆਨਕ ਦਰਦ ਵੀ ਹੋ ਸਕਦਾ ਹੈ। ਕਵਿਤਾ ਆਪ-ਮੁਹਾਰੀ ਨਵੇਂ ਰਾਹਾਂ ਉੱਤੇ ਨਿੱਕਲ਼ ਤੁਰੀ। ਇਸ ਕਵਿਤਾ ਨੂੰ ਚਾਰੇ ਪਾਸਿਓਂ ਸਿਵਿਆਂ ਨੇ ਹੀ ਘੇਰਿਆ ਹੋਇਆ ਸੀ। 'ਸਿਵੇ' ਸਿਰਲੇਖ ਵਾਲ਼ੀ ਆਪਣੀ ਕਵਿਤਾ ਵਿੱਚ ਲਿਖਿਆ:

ਜਦੋਂ ਕੋਈ ਕੰਬਦਾ ਹੱਥ
ਕਿਸੇ ਸਿਵੇ ਨੂੰ ਅੱਗ ਦਿਖਾਉਂਦਾ ਹੈ
ਤਾਂ ਕੋਲ਼ ਕੋਲ਼
ਕਿੰਨੇ ਹੀ ਸਿਵੇ ਹੋਰ ਬਲਣ ਲਗਦੇ ਹਨ
ਕਿਤੇ ਮਾਸ ਸੜਦਾ ਹੈ
ਤੇ ਕਿਤੇ ਸੱਧਰਾਂ, ਰੱਖੜੀ, ਮਾਂ ਦੀਆਂ ਆਂਦਰਾਂ
ਹਵਾ ਚੱਲਦੀ ਹੈ
ਤਾਂ ਸਵਾਹ ਉੱਡਕੇ
ਵਕਤ ਦੇ ਸਿਰ 'ਚ ਪੈ ਜਾਂਦੀ ਹੈ
ਵਕਤ ਦਾ ਸਿਰ ਫਿਰ ਛੇਤੀ ਨਹੀਂ ਨਿੱਖਰਦਾ

ਘਰ ਦੇ ਵਿਚਾਰਕ/ਸਿਆਸੀ ਮਾਹੌਲ ਤੇ ਪੜ੍ਹੇ ਸਾਹਿਤ ਦੇ ਅਸਰ ਹੇਠ ਅਸੀਂ ਮਿੱਤਰ ਉਹਨਾਂ ਦਿਨਾਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਕੰਮ ਕਰਨ ਲੱਗੇ, ਜਦੋਂ ਖੱਟੀਆਂ ਪੱਗਾਂ ਬੰਨਦੇ ਸਰਦਾਰਾਂ ਦੇ ਮੁੰਡੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਬਣਦੇ ਹੁੰਦੇ ਸਨ। ਨਿੱਜੀ ਸਦਮੇਂ ਕਾਰਨ ਕਵਿਤਾ ਨੂੰ ਮਿਲ਼ੀ ਨਵੀਂ ਦਿਸ਼ਾ ਨੂੰ ਇਸ ਗੱਲ ਨੇ ਨਿਖਾਰਿਆ। ਕਾਲਜ ਵਿੱਚ ਯੂਨੀਅਨ ਦੀਆਂ ਸਰਗਰਮੀਆਂ ਦੇ ਨਾਲ਼ ਨਾਲ਼ ਪੰਜਾਬ ਸੰਕਟ ਬਾਰੇ ਬੇਬਾਕੀ ਨਾਲ਼ ਕਵਿਤਾਵਾਂ ਲਿਖਣ ਦਾ ਸਿਲਸਿਲਾ ਵੀ ਚੱਲ ਨਿੱਕਲ਼ਿਆ। ਕਵਿਤਾਵਾਂ ਲਿਖਣਾ ਵੀ ਸਿਆਸੀ ਅਮਲ ਦਾ ਹਿੱਸਾ ਬਣ ਗਿਆ। ਉਹਨਾਂ ਦਿਨਾਂ ਵਿੱਚ ਹੀ, ਪੰਜਾਬੀ ਦੇ ਕਵੀ ਤੇ ਹੁਣ ਨਾਟਕਕਾਰ ਵੀ, ਸ਼ਬਦੀਸ਼ ਨਾਲ਼ ਦੋਸਤੀ ਹੋਈ। ਉਹ 'ਲੋਕ ਲਹਿਰ' ਵਿੱਚ ਕੰਮ ਕਰਦਾ ਸੀ। ਅਸੀਂ ਜਦੋਂ ਵੀ ਮਿਲ਼ਦੇ ਸਮਕਾਲੀ ਹਾਲਾਤ ਦੇ ਨਾਲ਼ ਨਾਲ਼ ਕਵਿਤਾ ਬਾਰੇ ਵੀ ਗੱਲਾਂ ਕਰਦੇ। ਨਵੀਂਆਂ ਲਿਖੀਆਂ ਕਵਿਤਾਵਾਂ ਇੱਕ ਦੂਸਰੇ ਨੂੰ ਸੁਣਾਉਂਦੇ। ਵੱਖਰੀਆਂ ਸਿਆਸੀ ਧਿਰਾਂ ਨਾਲ਼ ਜੁੜੇ ਹੋਣ ਦੇ ਬਾਵਜੂਦ ਅਸੀਂ ਬਹੁਤੀਆਂ ਗੱਲਾਂ ਵਿੱਚ ਸਹਿਮਤ ਹੁੰਦੇ। ਅਸਹਿਮਤੀ ਦੇ ਮੁੱਦੇ ਉੱਤੇ ਇੱਕ ਦੂਜੇ ਦੀ ਬੇਕਿਰਕੀ ਨਾਲ਼ ਆਲੋਚਨਾ ਕਰਦੇ।

ਕਵਿਤਾ ਦੇ ਸਿਆਸੀ ਅਮਲ ਬਾਰੇ ਇੱਕ ਦਿਲਚਸਪ ਗੱਲ ਯਾਦ ਆ ਰਹੀ ਹੈ।

ਉਹਨੀਂ ਦਿਨੀਂ ਮੈਂ ਕਾਲਜਾਂ ਦੇ ਕਵਿਤਾ ਉਚਾਰਣ ਮੁਕਾਬਲਿਆਂ ਵਿੱਚ ਆਪਣੀ ਕਵਿਤਾ 'ਪੰਜਾਬ ਦੇ ਨਾਂ' ਪੜ੍ਹਿਆ ਕਰਦਾ ਸਾਂ। ਉੱਚੀ ਤੇ ਭਾਸ਼ਣੀ ਸੁਰ ਵਾਲ਼ੀ ਇਸ ਕਵਿਤਾ ਦੇ ਬੋਲਾਂ ਵਿੱਚ ਖਾਲਿਸਤਾਨੀ ਦਹਿਸ਼ਤਗਰਦਾਂ ਦੀ ਆਲੋਚਨਾ ਕਰਦੀਆਂ ਖ਼ਾਲਸ ਕਾਮਰੇਡੀ ਮੁਹਾਵਰੇ ਵਾਲ਼ੀਆਂ ਇਹ ਸਤਰਾਂ ਵੀ ਸ਼ਾਮਿਲ ਸਨ:

ਪੰਜਾਬ!
ਸ਼ਾਇਦ ਅਸੀਂ ਇਹ ਫੈਸਲਾ ਨਹੀਂ ਕਰ ਸਕੇ
ਪਰ ਤੇਰੇ ਨਵ-ਜਨਮੇਂ ਬਾਲਾਂ ਨੂੰ ਇਹ ਸੋਚਣਾ ਪਵੇਗਾ
ਕਿ ਇਬਾਦਤਗਾਹਾਂ ਨੇ ਮਾਣਮੱਤਿਆਂ ਦਾ ਮਾਣ ਬਣਨਾ ਹੈ
ਜਾਂ ਨਿਆਸਰਿਆਂ ਦਾ ਆਸਰਾ
ਫਤਹਿ ਦਾ ਜੈਕਾਰਾ
ਮੱਛਰੀ ਹੋਈ ਲੰਬੜਾਂ ਦੀ ਹਵੇਲੀ 'ਚੋਂ ਗੂੰਜਣਾ ਹੈ
ਜਾਂ ਸਿਰ ਸੁੱਟੀ ਖੜੀਆਂ ਫਸਲਾਂ ਦੇ ਪੀਲ਼ੇ ਵਸਾਰ ਚਿਹਰਿਆਂ 'ਚੋਂ

ਸਰਕਾਰੀ ਕਾਲਜ ਸਠਿਆਲ਼ਾ ਵਿੱਚ ਇਹ ਕਵਿਤਾ ਪੜ੍ਹਦਿਆਂ ਮੈਂ ਅੰਦਰੋ ਅੰਦਰੀ ਡਰ ਵੀ ਰਿਹਾ ਸਾਂ। ਇਹ ਕਾਲਜ ਉਹਨੀਂ ਦਿਨੀਂ ਫੈਡਰੇਸ਼ਨ ਦਾ ਗੜ੍ਹ ਸੀ। ਕਾਲਜ ਦੇ ਮੁੰਡੇ ਪ੍ਰੋਫੈਸਰਾਂ ਦੀਆਂ ਤਨਖ਼ਾਹਾਂ ਵੀ ਖੋਹਣ ਨੂੰ ਫਿਰਦੇ ਹੁੰਦੇ ਸਨ। ਇੱਕ ਵਾਰ ਤਾਂ ਮੈਂ ਇਹ ਵੀ ਸੋਚਿਆ ਕਿ ਮੈਨੂੰ ਆਪਣੀ ਕਵਿਤਾ ਬਦਲ ਲੈਣੀ ਚਾਹੀਦੀ ਹੈ। ਪਰ ਅਖੀਰ ਨੌਜਵਾਨੀ ਦੇ ਜੋਸ਼ ਨੇ ਇਹੀ ਕਵਿਤਾ ਪੜ੍ਹਨ ਤੇ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਕਰ ਦਿੱਤਾ। ਮੈਂ ਕਵਿਤਾ ਖ਼ਤਮ ਕੀਤੀ ਤਾਂ ਕਾਲਜ ਦੀ ਫੈਡਰੇਸ਼ਨ ਦਾ ਪ੍ਰਧਾਨ ਸਟੇਜ ਦੇ ਪਿੱਛੇ ਮੈਨੂੰ ਆ ਮਿਲ਼ਿਆ। ਮੇਰੀ ਤਵੱਕੋ ਦੇ ਉਲਟ ਉਹਨੇ ਮੈਨੂੰ ਜੱਫ਼ੀ ਪਾ ਲਈ ਤੇ ਸ਼ਾਬਾਸ਼ ਦਿੰਦਿਆਂ ਕਵਿਤਾ ਦੀ ਸਿਫ਼ਤ ਕਰਨ ਲੱਗਿਆ। ਹੁਣ ਮੈਂ ਹੈਰਾਨ-ਪ੍ਰੇਸ਼ਾਨ ਸਾਂ। ਕਵਿਤਾ ਦੇ ਉਹ ਅਰਥ ਇਸ ਬੰਦੇ ਤੱਕ ਨਹੀਂ ਸੀ ਪਹੁੰਚੇ, ਜੋ ਮੈਂ ਆਪਣੀ ਕਵਿਤਾ ਵਿੱਚ ਸਿਰਜਣ ਦੀ ਕੋਸ਼ਿਸ਼ ਕੀਤੀ ਸੀ। ਇਸ ਤੱਕ ਇਹ ਕਵਿਤਾ ਬਿਲਕੁਲ ਉਲਟ ਅਰਥਾਂ ਵਿੱਚ ਪਹੁੰਚੀ ਸੀ। ਇਸ ਦਾ ਅਰਥ ਸੀ ਕਿ ਸਮਕਾਲੀਨਤਾ ਏਨੀ ਸਰਲ, ਸਿੱਧੀ ਤੇ ਸਹਿਜ ਚੀਜ਼ ਨਹੀਂ ਹੁੰਦੀ। ਇਸ ਦੇ ਨਾਲ਼ ਹੀ ਸ਼ਾਇਦ ਕਵਿਤਾ ਦੀ ਸਿਰਜਣ-ਪ੍ਰਕਿਰਿਆ ਦੌਰਾਨ ਕਈ ਤਰ੍ਹਾਂ ਦੀਆਂ ਸਮਕਾਲੀਨਤਾਵਾਂ ਕਵਿਤਾ ਦੇ ਸ਼ਬਦਾਂ ਵਿੱਚ ਜਾ ਲੁਕਦੀਆਂ ਹਨ।

ਖ਼ੈਰ, ਕਵਿਤਾ ਦੀ ਸਿਰਜਣਾ ਦੇ ਪੱਖ ਤੋਂ ਮੇਰਾ ਇਹ ਅਰੰਭਲਾ ਦੌਰ ਬਹੁਤ ਉਪਜਾਊ ਸੀ। ਗੜਬੜੀ ਤੇ ਸੰਕਟ ਭਰੇ ਦਿਨਾਂ ਵਿੱਚ ਹਰ ਰੋਜ਼ ਕਵਿਤਾ ਲਿਖਣ ਲਈ ਲੋੜੀਂਦਾ ਮਨ ਦਾ ਹੁਲਾਰਾ ਹਾਜ਼ਰ ਹੁੰਦਾ ਸੀ। 1990 ਤੋਂ 92 ਦੇ ਕਰੀਬ ਦੋ ਵਰ੍ਹਿਆਂ ਵਿੱਚ ਹੀ ਏਨੀਆਂ ਕਵਿਤਾਵਾਂ ਲਿਖੀਆਂ ਗਈਆਂ ਕਿ 1993 ਵਿੱਚ ਉਹਨਾਂ ਵਿੱਚੋਂ 38 ਕਵਿਤਾਵਾਂ ਚੁਣ ਕੇ ਮੇਰੀ ਪਹਿਲੀ ਕਿਤਾਬ 'ਖ਼ੁਦਕੁਸ਼ੀ ਇੱਕ ਚੁੱਪ ਦੀ' ਛਪ ਗਈ। ਮੈਂ ਉਦੋਂ ਅਜੇ ਅੰਗਰੇਜ਼ੀ ਸਾਹਿਤ ਦੀ ਐੱਮ. ਏ. ਕਰ ਰਿਹਾ ਸਾਂ। ਕਿਤਾਬ ਦੇ ਸਿਰਲੇਖ ਲਈਂ ਸੁਚੇਤ ਹੋਕੇ ਆਪਣੀ ਇੱਕ ਕਵਿਤਾ ਨੂੰ ਚੁਣਿਆਂ। ਇਹ ਕਵਿਤਾ ਸਮਕਾਲੀ ਪੰਜਾਬ ਸੰਕਟ ਪ੍ਰਤੀ ਇੱਕ ਆਮ ਬੰਦੇ ਵਜੋਂ ਮੇਰੇ ਹੁੰਗਾਰੇ ਦੀ ਅਸਲ ਪ੍ਰਤੀਨਿਧਤਾ ਕਰਦੀ ਸੀ। ਇਹ ਦੱਸਦੀ ਸੀ ਕਿ ਕਿਵੇਂ ਪਰਿਵਾਰ ਤੇ ਸਮਾਜ ਦੀਆਂ ਰਹਿਤਲੀ ਬੰਦਿਸ਼ਾਂ ਸਾਨੂੰ ਲੰਬਾ ਸਮਾਂ ਖ਼ਾਮੋਸ਼ ਰਹਿਣ ਲਈ ਮਜਬੂਰ ਕਰਦੀਆਂ ਹਨ। 'ਪਰ ਹਾਦਸੇ ਕਦੇ ਦਸਤਕ ਦੇ ਕੇ ਨਹੀਂ ਆਉਂਦੇ।' ਇਸ ਕਵਿਤਾ ਦੀ ਸਤਰ ਸੀ। ਇਹ

ਹਾਦਸੇ ਅਖੀਰ ਬੰਦੇ ਦੀ ਚੁੱਪ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰ ਦਿੰਦੇ ਹਨ ਤੇ ਬੰਦਾ ਗ਼ਲਤ ਵਿਰੁੱਧ ਬੋਲਣਾ ਸ਼ੁਰੂ ਕਰਦਾ ਹੈ। 'ਖੁਸ਼ ਹੋਵੋ, ਕਿਉਂਕਿ ਚੁੱਪ ਦੀ ਖ਼ੁਦਕੁਸ਼ੀ ਹੀ ਬੋਲਾਂ ਦੀ ਜ਼ਿੰਦਗੀ ਹੈ', ਇਹ ਕਵਿਤਾ ਏਥੇ ਮੁੱਕਦੀ ਸੀ। ਉਂਝ ਕਿਤਾਬ ਵਿਚਲੀ ਆਖਰੀ ਕਵਿਤਾ 'ਸੁੱਕ ਗਏ ਦਰਿਆ' ਸੋਵੀਅਤ ਯੂਨੀਅਨ ਦੇ ਡਿੱਗ ਜਾਣ ਉੱਤੇ ਲਿਖੀ ਸੀ। ਪੰਜਾਬ ਜਾਂ ਮੁਲਕ ਹੀ ਨਹੀਂ, ਮਨੁੱਖੀ ਇਤਿਹਾਸ ਦਾ ਇੱਕ ਦੌਰ ਖ਼ਤਮ ਹੋ ਗਿਆ ਸੀ।

ਮੁਲਕ ਅੰਦਰ ਇਹ ਨਵਾਂ ਦੌਰ 'ਮੰਡਲ-ਕਮੰਡਲ ਦੀ ਸਿਆਸਤ ਦਾ ਸੀ। ਮਜ਼ਹਬ ਤੇ ਜਾਤ ਕੇਂਦਰਤ ਪਛਾਣ ਅਧਾਰਤ ਸਿਆਸਤ ਦੇ ਨਾਲ਼ ਨਾਲ਼ ਨਵ-ਉਦਾਰੀਕਰਨ ਦਾ ਸੂਰਜ ਵੀ ਉਦੈ ਹੋ ਗਿਆ। ਪੰਜਾਬ ਵਿੱਚ, ਪਤਾ ਹੀ ਨਹੀਂ ਲੱਗਾ ਕਦੋਂ, ਹਜ਼ਾਰਾਂ ਅਣਪਛਾਤੀਆਂ ਲੋਥਾਂ ਦੇ ਸੰਸਕਾਰਾਂ ਪਿੱਛੋਂ ਅਮਨ-ਚੈਨ ਪਰਤ ਆਇਆ ਸੀ। ਪਰ ਨਵੀਂ ਸਿਆਸਤ ਮੂਹਰੇ ਮੁਲਕ ਵਿੱਚ ਤੇ ਪਿਛਲੇ ਵਰ੍ਹਿਆਂ ਵਿੱਚ ਸਟੇਟ ਦੇ ਪੈਂਤੜਿਆਂ ਨਾਲ਼ੋਂ ਆਪਣੇ ਆਪ ਨੂੰ ਨਖੇੜਨ ਵਿੱਚ ਸਫ਼ਲ ਨਾ ਹੋਣ ਕਾਰਨ ਪੰਜਾਬ ਵਿੱਚ, ਖੱਬੀਆਂ ਧਿਰਾਂ ਅਪ੍ਰਸੰਗਕ ਹੋਣ ਦੇ ਰਾਹ ਤੁਰ ਚੁੱਕੀਆਂ ਸਨ। 1998 ਵਿੱਚ ਛਪੀ ਮੇਰੀ ਦੂਜੀ ਕਿਤਾਬ 'ਬੁੱਧ ਬੇਹੋਸ਼ ਹੈ' ਵਿੱਚ, ਕੁਝ ਪਿਆਰ ਕਵਿਤਾਵਾਂ ਤੋਂ ਇਲਾਵਾ, ਇਹਨਾਂ ਬਦਲ ਰਹੇ ਦ੍ਰਿਸ਼ਾਂ ਬਾਰੇ ਹੀ ਕਵਿਤਾਵਾਂ ਸਨ। 'ਅੰਨ੍ਹੇ ਘੋੜੇ ਦੀ ਕਥਾ' ਤੇ 'ਮੋਈਆਂ ਸਦੀਆਂ ਦਾ ਭਾਰ' ਵਰਗੀਆਂ ਕਵਿਤਾਵਾਂ ਇਸੇ ਨਵੀਂ ਅਤੀਤਮੁਖ ਸਿਆਸਤ ਕਾਰਨ ਪੈਦਾ ਹੋ ਰਹੇ ਸਮਕਾਲੀ ਮਾਨਵੀ ਸੰਕਟਾਂ ਬਾਰੇ ਲਿਖੀਆਂ ਗਈਆਂ।

ਸੱਭਿਅਤਾ ਦੇ ਅੰਨ੍ਹੇ ਘੋੜੇ ਦੀ ਪਿੱਠ ਤੇ ਸਵਾਰ ਹਨ
-ਛੋਟੀਆਂ ਇੱਟਾਂ ਦੀ ਹਵੇਲੀ ਦੇ ਪ੍ਰੇਤੀ ਪ੍ਰਛਾਵੇਂ
ਮਹਾਂਨਗਰ ਦੇ ਚੰਡਾਲੀ ਕਹਿਕਹੇ
ਤੇ ਆਪੋ ਆਪਣੇ ਯੂਨਾਨ 'ਚ ਬੈਠੇ ਕਈ ਸਿਕੰਦਰ

ਖੱਬੇ ਪੱਖੀ ਖੜੋਤ ਦੇ ਪ੍ਰਸੰਗ ਵਿੱਚ 'ਖੰਡਿਤ ਜ਼ਿਹਨ ਦੀ ਕਥਾ' ਅਤੇ 'ਬੁੱਧ ਬੇਹੋਸ਼ ਹੈ' ਜਿਹੀਆਂ ਲੰਬੀਆਂ ਕਵਿਤਾਵਾਂ ਅਸਲ ਵਿੱਚ ਸਵੈ-ਵਿਸ਼ਲੇਸ਼ਣੀ ਹਨ। ਇਹਨਾਂ ਕਵਿਤਾਵਾਂ ਵਿੱਚ ਆਪਣੀ ਧਿਰ ਦੀ ਅਸਫ਼ਲਤਾ ਦੇ ਕਾਰਨਾਂ ਦਾ ਵਿਸ਼ਲੇਸ਼ਣ ਸੀ। ਇਹਨਾਂ ਨਵੇਂ ਸਮਿਆਂ ਵਿੱਚ ਸਮਾਜਿਕ ਤਬਦੀਲੀ ਦੇ ਸੁਫ਼ਨੇ ਨੂੰ ਤਿਆਗ ਕੇ ਨੌਜਵਾਨ ਸਧਾਰਨ ਜ਼ਿੰਦਗੀ ਦੀ ਚੋਣ ਕਰਨ ਲਈ ਕਿਉਂ ਮਜਬੂਰ ਸਨ ? ਨਵੀਂ ਪੀੜ੍ਹੀ ਦੇ ਇਸ ਮੋਹ-ਭੰਗ ਲਈ ਕੌਣ ਜ਼ਿੰਮੇਵਾਰ ਸੀ ? ਉਹਨਾਂ ਨਵੇਂ ਵੇਲ਼ਿਆਂ ਵਿੱਚ ਮੈਨੂੰ ਇਹੀ ਸਵਾਲ ਪ੍ਰਸੰਗਕ ਲੱਗੇ ਸਨ। ਉਂਝ ਆਉਣ ਵਾਲ਼ੇ ਅਸਹਿਣਸ਼ੀਲ ਸਮਿਆਂ ਦਾ ਅਨੁਭਵ ਵੀ ਮੈਨੂੰ ਇਸ ਕਿਤਾਬ ਨਾਲ਼ ਹੀ ਹੋ ਗਿਆ, ਜਦੋਂ ਕਿਤਾਬ ਦੇ ਸਿਰਲੇਖ ਨੂੰ ਲੈ ਕੇ ਕੁਝ ਨਵ-ਬੋਧੀਆਂ ਨੇ 'ਨਵਾਂ ਜ਼ਮਾਨਾ' ਦੇ ਪਾਠਕੀ ਪੰਨਿਆਂ ਉੱਤੇ ਮੇਰੇ ਵਿਰੁੱਧ "ਧਰਮ ਯੁੱਧ" ਛੇੜਨ ਦਾ ਐਲਾਨ ਕੀਤਾ।

ਨਵੀਂ ਸਦੀ ਦੇ ਆਰ-ਪਾਰ ਦੇ ਵਰ੍ਹੇ ਉਹ ਸਨ ਜਦੋਂ ਨਵਉਦਾਰਵਾਦੀ ਨੀਤੀਆਂ ਅਤੇ ਸੱਭਿਆਚਾਰਕ ਸਰਮਾਏਦਾਰੀ ਵੱਲੋਂ ਘੜੀ ਨਵੀਂ ਜੀਵਨ ਜਾਚ ਸਮਾਜ ਵਿੱਚ ਦਿਸਣੀ ਸ਼ੁਰੂ ਹੋਈ ਸੀ। ਹੁਣ ਇਸ ਜੀਵਨ ਜਾਚ ਨੂੰ ਅਸੀਂ ਖ਼ਪਤ ਸੱਭਿਆਚਾਰ ਆਖਣ ਲੱਗੇ ਹਾਂ। ਮੇਰੀ ਤੀਸਰੀ ਕਾਵਿ-ਕਿਤਾਬ 'ਬਾਰ੍ਹੀਂ ਕੋਹੀਂ ਦੀਵਾ' ਇਹਨਾਂ ਦਿਨੀਂ 2003 ਵਿੱਚ ਛਪੀ। ਮੈਨੂੰ ਇਸ ਕਿਤਾਬ ਵਿੱਚ ਲਿਖੇ ਆਪਣੇ ਸ਼ਬਦ ਯਾਦ ਆ ਰਹੇ ਨੇ: '...ਇਤਿਹਾਸ ਸਾਨੂੰ ਕਿਸ ਕਿਸ ਤਰ੍ਹਾਂ ਦੇ ਕਰੁਕਸ਼ੇਤਰਾਂ 'ਚ ਖੜ੍ਹਾ ਕਰ ਰਿਹਾ ਹੈ, ਕਿਹਨਾਂ ਕਿਹਨਾਂ ਜੁਗਤਾਂ ਨਾਲ਼ ਸਾਡੇ ਭੱਥੇ

ਖੋਹ ਰਿਹਾ ਹੈ, ਸ਼ਾਇਦ ਕਵਿਤਾ ਤੋਂ ਵੱਧ ਕੋਈ ਨਹੀਂ ਜਾਣਦਾ। ਇਸੇ ਲਈ 'ਬਾਗ੍ਹੀਂ ਕੋਹੀਂ ਦੀਵਾ' ਦੀ ਕਵਿਤਾ ਮੇਰੇ ਲਈ ਇੱਕ ਨਵੇਂ ਜੀਵਨ ਯਥਾਰਥ ਤੇ ਮਾਨਵੀ ਸੰਵੇਦਨਾ ਦੀ ਮਹਿਜ਼ ਕਾਵਿ-ਅਭਿਵਿਅਕਤੀ ਹੀ ਨਹੀਂ ਹੈ ਸਗੋਂ ਖੁਦ ਇਸ ਨੂੰ ਸਮਝਣ-ਮਹਿਸੂਸ ਕਰਨ ਦਾ ਯਤਨ ਵੀ ਹੈ।' ਜ਼ਿੰਦਗੀ ਦੇ ਬਹੁਤ ਸੱਚ ਕਵੀ ਨੂੰ ਕਵਿਤਾ ਵਿੱਚੋਂ ਜਾਂ ਕਵਿਤਾ ਰਾਹੀਂ ਹੀ ਸਮਝ ਆਉਂਦੇ ਹਨ।

ਇਹਨਾਂ ਸਮਿਆਂ ਦੇ ਇਸ ਸੱਚ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਮੈਂ ਵੀ ਨਵੀਂ ਨਕੋਰ ਕਾਰ ਖਰੀਦਣ ਦੇ ਸੁਪਨੇ ਦੇਖਣ ਲੱਗਾ, ਹਾਲਾਂਕਿ ਉਦੋਂ ਮੇਰੀ ਜੇਬ ਇਸ ਸੁਪਨੇ ਦੀ ਇਜਾਜ਼ਤ ਨਹੀਂ ਸੀ ਦਿੰਦੀ। ਆਪਣੇ ਆਪ ਨੂੰ ਬਜ਼ਾਰਮੁਖ ਸੁਪਨਿਆਂ ਪ੍ਰਤੀ ਸੁਚੇਤ ਕਰਦਿਆਂ ਮੈਨੂੰ ਸੱਭਿਆਚਾਰਕ ਸਰਮਾਏ ਦੀ ਤਾਕਤ ਦਾ ਅਹਿਸਾਸ ਹੋਇਆ। ਇਹ ਤਾਂ ਸਾਡੇ ਮਨ-ਮਸਤਕ ਤੱਕ ਨੂੰ ਆਪਣੀ ਬਸਤੀ ਬਣਾ ਰਿਹਾ ਸੀ। ਮੈਂ ਬਜ਼ਾਰ ਦੇ ਇਹਨਾਂ ਸਮਕਾਲੀ ਵਰਤਾਰਿਆਂ ਬਾਰੇ ਕਵਿਤਾਵਾਂ ਲਿਖਣ ਲੱਗਾ।

ਅੱਜ ਕੱਲ੍ਹ ਮੈਂ ਜੰਗਲ਼ ਨੂੰ ਪੁੱਟ
ਬਜ਼ਾਰ 'ਚ ਲਾਇਆ
ਤੇ ਬਾਜ਼ਾਰ ਨੂੰ ਰੱਖਿਆ ਹੈ
ਆਪਣੇ ਘਰ ਅੰਦਰ
ਘਰ-ਬਜ਼ਾਰ-ਜੰਗਲ਼ ਵਿੱਚ
ਫ਼ਰਕ ਵੀ ਕੀ ਹੈ ?
ਅੱਜ ਕੱਲ੍ਹ ਮੈਂ ਬਜ਼ਾਰ ਵਿੱਚ ਹੀ ਵੱਸਦਾ ਹਾਂ

ਇਸ ਕਿਤਾਬ ਦੀਆਂ ਬਹੁਤੀਆਂ ਕਵਿਤਾਵਾਂ ਇਸੇ ਨਵੇਂ ਵਰਤਾਰੇ ਨੂੰ ਮੁਖ਼ਾਤਿਬ ਹੁੰਦੀਆਂ ਸਨ। ਮੇਰੇ ਹਮਖ਼ਿਆਲ ਰਹੇ ਸ਼ਬਦੀਸ਼ ਦਾ ਵਿਚਾਰ ਸੀ ਕਿ ਇਸ ਤਰ੍ਹਾਂ ਬਜ਼ਾਰ ਬਾਰੇ ਕਵਿਤਾਵਾਂ ਲਿਖਣਾ ਵੀ ਕਵਿਤਾਵਾਂ ਦਾ ਬਜ਼ਾਰ ਸਜਾਉਣਾ ਹੀ ਹੈ। ਪਰ ਮੈਨੂੰ ਜਾਪਦਾ ਸੀ ਕਿ ਬਜ਼ਾਰ ਦੇ ਜ਼ੋਰ ਦਾ ਮੁਕਾਬਲਾ ਕੋਈ ਇਕੱਲੀ ਇਕਹਿਰੀ ਕਵਿਤਾ ਨਹੀਂ ਕਰ ਸਕਦੀ। ਕਿਸੇ ਅਦ੍ਰਿਸ਼ ਵਰਤਾਰੇ ਨੂੰ ਅਮੂਰਤ ਕਿਸਮ ਦੀਆਂ ਕਵਿਤਾਵਾਂ ਨਾਲ਼ ਵੀ ਨਹੀਂ ਸਮਝਿਆ ਜਾ ਸਕਦਾ। ਇਹ ਵੇਲਾ ਕਵਿਤਾ ਵਿੱਚ ਚੀਜ਼ਾਂ ਨੂੰ ਉਹਨਾਂ ਦਾ ਨਾਂ ਲੈ ਕੇ ਬੁਲਾਉਣ ਦਾ ਸੀ। ਹੁਣ ਬਹੁਤ ਕਵੀਆਂ ਨੇ ਬਜ਼ਾਰ ਬਾਰੇ ਕਵਿਤਾਵਾਂ ਲਿਖੀਆਂ ਹਨ, ਪ੍ਰੰਤੂ ਉਦੋਂ ਅਜੇ ਇਸ ਵਰਤਾਰੇ ਨੂੰ ਦੇਖਣ ਸਮਝਣ ਦਾ ਅਮਲ ਹੀ ਚੱਲ ਰਿਹਾ ਸੀ।

ਸਮਕਾਲੀਨਤਾ ਦੀ ਇੱਕ ਸਾਂਝੀ ਤੰਦ ਸਮੇਂ ਤੇ ਸਪੇਸ ਵਿੱਚ ਉੱਧੜਦੀ ਨਵੇਂ ਰੰਗ ਤੇ ਨਵੇਂ ਢੰਗ ਦਰਸਾਉਂਦੀ ਜਾਂਦੀ ਹੈ। ਬਜ਼ਾਰ ਦੇ ਬੋਝ ਹੇਠ ਨਪੀੜਿਆ ਬੰਦਾ, ਸਮਾਜਕ ਮਾਧਿਅਮਾਂ ਵੱਲੋਂ ਉਪਜਾਏ ਭਰਮਾਂ ਦੇ ਬਾਵਜੂਦ, ਨਿੱਤ ਦਿਨ ਗਹਿਰੀ ਹੁੰਦੀ ਜਾਂਦੀ ਬੇਗਾਨਗੀ ਅਤੇ ਇਕੱਲਤਾ ਹੰਢਾਉਂਦਾ ਹੈ। ਇਸੇ ਲਈ ਅਗਲੀ 'ਚਰਾਗਾਹਾਂ ਤੋਂ ਪਾਰ' ਕਿਤਾਬ ਵਿੱਚ ਇਸ ਇਕੱਲਤਾ ਦੇ ਸਿਰਲੇਖ ਵਾਲ਼ੀਆਂ ਕਈ ਕਵਿਤਾਵਾਂ ਸ਼ਾਮਿਲ ਹਨ। ਚਰਾਗਾਹਾਂ ਦੀ ਹਰਿਆਲੀ ਦਾ ਭਰਮ ਤਾਂ ਸਰਮਾਏਦਾਰੀ ਵੱਲੋਂ ਆਪਣੇ ਸੱਭਿਆਚਾਰਕ ਕਾਰਖਾਨਿਆਂ ਵਿੱਚ ਘੜੇ ਬਿੰਬਾਂ ਰਾਹੀਂ ਸਿਰਜਿਆ ਗਿਆ ਸੀ। ਇਹਨਾਂ ਬਿੰਬਾਂ ਅਤੇ ਭਰਮਾਂ ਤੋਂ ਪਾਰ ਬੰਦੇ ਦੀ ਹੋਣੀ ਵਿਵਸਥਾ ਦੀ ਜਕੜ ਵਿੱਚ ਛਟਪਟਾਉਂਦਿਆਂ ਇਕੱਲਤਾ ਹੰਢਾਉਣਾ ਹੀ ਹੈ। ਜਿਉਂ ਜਿਉਂ ਕਾਰਪੋਰੇਟੀ ਸਰਮਾਇਆ ਸਾਡੀ ਜ਼ਿੰਦਗੀ ਦੀ ਹਰੇਕ ਨੁੱਕਰ ਮੱਲਦਾ ਗਿਆ, ਤਿਉਂ ਤਿਉਂ ਬੰਦੇ ਦੀ 'ਹੋਣ'

ਦੀ ਸਥਿਤੀ ਵੀ ਨਿਯੰਤਰਤ ਸਥਿਤੀ ਬਣਦੀ ਗਈ। ਪਿਛਲੀ ਸਦੀ ਦੀ 'ਮੈਟਾਮੌਰਫੌਸਿਸ' ਵਿੱਚ ਕਾਫ਼ਕਾ ਨੇ ਇਸੇ ਨੂੰ ਬੰਦੇ ਦੇ ਕਾਕਰੋਚ ਵਿੱਚ ਤਬਦੀਲ ਹੋ ਜਾਣ ਦੇ ਚਿਹਨ ਨਾਲ਼ ਪੇਸ਼ ਕੀਤਾ ਸੀ। ਮੇਰੀ ਲੰਬੀ ਕਵਿਤਾ 'ਦਫ਼ਤਰ' ਵਿੱਚ ਕਵੀ ਨੇ ਇਸ ਸਦੀ ਦੀ ਸਾਡੀ ਇਸੇ ਸਮਕਾਲੀਨਤਾ ਨੂੰ ਪੇਸ਼ ਕਰਨ ਦਾ ਯਤਨ ਕੀਤਾ। ਦਫ਼ਤਰ ਦਾ ਚਿਹਨ ਸਾਡੇ ਨਿਯੰਤਰਣ ਦਾ ਹੀ ਚਿਹਨ ਹੈ।

ਦਫ਼ਤਰ ਬੰਦੇ ਦੇ
ਆਤਮਘਾਤ ਦਾ ਇੱਕ ਰਾਹ ਹੈ
ਉਹ ਕਤਲਗਾਹ
ਜਿੱਥੇ ਬੰਦਾ ਕਤਲ ਕਰਦਾ ਹੈ ਆਪਣਾ ਹੀ ਸਿਰ
ਤੇ ਆਪ ਹੀ ਤਲਵਾਰ ਨੂੰ
ਆਪਣੇ ਅਜਾਇਬ ਘਰ ਵਿੱਚ ਸਾਂਭ ਲੈਂਦਾ ਹੈ
ਅਗਲੀਆਂ ਪੁਸ਼ਤਾ ਲਈ

ਅਜੋਕੀ ਸਮਕਾਲੀਨਤਾ ਭਾਰਤੀ ਸਮਾਜਾਂ ਵੱਲੋਂ ਪਹਿਲਾਂ ਕਦੇ ਨਾ ਹੰਢਾਏ ਸੰਕਟਾਂ ਦੇ ਸਨਮੁਖ ਹੋਣ ਦੀ ਹੈ। ਜਮਹੂਰੀਅਤ, ਧਰਮ-ਨਿਰਪੱਖਤਾ, ਸਮਾਜਿਕ ਬਰਾਬਰੀ ਜਿਹੇ ਸੰਕਲਪ ਜਿਹਨਾਂ ਦੇ ਅਧਾਰਾਂ ਉੱਤੇ ਭਾਰਤੀ ਰਾਸ਼ਟਰ ਦਾ ਨਿਰਮਾਣ ਕਰਨ ਦੀਆਂ ਕੋਸ਼ਿਸਾਂ ਹੋ ਰਹੀਆਂ ਸਨ, ਅਚਾਨਕ ਅਰਥਾਂ ਤੋਂ ਖਾਲੀ ਕਰ ਦਿੱਤੇ ਗਏ ਹਨ। 'ਹੌਲ਼ੀ ਹੌਲ਼ੀ ਰਾਤ ਉਤਰ ਆਈ ਹੈ' ਦੇ ਅਰੰਭਲੇ ਕਾਵਿਕ ਹੁੰਗਾਰੇ ਤੋਂ ਬਾਦ ਕਵਿਤਾ ਲਈ ਹੋਰ ਕੋਈ ਵਿਸ਼ਾਗਤ ਭਟਕਣ ਸੰਭਵ ਹੀ ਨਹੀਂ ਰਹੀ। ਕਵੀ ਲਈ ਇਹ ਸਮਕਾਲੀਨ ਯੁੱਧ ਉਸ ਦਾ ਮਨਪਸੰਦ ਯੁੱਧ ਨਹੀਂ। ਸ਼ਾਇਦ ਕਿਸੇ ਨੂੰ ਪਸੰਦ, ਨਾਪਸੰਦਗੀ ਅਨੁਸਾਰ ਯੁੱਧ ਮਿਲ਼ਦਾ ਹੀ ਨਹੀਂ। ਸਿਰਫ਼ ਸਮਕਾਲੀ ਸਥਿਤੀਆਂ ਯੁੱਧ ਦੀ ਕਿਸਮ ਤੇ ਰੂਪ ਤੈਅ ਕਰਦੀਆਂ ਹਨ। ਕਵਿਤਾ ਲਈ ਵੀ ਇਹ ਚੋਣ ਦਾ ਮਸਲਾ ਨਹੀਂ, ਹੋਂਦ ਦਾ ਮਸਲਾ ਹੈ। ਕਿਉਂਕਿ

ਇਹਨਾਂ ਦਿਨਾਂ 'ਚ
ਮੁਹੱਬਤ ਸੰਭਵ ਨਹੀਂ ਹੈ ਦੋਸਤੋ-
ਮੁਹੱਬਤ ਕਰਦਿਆਂ ਬੁੱਤ-ਸ਼ਿਕਨ ਹੋਣਾ ਪੈਂਦਾ ਹੈ
ਉਧੇੜਨੀ ਪੈਂਦੀ ਹੈ
ਆਪਣੀ 'ਮੈਂ' ਦੀ ਸਾਰੀ ਉਣਤੀ
ਮੁਹੱਬਤ ਕਰਦਿਆਂ ਬਸ ਮੁਹੱਬਤ ਹੋਣਾ ਪੈਂਦਾ ਹੈ
ਪਰ ਏਥੇ ਤਾ ਮੁਹੱਬਤ ਨਹੀਂ
ਬਸ ਮਜ਼ਹਬ ਹੈ
ਸੰਵੇਦਨਾ 'ਚ ਹਰ ਪਲ
ਸੁਨਿਹਰੀ-ਕਿਰਮਚੀ ਗਿਣਤੀ-ਮਿਣਤੀ
ਬਿਨ ਅਵਾਜ਼-ਬਿਨ ਦਰਦ
ਨਿਰੰਤਰ ਚੋਟ ਦਰ ਚੋਟ
ਸੰਵੇਦਨਾ ਹੋ ਰਹੀ ਹੈ - ਗੌਰਵ ਭਰੀ ਲੋਹੇ ਭਰੀ

***

# ਸਮਕਾਲੀ ਸੰਕਟ ਦੇ ਸਨਮੁੱਖ: ਮੈਂ ਤੇ ਮੇਰੀ ਕਵਿਤਾ

-ਸਤਪਾਲ ਭੀਖੀ

ਮਨੁੱਖੀ ਮਨ ਤ੍ਰੈ-ਕਾਲ ਦੇ ਸਫ਼ਰ 'ਤੇ ਤੁਰਿਆ ਹੀ ਰਹਿੰਦਾ ਹੈ। ਤਲਾਸ਼ ਤਿਕੋਣ ਵਰਗੀ ਹੁੰਦੀ ਹੈ। ਜੇ ਇਕ ਸਿਰਾ ਸਮਕਾਲ ਹੈ ਤਾਂ ਉਹ ਬਾਕੀ ਦੋਵੇਂ ਸਿਰਿਆਂ ਨੂੰ ਗਹੁ ਨਾਲ ਵੇਖਦੀ, ਨਿਰਖਦੀ-ਪਰਖਦੀ ਹੈ। ਸਮਕਾਲ ਦੇ ਚੌਰਾਹੇ 'ਚ ਖੜ੍ਹੀ ਤਲਾਸ਼ ਚੀਜ਼ਾਂ ਨੂੰ ਨੰਗੀ ਅੱਖ ਨਾਲ ਹੀ ਨਹੀਂ ਬਲਕਿ ਬੰਦੇ ਵਰਗੀ ਗੋਲ, ਅੱਖ ਨਾਲ ਚਹੁੰ ਤਰਫ਼ਾ ਨਿਹਾਰਦੀ ਹੈ। ਇਹ ਤਲਾਸ਼ ਸਵਾਲਾਂ 'ਚ ਦੇਹ ਪਲਟਦੀ ਹੈ। ਜੀਵਨ ਦੇ ਰਾਹਾਂ 'ਚ ਵਿਛੇ ਕੰਡਿਆਂ ਨੂੰ ਚੁਗਣ ਦੇ ਆਹਰ 'ਚ ਲੱਗੀ ਰਹਿੰਦੀ ਹੈ।

ਸਮਕਾਲ ਸਵਾਲਾਂ ਨਾਲ ਭਰਿਆ ਪਿਆ ਹੈ। ਭੂਤਕਾਲ ਦੇ ਸਵਾਲ ਵੀ ਸਮਕਾਲ 'ਚੋਂ ਆ ਰਲ਼ੇ ਹਨ। ਦਰਅਸਲ ਜਿਸ ਸਵਾਲ ਦੇ ਘਰ 'ਚ ਚਾਰ ਜਣੇ ਸਨ ਰੋਟੀਆਂ ਦੋ, ਹੁਣ ਉਸ ਘਰ 'ਚ ਅੱਠ ਜਣੇ ਹਨ ਤੇ ਰੋਟੀ ਇਕ!

ਬੀਤੇ ਦਾ ਵਿਹੜਾ ਭਾਵੇਂ ਫੁੱਲਾਂ ਨਾਲ ਨਹੀਂ ਭਰਿਆ ਹੋਇਆ ਸੀ ਪ੍ਰੰਤੂ ਜਿੰਨੇ ਕੰਡੇ ਇਸ ਦੇ ਵਿਹੜੇ ਵਿਚ ਹੁਣ ਹਨ, ਆਪਣੀ ਜ਼ਿੰਦਗੀ 'ਚ ਕਦੇ ਨਹੀਂ ਦੇਖੇ।

ਸਮਕਾਲ ਦੇ ਇਹ ਕੋਹਜੇ ਦ੍ਰਿਸ਼ ਕੋਈ ਅੱਜ ਦੀ ਦੇਣ ਨਹੀਂ, ਬਲਕਿ ਇਸ ਦੀਆਂ ਮਸ਼ਕਾਂ ਚਿਰ ਪਹਿਲਾਂ ਦੀਆਂ ਹਨ।

ਫ਼ਿਕਰਵਾਨ, ਚਿੰਤਕ ਸਮੇਂ-ਸਮੇਂ ਸੁਚੇਤ ਕਰਦੇ ਰਹੇ ਸੰਕੇਤ ਦਿੰਦੇ ਰਹੇ, ਪਰ ਹੁਣ ਪੂਰੇ ਦਾ ਪੂਰਾ ਸੱਚ ਸਾਡੇ ਸਾਹਮਣੇ ਹੈ:

ਸਾਰਾ ਦੇਸ਼<br>
ਮੇਰਾ ਆਪਣਾ ਸੀ<br>
ਹੁਣ ਘਰ ਵੀ<br>
ਪਿੰਜਰਾ ਹੋ ਗਿਆ ਹੈ<br>
ਦੂਰ-ਦੁਮੇਲ ਤੱਕ<br>
ਕੋਈ ਨਜ਼ਰ ਨਹੀਂ ਆ ਰਿਹਾ<br>
ਜੋ ਪਿੰਜਰੇ ਨੂੰ ਖੋਲ੍ਹ ਦੇਵੇ

ਗੱਲ ਯਾਦ ਆਈ ਮੈਂ ਤੇ ਮੇਰਾ ਮਿੱਤਰ ਡਾ. ਸੁਮੀਤ ਸੰਮੀ ਸੈਰ 'ਤੇ ਸਾਂ। ਉਸ ਨੇ ਕਿਸੇ ਸਾਥੀ ਨੂੰ ਫੋਨ ਕੀਤਾ; ਅੱਗਿਓਂ ਕਿਸੇ ਕਾਮਰੇਡ ਨੇ ਦੋ ਟੁੱਕ ਜਵਾਬ ਦਿੱਤਾ, "ਬੈਟਰੀ ਬਹੁਤ ਡਾਊਨ ਐ, ਗੱਲਾਂ ਬਹੁਤ ਨੇ ਕਰਨ ਆਲੀਆਂ, ਮਿੰਟ ਕੁ ਬਾਅਦ ਫ਼ੋਨ ਕਰਦਾ।" ਮੈਨੂੰ ਇਹ ਗੱਲ ਕਿਸੇ ਵੱਡੇ ਸੱਚ ਵਰਗੀ ਲੱਗੀ ਕਿ ਜਦੋਂ ਮੁਕੰਮਲ ਚਾਰਜ ਹੋਣ ਦਾ ਵੇਲ਼ਾ ਸੀ; ਅੜਨ, ਲੜਨ, ਖੜਨ ਦਾ ਵਕਤ, ਬਦਲਾਓ ਦਾ ਸਮਾਂ, ਤਦ ਅਨੇਕਾਂ ਖੇਮਿਆਂ 'ਚ ਵੰਡੇ ਸਾਥੀਆਂ ਦੀਆਂ ਬੈਟਰੀਆਂ ਡਾਊਨ ਹੋ ਰਹੀਆਂ ਨੇ ਤੇ ਗੱਲਾਂ ਬਹੁਤ ਨੇ ਕਰਨ ਵਾਲੀਆਂ। ਇਕ ਮਿੰਟ ਇਕ ਸਦੀ ਤੋਂ ਵੱਧ (ਪ੍ਰਸੰਗ 1917) ਸਮੇਂ ਤੋਂ ਬਦਲਾਅ ਦੀ ਉਡੀਕ ਵਿਚ ਅੱਡੀਆਂ ਚੁੱਕ-ਚੁੱਕ ਉਡੀਕ ਰਿਹਾ ਹੈ।

ਜਦ ਉੱਸਰਿਆ

ਨਾਮ ਸੀ
ਸ਼ਹੀਦ ਭਗਤ ਸਿੰਘ ਚੌਕ
ਉਸਰੱਈਏ
ਮਜ਼ਦੂਰ
....
.....
ਅੱਜ ਇਸ ਚੌਕ ਦਾ ਨਾਂ
ਲੇਬਰ ਚੌਕ ਹੈ
......
......
ਭਗਤ ਸਿੰਘ
ਪੰਨਿਆਂ 'ਚੋਂ
ਸਾਥੀਆਂ ਨੂੰ ਮੁਖ਼ਾਤਿਬ ਹੈ
.....
ਸਾਥੀ
ਮਾਰਕਸ ਨੂੰ
ਪ੍ਰੀਭਾਸ਼ਿਤ ਕਰਨ ਵਿਚ ਮਸਰੂਫ਼....(ਚੌਕ)

ਮਨ ਦੀ ਇਹ ਪੀੜ ਇਸ ਲਈ ਹੈ ਕਿ ਇਕ ਵਿਚਾਰ ਸਿਰਫ ਇਕ ਵਿਚਾਰ ਸਮਾਜਵਾਦ ਮੇਰੇ ਲਈ ਦੁਨੀਆ ਦਾ ਸਭ ਤੋਂ ਵੱਡਾ ਸੁਪਨਾ ਤੇ ਆਸ ਹੈ। ਜਿਨ੍ਹਾਂ ਜ਼ਿੰਦਗੀਆਂ ਦਾਅ ਤੇ ਲਾਈਆਂ ਉਨ੍ਹਾਂ ਤੇ ਮਾਣ ਹੈ ਤੇ ਸਵਾਲ ਵੀ ਉਨ੍ਹਾਂ ਨੂੰ ਹੀ ਹੈ ਜਾਂ ਉਨ੍ਹਾਂ ਰਾਹਾਂ 'ਤੇ ਤੁਰਿਆ ਹੋਇਆ ਨੂੰ ਬਲਕਿ ਉਨ੍ਹਾਂ ਬਹਾਨੇ ਖ਼ੁਦ ਨੂੰ ਵੀ:

ਜਦੋਂ ਸਾਰੇ ਮੋਹਰੇ
ਉਨ੍ਹਾਂ ਕੋਲ ਸਨ
ਹਵਾ, ਪਾਣੀ, ਧਰਤੀ, ਪਿਆਦੇ ਸਭ
ਅਸੀਂ ਤਦ ਵੀ ਲੜੇ
ਲੜੇ ਤੇ ਹਾਰੇ

ਹਾਰ ਨੇ
ਸਾਡੇ ਗਲ਼ਾਂ 'ਚ
ਅਣਖ ਦੇ ਹਾਰ ਪਾਏ
ਆਖ਼ਰ ਏਸ ਯੁੱਧ ਵਿਚ
ਅਣਖ-ਇੱਜ਼ਤ
ਮਾਣ-ਸਨਮਾਨ ਦੀ ਲੜਾਈ ਲਈ
ਜੂਝਦੇ ਲੋਕ

ਵਕਤ ਦੀ ਅੱਖ 'ਚ ਅੱਖ ਪਾ
ਤੁਰੇ ਖ਼ੂਬ ਤੁਰੇ! (ਯਾਤਰਾ)

ਸੰਕਟਾਂ ਦਾ ਝੰਬਿਆਂ ਇਕ ਪਾਤਰ ਮੋਚੀ ਦੀ ਦੁਕਾਨ 'ਤੇ ਬੈਠਾ ਮਿਲਿਆ। ਉਮਰ 55 ਕੁ ਸਾਲ। ਮਾੜਚੂ ਜਿਹਾ। ਮੂੰਹੋਂ ਮੋਟਾ ਸੰਤਰਾ ਦੀ ਹਵਾੜ। ਮੈਂ ਜੁੱਤੇ ਠੀਕ ਕਰਾਉਂਦਿਆਂ, ਉਨ੍ਹਾਂ ਨੂੰ ਸ਼ਾਇਰ ਦੇਵਨੀਤ ਦੀ ਖ਼ੂਬਸੂਰਤ ਨਜ਼ਮ 'ਦਵਾਈ ਟੈਂਪਲ' ਦਾ ਥੀਮ ਸੁਣਾਉਣ ਲੱਗ ਪਿਆ। ਮੇਰੇ ਗੱਲ ਛੋਹਣ ਦੀ ਦੇਰ ਸੀ ਕਿ ਉਸ ਦਾ ਕੜ ਪਾਟ ਗਿਆ:

"ਦਿਹਾੜੀ ਮਿਲਦੀ ਨੀ। ਅਗਲਾ ਪਹਿਲਾਂ ਦੇਹ ਦੇਖਦਾ,
ਫੇਰ ਕੰਮ 'ਤੇ ਲਿਜਾਂਦਾ। ਅੱਧੀ ਦਿਹਾੜੀ 'ਤੇ ਲਿਜਾਣ ਨੂੰ
ਤਿਆਰ ਨੀ ਕੋਈ...ਖਾਤੇ ਖਲਾਤੇ ਸਰਕਾਰ ਨੇ
ਬਲੈਂਸ ਅਜ ਤਕ ਨੀ, ਮੁੰਡਾ ਫੀਸ ਭਾਲਦਾ।"
"ਪਤਨੀ ਕਰਦੀ ਹੋਣੀ ਕੋਈ ਕੰਮ?"

ਉਸਦੀਆਂ ਲਾਲ-ਸੁਰਖ਼ ਅੱਖਾਂ ਪੂਰਾ ਖੁੱਲ੍ਹੀਆਂ, ਸਾਡੇ ਵੱਲ ਝਾਕੀਆਂ ਤੇ ਫਿਰ ਆਵਾਜ਼:

"ਦੂਜਾ ਕੰਮ ਕਰਨ ਜਾਂਦੀ ਆ, ਤਾਂ ਕੁਝ ਮਿਲਦਾ।
ਮੇਰੇ ਕੋਲੇ ਤਾਂ ਸਾਲੇ ਆਹ ਦੋ ਗੁਰਦੇ ਨੇ।"
ਅੱਖਾਂ ਨੀਵੀਂ ਪਾ ਬੰਦ ਹੋ ਗਈਆਂ।

ਮੇਰੇ ਅੰਦਰਲੀ ਅੱਖ ਪੂਰਾ ਖੁੱਲ੍ਹੀ, ਸਿੱਲੀ ਹੋਈ ਘਰ ਆ ਕੁਝ ਸ਼ਬਦ ਲਿਖੇ ਗਏ:

'ਕਰੰਟ ਬੈਲੰਸ' ਜ਼ੀਰੋ ਹੈ

ਮੈਂ ਲੇਬਰ ਚੌਂਕ 'ਚੋਂ
ਹੁਣੇ ਪਰਤਿਆ ਹਾਂ
ਖ਼ਾਲੀ ਹੱਥ
ਪਤਨੀ ਧਰਤੀ ਹੈ
ਹਨੇਰ ਬਸਤੀ 'ਚੋਂ
ਚਾਰ ਛਿੱਲੜ ਲੈ

ਕੁਝ ਵੀ ਨਹੀਂ ਕੋਲ

ਜੇ ਹੈ
ਤਾਂ ਬਸ!
'ਸੈਵਿੰਗ ਬੈਲੰਸ'
ਦੋ ਗੁਰਦੇ
ਚਾਰ ਕੁ ਗਰਾਮ ਖ਼ੂਨ
ਤੇ ਹੋਰ ਨਿੱਕ-ਸੁੱਕ! (ਸੇਵਿੰਗ ਬੈਲੰਸ)

ਅੱਜ ਦਾ ਦ੍ਰਿਸ਼ ਬਹੁਤ ਘਿਨਾਉਣਾ ਹੈ। ਹਿਟਲਰ ਤੇ ਮੁਸੋਲੀਨੀ ਦਾ ਕਲੋਨ ਹਾਈਟੈਕ ਹੈ। ਸਿਰਫ 'ਇਕ ਫੁੱਲ' ਨੂੰ ਮਹਿਕਣ ਦੀ ਇਜਾਜ਼ਤ ਹੈ। ਬਾਕੀ ਸਾਰੇ ਫੁੱਲ ਦੇਸ਼ ਧ੍ਰੋਹੀ ਹਨ। ਨਿਆ, ਵਿਧਾਨ ਸਾਹਿਬ ਦੇ ਮਾਣ 'ਚ ਹਨ। 'ਬੁੱਧੂ ਬਕਸਾ' ਸ਼ੁੱਧ-ਬੁੱਧ ਖੋ ਬੈਠਾ ਹੈ। ਵਿਦਿਆਰਥੀਆਂ, ਅਧਿਆਪਕਾਂ, ਚਿੰਤਕਾਂ, ਫ਼ਿਕਰਮੰਦਾਂ ਦੀ ਖ਼ੈਰ ਨਹੀਂ ਹੈ। ਕਲਬੁਰਗੀ, ਦਾਭੋਲਕਰ, ਗੌਰੀ ਲੰਕੇਸ਼ ਦੀ ਆਵਾਜ਼ ਨੂੰ ਖ਼ਤਮ ਕਰ ਦਿੱਤਾ ਹੈ। ਵਰਵਰਾ ਰਾਓ, ਗੌਤਮ ਨਵਲੱਖਾ, ਸੁਧਾ ਭਾਰਤਵਾਜ ਕਿੰਨੇ ਹੀ ਚਿੰਤਕ ਸਲਾਖਾਂ ਦੇ ਪਿੱਛੇ ਡੱਕ ਦਿੱਤੇ। ਕਵੀ ਵਰਵਰਾ ਰਾਓ, ਜਿਸ ਨੇ ਮਜ਼ਦੂਰਾਂ, ਕਿਸਾਨਾਂ 'ਚ ਉਮਰ ਗੁਜ਼ਾਰੀ ਉਨ੍ਹਾਂ ਦੇ ਦੁੱਖਾਂ ਤਕਲੀਫਾਂ ਨੂੰ ਹੰਢਾਇਆ ਤੇ ਸ਼ਬਦਾਂ ਦੀ ਜੂਨੇ ਪਾਇਆ। ਅੱਤਿਆਚਾਰ, ਫ਼ਾਸਿਜਮ, ਭ੍ਰਿਸ਼ਟਾਚਾਰ, ਖੇਤਰਵਾਦ ਦੇ ਖਿਲਾਫ਼ ਉਮਰ ਭਰ ਕਵਿਤਾ ਰਚੀ, ਉਹ ਦੇਸ਼ ਧ੍ਰੋਹੀ, ਅੱਤਵਾਦੀ ਕਿਵੇਂ ਹੋ ਗਿਆ ? ਹਮੇਸ਼ਾ ਫ਼ਸਲਾਂ ਦੀ ਗੱਲ ਕਰਨ ਵਾਲਾ 'ਰਫ਼ਲਾਂ' ਦਾ ਜ਼ਖੀਰੇਬਾਜ਼ ਕਿਵੇਂ ਬਣਾ ਦਿੱਤਾ ਹੈ। ਇਨ੍ਹਾਂ ਸਵਾਲਾਂ 'ਚੋਂ ਕਵਿਤਾ ਉਪਜੀ 'ਵਰਵਰਾ ਰਾਓ'

ਮੇਰੀ ਕਵਿਤਾ ਦੇ
ਹਰ ਸ਼ਬਦ ਅੰਦਰ
ਖੇਤ ਰੋਂਦੇ ਹਨ
ਦਾਨਿਆਂ ਨੂੰ
ਸਜ਼ਾ ਮਿਲੀ ਹੋਈ ਹੈ

ਫ਼ਸਲਾਂ ਦੀ ਰਾਖੀ ਲਈ
ਗੱਡਿਆ ਡਰਨਾ
ਦਾਨਵ ਬਣ ਜਾਵੇਗਾ
ਪਤਾ ਨਹੀਂ ਸੀ

ਵਰਵਰਾ ਰਾਓ ਦੀ ਰੂਹ ਨੇ
ਅੱਖਰ-ਅੱਖਰ
ਸ਼ਬਦ-ਸ਼ਬਦ
ਜ਼ੀਰਿਆ ਹਰ ਦੁੱਖ-ਸੁੱਖ ਨੂੰ
ਕਿਰਤ ਨੂੰ ਖੇਤ ਖਲਿਆਣ ਨੂੰ

ਹੁਣ ਤਾਣੇਂ ਕੋਈ
ਮੈਨੂੰ ਡੱਕ ਦੇਵੇ ਜੇਲ੍ਹ ਅੰਦਰ
ਜਮੂਰਾਂ ਨਾਲ
ਉਤਾਰ ਦੇਵੇ ਮਾਸ
ਮੈਂ ਰਾਓ ਦੀ ਲੰਬੀ ਕਵਿਤਾ 'ਚੋਂ
ਨਵੇਂ ਬਿੰਬ ਲੱਭਣੇ ਨੇ

ਨਵੇਂ ਅਰਥ ਸਿਰਜਣੇ ਨੇ
ਨਵੀਂ ਅੰਗੜਾਈ ਨੇ
ਅੱਖ ਪੁੱਟਣੀ ਹੈ

ਹੁਣ ਭਾਵੇਂ
ਮੈਨੂੰ ਡੱਕ ਦਿਓ
ਜੇਲ੍ਹ ਅੰਦਰ

ਇਨ੍ਹਾਂ ਸਮਿਆਂ 'ਚ ਬੌਧਿਕ ਚਿੰਤਨ ਖਿੰਡਾਓ ਦਾ ਸ਼ਿਕਾਰ ਹੈ। ਸਭ ਅਲੱਗ-ਅਲੱਗ, ਖਿੰਡੇ-ਖਿੰਡੇ ਨਜ਼ਰ ਆ ਰਹੇ ਹਨ। ਜੇਕਰ ਕੋਈ ਇਕੱਠੇ ਨਜ਼ਰ ਆ ਰਹੇ ਹਨ ਤਾਂ ਸਰਮਾਏਦਾਰ, ਸੱਤਾਧਾਰੀ ਪਾਰਟੀਆਂ, ਬਿਉਰੋ ਕਰੇਟ। ਹੁਣ ਲੜਾਈ ਮਹਿਜ਼ ਮਜ਼ਦੂਰਾਂ-ਕਿਸਾਨਾਂ ਦੀ ਨਹੀਂ ਰਹਿ ਗਈ, ਸਭ ਦੀ ਹੈ। ਹਰ ਕੋਈ ਹਾਰਿਆਂ-ਹਾਰਿਆਂ, ਅਲੱਗ-ਥਲੱਮ ਨਜ਼ਰ ਆ ਰਿਹਾ ਹੈ। ਫੈਲੀਆਂ ਤੇਦਾਂ ਨੂੰ ਕਿਵੇਂ ਜੋੜਿਆਂ ਜਾਵੇ 'ਇਹ ਸੰਵਾਦ' ਤੂੜੀ ਦੇ ਕੁੱਪ 'ਚੋਂ ਸੂਈ ਲੱਭਣ ਵਾਂਗ ਹੈ:

ਸਮਾਗਮ ਦਾ ਨਾਂ ਹੈ
ਸੰਵਾਦ
'ਕਿਛੁ ਸੁਣੀਐ, ਕਿਛੁ ਕਹੀਐ'
'ਸੌ ਫੁੱਲ ਖਿੜਨ ਦਿਓ
ਸੌ ਵਿਚਾਰ ਭਿੜਨ ਦਿਓ'
ਦੇ ਮਾਟੋ ਲਿਸ਼ਕ ਰਹੇ ਨੇ

ਕਿਸੇ ਬੁਲਾਰੇ ਦਾ ਹੱਥ
ਸੱਚ ਦੀ ਤਾਰ 'ਤੇ ਟਿਕਦਾ ਹੈ
ਤਾਂ ਕਰੰਟ ਸ਼ੂਕਦਾ ਹੈ
ਸ਼ਾਰਟ ਸਰਕਟ ਹੋ
ਫਿਊਜ ਉੱਡ ਗਿਆ ਹੈ

ਪੰਡਾਲ ਵਿਚ
ਘੁੱਪ ਹਨੇਰਾ ਹੈ!

ਕਰੋਨਾ ਦਾ ਦੌਰ ਕਿਰਤ ਲਈ, ਵਿਚਾਰ ਲਈ, ਸੰਘਰਸ਼ ਲਈ ਕਾਲ ਬਣ ਕੇ ਆਇਆ ਹੈ। ਸੱਤਾ ਨੂੰ ਜੋ ਫੈਸਲੇ 'ਸਿਰ ਜੋੜ ਕੇ' ਲੈਣੇ ਪੈਂਦੇ ਸਨ, ਉਨ੍ਹਾਂ ਦੀ ਮੁੱਠੀ ਵਿਚ ਆ ਗਏ ਹਨ ਤੇ ਇਹ ਫ਼ੈਸਲੇ ਚੁਟਕੀ ਨਾਲ ਲਏ ਜਾ ਰਹੇ ਹਨ। ਨੰਗੀ ਤਲਵਾਰ ਵਰਗੀਆਂ ਕਿੰਨੀਆਂ ਹੀ ਲੜਾਈਆਂ 'ਕਰੋਨਾ ਕਾਲ' ਵਿਚ ਮਿਆਨ ਅੰਦਰ ਚਲੀਆਂ ਗਈਆਂ ਹਨ। ਤਲਵਾਰ ਧੂਹਣ ਤੱਕ ਇਹ ਮਸਲੇ ਵਧ ਕੇ ਪਰਮਾਣੂ ਬੰਬ ਬਣ ਜਾਣਗੇ। ਪਰਮਾਣੂ ਦੀ ਕਾਲੀ ਜੀਭ ਸਰਹੱਦਾਂ 'ਤੇ ਘੁੰਮ ਰਹੀ ਹੈ। ਕਦੀ ਪਾਕਿਸਤਾਨ, ਕਦੀ ਚੀਨ, ਸਦੀਆਂ ਤੋਂ ਇਸੇ ਚੱਕਰਵਿਊ ਵਿਚ

ਲੋਕਾਂ ਨੂੰ ਪਾਇਆ ਹੋਇਆ ਹੈ, ਵਿਕਾਸ ਦਾ ਸਾਰਾ ਬੱਜਟ ਸੀਮਾ ਰੇਖਾ ਤੇ ਕੇਂਦਰਿਤ ਕਰ ਦਿੱਤਾ ਹੈ। ਸ਼ੋਲੋਖੋਵ ਦਾ ਪ੍ਰਸਿੱਧ ਨਾਵਲ...'ਤੇ ਡਾਨ ਵਹਿੰਦਾ ਰਿਹਾ' , ਪੜ੍ਹ ਰਿਹਾ ਸਾਂ। ਨੌਜਵਾਨ ਜੰਗ ਵਿਚ ਮਾਰੇ ਜਾ ਰਹੇ ਹਨ। ਇਸ ਸਥਿਤੀ ਵਿਚ ਨਾਵਲ ਦੀ ਪਾਤਰ ਅਕਸੀਨੀਆ ਦਾ ਖ਼ਿਆਲ ਆਇਆ ਤੇ ਨਾਲ ਹੀ ਉਸ ਦੇ ਪ੍ਰੇਮੀ ਦੀ ਕਵਿਤਾ ਹੋ ਗਈ:

ਇਹ
ਅਕਸੀਨੀਆ ਦੇ
ਪ੍ਰੇਮੀ ਦਾ ਖ਼ਤ ਹੈ
ਜੋ ਸਰਹੱਦ 'ਤੇ
ਬੰਦੂਕ ਤਾਣੀ ਖੜ੍ਹਾ ਹੈ

ਸਾਹਮਣੇ ਦਿਸਦਾ ਹਰ ਚਿਹਰਾ
ਉਸ ਲਈ
ਅਕਸੀਨੀਆ ਹੋ ਗਿਆ

ਤੁਸੀਂ ਹੀ ਦੱਸੋ
ਉਹ ਬੰਦੂਕ ਚਲਾਵੇ....
ਜਾਂ ਫੁੱਲ ਫੜਾਵੇ....

ਕਵਿਤਾ ਉਦਾਸ ਹੈ, ਕੁਝ ਨਿਰਾਸ਼ ਹੈ ਪਰ ਬੇ ਆਸ ਨਹੀਂ ਹੈ। ਕਵਿਤਾ ਨੂੰ ਸ਼ਾਹੀਨ ਬਾਗ ਯਾਦ ਆਉਂਦਾ ਹੈ। ਕਵਿਤਾ ਨੂੰ ਨਾਸਿਕ ਮੁੰਬਈ ਦੀਆਂ ਸੜਕਾਂ ਯਾਦ ਆਉਂਦੀਆਂ ਹਨ। ਸੈਂਕੜੇ ਕਿਲੋਮੀਟਰਾਂ ਤੋਂ ਤੁਰਿਆ ਕਾਫ਼ਲਾ ਯਾਦ ਆਉਂਦਾ ਹੈ। ਸੜਕਾਂ ਕਾਲੀਆਂ ਨਹੀਂ ਨੰਗੇ ਪੈਰਾਂ 'ਚੋਂ ਵਗਦੇ ਖ਼ੂਨ ਨਾਲ ਲਾਲ ਹੋ ਗਈਆਂ ਨਜ਼ਰ ਆਉਂਦੀਆਂ ਹਨ। ਜ਼ਖ਼ਮੀ ਪੈਰ, ਮੁੱਕਾ ਬਣ ਤਣੇ ਹੱਥ ਤੇ ਅੱਖਾਂ ਦੀ ਲਿਸ਼ਕ ਕਵਿਤਾ ਨੂੰ ਅੱਜ ਵੀ ਯਾਦ ਹੈ:

ਕਰਤਾਰਪੁਰ ਹੁਣ
ਨਾਸਿਕ ਹੋ ਗਿਆ ਹੈ

ਨਾਸਿਕ ਤੋਂ ਤੁਰੇ ਪੈਰ
ਲੱਖਾਂ ਤਕਲੀਫਾਂ 'ਚ
ਅਣਗਿਣਤ ਕੋਹਾਂ ਦਾ ਪੈਂਡਾ ਤਹਿ ਕਰ
ਸੈਆਂ ਸਵਾਲ ਲੈ
ਬਸ ਇਕੋ ਗੱਲ ਕਹਿਣ ਆਏ ਸਨ

ਮਿਟਮੈਲੀਆਂ ਪਗਡੰਡੀਆਂ
ਕਾਲੀਆਂ ਸੜਕਾਂ
ਰੱਤ ਨਾਲ ਭਰੀਆਂ

ਜਦ ਆਕਾਸ਼ ਦੇ
ਆਸਮਾਨੀ ਰੰਗ ਵਿਚ
ਘੁੱਲਣ ਲੱਗਿਆ
ਸੂਹਾ ਰੰਗ

ਤਾਂ ਨੀਰੋ ਦੀ ਬੰਸਰੀ 'ਤੇ
ਬਿਜਲੀਆਂ ਡਿੱਗੀਆਂ
ਅਗਨ ਵਰ੍ਹੀ

ਜੇ ਪਸੀਨੇ 'ਚ ਤਰ ਬ ਤਰ
ਖ਼ੂਨ ਦਾ ਇਕ ਵੀ ਕਣ
ਰਲ਼ ਜਾਣੇ ਮੇਰੇ ਸ਼ਬਦਾਂ 'ਚ
ਤਾਂ ਸੱਚ ਮੁੱਚ ਮੈਂ
ਕਵੀ ਹੋ ਜਾਵਾਂ!

***

5ਆਬ ਇਕ ਪ੍ਰਕਾਸ਼ਨ ਹੀ ਨਹੀਂ ਸਗੋਂ ਸਾਹਿਤ, ਚਿੰਤਨ ਅਤੇ ਸਭਿਆਚਾਰ ਦੇ ਖੇਤਰ ਵਿਚ ਇਕ ਲਹਿਰ ਹੈ। ਹੁਣ ਤਕ ਅਸੀਂ ਲਗਭਗ ਸਾਢੇ ਤਿੰਨ ਸੌ ਦੇ ਕਰੀਬ ਟਾਈਟਲ ਛਾਪ ਚੁੱਕੇ ਹਾਂ। ਇਨ੍ਹਾਂ ਵਿਚ ਸਾਹਿਤ ਚਿੰਤਨ ਅਤੇ ਰਾਜਨੀਤੀ ਨਾਲ ਸੰਬੰਧਤ ਪੁਸਤਕਾਂ ਵੀ ਸ਼ਾਮਲ ਹਨ। ਅਸੀਂ ਇਹ ਸੋਚਦੇ ਹਾਂ ਕਿ ਪ੍ਰਕਾਸ਼ਨ ਸਿਰਫ਼ ਇਕ ਕਿੱਤਾ ਨਹੀਂ ਸਗੋਂ ਲੋਕਾਂ ਨੂੰ ਉੱਤਮ ਸਾਹਿਤ ਅਤੇ ਅਗਾਂਹਵਧੂ ਰਾਜਨੀਤੀ ਅਤੇ ਚਿੰਤਨ ਦੇ ਫੈਲਾਅ ਦਾ ਮਾਧਿਅਮ ਵੀ ਹੈ। ਅਸੀਂ ਇਸ ਵਿਚਾਰ ਨੂੰ ਧਿਆਨ ਵਿਚ ਰੱਖ ਕੇ ਪ੍ਰਕਾਸ਼ਨ ਦੇ ਕੰਮ ਵਿਚ ਉੱਤਰੇ ਹਾਂ। ਹੁਣ ਤਕ ਅਗਾਂਹਵਧੂ ਲੇਖਕਾਂ ਅਤੇ ਸੁਹਿਰਦ ਸਿਰਜਣਕਾਰਾਂ ਵੱਲੋਂ ਭਾਰੂ ਹੁੰਗਾਰਾ ਮਿਲਿਆ ਹੈ। ਇਸੇ ਹੁੰਗਾਰੇ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਪ੍ਰਕਾਸ਼ਨ ਨਾਲ ਸੰਬੰਧਿਤ ਕੁਝ ਪ੍ਰਤਿਮਾਨ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਸੁਹਿਰਦ ਲੇਖਕ ਤੇ ਪਾਠਕ ਇਸ ਨੂੰ ਭਰਪੂਰ ਹੁੰਗਾਰਾ ਦੇਣਗੇ।

**ਕੇਸਰ ਸਿੰਘ**

**ਸੰਚਾਲਕ 5ਆਬ ਪ੍ਰਕਾਸ਼ਨ**

**1,2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜੀ.ਟੀ. ਰੋਡ ਜਲੰਧਰ**

**ਮੋਬਾਇਲ: 98140-87063**

# ਸਮਕਾਲ ਅਤੇ ਮੇਰੀ ਕਾਵਿਕਾਰੀ

**-ਵਰਿੰਦਰ ਪਰਹਾਰ**

ਸਮਕਾਲ ਵਿਚ ਵਿਚਰਦਿਆਂ, ਜੀਣ ਥੀਣ ਲਈ ਨਿੱਕੀਆਂ-ਨਿੱਕੀਆਂ ਲੜਾਈਆਂ ਲੜਦਿਆਂ, ਨਜਿੱਠਦਿਆਂ ਅਤੇ ਸਿੱਟੇ ਭੁਗਤਦਿਆਂ ਹੋਇਆਂ, ਮੈਂ ਉਸੇ ਵੇਲੇ ਅਤੀਤ ਨੂੰ ਵੀ ਕਿਆਸਦਿਆਂ, ਕਲਪਦਿਆਂ, ਪੂਰਵ ਅਨੁਭਵ (De Ja Vou) ਦੀ ਮਾਰਫ਼ਤ, ਉਲਟ ਪਲਟ ’ਤੇ ਮੁੜ ਘਿੜ ਉਲੱਦਦਾ ਰਿਹਾ ਹਾਂ। ਭੂਤਕਾਲ ਲਈ ਝੋਰੇ ਝੋਸੇ, ਸਭ ਤੋਂ ਵੱਧ ਉਸਨੂੰ ਬਦਲ ਦੇਣ ਦੀ ਸੂਖ਼ਮ/ਮੱਠੀ ਜਹੀ ਵੇਦਨਾ/ਚਾਹਨਾ ਹਰ ਵੇਲੇ ਜੀਅ ’ਚ ਦੱਬੀ ਰਹੀ ਹੈ। ਏਨਾ ਹੀ ਨਹੀਂ, ਸਮਕਾਲ ਵਿਚੋਂ ਲੰਘਦਿਆਂ ਮੈਂ ਉਸ ਵੇਲੇ ਭਵਿੱਖ ਵਾਸਤੇ ਵੀ ਕਾਰਜਰਤ ਰਿਹਾ ਹਾਂ।

‘ਵਾਪਿਸ ਭਵਿੱਖ ’ਚ: ਸਾਲ 2031
**(ਆਖ਼ਰੀ ਯਾਤਰਾ)**

’ਤੇ ਫੇਰ ਇਹ ਦਿਨ
ਅੱਖ ਖੁੱਲ੍ਹੀ

ਸਿਰ ’ਤੇ
ਹਜ਼ਾਰਾਂ ਪੁਲਾੜ ਤਸ਼ਤਰੀਆਂ
ਸਨ ਤੈਰ ਰਹੀਆਂ

ਸ਼ਹਰਾਂ ਦੇ ਸ਼ਹਰ
ਦੇਸਾਂ ਦੇ ਦੇਸ
ਜਾ ਰਹੇ ਸਨ ਛੱਡ ਕੇ ਜ਼ਮੀਨ

ਪਸ਼ੂ ਪੰਛੀ ਕੀੜੇ
ਸਨ ਕੂਚ ਤੋਂ ਬੇਲਾਗ ਸਾਰੇ

ਮੈਂ ਬਗ਼ਲ ’ਚੋਂ
ਨਜ਼ਮਾਂ ਦਾ ਪੁਲੰਦਾ ਕੱਢਿਆ
ਪੁਲਾੜ੍ ਵੱਲ ਵਗਾਹ ਮਾਰਿਆ
’ਤੇ ਖ਼ਾਲੀ ਮੁੜਦੀ ਆ ਰਹੀ
ਤਸ਼ਤਰੀ ਉਡੀਕਣ ਲੱਗ ਪਿਆ

-‘ਕੁਦਰਤ’ -ਪੰਨਾ 311

ਅੱਜ ਜੋ ਬੀਜਿਆ ਗਿਆ, ਉਸਨੇ ਕੱਲ੍ਹ ਜਾ ਕੇ ਉੱਗਣਾ ਹੁੰਦਾ। ਕਵੀ ਵਾਸਤੇ ਸਮਕਾਲ ਵਾਂਗ, ਭਾਵ: ਤੇਜ਼ ਜਾਂਦੀ ਗੱਡੀ ਵਿਚ ਬੈਠਿਆਂ, ਪਿਛਾਂਹ ਨੂੰ ਦੌੜ ਰਹੇ ਮਹੱਤਵਹੀਣ ਨਜ਼ਾਰਿਆਂ ਦੇ ਤੁਲ ਅੱਖੋਂ-ਪਰੋਖੇ ਕਰੀ ਜਾਣਾ, ਥਾਂ ਸਿਰ ਨਹੀਂ ਜਾਪਦਾ। ਬੀਤ ਰਹੀਆਂ ਘੜੀਆਂ ਦੀ, ਨਿੱਕੇ ਮੋਟੇ ਬਿਰਤਾਂਤ/ਘਟਨਾਵਾਂ ਦੀ, ਸਮਕਾਲ/ਅਤੀਤ 'ਚ ਚੱਲਦੀ ਆ ਰਹੀ ਅਮੁੱਕ ਲੜੀ ਨੂੰ ਪਲ ਛਿਣ ਕੜੀ ਦਰ ਕੜੀ, ਮੁਸਤਬਿਲ ਵੱਲ ਅਗਾਂਹ ਨੂੰ ਤੋਰੀ ਜਾਣਾ, ਮੇਰੀ ਜਾਚੇ ਸਮਕਾਲ ਵਿਚੋਂ ਲੰਘਣਾ ਹੈ। ਹਰ ਦੌਰ ਵਿਚ ਸਮਕਾਲ ਮਨੁੱਖ ਵਾਸਤੇ ਉੱਤਰਜੀਵਤਾ ਦਾ ਸਵਾਲ ਖੜ੍ਹਾ ਕਰਦਾ ਰਿਹਾ ਹੈ।

ਮੇਰਾ ਸਮਕਾਲ, ਜਿਸਨੇ ਮੇਰੀ ਸ਼ਬਦਕਾਰੀ ਦੀ ਜ਼ਮੀਨ ਤਿਆਰ ਕੀਤੀ, ਅਤੀਤ ਦੀ ਉਕਤ ਝਾਕੀ ਬਿਨਾਂ ਅਰਥਹੀਣ ਹੈ। ਮੇਰੀ ਸਮਝ ਵਿਚ ਆਉਣ ਵਾਲੀ ਹਰ ਉਹ ਨਿੱਕੀ ਮੋਟੀ ਘਟਨਾ ਨੇ ਸਿੱਧੇ-ਅਸਿੱਧੇ, ਸੁਚੇਤ ਅਚੇਤ ਮੇਰੀ ਕਵਿਤਾ ਨੂੰ ਤਰਾਸ਼ਿਆਂ ਅਤੇ ਧੜਕਦੀ ਰੱਖਿਆ ਹੈ। ਸੰਸਾਰ ਸਾਹਿਤ ਵਿਚ ਸਮਕਾਲ ਨੂੰ ਆਮੂਮਨ ਉਪਰੋਂ ਵੇਖੇ ਹਵਾਈ ਦ੍ਰਿਸ਼ (Aerial View) ਵਾਂਗ ਉਪਰੋਂ-ਉਪਰੋਂ ਪਰਖਿਆ ਤੇ ਬਿਆਨਿਆ ਜਾਂਦਾ ਰਿਹਾ ਹੈ। ਏਸ ਤੱਥ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦੈ, ਕਿ ਸਮਕਾਲ ਉਪਰੋਂ ਟੁੱਟ ਕੇ ਡਿੱਗਿਆ ਤਰੋਟਾ ਨਹੀਂ, ਜੋ ਧਰਤੀ ਉੱਤੇ ਡਿੱਗੇ, ਹਰ ਖਿੱਤੇ ਦਾ ਸੁਭਾਂਕੀ ਘਟਨਾ-ਸਥਲ ਬਣ ਗਿਆ ਹੈ। ਅਤੀਤ, ਬੀਤਿਆ ਬਤੀਤ ਹੀ ਪ੍ਰਤੀਕਿਰਿਆ ਵਜੋਂ ਸਮਕਾਲ ਦੀ, ਓਸ ਵਿਚ ਘਟ ਰਹੀਆਂ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਘਟਨਾਵਾਂ ਦਾ ਸੂਖ਼ਮ ਨਿਰਮਾਣ ਕਰਦਾ ਹੈ ਅਤੇ ਅਜਿਹੀ ਲਗਾਤਾਰਤਾ ਬਣਾਈ ਰੱਖਦਾ ਹੈ। ਏਨਾ ਹੀ ਨਹੀਂ, 'ਭੂਤਕਾਲ ਵਜੋਂ ਪ੍ਰਭਾਵਿਤ ਹੋਇਆ ਸਮਕਾਲ, ਭਵਿੱਖਮੁਖੀ ਸਮਾਜਿਕ ਵਰਤਾਰਿਆਂ ਦੀ ਅਸਲ ਜੰਮਣ ਭੌਇੰ ਵੀ ਬਣਾਉਂਦਾ ਰਹਿੰਦਾ ਹੈ। ਬਹੁਮਿਕਦਾਰ ਪੰਜਾਬੀ ਕਵਿਤਾ ਦੀਆਂ ਜੜ੍ਹਾਂ ਖਾਸੇ ਸਮੇਂ ਤਾਈਂ ਗਿਰਝ ਮਾਨਸਿਕਤਾ ਵਿਚ ਪਈਆਂ ਰਹੀਆਂ। ਨਾ ਉਸ ਕੋਲ ਭਵਿੱਖ ਵਾਸਤੇ ਕੋਈ ਦਰਦ ਸੀ, ਨਾ ਹੀ ਮੌਜੂਦਾ ਸਮੇਂ ਲਈ ਕੋਈ ਗਹਿਰ ਗੰਭੀਰ ਚਿੰਤਨ, ਜਾਂ ਉਤਸੁਕਤਾ। ਸਤੀ, ਮਿੰਦਰ ਤੇ ਹਰਨਾਮ, ਪੰਜਾਬੀ ਕਵਿਤਾ ਦੀ ਮੁੱਖ ਧਾਰਾ ਦੇ ਅੰਤਰਪ੍ਰਵਾਹ ਵਿਚ ਚੁਪ ਚੁਪੀਤੇ ਆਪਣੇ ਕਾਵਿ ਕਰਮ ਵਿਚ ਲੱਗੇ ਰਹੇ। ਉਹ ਸੂਖ਼ਮ, ਬਹੁਪਰਤੀ ਸੰਸਾਰ ਕਵਿਤਾ ਨਾਲ਼ ਤੁਰਦੀ ਕਵਿਤਾ ਦੀ ਤਾਮੀਰ ਵਿਚ ਲੀਨ ਸਨ। ਉਕਤ ਇਹ ਤਿੰਨੇ ਸਥਾਪਤ ਅਤੇ ਸਥ਼ਤ ਜਾਨ ਕਵੀ, ਮੇਰੇ ਮਨ ਚੌਖੇ ਭਾਉਂਦੇ ਹਨ। ਸਟੈਟਿਕ ਤੇ ਫੌਰੀ ਸਭਿਆਚਾਰ ਦਾ ਯੂਟੋਪੀਆ ਨਵੇਂ ਪੰਜਾਬੀ ਕਵੀਆਂ ਵਾਸਤੇ ਇਕ ਸੰਭਵ ਖ਼ਤਰਾ ਜ਼ੋਨ ਅਤੇ ਮਨਮੋਹਣਾ ਜਾਲ਼ ਹੈ। ਵਿਅੰਗ ਏਥੇ ਇਹ ਹੈ, ਕਿ ਬਹੁਤੇ ਨਵੇਂ ਕਵੀ ਏਸ ਜਾਲ਼ ਵਿਚ ਫਾਥੇ ਹੋਏ ਨੇ। ਜੁਝਾਰੀ ਕਵਿਤਾ ਚਿਰਾਂ ਤਾਈਂ ਮੇਰੀ ਰੂਹ ਦੀ ਖੁਰਾਕ ਬਣੀ ਰਹੀ। ਹੋਰਨਾਂ ਦੇਸਾਂ 'ਚ ਮੈਂ ਜਦੋਂ ਕਵਿਤਾ ਪਾਠ ਲਈ ਜਾਂਦਾ, ਤਾਂ ਲਗਪਗ ਉੱਥੋਂ ਦੇ ਸਾਰੇ ਕਵੀ, ਸਿਆਸੀ ਜਾਂ ਅਗਾਂਹਵਧੂ ਕਵਿਤਾ ਦਾ ਹੀ ਪਾਠ ਕਰਦੇ। ਇਸ ਦੀ ਵਜ੍ਹਾ ਸਾਫ਼ ਸਮਝ ਆਉਂਦੀ ਹੈ। ਅੱਧੇ ਤੋਂ ਵੱਧ ਗਲੋਬ 'ਤੇ ਵਸਦੇ ਲੋਕੀਂ ਅੱਜ ਸ਼ੋਸ਼ਿਤ ਵਰਗ ਏ। ਜੋਕ ਵਾਂਗ ਚਿੰਬੜਿਆਂ ਹੋਇਆ ਸੰਸਾਰੀਕਰਨ ਉਨ੍ਹਾਂ ਦਾ ਲਹੂ ਚੂਸ ਰਿਹਾ। 75ਫ਼ੀਸਦੀ ਧਰਤੀ ਦੀ ਵਸੋਂ ਅੱਜ ਸਿੱਧੇ ਅਸਿੱਧੇ ਤੌਰ 'ਤੇ ਦਮਿਤ ਵਰਗ ਏ। ਮਿੱਧਿਆ, ਲਤਾੜਿਆ, ਹਾਸ਼ੀਆਗ੍ਰਸਤ ਵਰਗ।

ਆਰੀਆ ਸਮਾਜ ਸਕੂਲ ਵਿਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਮੈਂ ਡੀ.ਏ.ਵੀ.

ਕਾਲੇਜ ਵਿਚ ਦਾਖ਼ਲ ਹੋ ਗਿਆ। ਬਿਲਕੁਲ ਨਵਾਂ ਸੰਸਾਰ। ਕਵਿਤਾ ਦੇ ਭਿੱਤ ਏਥੇ ਥੋੜ੍ਹੇ ਹੋਰ ਖੁੱਲ੍ਹਣ ਲੱਗੇ। ਲਾਇਬ੍ਰੇਰੀ 'ਚੋਂ ਉਪਲਬੱਧ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਸਾਹਿਤ ਦੀਆਂ ਸਾਰੀਆਂ ਕਿਤਾਬਾਂ ਮੈਂ ਪ੍ਰੇਪ ਪਾਸ ਕਰਦਿਆਂ ਸਾਰ ਪੜ੍ਹ ਲਈਆਂ ਸਨ। ਲਾਇਬ੍ਰੇਰੀਅਨ ਗੋਇਲ ਹੁਰਾਂ ਮੈਥੋਂ ਹਰ ਵੇਰਾਂ ਪੁੱਛਣਾ: 'ਤੂੰ ਸਲੇਬਸ ਦੀਆਂ ਕਿਤਾਬਾਂ ਕਿਹੜੇ ਵੇਲੇ ਪੜ੍ਹਦੈਂ ?' ਹਿੰਦੀ ਦੇ ਕਵੀ/ਕਥਾਕਾਰਾਂ ਸੰਗ ਮੈਂ ਵੱਖ-ਵੱਖ ਕਾਲਜਾਂ/ਵਿਸ਼ਵਦਿਆਲਿਆਂ ਦੇ ਕਵਿਤਾ ਪਾਠ ਵਾਸਤੇ ਬੀ.ਏ. ਦੇ ਅੰਤਲੇ ਵਰ੍ਹੇ ਤੀਕ ਜਾਂਦਾ ਰਿਹਾ। ਕੌਮਨਿਸਟ ਲਹਿਰ ਦੇ ਨਾਲ਼-ਨਾਲ਼, ਨਕਸਲਵਾੜੀ/ਜੁਝਾਰੀ ਲਹਿਰ ਜ਼ੋਰ ਪਕੜ ਚੁੱਕੀ ਸੀ। ਪਿਤਾ ਦੀ ਫੌਤ ਤੋਂ ਬਾਅਦ, ਗਰੀਬੀ ਦੇ ਲਤਾੜੇ ਕਵੀ ਮਨ ਵਿਚ ਦੱਬੇ ਗੁੱਸੇ ਨੂੰ ਜੁਝਾਰਵਾਦੀ ਸਾਹਿਤ ਨਾਲ਼ ਉਭਾਰ ਆਉਣ ਲੱਗਾ। ਮਨੁੱਖੀ ਮੁਕਤੀ ਲਈ ਕਵਿਤਾਵਾਂ ਆਖਦਿਆਂ, ਕਵੀ ਦਰਬਾਰਾਂ ਵਿਚ ਆਪਣੀਆਂ ਮੌਲਿਕ ਕਵਿਤਾਵਾਂ ਦੇ ਨਾਲ਼ ਕੈਫ਼ੀ ਆਜ਼ਮੀ ਦੀ ਪ੍ਰਸਿੱਧ ਕਵਿਤਾ 'ਮੈਂ ਕੋਈ ਮੁਲਕ ਨਹੀਂ ਹੂੰ', ਪੂਰੀ ਸਟੇਜ 'ਤੇ ਏਧਰੋਂ ਓਧਰ ਤੇਜ਼-ਤੇਜ਼ ਤੁਰਦਿਆਂ ਪੜ੍ਹਦਾ ਤਾਂ ਮੈਂ ਕਿਸੇ ਮੁਲਕ ਦਾ ਸ਼ਕਤੀਸ਼ਾਲੀ ਨੇਤਾ ਹੋਣਾ ਮਹਿਸੂਸਦਾ ਆਪਣੀ ਕਵਿਤਾ 'ਚੀਨਾ ਕਬੂਤਰ' ਜਿੱਥੇ ਕਿਤੇ ਵੀ ਮੈਂ ਪੜ੍ਹਣੀ, ਸਾਡੀ ਟ੍ਰਾਫ਼ੀ ਪੱਕੀ ਹੋ ਜਾਂਦੀ। ਅਨੇਕਾਂ ਕੱਪ ਟਰਾਫ਼ੀਆਂ ਜਿੱਤਦਿਆਂ, ਕਵਿਤਾ ਨਾਲ ਰਿਸ਼ਤਾ ਗੂੜ੍ਹਾ ਅਤੇ ਸੰਜੀਦਾ ਹੁੰਦਾ ਗਿਆ। ਜੋਸ਼ ਹੁਰੀਂ ਬੜੀ ਵੇਰਾਂ ਮੈਨੂੰ ਉਰਦੂ ਫ਼ਾਰਸੀ ਦੀ ਤਾਲੀਮ ਦੇਣੀ ਚਾਹੀ, ਪਰ ਮੈਂ ਆਨੀ ਬਹਾਨੀ ਬਚਦਾ ਰਿਹਾ। ਏਸ ਸ਼ਲੀਨਤਾ ਕਾਰਨ ਉਨ੍ਹਾਂ ਪਾਸੋਂ ਕਈ ਵੇਰਾਂ ਚਪੇੜਾਂ ਖਾਣ ਦਾ ਸਰਫ਼ ਵੀ ਮੈਨੂੰ ਹਾਸਲ ਹੈ।

ਭਾਰਤ-ਪਾਕਿ ਜੰਗ ਵੇਲੇ ਦੇ ਉਦੋਂ ਦੇ ਰੋਜ਼ਮੱਰਾ ਦੇ ਹਾਦਸੇ, ਬਹੁਤ ਸਾਰੇ ਮੈਨੂੰ ਅੱਜ ਵੀ ਦੁਰਸੁਪਨਿਆਂ ਵਿਚ ਤਸੀਹੇ ਦੇਂਦੇ ਰਹਿੰਦੇ ਹਨ। 'ਟੇਸ਼ਨ ਤੋਂ ਪਰਲੀ ਪਾਰ ਦੇ, ਦਰੀਆਂ ਬੁਣਨ ਵਾਲੇ ਉੱਚੇ ਲੰਮੇ ਇਕ ਮੁੰਡੇ ਨੇ ਸਾਨੂੰ ਸਕੂਲੇ ਆ ਕੇ ਦੱਸਿਆ ਸੀ, ਕਿ ਕੱਲ੍ਹ ਸ਼ਾਮੀ ਮੈਂ ਹੱਥੀਏ ਨਾਲ਼ ਇਕ ਛਾਤਾਧਾਰੀਏ ਜਸੂਸ ਦਾ ਸਿਰ ਵੱਢ ਕੇ, ਉਹਦਾ ਧੜ ਝੀਂਡਿਆਂ ਵਿਚ ਸੁੱਟ ਦਿੱਤਾ ਸੀ। ਸਿਰ ਬੋਰੀਆਂ 'ਚ ਪਾ ਕੇ ਅਸੀਂ ਫਿਰ ਪੰਜ ਜਣੇ 'ਜੈ ਮਾਤਾ ਦੀ, ਜੈ ਮਾਤਾ ਦੀ' ਕਰਦੇ ਹੱਡਾ ਰੋੜੀ ਵਿਚ ਛੱਡ ਆਂਦਾ ਸੀ। ਮੈਨੂੰ ਚੰਗੀ ਤਰ੍ਹਾਂ ਚੇਤੇ ਆ, ਮੈਨੂੰ ਜ਼ੋਰ ਦੀ ਉਬੱਤ ਆਇਆ, 'ਤੇ ਛਾਤੀ ਪੱਟ ਹੋਣ ਲੱਗ ਪਈ ਸੀ। ਮਨੁੱਖੀ ਰਸਾਤਲ ਬਾਰੇ ਏਦਾਂ ਦੇ 'ਫ਼ਸਾਨੇ ਫੇਰ ਅਸਾਂ ਖੌਰੇ ਕਿੰਨੇ ਕੁ ਸੁਣੇ। ਹੌਲ਼ੇ-ਹੌਲ਼ੇ ਅਸੀਂ ਗਲ਼ੀ ਦੇ ਮੁੰਡੇ, ਕਿਸੇ ਪੁਰਾਣੇ ਕੈਦੀ ਵਾਂਗ 'ਮੋਟਾ ਚੰਮ' ਹੋ ਗਏ। ਲਾਗਲੇ ਪੁਰਾਣੇ ਭੱਠਿਆਂ ਦੇ ਥੇਹਾਂ ਵਿਚ ਗਲੇਲਾਂ ਨਾਲ਼ ਰੋਜ਼ ਦੋ ਚਾਰ ਤਿੱਤਰ, ਬਟੇਰੇ ਤੇ ਕਬੂਰਤ ਫੁੰਡ ਸੁੱਟਣੇ। ਦੱਸੇ ਗੁੱਸੇ ਨੂੰ ਠਾਰ ਪੈਣੀ। ਮੋਏ ਨਿਰਦੋਸ਼ ਲਹੂ ਲੁਹਾਣ ਪਰਿੰਦੇ ਵੇਖ ਹਿਰਖ ਮੱਠਾ ਪੈ ਜਾਣਾ। ਚਾਰ ਕੁ ਦਹਾਈਆਂ ਮਗਰੋਂ, ਬਹੁਤ ਬਿਮਾਰ ਵੱਡੀ ਧੀ ਨੂੰ ਹਸਪਤਾਲ ਵਿਚ ਜਦੋਂ ਡਾਕਟਰਾਂ ਜਵਾਬ ਦੇ ਦਿੱਤਾ ਤਾਂ ਮੈਨੂੰ ਖੁੱਲ੍ਹੀ ਅੱਖੀਂ, ਤਿੰਨ ਦਿਨ ਉਨੀਂਦੇ ਨੂੰ ਉਹੀ ਮੋਏ ਤਿੱਤਰ, ਬਟੇਰੇ ਤੇ ਗੋਲੇ ਮੁੜ ਸੁਰਜੀਤ ਹੋਏ ਘੂਰਦੇ ਦਿਸੇ।

ਅਪਣੀ ਇਕੋ ਇਕ ਅਲਹਿਦਾ ਦਸਤਖ਼ਤੀ ਧੁਨ ਨਾਲ਼ ਮੈਂ ਕੇਵਲ ਅਪਣੇ ਜਿਹਾ ਹੋਣਾ ਚਾਹੁੰਦਾ ਰਿਹਾਂ। ਪ੍ਰਚਲਿਤ ਤੇ ਪਰਵਾਨਿਤ ਕਵਿਤਾ ਦੇ 'ਸਮੂਹਗਾਨੇ' ਤੋਂ ਮੈਂ ਲਾਂਭੇ ਰਹਿੰਦਾ ਹਾਂ। ਮੇਰੀ 2002 ਵਿਚ ਛਪੀ ਕਾਵਿ-ਪੁਸਤਕ 'ਕੁਦਰਤ' ਤੋਂ ਬਾਅਦ ਕੁਝ ਵਿਦਵਾਨਾਂ ਮੈਨੂੰ ਹੋਰਨਾਂ ਚਿੰਤਕਾਂ ਨਾਲ ਤੁਲਨਾਇਆ, ਐਪਰ ਉਨ੍ਹਾਂ ਦੇ ਕਥਨਾਂ ਕਿਸੇ ਕਵੀ ਦਾ ਵਾਹਲਾ ਧਿਆਨ ਨਾ

ਖਿੱਚਿਆ। ਪੰਜਾਬੀ ਕਵਿਤਾ ਦੀ ਸਥਾਪਿਤ ਸੁਰ/ਸੁਧ ਅਤੇ ਸੁਰਤ ਹਮੇਸ਼ਾਂ ਖ਼ਿਲਾਫ਼ੇ/ਜੁਝਾਰ ਬੋਧ 'ਤੇ ਟਿਕੀ ਰਹੀ ਹੈ। ਜੁਝਾਰ ਕਾਵਿ-ਬੋਧ ਉਵੇਂ ਕਵੀ ਪਾਸ, ਕਈ ਆਕਾਰਾਂ, ਸ਼ਕਲਾਂ ਅਤੇ ਰੂਪਾਂ ਵਿਚ ਬਹੁੜਦੈ। ਮਨੁੱਖੀ ਮੁਕਤੀ, ਮੇਰੇ ਵਾਸਤੇ ਸਦੀਵੀ ਹਿਯਾਤ ਦੀ ਸਮੁੱਚਤਾ ਦੇ ਅਕਸ ਵਜੋਂ, ਵਿਭਿੰਨ ਮਾਇਨੇ ਸਿਰਜ ਸਕਣਯੋਗ ਹੋਈ ਹੈ। ਟੀ.ਐਸ.ਐਲੀਯਟ ਵਾਂਗ, ਸਮਕਾਲ ਨਾਲੋਂ ਜਾਣ ਬੁੱਝ ਕੇ ਸਬੰਧ ਤੋੜ ਲੈਣ (Disassociation from Present) ਦੀ ਤਲਬ ਮੈਨੂੰ ਕਦੇ ਨਹੀਂ ਹੋਈ। ਸਗੋਂ ਇਹ ਕਾਵਿ-ਕਰਮ ਮੈਨੂੰ 'ਦਾਸ-ਮਾਨਸਿਕਤਾ' (Slave Mentality) ਦੀ ਮਾਰ ਹੇਠ ਹੋਇਆ ਜਾਪਿਆ। ਐਲੀਯਦ ਦੇ ਹੀ ਕਥਨ 'ਸਹਿਸਬੰਧੀ ਲਕਸ਼' (Objective Corelat e) ਤੋਂ ਵੀ ਮੈਨੂੰ ਕੋਈ ਖਾਸੀ ਪ੍ਰੇਰਣਾ ਨਾ ਮਿਲ ਸਕੀ। ਲੋਕਾਂ ਦੀ ਸਮਝ ਆਉਣ ਵਾਲੀ ਕਵਿਤਾ ਲਈ ਆਪਣੇ ਸੁਖ਼ਨ ਨਾਲ਼ ਸਮਝੌਤਾ ਕਰਨਾ ਮੈਨੂੰ ਨਹੀਂ ਆਇਆ। ਤਾਰੀਖ਼ ਨੂੰ ਕਲਾ ਕਿਰਤਾਂ ਵਿਚ (ਕਨਸੀਊਮਰ ਸਾਹਿਤ ਦੇ ਛਤਰ ਹੇਠ) ਪੰਜਾਬੀ ਕਵੀ, ਪਾਪੂਲਰ ਹੋਣ ਦੇ ਮਨੋਰਥ ਵਜੋਂ ਵਰਤਦੇ ਰਹੇ ਹਨ। ਸਰੋਤੇ ਨੂੰ ਜਜ਼ਬਾਤੀ ਤੌਰ 'ਤੇ ਬਲੈਕਮੇਲ ਕਰਦੇ ਰਹੇ ਹਨ। ਅਤੀਤ ਸਮਕਾਲ ਨੂੰ ਜਨਮ ਦੇ ਕੇ ਸਵੈ ਅਲੋਪ ਹੋ ਜਾਂਦਾ। ਸਮਕਾਲ ਨੂੰ ਕਲਾ ਕਿਰਤਾਂ ਵਿਚ ਸਾਂਭ-ਸੰਭਾਲ ਲੈਣਾ, ਤਾਰੀਖ਼ ਦੀ ਸਾਂਭ-ਸੰਭਾਲ ਹੈ। ਬਤੌਰ ਕਵੀ, ਜੇ ਮੈਂ ਆਪਣੇ ਸਮਕਾਲ ਨੂੰ ਕਿਸੇ ਅਵੱਲੀ ਘਤਿਤ ਕਰਨੋਂ ਵਰਜ ਨਹੀਂ ਸਕਦਾ ਤਾਂ ਕਮ ਜ਼ ਕਮ ਅਪਣੇ ਲੋਕਾਂ ਨੂੰ ਸਮੇਂ ਦੇ ਅਜਿਹੇ ਛਲ ਕਪਟ ਬਾਰੇ ਸੁਜੱਗ ਤੇ ਅਗਾਂਹ ਜ਼ਰੂਰ ਕਰ ਸਕਦਾਂ। ਪਿਛਲੀ ਅੱਧ ਸਦੀ ਤੋਂ ਮੈਂ ਓਹੀ ਕਰ ਰਿਹਾਂ, ਜੋ ਨੈਤਿਕ ਪੱਖੋਂ ਮੈਨੂੰ ਸਹੀ ਜਾਪਦੈ। ਭੂਤਕਾਲ, ਭਾਵ: ਸੁਖਦ ਥਾਹੀਂ ਉਹੀ ਸ਼ਬਦਕਾਰ ਪਰਤਦਾ, ਜਿਸਨੂੰ ਜਾਂ ਵੱਡਾ ਲਿਖਾਰੀ ਹੋਣ ਦੀ ਲਲ੍ਹ ਹੁੰਦੀ, ਜਾਂ ਉਹਨੂੰ ਵਰਤਮਾਨ/ਸਮਕਾਲ ਸਮਝੀ ਨਹੀਂ ਪੈਂਦਾ। ਉਹ ਅਪਣੀ ਜਾਣੀ ਪਛਾਣੀ, ਸੁਣੀ ਸੁਣਾਈ, ਸੁਖਾਵੀਂ ਥਾਂਹੀ, ਅਪਣੇ ਖੋਲ੍ਹ (Comfort Zone) ਵਿਚ ਪਰਤ ਜਾਂਦਾ। ਉਹਦੇ ਸਹਿਕਰਮੀਆਂ ਨੂੰ ਵੀ ਓਹਦਾ ਕਾਵਿ-ਕਾਰੀ ਸਮਝੀਂ ਪੈਂਦੀ, ਕਿਉਂ ਜੁ ਉਸ ਵਿਚ ਉਹ ਸਾਰੇ ਸਹਿਕਰਮੀ ਵੱਡੇ ਹੋਏ 'ਤੇ ਪਰਵਾਨ ਚੜ੍ਹੇ ਹੁੰਦੇ ਹਨ। ਐਸੀ ਅਵੇਸਲੀ ਕਾਵਿਕਾਰੀ ਸਮਝਣ ਤੇ ਮਾਣਨ ਲਈ ਕਿਸੇ ਨੂੰ ਕੋਈ ਤਰੱਦਦ ਦੀ ਲੋੜ ਨਹੀਂ ਰਹਿੰਦੀ। ਬਹੁਮਿਕਦਾਰ ਮਨੁੱਖੀ ਸੁਭਾਵ 'ਇਨਸਟੈਂਟ' ਦੀ ਮੰਗ ਕਰਦੈ। ਏਸ ਪੱਖੋਂ ਮੇਰਾ ਕਾਵਿ-ਕਰਮ, ਹਮੇਸ਼ਾ ਐਕਸਪਲੋਰ ਕਰਨ ਵਿਚ ਰਿਹਾ। ਅਣਕਹੇ ਨੂੰ ਕਹਿਣਾ। ਸੁੱਤੀ ਕਲਪਨਾ ਨੂੰ ਜਗਾਉਣਾ। ਹਿਯਾਤੀ ਦੇ ਨਾਲ-ਨਾਲ ਸਮਾਂਨਾਂਤਰ ਚੱਲਦੇ ਆ ਰਹੇ 'ਪੈਰਲਲ ਵਰਲਡ' ਨੂੰ ਅੰਦਰੋਂ ਬਾਹਰੋਂ ਜਾਣਨ ਦਾ ਹਿਆਂ ਬਣਾਈ ਰੱਖਣਾ; ਚਾਹੇ ਸਦੀਵੀ ਇਹ ਮੇਰੇ ਲਈ ਚੁਣੌਤੀ 'ਤੇ ਟੇਢੀ ਖੀਰ ਰਹੀ ਹੈ। ਪ੍ਰਸ਼ੰਸਕਾ ਦੀ ਭੀੜ ਕੱਠੀ ਕਰਨੀ 'ਤੇ ਵਾਜੇ ਵਾਲੇ ਟਾਂਗੇ (Band Wagon) ਵਿਚ ਚੜ੍ਹ ਜਾਣਾ ਮੇਰੀ ਫ਼ਿਤਰਤ ਵਿਚ ਨਹੀਂ ਰਹਿਾ। ਕਵਿਤਾ ਨੂੰ ਭੀੜ ਤੋਂ ਕਿਵੇਂ ਬਚਾਉਣਾ, ਮੇਰੇ ਲਈ ਇਹ ਵੰਗਾਰ ਸਦਾ ਸਿਰ 'ਤੇ ਦਸਤਕਾਂ ਦੇਂਦੀ ਰਹਿੰਦੀ ਹੈ।

ਵਲੈਤੋਂ ਪੰਜਾਬ ਗਿਆਂ ਇਕ ਵੇਰਾਂ ਮੈਂ ਸਮਰਾਲੇ ਲਾਲ ਸਿੰਘ ਦਿਲ ਨੂੰ ਵੇਖਣ ਚਲਿਆ ਗਿਆ। ਮੈਂ ਗਾਹਕ ਬਣਕੇ, ਕਵਿਤਾ ਦੇ ਏਸ ਦਿਲ ਦਾਦੇ ਨੂੰ ਘੰਟਾ ਕੁ ਚਾਹ ਬਣਾਉਂਦਿਆਂ ਹੋਇਆਂ ਕੋਲੋਂ ਵੇਖਣਾ, ਚਾਹੁੰਦਾ ਸੀ। 'ਇਹ ਕੌਣ ਆਰੀਆ ਨੇ' ਦਾ ਵੱਡਾ ਸਵਾਲ, ਪੂਰੇ ਭਾਰਤ ਨੂੰ ਪੁੱਛਣ ਵਾਲਾ ਓਹ ਇਕੋ ਇਕ ਸੀ। ਓਹਦੀ ਇਹ ਮਹਾਂ-ਵਿਆਪਕ ਕਾਵਿ-ਸਤਰ

ਸਿਰ 'ਚ ਆਉਂਦਿਆਂ ਹੀ, ਦਿਲ ਨਾਲ਼ ਕਵਿਤਾ ਬਾਰੇ ਗੱਲ ਕਰਨ ਨੂੰ ਮੇਰਾ ਰਤਾ ਜੀਅ ਨਾ ਕੀਤਾ। ਉਦੋਂ ਉਹ ਨੀਮ ਕਮਲਾ ਹੋ ਚੁੱਕਾ ਸੀ। ਉਹਦੇ ਸੁਪਨੇ ਮਰ ਚੁੱਕੇ ਸਨ। ਜੁਝਾਰਵਾਦੀ ਕਵਿਤਾ ਨੂੰ ਸਮਝਾਉਣ ਲਈ ਪੰਜਾਬੀ 'ਚ ਅਨੇਕਾਂ ਕਿਤਾਬਾਂ ਰਚੀਆਂ ਗਈਆਂ; ਪਰ 'ਨਾਗ਼ ਲੋਕ' ਨੇ ਸਾਰੀ ਖੱਬੀ ਪੱਖੀ/ਜੁਝਾਰਵਾਦੀ ਲਹਿਰ ਸਹਜੇ ਮੈਨੂੰ ਸਮਝਾ ਦਿੱਤੀ।

ਨਵੇਂ ਹਜ਼ਾਰੇ ਦੇ ਨੇੜੇ ਪੁੱਜਦਿਆਂ, ਏਸ ਨਵੇਂ ਦੇਸ਼ ਅੰਦਰ ਮੈਂ ਇਕ ਨਵੀਂ ਸੋਚ ਘੇਰੇ (New Milieu) ਦੀ ਜਦ ਵਿਚ ਆ ਚੁੱਕਿਆ ਸੀ। ਪੰਜਾਬ ਦਾ ਬਹੁਮਿਕਦਾਰ ਕਾਵਿਕਾਰੀ, ਵੈਣਿਕ ਪ੍ਰਗੀਤਕਾ ਮੇਰੇ ਤਾਈਂ ਪੁੱਜਣੋ ਹਟ ਗਈ। ਵਰ੍ਹੇ 'ਚ ਮੈਂ 3/4 ਨਵੇਂ ਮੁਲਕ ਗਹੁੰਦਾ। ਝਟਪਟ ਡਾਇਰੀ 'ਚ ਲਿਖਤਾਂ/ਨਜ਼ਮਾਂ ਸਾਂਭਣ ਦੀ ਵਜਾਏ ਮੈਂ ਅਚੇਤ ਮਨ ਖਾਨੇ 'ਚ ਸਾਰਾ ਦ੍ਰਿਸ਼ਮਾਨ ਸੰਸਾਰ ਹੌਲ਼ੇ ਸਹਜੇ ਸਾਂਭਦਾ ਰਿਹਾ। ਅਪਣੇ ਕਾਵਿ ਗੁਰੂ ਪ੍ਰੋਫੈਸਰ ਦਾਦਾ (ਇੰਡੋ-ਇੰਗਲਿਸ਼ ਕਵਿਤਾ ਦੇ ਅਧਿਆਪਕ) ਦੀ ਗੱਲ ਮੈਂ ਹਰ ਵੇਲੇ ਚੇਤੇ ਰੱਖਦਾ: 'ਕਵਿਤਾ ਕਾਹਲ ਦਾ ਕੰਮ ਨਹੀਂ ਬੇਟਾ। ਇਹਦਾ ਖ਼ਮੀਰ ਤਿਆਰ ਹੁੰਦਿਆਂ ਉਮਰਾਂ ਲੰਘ ਜਾਂਦੀਆਂ।' ਕਵਿਤਾ ਅੰਦਰ ਤੇ ਕਵਿਤਾ ਤੋਂ ਬਾਹਰ, 'ਸਬਸਟਾਂਸ' ਤੋਂ ਬਿਨਾਂ ਕੱਖੋਂ ਹੌਲ਼ੇ ਪਰ ਚੁਸਤ ਫ਼ਿਕਰੇ ਘੜਨਾ, ਮੇਰਾ ਆਦਰਸ਼ ਨਾ ਬਣਿਆ। ਅਤੀਤ ਵਿਚ ਜੋ ਕੁਝ ਮੇਰੇ ਨਾਲ ਜੁੜਿਆ, ਮੇਰਾ ਵਾਸਤਾ ਉਸੇ ਨਾਲ਼ ਰਿਹਾ। ਮੁਵਰਖੀ ਜਾਂ ਖ਼ਬਰਚੀ ਬਣਨ ਦੇ ਤੱਤ, ਮੇਰੇ ਵਜੂਦ ਅੰਦਰ ਵਾਹਲੀ ਦੇਰ ਨਹੀਂ ਟਿਕਦੇ। ਇਉਂ ਆਪਣਾ ਅਦਬੀ ਸਫ਼ਰ, ਡੇਢ ਕੁ ਸਦੀ ਤਾਈਂ ਬਸਤੀਵਾਦੀ ਮਾਰ ਹੇਠ ਲਤਾੜੇ ਦੇਸ਼ ਤੋਂ ਆਰੰਭ ਕੇ ਉਸੇ ਕਾਬਿਜ਼ ਸਾਮਰਾਜ ਵਿਚ ਮੁਸਤਕਬਿਲ ਢੂੰਡਣ ਲੱਗਿਆ, ਮੈਨੂੰ ਜਰਾ ਝਿਕ ਨਾ ਹੋਈ। ਉਵੇਂ ਅੱਧ ਸਦੀ ਬਾਅਦ, ਉਮਰ ਦੀਆਂ ਤਰਕਾਲਾਂ ਵੱਲ ਤੁਰਦਿਆਂ, ਮੈਨੂੰ ਘਰ, ਬਚਪਨ, ਮੇਰੇ ਲੋਕ, ਥਾਵਾਂ/ਸਥਿਤੀਆਂ ਸਭ ਯਾਦ ਆਉਂਦੀਆਂ; ਪਰ ਇਕ ਅਜਨਬੀ ਵਾਂਗ ਦੂਰੋਂ ਖੜ੍ਹਾ ਮੈਂ ਇਹ ਸਭ ਵੇਖਦਾਂ-

ਗੋਲ਼ੇ-ਬਾਰੂਦ ਦੀ ਦਾੜ੍ਹ-ਦਾੜ੍ਹ ਲੰਘਦੇ ਲੜਾਕੂ ਜਹਾਜ਼ਾਂ ਦੀਆਂ ਸ਼ੂਕਾਂ, ਟੈਂਕ, ਤੋਪਾਂ, ਮਿਲਟਰੀ ਜੀਪਾਂ 'ਤੇ ਭਾਰੇ ਫੌਜੀ ਬੂਟਾਂ ਦੀਆਂ ਮਿਲੀਆਂ-ਜੁਲੀਆਂ ਆਵਾਜ਼ਾਂ ਸੰਗ ਗ਼ਰੀਬੀ ਦੀ ਚੁੱਪ ਨਾਲ਼ ਭਰਿਆ ਬਚਪਨ। ਸਹਿਮਿਆ ਭਾਰਤ-ਪਾਕ ਪਹਲੀ 'ਤੇ ਦੂਈ ਜੰਗ ਦੇ ਵਿਚ ਵਿਚਕਾਰ ਕਿਤੇ, ਪਿਤਾ ਨੇ ਇਕ ਪੀਕੋ ਕੰਪਨੀ ਦਾ ਰੇਡੀਓ ਮੰਗਵਾਗਿਆ। ਦੋ ਬੰਦੇ 20/22 ਕਿਲੋ ਦਾ ਵੱਡਾ ਸਾਰਾ ਰੇਡੀਓ ਚੁੱਕੀ ਆਉਣ ਇਕ ਦਿਨ। ਅਸੀਂ ਮੁੰਡਿਆਂ ਕੱਠੇ ਹੋ ਕੇ ਕਹਿਣਾ, 'ਚਲੋ 'ਪੀ ਕੇ' ਸੁਣਦੇ ਹਾਂ। ਪਿਤਾ ਦੀ ਹਾਜ਼ਰੀ 'ਚ, ਜੰਗ ਸਮਾਚਾਰਾਂ ਤੋਂ ਸਿਵਾਏ ਸਾਨੂੰ ਹੋਰ ਕੁਝ ਵੀ ਸੁਣਨ ਦਾ ਹੁਕਮ ਨਹੀਂ ਸੀ। ਤਰਕਾਲਾਂ ਵੇਲੇ ਪਿਤਾ ਨੇ ਬੈਠਕ ਦਾ ਬੂਹਾ ਖੋਲ੍ਹ ਦੇਣਾ ਤੇ ਬਾਹਰ ਗਲੀ ਵਿਚ ਮਜਮਾ ਲੱਗ ਜਾਣਾ। ਸਦਾ-ਏ-ਵਤਨ ਦਾ ਥੀਮ ਸੰਗੀਤ ਅੱਜ ਵੀ ਕਦੇ-ਕਦੇ ਕੰਨਾਂ 'ਚ ਗੂੰਜਦਾ। ਬੂਹੇ ਬੰਦ ਹੁੰਦਿਆਂ, ਘਰ ਨੇ ਮਿਲਟਰੀ ਬੈਰਕ ਦਾ ਰੂਪ ਧਾਰ ਲੈਣਾ। ਸਾਰੇ ਸ਼ੀਸ਼ੇ ਢਕੇ ਹੋਣ ਕਰਕੇ ਬਾਹਰੋਂ ਰੌਸ਼ਨ ਰਤਾ ਵੀ ਅੰਦਰ ਨਾ ਆਉਂਦੀ ਤੇ ਨਾ ਹੀ ਅੰਦਰੋਂ ਬਾਹਰ ਨੂੰ। ਮੈਂ ਹੁਣ ਅਤੀਤ ਵਿਚ ਨੂੰ ਏਨਾ ਕੁ ਹੀ ਪਰਤਦਾ ਹਾਂ। ਘਟਨਾਵਾਂ, ਜਿਨ੍ਹਾਂ ਨਾਲ ਮੇਰਾ ਕੋਈ ਤਾਲਮੇਲ ਬਚਿਆ ਹੈ, ਜਿਨ੍ਹਾਂ 'ਚ ਮੇਰਾ ਜ਼ਿਕਰ ਹੈ; ਉਨ੍ਹਾਂ ਨਾਲ ਹੀ ਮੇਰਾ ਵਾਸਤਾ ਹੈ। ਬਾਕੀ ਦੇ ਰਚੇ ਗਿਰਝ-ਸਾਹਿਤ, ਸੁਣੇ-ਸੁਣਾਏ 'ਚ ਮੇਰਾ ਕੋਈ ਲਗ ਲਗਾਅ ਨਹੀਂ। ਮੇਰੇ ਲਈ ਉਸ ਵਿਚੋਂ ਵਰਤਮਾਨ, ਸਮਕਾਲ ਅਤੇ ਧੜਕਦਾ ਜੀਵਨ ਅਲੋਪ ਹੈ। ਪਰ

ਇਜਾਦੀ ਲਫ਼ਾਜ਼ੀ ਤੋਂ ਬਾਹਰ ਬਾਹਰ, ਬੀਤਿਆ ਅਤੀਤ ਕਦੇ-ਕਦੇ ਚੇਤੇ ਕਰਨ ਨਾਲ਼ ਸੰਵੇਦਨਾ ਤੋਂ ਖ਼ਾਰਿਜ/ਖ਼ਾਲੀ ਹੋ ਰਿਹਾ ਢੋਲ ਫੇਰ ਤੋਂ ਭਰਨ ਲਗਦਾ। ਗਾਹੇ-ਵਗਾਹੇ, ਮੈਂ ਓਸ ਵਿਚੋਂ ਮੁੱਠ ਭਰਦਾਂ ਤੇ ਕਵਿਤਾ ਜੋਗੇ ਕੁਝ ਸ਼ਬਦ ਗੁੰਨ੍ਹ ਲੈਨਾਂ।

ਪੂਰੇ ਗਲੋਬ 'ਤੇ ਜਨ-ਜੀਵਨ ਵਾਸਤੇ ਸਮੁੱਚਾ 'ਦ੍ਰਿਸ਼' ਨਿਰੰਤਰ ਬਦਲ ਰਿਹੈ। ਜੀਵਨ ਦੇ ਕਿਸੇ ਵੀ ਖਿੱਤੇ ਦਾ ਤੁਸੀਂ ਦ੍ਰਿਸ਼ ਦੇਖਦੇ ਹੋ, ਉਸ ਬਾਰੇ ਕੋਈ ਧਾਰਨਾ ਬਣਾਉਣ ਲਗਦੇ ਹੋ, ਕਿ ਦ੍ਰਿਸ਼ ਮਿਟ ਜਾਂਦਾ ਜਾਂ ਬਦਲ ਜਾਂਦਾ। ਅੱਚੋਤਾਣੀਂ 'ਚ ਫਾਥਾ ਲੇਖਕ ਡੌਰ ਭੌਰ, ਹਤਾਸ਼, ਅੰਤ ਬੇਹਿਸ ਹੋਇਆ ਕੋਈ ਸਮਾਨਾਂਤਰ ਸੰਸਾਰ ਢੂੰਡਣ ਵਿਚ ਜੁਟ ਜਾਂਦਾ। ਇਕ ਗੱਲੋਂ ਚੰਗਾ ਹੋਇਆ, ਪੰਜਾਬ ਤੋਂ ਬਾਹਰਲੇ ਪੰਜਾਬੀ ਲਿਖਾਰੀ ਅਪਣੀ ਸੁਖਾਵੀਂ 'ਭੌਇੰ' ਚੋਂ ਬਾਹਰ ਆ ਗਏ। ਗਹਿਰ ਗੰਭੀਰ ਖੋਜ ਵਿਚ ਜੁਟ ਗਏ। ਅਪਣੀ ਸਿਰਜਣਾ ਵਾਸਤੇ ਕੱਚਾ ਮਾਲ ਮੁਹੱਈਆ ਕਰਨ ਲੱਗ ਪਏ। ਪੰਜਾਬ ਤੋਂ ਬਾਹਰਲੇ ਪੰਜਾਬੀ ਸਾਹਿਤ ਨੂੰ ਏਸ ਸ਼ੁਭ ਕਰਮਨ ਵਾਸਤੇ ਦਾਦ ਦੇਣੀ ਬਣਦੀ ਹੈ। ਗਲੋਬਲ ਪਿੰਡ ਨੂੰ ਸਮਝਣ ਲਈ ਅੱਜ ਮੀਡੀਆ/ਸੋਸ਼ਲ ਮੀਡੀਆ ਕਾਫ਼ੀ ਨਹੀਂ ਰਹਿ ਗਏ। ਵਾਸਕੋਡੀ ਗਾਮਾ ਅਤੇ ਕੋਲੰਬਸ ਦੇ ਵੇਲਿਆਂ, ਭਾਵ: 15ਵੀਂ ਸਦੀ ਦੇ ਅੰਤ 'ਚ ਸ਼ੁਰੂ ਹੋਈ ਤੇ 19ਵੀਂ ਸਦੀ 'ਚ ਵਿਕਸਤ ਹੁੰਦੀ, 20ਵੀਂ ਸਦੀ ਦੀ 7ਵੀ, 8ਵੀਂ ਦਹਾਈ 'ਚ ਵੱਡ ਅਕਾਰੀ ਹੁੰਦੀ, ਪੂਰੇ ਗਲੋਬ 'ਤੇ ਹੁਕਮਰਾਨੀ ਕਰਨ ਲੱਗ ਪਈ, ਸੰਸਾਰੀਕਰਨ ਦੀ ਪ੍ਰਥਾ/ਵਿਵਸਥਾ ਦੀ ਅਤਿ ਵਿਕਸਤ ਸੰਸਥਾ ਨੂੰ ਅੱਜ ਹੋਰਨਾਂ ਸਰੋਤਾਂ ਦੀ ਮਾਰਫ਼ਤ ਸਮਝਣਾ ਬਣਦੈ। ਪੂਰੀ ਸਰਦਾਰੀ ਵਾਸਤੇ ਸਾਰੇ ਸੰਘਚਾਰੀ ਸਾਧਨ ਅਤੇ ਪੱਤਰਕਾਰੀ ਪ੍ਰਦੂਸ਼ਿਤ ਕਰ ਦਿੱਤੇ ਗਏ ਹਨ। ਬਹੁਮਿਕਦਾਰ ਲੇਖਕ ਅਤੇ ਕਲਾਕਾਰ ਵਰਗ, ਬੌਖਲਾਇਆ, ਪਾਜ਼ ਮੋਡ (Pause mode) ਵਿਚ ਕੁਝ ਚਿਰ ਵਾਸਤੇ ਫ਼ਰੀਜ਼ ਹੋ ਚੁੱਕਿਆ ਹੈ। ਚਿੰਤਕਾਂ ਏਸ ਨੂੰ 'ਬੇਲਾਗ-ਸਮੇਂ' (Indifferent Times) ਵੀ ਆਖਿਆ ਹੈ।

ਪੱਛਮੀ ਦੇਸ਼ਾਂ ਵਿਚ ਵਿਸ਼ਵੀਕਰਨ ਦੇ ਸਾਜੇ ਕਾਰਪੋਰੇਟ ਵਰਗ, ਮੀਡੀਆ/ਪੱਤਰਕਾਰੀ, ਗੱਲ ਕੀ ਕੁਲ ਬੰਦੋਬਸਤ ਵੱਲੋਂ ਆਮ ਆਦਮੀ ਅਤੇ ਕਲਾ ਦੇ ਪ੍ਰਸ਼ੰਸਕਾਂ ਨੂੰ, ਰੋਜ਼ ਇਹ ਪਾਠ ਪੜ੍ਹਾਇਆ ਜਾਂਦਾ ਹੈ ਕਿ ਏਸ ਵੰਨੇ 'ਕਵਿਤਾ ਅੰਤ' ਚਿਰੋਕਾ ਹੋ ਚੁੱਕਿਆ ਹੈ। ਕਾਰਪੋਰੇਟ ਸੰਸਾਰ ਦੇ ਲਗਪਗ ਹਰ ਕੱਠ ਵਿਚ, ਕਾਲ਼ੇ ਸੂਟਧਾਰੀ, ਵੱਡੇ ਫ਼ੈਸਲੇ ਲੈਣ ਵਾਲੇ, ਸ਼ੇਕਸਪੀਅਰ, ਮਿਲਟਨ, ਸਪੈਂਸਰ, ਬੈੱਨ ਜਾਨਸਨ, ਸਪੈਂਡਰ, ਓਡਨ, ਪਾਊਂਡ ਅਤੇ ਯੇਟਸ ਦੀਆਂ ਕਾਵਿ-ਟੂਕਾਂ ਦੀ ਖਿੱਲੀ ਉਡਾਉਣੋ ਗੁਰੇਜ਼ ਨਹੀਂ ਕਰਦੇ। ਇਹ ਸਭ ਇਕ ਮਹਾਂ ਸਾਜਿਸ਼ ਦੇ ਅਧੀਨ ਹੋ ਰਿਹੈ। ਉਹ ਕਵਿਤਾ ਤੋਂ ਡਰਦੇ ਹਨ। ਲਲਿਤ ਕਾਲਵਾਂ ਨਾਲੋਂ ਆਮ ਬੰਦੇ ਨੂੰ ਜਾਣ ਬੁਝ ਕੇ ਤੋੜਿਆ ਜਾ ਰਿਹਾ ਹੈ। ਇਹਦੇ ਵਿਪਰੀਤ, ਸੰਸਾਰ ਕਵਿਤਾ ਦੀ ਮੁਖ ਸੁਰ ਅੱਜ ਫੇਰ ਅਗਾਂਹਵਧੂ ਧਾਰਨਾ ਦੇ ਬਿਗਲ ਵਜਾ ਰਹੀ ਹੈ। ਪੱਛਮ 'ਚ ਹਰ ਤੀਜਾ/ਚੌਥਾ ਕਾਵਿ-ਸੰਗ੍ਰਹਿ, ਸਿੱਧੇ/ਅਸਿੱਧੇ ਤੌਰ ਤੇ ਅੱਜ ਪ੍ਰਗਤੀਵਾਦੀ ਸੁਰ ਦਾ ਛਪ ਰਿਹਾ ਹੈ। ਕਵਿਤਾ ਮੇਰੀ ਜਾਚੇ ਨਿਰੀ ਧਰਤੀ ਵਾਂਗ ਹੈ। ਜਿਵੇਂ ਧਰਤੀ ਨੇ ਅਨੇਕਾਂ ਪਰਲੋ, ਮਹਾਂ ਪਰਲੋ, ਜਲਜਲੇ, ਹੜ੍ਹ, ਤੂਫ਼ਾਨ, ਸੋਕੇ, ਮਹਾਂਤਰਥੱਲੀਆਂ, ਪੱਥਰ ਕਾਲ, ਬਰਫ਼ਕਾਲ, ਸੁੰਨ ਹਨ੍ਹੇਰ ਤੇ ਆਫ਼ਤਾਂ ਤਨ ਤੇ ਜਰੀਆਂ ਪਰ ਫਿਰ ਵੀ ਜੀਊਂਦੀ ਰਹੀ, ਘੁੰਮਦੀ ਰਹੀ। ਕਵਿਤਾ ਉਨ੍ਹਾਂ ਸਾਹਵੇਂ ਡਟੀ ਰਹੇਗੀ।

ਉਵੇਂ ਇਸ ਪਾਸੇ ਹੁਣ ਜੀਅ ਲੱਗ ਗਿਆ ਹੈ। ਇਕੋ ਰਸਤੇ ਤੁਰਦਿਆਂ ਘਾਸ ਪੈ ਜਾਵੇ

ਜਿਵੇਂ। ਇਹ ਸ਼ਹਿਰ, ਜਿੱਥੋਂ ਮੈਨੂੰ ਆਦਰ ਮਿਲਿਆ, ਰੁਜ਼ਗਾਰ ਮਿਲਿਆ, ਜਲੰਧਰ ਲੁਧਿਆਣੇ ਵਾਂਗ ਪਿਆਰਾ। ਉੱਥੇ ਦੀ ਧੁੱਪ, ਧੂੜ, ਕੁਸ਼ਾਸਨ 'ਤੇ ਅਵਿਵਸਥਾ ਅਪਣੀ ਥਾਵੇਂ, ਪਰ ਉੱਥੇ ਹੰਢਾਈਆਂ ਦੋ ਪਹਲੀਆਂ ਦਹਾਈਆਂ ਨੇ ਮੇਰੀ ਹਿਯਾਤੀ ਦੀ ਕੰਕਰੀਟੀ ਨੀਂਹ ਧਰੀ। ਕਦੇ ਸੋਚਦਾ ਮੈਂ ਜਨਵਾਸੀ ਤਾਂ ਨਹੀਂ ਏਧਰ, ਆਵਾਸੀ ਵੀ ਨਹੀਂ ਰਿਹਾ, ਅਜਨਬੀ ਹਾਂ ਪਰ ਬੇਗਾਨਾ/ ਗੁੰਮਨਾਮ ਵੀ ਨਹੀਂ। ਜੋ ਵੀ ਹਾਂ, ਸਮੇਂ ਦੀ ਨੱਸਦੀ ਸੜਕ ਤੋਂ ਲਾਂਭੇ ਹੋ, ਸਮਾਂਹੀਣਤਾ 'ਚ ਕਦੇ-ਕਦੇ ਜੀਊਣ ਨੂੰ ਜੀਅ ਕਰਦਾ ਬੱਸ! ਏਥੇ ਦੀ ਬਰਫ਼, ਕੱਕਰ ਤੋਂ ਚੰਗੇ ਲਗਦੇ ਹੁਣ। ਚੰਗਾ ਹੋਊ ਜੇ ਅੰਤ ਵੇਲੇ ਮੇਰੀ ਰਾਖ਼ ਥੋੜ੍ਹੀ ਏਧਰ ਥੋੜ੍ਹੀ ਓਪਰ ਉੜੇ। ਕਾਰਬਨ ਦੇ ਅਦਿੱਸ ਫ਼ਲੂਹੇ ਬਣਕੇ ਬਿਰਛਾਂ ਦੇ ਸਾਹਾਂ ਥਾਣੀ ਜੜ੍ਹਾਂ ਤੀਕ ਚਲੀ ਜਾਵੇ। ਉੱਥੇ ਹੀ ਸਮਾਅ ਜਾਵੇ ਤੇ ਇਨ੍ਹਾਂ ਰੁੱਖਾਂ ਤੇ ਫਿਰ ਰੈਣ ਵਸੇਰਾ ਕਰਨ ਚਿਤਕਬਰੀਆਂ ਮੈਗਪਾਈਆਂ, ਕੋਚਰੀਆਂ, ਬੁਲਬੁਲਾਂ ਤੇ ਸੰਦਲੀ ਗਾਨੀਆਂ ਵਾਲੀਆਂ ਘੁੱਗੀਆਂ ਆਉਣ। ਨਵੇਂ ਗੀਤ ਗਾਉਣ ਤੇ ਸੂਖ਼ਮ ਹੋਇਆ ਮੈਂ ਉਨ੍ਹਾਂ ਦੇ ਗੀਤ ਸੁਣਾਂ ਚਾਹੇ ਕਿਸੇ ਹੋਰ ਹੀ ਦੁਨੀਆਂ ਵਿਚ ਹੋਵਾਂ। ਹੋਰ ਸ਼ਹਿਰ...! ਉਜਾੜ, ਅਣਜਾਣੇ ਦੇਸ਼ ਬੀਆਬਾਨ 'ਚ ਜਾਂ ਕਿਤੇ...

**-ਫਿਰ ਆਉਣ ਲੱਗਿਆਂ-**

ਅਦਿੱਸ ਪੁੰਗ ਠੋਸ ਤਰਲ ਗੈਸ ਵਾਂਗ ਜਾਂ
ਖ਼ਲਾ 'ਚ ਤੈਰਨ ਲੱਗਿਆਂ ਕੱਲਿਆਂ ਕੱਲਿਆਂ
ਭੁੱਲ ਚੁੱਕਾ ਹੋਊ ਇਹ ਮਹਾਂ ਪਸਾਰਾ
ਫਿਰ ਭਰੂਣ ਹੋਣਾ ਪੈਣਾ ਕੋਈ ਨਿਰਾਲਾ

ਅੰਕੁਰ ਹੁੰਦਿਆਂ ਬੀਅ ਨੂੰ ਪਹਿਲਾਂ
ਆਉਂਦਾ ਹੋਊ ਸੁਪਨਾ ਰਾਖ਼ ਦਾ
ਆਏਗੀ ਚੇਤੇ ਚਿਰੋਕੀ ਚਿਤਾ ਅਪਣੀ
ਆਹ ਜਾਂ ਭਾਵਨਾ ਦੀ ਗੂੰਜ ਜਿਹਾ ਕੁਝ

ਬੇਰਿਸ਼ਤਾ ਬੇਪਛਾਣ ਬੇਮਾਇਨਾ
ਮਨ ਅੱਖਾਂ ਦੀ ਛਾਪ ਖੁਣੀ ਡੂੰਘੀ
ਕਰਿਸ਼ਮਿਆਂ ਭਰੀ ਧਰਤ ਸੁਹਾਵੀ
ਲੱਗੀ ਆਉਂਦੀ ਅਨੰਤ ਆਵਾਜਾਈ

ਅਣਜਾਣੇ ਦੇਸ ਬੀਆਬਾਨ 'ਚ ਜਾਂ ਕਿਤੇ
ਸਫ਼ਰ ਕਦੀਮ ਓਹੀ ਸ਼ੁਰੂ ਹੋਊ ਫੇਰ ਤੋਂ
ਖਵਰੇ ਕਿਵੇਂ ਲੱਗੇ ਫਿਰ ਆਉਣ ਲੱਗਿਆਂ
ਬੇਹਿੱਸ ਹਸਾਸ ਅਣਜਾਣ ਕੱਲਿਆਂ ਕੱਲਿਆਂ!

***

# ਸਮਕਾਲ ਦੇ ਸਨਮੁਖ ਮੇਰੀ ਨਾਟ-ਸਿਰਜਣ ਪ੍ਰਕਿਰਿਆ

**-ਸਤੀਸ਼ ਕੁਮਾਰ ਵਰਮਾ**

ਇਸ ਲੇਖ ਦੀ ਸੰਰਚਨਾ ਵਿਚ 'ਸਮਕਾਲ' ਅਤੇ ਨਾਟਕ 'ਅਗਰਭੂਮੀ' ਵਿਚ ਹਨ ਜਦਕਿ ਮੇਰੀ 'ਨਾਟ-ਸਿਰਜਣ ਪ੍ਰਕਿਰਿਆ' 'ਪਿੱਠਭੂਮੀ' ਵਿਚ ਹੈ। ਇਉਂ 'ਸਮਕਾਲ' ਅਤੇ 'ਮੇਰੀ ਨਾਟਕਕਾਰੀ' ਨੂੰ ਆਪਸ ਵਿਚ ਜੋੜਨ ਵਾਲੀ ਤੰਦ 'ਮੇਰੀ ਨਾਟ-ਸਿਰਜਣ ਪ੍ਰਕਿਰਿਆ' ਹੈ, ਜਿਸ ਦੀ ਭੂਮਿਕਾ ਦਾ ਨਿਰੂਪਣ ਤੇ ਨਿਰਧਾਰਣ ਇਸ ਲੇਖ ਦਾ ਮੰਤਵ ਹੈ। ਇਸ ਦ੍ਰਿਸ਼ਟੀ ਤੋਂ ਇਕ ਧਿਰ 'ਸਮਕਾਲ' ਹੈ, ਦੂਜੀ ਧਿਰ 'ਮੇਰੀ ਨਾਟਕਕਾਰੀ' ਹੈ ਅਤੇ ਤੀਜੀ ਧਿਰ 'ਨਾਟ-ਸਿਰਜਣ ਪ੍ਰਕਿਰਿਆ' ਹੈ। ਪਹਿਲੀ ਧਿਰ ਵਜੋਂ 'ਸਮਕਾਲ' ਦੀ ਹੋਂਦ 'ਤਤਕਾਲ' ਦੇ ਆਰ ਪਾਰ ਫੈਲੀ ਹੋਈ ਹੈ। ਦੂਜੀ ਧਿਰ ਵਜੋਂ 'ਨਾਟਕ' ਦੀ ਹੋਂਦ ਇਕ 'ਸਥੂਲ ਵਸਤੂ' ਦੇ ਰੂਪ ਵਿਚ ਸਦੀਵੀ ਹੈ, ਜਿਸ ਨੇ 'ਚਿਰਕਾਲ' ਤਕ ਰਹਿਣਾ ਹੈ। ਤੀਜੀ ਧਿਰ ਵਿਚ 'ਲੇਖਕ' ਆਉਂਦਾ ਹੈ ਜਿਸ ਨੇ ਚੱਕੀ ਦੇ ਦੋਵੇਂ ਪੁੜਾਂ ਵਿਚ ਪਿਸਿਆ ਜਾਣਾ ਹੁੰਦਾ ਹੈ। ਇਹ ਪੁੜ ਉਸ ਦੀ 'ਸਿਰਜਣ-ਪ੍ਰਕਿਰਿਆ' ਹੈ ਜਿਸ ਨੇ ਹਮੇਸ਼ਾ 'ਤਤਕਾਲ' ਵਿਚ ਵਿਚਰਦਿਆਂ 'ਸਮਕਾਲ' ਦੇ ਸਨਮੁਖ ਰਹਿੰਦਿਆਂ 'ਚਿਰਕਾਲ' ਲਈ ਕੁਝ ਸਿਰਜਣਾ ਹੁੰਦਾ ਹੈ। ਲੇਕਿਨ ਇਥੇ ਸਿਰਜਣਾ 'ਨਾਟਕ' ਨਾਂ ਦੀ ਉਸ ਵਿਧਾ ਵਿਚ ਹੈ, ਜਿਸ ਨੇ ਇਕੋ ਵੇਲੇ 'ਕਲਮ' ਨਾਲ ਸਿਰਜੇ ਜਾਣ ਦੇ ਸਮਾਨਾਂਤਰ 'ਜੀਵੰਤ' ਰੂਪ ਵਿਚ 'ਰੰਗਮੰਚ' ਤੇ ਲਗਾਤਾਰ ਰੂਪਾਂਤਰਿਤ ਹੁੰਦੇ ਰਹਿਣਾ ਹੈ। ਇਸ ਪ੍ਰਕਾਰ 'ਨਾਟਕ ਲਿਖਣਾ' ਜੋਖਮ ਵਾਲਾ ਕਾਰਜ ਹੈ ਅਤੇ 'ਧਾਰ ਤੇ ਤੁਰਨ' ਦੀ ਪ੍ਰਕਿਰਿਆ ਹੈ। ਨਾਟਕ ਤੋਂ ਇਲਾਵਾ ਹੋਰ ਸਾਹਿਤ ਰੂਪ 'ਸਮਕਾਲ ਦੇ ਸਨਮੁਖ' ਰਹਿੰਦਿਆਂ 'ਤਤਕਾਲ' ਵਿਚ ਸਿਰਜੇ ਜਾਂਦੇ ਰਹਿਣਗੇ ਅਤੇ 'ਪਾਠਕ ਦਰ ਪਾਠਕ' 'ਵਿਅਕਤੀ ਤੋਂ ਵਿਅਕਤੀ' ਤਕ ਦਾ ਸਫਰ ਕਰਦੇ ਹੋਏ 'ਚਿਰਕਾਲ' ਵਿਚ 'ਵਿਅਕਤੀਗਤ ਪ੍ਰਤੀਉਤਰ' ਦਾ ਆਧਾਰ ਬਣਨਗੇ। ਇਸ ਦੇ ਉਲਟ 'ਨਾਟਕ' 'ਸਮਕਾਲ ਦੇ ਸਨਮੁਖ' ਰਹਿੰਦਿਆਂ 'ਤਤਕਾਲ' ਵਿਚ ਆਪਣੀ 'ਹੋਂਦ' ਗ੍ਰਹਿਣ ਕਰਨ ਤੋਂ ਬਾਅਦ 'ਚਿਰਕਾਲ' ਤੀਕ 'ਇਮਤਿਹਾਨ ਕੇਂਦਰ' ਵਿਚ ਰਹੇਗਾ, ਕਿਉਂਕਿ ਇਸ ਨੇ 'ਪਾਠਕ' ਦੇ ਨਾਲ ਨਾਲ 'ਨਿਰਦੇਸ਼ਕ ਤੋਂ ਨਿਰਦੇਸ਼ਕ' ਤਕ ਦਾ ਸਫਰ ਕਰਦਿਆਂ 'ਦਰਸ਼ਕਾਂ' ਦੇ ਰੂਪ ਵਿਚ 'ਸਾਮੂਹਿਕ ਪ੍ਰਤੀਉੱਤਰ' ਦਾ ਆਧਾਰ ਬਣਨਾ ਹੈ।

ਇਸ ਪ੍ਰਸੰਗ ਵਿਚ ਨਾਟਕ ਦੀ ਹੋਂਦ-ਵਿਧੀ ਬਾਰੇ ਇਹ ਜਾਣਨਾ ਜ਼ਰੂਰੀ ਹੈ ਕਿ ਨਾਟਕ ਦਾ 'ਦੂਹਰਾ' ਚਰਿੱਤਰ ਹੈ। ਇਕ ਪਾਸੇ ਇਹ 'ਲੇਖਣ' ਦੇ ਰੂਪ ਵਿਚ 'ਸ਼ਾਬਦਿਕ ਕਲਾ' (verbal art) ਹੈ ਅਤੇ ਦੂਜੇ ਪਾਸੇ 'ਖੇਡੇ ਜਾਣ' (performing art) ਦੇ ਰੂਪ ਵਿਚ 'ਅਸ਼ਾਬਦਿਕ ਕਲਾ' (non-verbal art) ਹੈ। ਅੱਗੋਂ ਇਸ ਵਿਚਲੇ 'ਸ਼ਬਦ' ਨੇ ਵੀ 'ਸਕ੍ਰਿਪਟ' ਦੇ ਰੂਪ ਵਿਚ ਇਕ 'ਜੁਜ਼' ਬਣ ਕੇ ਰਹਿ ਜਾਣਾ ਹੈ ਅਤੇ ਰੰਗਮੰਚ ਉਤੇ ਸੈੱਟ, ਸੰਗੀਤ, ਅਦਾਕਾਰ, ਧੁਨੀ ਪ੍ਰਭਾਵ, ਰੋਸ਼ਨੀਆਂ, ਮੇਕਅੱਪ ਆਦਿ ਹੋਰ 'ਜੁਜ਼ਾਂ' ਨੇ ਇਸ ਨਾਲ ਜੁੜ ਕੇ 'ਅਰਥਾਂ' ਨੂੰ ਵਿਸਥਾਰ ਦੇਣਾ ਹੈ। ਇਸ ਲਈ ਹੋਰ ਵਿਧਾਵਾਂ ਦੇ ਲੇਖਕਾਂ ਦੇ ਮੁਕਾਬਲੇ 'ਨਾਟਕਕਾਰ' ਦਾ ਸੰਕਟ 'ਇਕਹਿਰਾ' ਨਹੀਂ ਬਲਕਿ 'ਦੂਹਰਾ ਤੀਹਰਾ' ਹੈ, ਜਿਸ ਵਿਚ ਹਰ ਪੇਸ਼ਕਾਰੀ ਵੇਲੇ 'ਸਮੀਕਰਣਾਂ' ਦੇ ਬਦਲਣ ਦੀ ਸੰਭਾਵਨਾ ਰਹਿਣੀ ਹੈ। ਪਤਾ ਨਹੀਂ 'ਲੇਖਕ' (ਨਾਟਕਕਾਰ) ਦੀ 'ਦ੍ਰਿਸ਼ਟੀ' ਨੂੰ 'ਨਿਰਦੇਸ਼ਕ' ਕਿਸ 'ਦ੍ਰਿਸ਼' ਵਿਚ ਢਾਲਦਾ ਹੈ ਤੇ ਅੱਗੋਂ ਉਸ ਦ੍ਰਿਸ਼ ਨੂੰ ਅਦਾਕਾਰ

ਦਾ ਆਪਣਾ 'ਦ੍ਰਿਸ਼ਟੀਕੋਣ' ਕਿਵੇਂ ਸੰਚਾਰਦਾ ਹੈ।[1] ਲਿਹਾਜ਼ਾ ਨਾਟਕਕਾਰ ਆਪਣੀ 'ਸਿਰਜਣ-ਪ੍ਰਕਿਰਿਆ' ਦੌਰਾਨ ਸਬੰਧਿਤ ਰਚਨਾ ਵਿਚ 'ਰੰਗਮੰਚੀ ਵਿਸਤਾਰ' ਦੀ ਸੰਭਾਵਨਾ ਦੀ ਗੁੰਜਾਇਸ਼ ਵੀ ਰੱਖਦਾ ਹੈ ਅਤੇ ਨਾਲ ਦੀ ਨਾਲ ਅਰਥਾਂ ਦੇ ਅਨਰਥ ਹੋਣ ਦੀ ਸੰਭਾਵਨਾ ਦੀ 'ਗੁੰਜਾਇਸ਼' ਨਹੀਂ ਵੀ ਛੱਡਦਾ। ਇਸ ਲਈ 'ਨਾਟਕ ਦੀ ਵਿਧਾ' ਦੀ ਜਟਿਲਤਾ ਇਹ ਹੈ ਕਿ ਨਾਟਕਕਾਰ ਨੇ ਕਿਸੇ ਗਲਪਕਾਰ, ਵਾਰਤਕਕਾਰ, ਕਵੀ ਵਾਂਗ 'ਆਪਣੇ ਵਲੋਂ' ਲਿਖੀ ਜਾਣ ਵਾਲੀ ਰਚਨਾ ਨੂੰ 'ਉਤਮ ਪੁਰਖ' ਜਾਂ 'ਅਨਯ ਪੁਰਖ' ਦੇ ਰੂਪ ਵਿਚ ਨਹੀਂ ਲਿਖਣਾ ਹੁੰਦਾ, ਬਲਕਿ 'ਵੰਨ ਸੁਵੰਨੇ' ਪਾਤਰਾਂ ਦੇ 'ਸੰਵਾਦ' ਰਾਹੀਂ ਗੱਲ ਕਹਿਣੀ ਹੁੰਦੀ ਹੈ। ਇਸ ਲਈ ਜਿਵੇਂ ਕਿਸੇ ਵੀ ਰਚਨਾਕਾਰੀ ਵਿਚ ਸਬੰਧਿਤ ਲੇਖਕ ਦੀ 'ਸਿਰਜਣ-ਪ੍ਰਕਿਰਿਆ' ਪਰੋਖ ਭੂਮਿਕਾ ਨਿਭਾਉਂਦੀ ਹੈ ਉਵੇਂ ਨਾਟਕਕਾਰ ਦੀ ਸਿਰਜਣ-ਪ੍ਰਕਿਰਿਆ 'ਪਰੋਖ ਤੋਂ ਵੀ ਪਰੋਖ' ਭੂਮਿਕਾ ਨਿਭਾਉਂਦੀ ਹੈ ਕਿਉਂਕਿ ਨਾਟ-ਰਚਨਾ ਵੇਲੇ 'ਨਾਟਕਕਾਰ' ਅਤੇ ਉਸ ਦੇ 'ਸ਼ਬਦਾਂ' ਦੇ ਵਿਚਕਾਰ ਇਕ 'ਤੀਜੀ ਧਿਰ' 'ਪਾਤਰ' ਦੇ ਰੂਪ ਵਿਚ 'ਪਰੋਖ' ਭੂਮਿਕਾ ਨਿਭਾ ਰਹੀ ਹੁੰਦੀ ਹੈ, ਜਿਸ ਨੇ ਸੰਭਾਵਿਤ 'ਅਦਾਕਾਰ' ਦੇ ਰੂਪ ਵਿਚ ਅੱਗੋਂ 'ਅਪਰੋਖ' ਭੂਮਿਕਾ ਨਿਭਾਉਣ ਲਈ ਤਿਆਰ ਵੀ ਰਹਿਣਾ ਹੈ। ਇਸ ਪ੍ਰਕਾਰ ਜਿਥੇ ਹੋਰ ਸਾਹਿਤ ਰੂਪਾਂ ਵਿਚ 'ਲੇਖਕ' ਰੂਪੀ 'ਰਚਨਹਾਰੇ' ਦਾ ਪਾਠਕ ਰੂਪੀ 'ਮਾਣਨਹਾਰੇ' ਨਾਲ ਸਿੱਧਾ ਰਿਸ਼ਤਾ ਹੈ, ਉਥੇ 'ਨਾਟਕ' ਦੇ ਰਚਨਹਾਰੇ ਦਾ 'ਪਾਠਕ' ਦੇ ਸਮਾਨਾਂਤਰ ਦਰਸ਼ਕ ਰੂਪੀ 'ਮਾਣਨਹਾਰੇ' ਨਾਲ ਅਸਿੱਧਾ ਰਿਸ਼ਤਾ ਹੈ। ਜਿਸ ਵਿਚ ਨਿਰਦੇਸ਼ਕ ਦੀ 'ਇਨਟਰਪਟੇਸ਼ਨ' ਸਮੇਤ ਪੇਸ਼ਕਾਰੀ ਦੌਰਾਨ ਵਿਭਿੰਨ ਰੰਗਮੰਚੀ ਜੁਜ਼ਾਂ ਵਜੋਂ ਸੈੱਟ, ਮੇਕਅਪ, ਸੰਗੀਤ, ਅਦਾਕਾਰਾਂ ਆਦਿ ਦੀ 'ਵਿਚੋਲਗੀ' ਨੇ ਅਹਿਮ ਭੂਮਿਕਾ ਨਿਭਾਉਣੀ ਹੈ। ਇਸ ਪ੍ਰਕਿਰਿਆ ਵਿਚ 'ਨਾਟਕੀ ਲਿਖਤ' ਦੇ ਸੰਚਾਰ ਨੇ 'ਨਿਰਦੇਸ਼ਕ ਤੋਂ ਨਿਰਦੇਸ਼ਕ' ਅਤੇ 'ਪੇਸ਼ਕਾਰੀ ਤੋਂ ਪੇਸ਼ਕਾਰੀ' ਤਕ ਨਿਰੰਤਰ ਸਫ਼ਰ ਕਰਦਿਆਂ ਹੋਇਆਂ ਹਮੇਸ਼ਾ 'ਪਰਿਵਰਤਨਸ਼ੀਲ' ਰਹਿਣਾ ਹੈ।

ਉਪਰੋਕਤ ਪਰਿਪੇਖ ਵਿਚ 'ਸਮਕਾਲ' ਅਤੇ 'ਨਾਟਕ' ਵਿਚਲੀ ਤੀਸਰੀ ਧਿਰ ਕੇਵਲ 'ਸਿਰਜਣ-ਪ੍ਰਕਿਰਿਆ' ਹੀ ਨਹੀਂ ਰਹਿੰਦੀ, ਬਲਕਿ ਇਸ 'ਨਾਟ-ਸਿਰਜਣ ਪ੍ਰਕਿਰਿਆ' ਵਿਚ ਵੀ ਅੱਗੋਂ ਕਈ ਧਿਰਾਂ ਦੀ 'ਸਿਰਜਣ-ਪ੍ਰਕਿਰਿਆ' ਦੀ ਦਖ਼ਲਅੰਦਾਜ਼ੀ ਹੁੰਦੀ ਹੈ, ਜਿਸ ਸਦਕਾ ਨਾਟਕਕਾਰ ਦੀ ਸਿਰਜਣ-ਪ੍ਰਕਿਰਿਆ ਹਮੇਸ਼ਾ 'ਕਾਂਟੇ' ਹੇਠ ਰਹਿੰਦੀ ਹੈ। ਇਸ ਪੱਖੋਂ ਪ੍ਰੋ. ਮੋਹਨ ਸਿੰਘ ਦੀਆਂ ਆਪਣੀ ਕਾਵਿ-ਸਿਰਜਣ ਪ੍ਰਕਿਰਿਆ ਦੀ ਵਜ਼ਾਹਤ ਲਈ ਲਿਖੀਆਂ ਨਿਮਨਲਿਖਤ ਸਤਰਾਂ 'ਨਾਟਕ ਦੀ ਵਿਧਾ' ਉਤੇ ਵਧੇਰੇ ਢੁਕਦੀਆਂ ਹਨ :

ਮੈਂ ਸ਼ਾਇਰ ਰੰਗ ਰੰਗੀਲਾ
ਮੈਂ ਪਲ ਪਲ ਰੂਪ ਵਟਾਵਾਂ
ਮੈਂ ਵਟਦਾ ਰਹਾਂ ਤੇ ਜੀਵਾਂ
ਤੇ ਖਲਾਂ ਤਾਂ ਮਰ ਜਾਵਾਂ।[2]

ਇਥੇ ਸ਼ਾਇਰ 'ਸਮਕਾਲ ਦੇ ਸਨਮੁਖ' ਰਹਿੰਦਿਆਂ ਆਪਣੀ ਸ਼ਾਇਰਾਨਾ 'ਤਰਲਤਾ' ਭਾਵ ਗਤੀਸ਼ੀਲਤਾ ਦੀ ਗੱਲ ਕਰਦਾ ਹੈ ਜਦਕਿ ਆਪਣੀ 'ਨਾਟਕਕਾਰੀ' ਦੌਰਾਨ 'ਸਮਕਾਲ ਦੇ ਸਨਮੁਖ' ਰਹਿੰਦਿਆਂ ਨਾਟਕਕਾਰ ਨੂੰ ਹਮੇਸ਼ਾ ਆਪਣੀ ਰਚਨਾਤਮਕ 'ਤਰਲਤਾ' ਦੀ ਥਾਂ 'ਤਾਰਕਿਕਤਾ' ਦੀ ਸਵਾਰੀ ਕਰਨੀ ਪੈਂਦੀ ਹੈ, ਜਿਸ ਲਈ ਉਹ ਹਮੇਸ਼ਾ 'ਰੰਗਮੰਚੀ ਕਲਾ' ਦੇ ਸਨਮੁਖ ਰਹਿ ਕੇ ਆਪਣੀ 'ਸਿਰਜਣ-ਪ੍ਰਕਿਰਿਆ' ਨਾਲ ਜੂਝਦਾ ਹੈ।

ਨਾਟਕ ਦੀ ਵਿਧਾ ਦੇ ਪ੍ਰਸੰਗ ਵਿਚ ਸਿਰਜਣ-ਪ੍ਰਕਿਰਿਆ ਦੇ ਸੰਕਟ ਦਾ ਇਹ ਪ੍ਰਸੰਗ ਇਸ ਲਈ ਉਸਾਰਨਾ ਪਿਆ ਕਿ ਲੰਮੇ ਸਮੇਂ ਤੋਂ 'ਨਾਟਕ' ਨੂੰ ਨਿਰੋਲ 'ਸਾਹਿਤਕ ਵਿਧਾ' ਮੰਨ ਕੇ, ਉਸ ਦੇ ਅਧਿਐਨ ਤੇ ਅਧਿਆਪਨ ਲਈ ਗਲਪ ਦੇ ਜੁਜ਼ਾਂ (ਕਥਾਨਕ, ਪਾਤਰ, ਭਾਸ਼ਾ, ਸ਼ੈਲੀ ਆਦਿ) ਦੀ ਸਹਾਇਤਾ ਲਈ ਜਾਂਦੀ ਰਹੀ ਹੈ ਜਦਕਿ ਇਸ ਕਾਰਜ ਲਈ 'ਸਿਰਜਣਾ' ਤੇ 'ਸਮੀਖਿਆ' ਦੇ ਵੀ ਨਵੇਂ ਪ੍ਰਤੀਮਾਨ ਹੋਣਗੇ। ਇਸ ਨੂੰ ਇੰਜ ਵੀ ਕਹਿਣਾ ਯੋਗ ਹੋਵੇਗਾ ਕਿ 'ਨਾਟਕ' ਨੂੰ 'ਸਮਕਾਲ ਦੇ ਸਨਮੁਖ' ਹੁੰਦਿਆਂ ਆਪਣੇ ਭੈਣ ਭਰਾਵਾਂ ਭਾਵ ਦੂਜੇ 'ਸਾਹਿਤ-ਰੂਪਾਂ' ਦੇ ਮੁਕਾਬਲੇ ਵਧੇਰੇ ਸੁਚੇਤ ਰਹਿਣਾ ਪੈਂਦਾ ਹੈ ਕਿਉਂਕਿ ਉਸ ਦੀ ਚੰਡਾਈ 'ਘਰ' (ਪਾਠਕ) ਵਿਚ ਨਹੀਂ ਬਲਕਿ 'ਪਰ੍ਹੇ' (ਹਾਲ) ਵਿਚ ਹੋਣੀ ਹੁੰਦੀ ਹੈ। ਆਪਣੇ ਲੇਖ ਦੀ ਇਸ 'ਭੂਮਿਕਾ' ਨੂੰ ਉਸਾਰਨ ਉਪਰੰਤ 'ਸਮਕਾਲ ਦੇ ਸਨਮੁਖ' ਨਾਟਕ ਦੀ ਵਿਧਾ ਦੀ ਭੂਮਿਕਾ ਦੇ ਨਿਰਧਾਰਣ ਵਿਚ ਹੀ ਮੇਰੀ ਨਾਟ-ਸਿਰਜਣ ਪ੍ਰਕਿਰਿਆ ਦਾ ਪ੍ਰਸੰਗ ਅਰਥਵਾਨ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਪੱਖ ਮਹੱਤਵਪੂਰਨ ਹੈ ਕਿ ਭਾਵੇਂ ਹਰ ਲੇਖਕ ਨੂੰ ਹੀ ਆਪਣੀ 'ਵਿਚਾਰਧਾਰਾ' ਵਿਚ 'ਸਪਸ਼ਟਤਾ' ਰੱਖਣ ਅਤੇ ਇਸ ਵਿਚ 'ਤਰਲਤਾ' ਤੋਂ ਬਚਣ ਲਈ ਕਿਸੇ 'ਪਾਰਟੀ ਵਿਸ਼ੇਸ਼' ਨਾਲ ਜੁੜਨ ਤੋਂ ਬਚਣਾ ਚਾਹੀਦਾ ਹੈ ਪਰੰਤੂ 'ਨਾਟਕਕਾਰ' ਲਈ ਇਹ ਅਤਿਅੰਤ ਜ਼ਰੂਰੀ ਹੈ ਕਿਉਂਕਿ ਉਸ ਨੇ ਪਹਿਲਾਂ ਇਕ 'ਚਿੰਤਕ' ਵਜੋਂ ਮਸਲਿਆਂ ਨੂੰ 'ਸਮਝਣਾ' ਹੁੰਦਾ ਹੈ ਅਤੇ 'ਫੇਰ ਨਾਟਕਕਾਰ' ਵਜੋਂ ਪਾਠਕਾਂ/ਦਰਸ਼ਕਾਂ ਨੂੰ 'ਸਮਝਾਉਣਾ' ਹੁੰਦਾ ਹੈ। ਇੰਜ ਨਾਟਕਕਾਰੀ 'ਸਿਧਾਂਤ' ਤੇ 'ਵਿਹਾਰ' ਦੀ ਜੁਗਲਬੰਦੀ ਹੈ। ਇਸ ਗੱਲ ਦੀ ਵਜ਼ਾਹਤ ਲਈ ਸਾਰਤਰ ਦਾ 'ਕਿਸੇ ਪਾਰਟੀ ਦਾ ਮੈਂਬਰ ਬਣੇ ਬਗੈਰ ਹਮਸਫ਼ਰ ਬਣੇ ਰਹਿਣ'[3] ਵਾਲਾ ਫਾਰਮੂਲਾ ਕਾਰਗਾਰ ਹੈ। ਇਸ ਧਾਰਨਾ ਦੀ ਲੋਅ ਵਿਚ ਆਪਣੀ 'ਨਾਟ-ਸਿਰਜਣ ਪ੍ਰਕਿਰਿਆ' ਦਾ ਪਰਿਪੇਖ ਉਸਾਰਦਿਆਂ 'ਇਪਟਾ' ਲਹਿਰ ਦਾ ਹਵਾਲਾ ਦੇਣਾ ਯੋਗ ਹੋਵੇਗਾ। ਰੰਗਕਰਮੀਆਂ ਦੀ ਇਹ ਜਮਾਤ ਲੰਮੇ ਸਮੇਂ ਤਕ ਜਥੇਬੰਦਕ ਤੌਰ ਤੇ 'ਕਮਿਊਨਿਸਟ ਪਾਰਟੀ' ਦੀ ਹਮਸਫ਼ਰ ਬਣ ਕੇ ਵਿਚਰੀ ਪਰੰਤੂ ਕਮਿਊਨਿਸਟ ਪਾਰਟੀ ਦੇ ਦੋਫਾੜ ਹੋਣ ਉਪਰੰਤ ਇਹ ਦੋਹਾਂ ਵਿਚੋਂ ਇਕ 'ਧਿਰ' ਨਾਲ ਜੁੜ ਗਈ। ਸਿੱਟੇ ਵਜੋਂ ਸਮਾਂ ਪਾ ਕੇ 'ਸੁਤੰਤਰ ਰੰਗਕਰਮੀਆਂ' ਦੀ ਇਹ ਜਮਾਤ ਵਰਤਮਾਨ ਵਿਚ 'ਸੁਤੰਤਰ' ਨਾ ਰਹਿ ਕੇ ਇਕ ਪਾਰਟੀ ਦੁਆਰਾ 'ਸੰਚਾਲਿਤ' ਹੋਣ ਦੇ ਮੁਕਾਮ ਤੇ ਪੁੱਜ ਗਈ ਹੈ। ਇਪਟਾ ਵਿਚ ਕੰਮ ਕਰਦਿਆਂ ਅਤੇ ਪੰਜਾਬ ਦੇ ਕਾਲੇ ਦੌਰ ਵਿਚ ਪੰਜਾਬ ਇਪਟਾ ਦਾ ਉਪ ਪ੍ਰਧਾਨ ਤੇ ਪਟਿਆਲਾ ਇਪਟਾ ਦਾ ਪ੍ਰਧਾਨ ਰਹਿੰਦਿਆਂ ਮੈਂ ਨਿਜੀ ਤਜਰਬੇ ਦੇ ਆਧਾਰ ਤੇ ਇਹ ਕਹਿਣ ਦਾ ਹੱਕ ਰੱਖਦਾ ਹਾਂ। ਅਸਲ ਵਿਚ ਕੋਈ ਵੀ ਸੰਕਟ ਨਾਟਕਕਾਰ ਲਈ ਦੂਹਰਾ ਸੰਕਟ ਹੁੰਦਾ ਹੈ। ਜਦੋਂ ਨਾਟਕਕਾਰ ਕਿਸੇ 'ਵਿਚਾਰਧਾਰਾ ਦਾ ਹਮਸਫ਼ਰ' ਹੋਣ ਦੀ ਥਾਂ 'ਕਿਸੇ ਪਾਰਟੀ ਦਾ ਹਮਸਫ਼ਰ' ਬਣਦਾ ਹੈ ਤਾਂ ਵੱਡਾ ਮਸਲਾ ਪੈਦਾ ਹੁੰਦਾ ਹੈ। ਕਿਸੇ ਵੀ ਰਾਜਸੀ ਪਾਰਟੀ ਦੀ 'ਪਾਰਟੀ ਲਾਈਨ' ਪਰਿਵਰਤਨਸ਼ੀਲ ਹੁੰਦੀ ਹੈ ਕਿਉਂਕਿ ਬਹੁਤੀ ਵਾਰ ਪਾਰਟੀ ਲਈ ਆਪਣੀ 'ਕਾਰਜਕੁਸ਼ਲਤਾ' ਨੂੰ 'ਤਤਕਾਲ ਦੇ ਸਨਮੁਖ' ਰਖ ਕੇ ਬਦਲਦੇ ਰਹਿਣਾ ਜ਼ਰੂਰੀ ਬਣ ਜਾਂਦਾ ਹੈ। ਇਉਂ 'ਰਾਜਨੀਤੀ' ਨੇ 'ਤਤਕਾਲ' ਦੀਆਂ ਚੁਣੌਤੀਆਂ ਦੇ ਰੂਬਰੂ ਹੋ ਕੇ ਫੈਸਲੇ ਲੈਣੇ ਹੁੰਦੇ ਹਨ ਜਦਕਿ ਨਾਟਕਕਾਰ ਨੇ 'ਤਤਕਾਲੀ ਸਰੋਕਾਰਾਂ' (topical concerns) ਵਿਚੋਂ ਉਭਰਦੇ 'ਸਮਕਾਲੀ ਸਰੋਕਾਰਾਂ' (contemporary concerns) ਦੇ ਸਨਮੁਖ ਰਹਿੰਦਿਆਂ ਇਕ ਪਾਸੇ 'ਤਤਕਾਲ' ਨਾਲ ਵੀ ਭਿੜਨਾ ਹੁੰਦਾ ਹੈ ਅਤੇ ਦੂਜੇ ਪਾਸੇ 'ਤਤਕਾਲ' ਨੂੰ 'ਸਮਕਾਲ' ਦੀ ਤੱਕੜੀ ਵਿਚ ਤੋਲ ਕੇ

ਆਪਣੀ ਰਚਨਾਕਾਰੀ ਨੂੰ 'ਚਿਰਕਾਲ' ਲਈ ਜੀਉਂਦਾ ਵੀ ਰੱਖਣਾ ਹੁੰਦਾ ਹੈ। ਇੰਜ ਤਤਕਾਲ-ਸਮਕਾਲ-ਚਿਰਕਾਲ ਦੀ ਤ੍ਰਿਕੜੀ ਵਿਚੋਂ 'ਤਤਕਾਲ' ਹਰ ਸਕਿੰਟ ਘਟਦਾ ਵਧਦਾ ਹੈ ਅਤੇ ਇਸ ਘਟਣ ਵਧਣ ਦੇ ਨਾਲ ਨਾਲ 'ਸਮਕਾਲ' ਵਿਚ 'ਫੈਲਦਾ ਸੁੰਘੜਦਾ' ਰਹਿੰਦਾ ਹੈ ਜਦਕਿ ਨਾਟਕਕਾਰ ਨੇ ਇਸ 'ਤਤਕਾਲ' ਨੂੰ 'ਸਮਕਾਲ' ਦੀ ਸਾਣ ਤੇ ਚੜ੍ਹਾ ਕੇ 'ਚਿਰਕਾਲ' ਲਈ ਜੀਵਤ ਰੱਖਣਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਤਤਕਾਲ ਤੇ ਸਮਕਾਲ ਦੋਵੇਂ 'ਪਰਿਵਰਤਨਸ਼ੀਲ' ਹਨ ਜਦਕਿ ਰਚਨਾ ਨੇ ਆਕਾਰ ਗ੍ਰਹਿਣ ਕਰਨ ਤੋਂ ਬਾਅਦ 'ਚਿਰਕਾਲ' ਲਈ 'ਸਥਿਰ' ਹੋ ਜਾਣਾ ਹੁੰਦਾ ਹੈ ਜਿਸ ਵਿਚ ਮੁੜ ਤਬਦੀਲੀ ਦੀ ਸੰਭਾਵਨਾ ਨਹੀਂ ਰਹਿੰਦੀ।[4] ਇਸੇ ਲਈ ਨਾਟਕ ਦਾ ਚਰਿੱਤਰ ਪਾਰਗਾਮੀ ਹੁੰਦਾ ਹੈ। ਦੂਜੇ ਪਾਸੇ 'ਸਮਕਾਲ' ਤੋਂ ਪਾਸਾ ਵੱਟ ਕੇ ਕੇਵਲ 'ਤਤਕਾਲੀ ਰਚਨਾ' (topical writing) ਕਰਨ ਵਾਲੇ ਨਾਟਕਕਾਰ ਉਤੇ ਨਿਮਨਲਿਖਤ ਸ਼ੇਅਰ ਢੁਕਦਾ ਹੈ :

ਲਮਹੋਂ ਨੇ ਖ਼ਤਾ ਕੀ ਸਦੀਉਂ ਨੇ ਸਜ਼ਾ ਪਾਈ

ਲਿਹਾਜ਼ਾ 'ਸਮਕਾਲ ਦੇ ਸਨਮੁਖ' ਹੋਣ ਦੀ ਥਾਂ 'ਤਤਕਾਲ' ਵਿਚ ਤੁਰੰਤ ਰਚੀ ਗਈ ਰਚਨਾ 'ਚਿਰਕਾਲ' ਲਈ ਲੇਖਕ ਦੇ ਗਲ ਦੀ ਸਰਾਲ ਬਣ ਜਾਂਦੀ ਹੈ ਜਿਸ ਨੂੰ ਨਾ ਰਖਿਆ ਜਾ ਸਕਦਾ ਹੈ ਤੇ ਨਾ ਸੁੱਟਿਆ ਜਾ ਸਕਦਾ ਹੈ। ਅਜਿਹੀ ਸਥਿਤੀ ਉਨ੍ਹਾਂ ਲੇਖਕਾਂ ਨਾਲ ਵਧੇਰੇ ਵਾਪਰਦੀ ਹੈ ਜਿਹੜੇ ਹਰ ਪਾਸਿਉਂ 'ਸਮਕਾਲ ਦੇ ਸਨਮੁਖ' ਹੋ ਕੇ ਉੱਤਮ ਦਰਜੇ ਦੀ ਰਚਨਾਕਾਰੀ ਕਰਦੇ ਹਨ, ਪਰੰਤੂ ਕਿਸੇ 'ਪਾਰਟੀ ਵਿਸ਼ੇਸ਼' ਨਾਲ ਬੱਝਣ ਕਰਕੇ 'ਵਸਤੂ-ਯਥਾਰਥ' ਨੂੰ 'ਤਤਕਾਲ' ਵਿਚ 'ਪਾਰਟੀ ਲਾਈਨ' ਅਨੁਸਾਰ ਪੇਸ਼ ਕਰਨ ਦੀ ਮਜਬੂਰੀ ਵਿਚ ਹੁੰਦੇ ਹਨ। ਉਦਾਹਰਣ ਵਜੋਂ ਇਪਟਾ ਲਹਿਰ ਦੇ ਤੇਰਾ ਸਿੰਘ ਚੰਨ ਦਾ 'ਲੱਕੜ ਦੀ ਲੱਤ' ਅਤੇ ਜੋਗਿੰਦਰ ਬਾਹਰਲਾ ਦਾ 'ਖੋਹੀਆਂ ਰੰਬੀਆਂ' ਚਿਰਕਾਲੀ ਨਾਟ-ਰਚਨਾਵਾਂ ਹਨ ਜਦਕਿ ਚੰਨ ਜੀ ਦਾ ਹੀ 'ਨੀਲ ਦੀ ਸ਼ਹਿਜ਼ਾਦੀ' ਅਤੇ ਬਾਹਰਲਾ ਜੀ ਦੇ 'ਟੈਕਸ', 'ਫਿਰਕੂ ਰੋਕਾਂ' ਆਦਿ 'ਤਤਕਾਲੀ ਰਚਨਾਕਾਰੀ' (topical writings) ਦੇ ਘੇਰੇ ਵਿਚ ਆਉਣ ਕਾਰਨ ਵਕਤੀ ਰਹਿ ਗਈਆਂ ਹਨ। ਸ਼ਾਇਦ ਇਹੀ ਕਾਰਨ ਹੈ ਕਿ ਇਨ੍ਹਾਂ ਲੇਖਕਾਂ ਵਿਚੋਂ ਬਹੁਤਿਆਂ ਨੇ ਆਪਣੀਆਂ 'ਤਤਕਾਲੀ ਸਰੋਕਾਰਾਂ' ਵਾਲੀ ਰਚਨਾਵਾਂ ਸਾਂਭੀਆਂ ਹੀ ਨਹੀਂ। ਇਸ ਦਾ ਪ੍ਰਮਾਣ ਮੈਨੂੰ 'ਸ਼ੀਲਾ ਭਾਟੀਆ ਦੇ ਉਪੇਰੇ' ਅਤੇ 'ਜਗਦੀਸ਼ ਫਰਿਆਦੀ ਦੇ ਉਪੇਰੇ' ਦਾ ਸੰਪਾਦਨ ਕਰਨ ਵੇਲੇ ਉਦੋਂ ਮਿਲਿਆ ਜਦੋਂ ਮੈਨੂੰ ਇਨ੍ਹਾਂ ਨਾਟਕਕਾਰਾਂ ਦੇ 'ਉੱਤਰ ਕਾਲ' ਵਿਚ ਲਿਖੇ ਉਪੇਰਿਆਂ ਦੇ ਖਰੜੇ ਤਾਂ ਮਿਲ ਗਏ ਪਰ 'ਤਤਕਾਲੀ ਉਪੇਰਿਆਂ' ਦੇ ਮਤਨ ਨਹੀਂ ਮਿਲੇ। ਇਹੀ ਕਾਰਨ ਹੈ ਕਿ ਕਿਸੇ ਵਿਸ਼ੇਸ਼ ਸਮੇਂ ਵਿਚ ਮਸ਼ਹੂਰ ਹੋਇਆ ਸ਼ੀਲਾ ਭਾਟੀਆ ਦਾ ਉਪੇਰਾ 'ਵਾਦੀ ਦੀ ਗੂੰਜ' ਅਤੇ ਜਗਦੀਸ਼ ਫਰਿਆਦੀ ਦਾ ਉਪੇਰਾ 'ਘੁੱਗੀ' ਹੁਣ ਸਾਡੇ ਪਾਸ ਨਹੀਂ ਹਨ।

ਮੇਰੀਆਂ ਉਪਰੋਕਤ ਮਾਨਤਾਵਾਂ ਦੇ ਪ੍ਰਸੰਗ ਵਿਚ ਹੀ 'ਸਮਕਾਲ ਦੇ ਸਨਮੁਖ ਮੇਰੀ ਨਾਟ-ਸਿਰਜਣ ਪ੍ਰਕਿਰਿਆ' ਅਰਥ ਗ੍ਰਹਿਣ ਕਰਦੀ ਹੈ। ਮੈਂ ਮੁਢ ਤੋਂ ਹੀ ਸਾਹਿਤ ਜਗਤ ਵਿਚ ਪ੍ਰਗਤੀਸ਼ੀਲਤਾ, ਤਰਕਸ਼ੀਲਤਾ ਅਤੇ ਧਰਮ ਨਿਰਪੱਖਤਾ ਦੇ ਤ੍ਰਿਕੜੀ ਰਾਹ ਤੇ ਚਲਦਾ ਹੋਇਆ 'ਅਗਾਂਹਵਧੂ ਧਿਰਾਂ' ਦਾ ਹਮਸਫ਼ਰ ਰਿਹਾ ਹਾਂ। ਇਹੀ ਕਾਰਨ ਹੈ ਕਿ ਪੰਜਾਬ ਸੰਕਟ ਦੇ ਦੌਰ ਵਿਚ 'ਇਪਟਾ' ਤੋਂ ਇਲਾਵਾ 'ਪਲਸ ਮੰਚ' ਦੀ ਸਥਾਪਨਾ ਨਾਲ ਸੰਬੰਧਿਤ ਰਹਿ ਕੇ ਇਸ ਦੁਆਰਾ ਆਰੰਭੇ ਮੈਗਜ਼ੀਨ 'ਸਰਦਲ' ਦਾ ਪਹਿਲੇ ਕੁਝ ਸਾਲ ਸਲਾਹਕਾਰ ਵੀ ਰਿਹਾ। ਹੁਣ ਵੀ ਇਨ੍ਹਾਂ

ਦੋਹਾਂ ਅਗਾਂਹਵਧੂ ਜਥੇਬੰਦੀਆਂ ਨਾਲ ਮੇਰੀ ਸਿਰਜਣਾਤਮਕ ਵਾਬਸਤਗੀ ਹੈ। ਇਹ ਤਾਂ ਹੀ ਸੰਭਵ ਹੋ ਸਕਿਆ ਕਿ ਮੈਂ ਕਿਸੇ 'ਪਾਰਟੀ ਦੀ ਮੈਂਬਰਸ਼ਿਪ' ਦੇ ਬੰਧਨ ਤੋਂ ਮੁਕਤ ਹੋ ਕੇ ਇਸ 'ਸਫ਼ਰ ਦਾ ਹਮਸਫ਼ਰ' ਬਣ ਕੇ ਵਿਚਰਿਆ ਹਾਂ ਅਤੇ ਹੁਣ ਵੀ ਵਿਚਰ ਰਿਹਾ ਹਾਂ। ਇਸ ਸਥਿਤੀ ਵਿਚ 'ਸਮਕਾਲ ਦੇ ਸਨਮੁਖ ਮੇਰੀ ਨਾਟ-ਸਿਰਜਣ ਪ੍ਰਕਿਰਿਆ' ਦੌਰਾਨ ਮੈਨੂੰ ਕਦੇ ਵੀ 'ਕਾਂਟਾ' ਬਦਲਣ ਦੀ ਲੋੜ ਨਹੀਂ ਪਈ। ਮੈਂ ਆਪਣੀ ਚਾਲ 'ਸਿੱਧੀ ਸਤੋਰ' ਰੱਖੀ ਵਰਨਾ ਇਤਿਹਾਸ ਵਿਚ ਕਿਸੇ ਵਿਸ਼ੇਸ਼ 'ਧਿਰ' ਨਾਲ ਜੁੜੇ ਰਹਿਣ ਦੀ ਮਜਬੂਰੀ ਕਾਰਨ ਸਾਡੇ ਕਈ ਵੱਡੇ ਸਾਹਿਤਕਾਰ 'ਕਾਂਟਾ' ਬਦਲਣ ਲਈ ਮਜਬੂਰ ਹੁੰਦੇ ਰਹੇ ਹਨ। ਮਸਲਨ ਜਿਸ ਅੰਮ੍ਰਿਤਾ ਪ੍ਰੀਤਮ ਨੇ 1947 ਦੀ ਦੇਸ਼ ਵੰਡ ਵੇਲੇ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਲਿਖ ਕੇ ਵਿਸ਼ਵ ਵਿਆਪੀ ਪਛਾਣ ਬਣਾਈ ਉਸੇ ਅੰਮ੍ਰਿਤਾ ਦੀ ਕਲਮ ਦਿੱਲੀ ਵਿਚ ਰਹਿੰਦਿਆਂ ਨਵੰਬਰ 84 ਦੇ ਕਤਲੇਆਮ ਸਮੇਂ ਨਹੀਂ ਬੋਲੀ। ਲਿਹਾਜ਼ਾ 'ਸਮਕਾਲ ਦੇ ਸਨਮੁਖ' ਹੋ ਕੇ 'ਸਹੀ ਸਮੇਂ ਤੇ ਸਹੀ ਨਾਲ ਖੜਨਾ' ਅਤੇ 'ਗ਼ਲਤ ਨੂੰ ਨਿੰਦਣਾ' ਕਿਸੇ ਵੀ ਲੇਖਕ ਦਾ ਧਰਮ ਹੁੰਦਾ ਹੈ। ਲੇਖਕ ਕਿਸੇ ਵੀ ਕੀਮਤ ਤੇ ਆਪਣੇ ਇਸ 'ਲੇਖਕੀਯ ਧਰਮ' ਤੋਂ ਭੱਜ ਨਹੀਂ ਸਕਦਾ। ਇੰਜ ਹੀ ਲੇਖਕ ਵਾਸਤੇ ਆਪਣੀ ਜਾਗਦੀ ਜ਼ਮੀਰ ਕਾਰਨ 'ਤਤਕਾਲ' ਵਿਚ ਸੱਤਾ ਦਾ ਵਿਰੋਧ ਕਰਨਾ ਜ਼ਰੂਰੀ ਬਣ ਜਾਂਦਾ ਹੈ। ਇਸ ਸਥਿਤੀ ਵਿਚ ਨਾਟਕਕਾਰ ਲਈ 'ਤਤਕਾਲੀ ਘਟਨਾਵਾਂ' ਪ੍ਰਤੀ ਰੋਸ ਪ੍ਰਗਟ ਕਰਨਾ ਹੋਰ ਵੀ ਜ਼ਰੂਰੀ ਹੈ ਕਿਉਂਕਿ ਉਸ ਨੇ 'ਤਤਕਾਲ' ਨੂੰ 'ਸਮਕਾਲ' ਦੀ ਤੱਕੜੀ ਵਿਚ ਤੋਲ ਕੇ ਆਪਣੇ ਨਾਟਕ ਵਿਚ 'ਚਿਰਕਾਲ' ਲਈ ਸੰਭਾਲਣਾ ਹੁੰਦਾ ਹੈ।

ਇਸ ਪ੍ਰਸੰਗ ਵਿਚ ਇਕ ਨੁਕਤਾ ਇਹ ਵੀ ਵਿਚਾਰਨ ਵਾਲਾ ਹੈ ਕਿ 'ਸਮਕਾਲ' ਕੇਵਲ 'ਰਾਜਸੀ ਹਾਲਾਤ' ਨਹੀਂ ਹੁੰਦੇ ਭਾਵ ਕਿਸੇ ਰਾਜਸੀ ਘਟਨਾ ਦਾ ਫ਼ੌਰੀ ਪ੍ਰਤੀਕਰਮ ਹੀ 'ਸਮਕਾਲ ਨਾਲ ਭਿੜਨਾ' ਨਹੀਂ ਹੁੰਦਾ ਬਲਕਿ ਇਸ ਦੇ ਸਮਾਨਾਂਤਰ ਸਮਾਜਿਕ, ਆਰਥਿਕ, ਸਭਿਆਚਾਰਕ ਹਾਲਾਤ ਨਾਲ ਭਿੜਨਾ ਵੀ 'ਸਮਕਾਲ ਦੇ ਸਨਮੁਖ' ਹੋਣਾ ਹੀ ਹੁੰਦਾ ਹੈ। ਮਸਲਨ ਔਰਤਾਂ ਨੂੰ ਨਾ ਪੜ੍ਹਾਉਣ ਵਾਲੇ ਦੌਰ ਵਿਚ ਕਿਸੇ ਦਾ ਆਪਣੀਆਂ ਧੀਆਂ ਨੂੰ ਪੜ੍ਹਾ ਦੇਣਾ ਹੀ 'ਸਮਕਾਲ ਦੇ ਸਨਮੁਖ' ਹੋਣਾ ਹੁੰਦਾ ਹੈ।[5] ਇੰਜ ਹੀ ਦਾਜ ਦਹੇਜ ਵਰਗੀਆਂ ਰਸਮਾਂ ਦੇ ਹੁੰਦਿਆਂ ਸਚਮੁਚ 'ਸਾਦਾ ਵਿਆਹ' ਕਰਵਾਉਣਾ ਵੀ 'ਸਮਕਾਲ ਦੇ ਸਨਮੁਖ' ਹੋਣਾ ਹੀ ਹੁੰਦਾ ਹੈ।[6] ਇਉਂ 'ਸਮਕਾਲ' ਕੇਵਲ ਰਾਜਸੀ ਸਥਿਤੀਆਂ ਅਤੇ ਰਾਜਸੀ ਘਟਨਾਵਾਂ ਦਾ ਰਾਜਸੀ ਪ੍ਰਤੀਉੱਤਰ ਹੀ ਨਹੀਂ ਬਲਕਿ ਸਮਾਜਿਕ ਮਸਲਿਆਂ, ਆਰਥਿਕ ਸਥਿਤੀਆਂ ਅਤੇ ਸਭਿਆਚਾਰਕ ਬਦਲਾਵਾਂ ਦੇ ਪ੍ਰਸੰਗ ਵਿਚ 'ਸਮਕਾਲ ਦੇ ਸਨਮੁਖ' ਹੋਣਾ ਵੀ ਅਰਥਵਾਨ ਹੁੰਦਾ ਹੈ। ਇਸ ਲਈ ਜਦੋਂ ਕੋਈ ਲੇਖਕ ਕਿਸੇ ਰਾਜਸੀ ਹਾਲਾਤ ਨਾਲ ਜੁੜੇ 'ਸਮਕਾਲੀ ਸਰੋਕਾਰ' ਦੇ ਸਮਾਨਾਂਤਰ 'ਸਮਾਜੀ ਹਾਲਾਤ' ਨਾਲ ਜੁੜੇ 'ਸਮਕਾਲੀ ਸਰੋਕਾਰ' ਨੂੰ ਆਪਣੀ ਰਚਨਾ ਦੇ ਵਸਤੂ-ਯਥਾਰਥ ਵਜੋਂ ਚੁਣਦਾ ਹੈ ਤਾਂ ਇਹ ਕਾਰਜ ਵੀ 'ਸਮਕਾਲ ਦੇ ਸਨਮੁਖ' ਹੋ ਕੇ 'ਸਮਕਾਲ ਨਾਲ ਭਿੜਨ' ਅਤੇ 'ਚਿਰਕਾਲ ਲਈ ਸਿਰਜਣ' ਦਾ ਉਪਕ੍ਰਮ ਬਣਦਾ ਹੈ। ਇਸ ਪਖੋਂ ਮੇਰੇ ਪਹਿਲੇ ਤਿੰਨ ਨਾਟਕਾਂ ਨੂੰ ਵਿਚਾਰਨਾ ਯੋਗ ਹੋਵੇਗਾ, ਜਿਹੜੇ ਕ੍ਰਮਵਾਰ 1986, 1987 ਅਤੇ 1988 ਵਿਚ ਰਚੇ ਗਏ। ਇਨ੍ਹਾਂ ਵਿਚੋਂ ਪਹਿਲੇ ਦੋ ਨਾਟਕ ਕ੍ਰਮਵਾਰ 'ਟਕੋਰਾਂ' ਅਤੇ 'ਮਸਲਾ ਪੰਜਾਬ ਦਾ' ਸਮਕਾਲ ਦੇ ਰਾਜਸੀ ਪ੍ਰਸੰਗਾਂ ਨੂੰ ਨਾਟ-ਵਸਤੂ ਵਜੋਂ ਚੁਣਦੇ ਹਨ ਜਦਕਿ ਤੀਜਾ ਨਾਟਕ 'ਦਾਇਰੇ' ਸਮਾਜੀ ਪ੍ਰਸੰਗਾਂ ਨੂੰ ਆਧਾਰ ਬਣਾਉਂਦਾ ਹੈ। ਪਹਿਲਾ ਨਾਟਕ 'ਟਕੋਰਾਂ' ਸਰਕਾਰ, ਅਫਸਰਸ਼ਾਹੀ ਅਤੇ ਸਿਹਤ ਤੇ

ਸਿਖਿਆ ਦੇ ਨਿਘਰ ਜਾਣ ਦੀ ਸਥਿਤੀ ਦੇ ਪ੍ਰਸੰਗ ਵਿਚ ਪਾਠਕ/ਦਰਸ਼ਕ ਨੂੰ ਚੇਤਨ ਕਰਨ ਦਾ ਉਪਰਾਲਾ ਹੈ ਜਦਕਿ ਦੂਜਾ ਨਾਟਕ 'ਮਸਲਾ ਪੰਜਾਬ ਦਾ' ਵਿਚ 'ਪੰਜਾਬ ਮਸਲੇ' ਪ੍ਰਤੀ ਰਾਜਸੀ ਪਾਰਟੀਆਂ ਦੀ ਪਹੁੰਚ-ਦ੍ਰਿਸ਼ਟੀ ਵਿਚਲੀ 'ਕਾਣ' ਅਤੇ ਰੰਗਮੰਚ ਕਲਾਕਾਰਾਂ ਵਲੋਂ ਵਿਚਾਰਧਾਰਕ ਪੇਤਲੇਪਣ ਦੇ ਪ੍ਰਸੰਗ ਵਿਚ ਇਸ ਸਥਿਤੀ ਨੂੰ 'ਭੁਨਾਉਣ' ਦਾ ਪ੍ਰਸੰਗ ਉਸਾਰਿਆ ਗਿਆ ਹੈ। ਇਹ ਦੋਵੇਂ ਨਾਟਕ ਸਾਢੇ ਤਿੰਨ ਦਹਾਕਿਆਂ ਬਾਅਦ ਹੁਣ ਵੀ ਅਰਥਵਾਨ ਹਨ ਕਿਉਂਕਿ ਇਹ 'ਤਤਕਾਲੀ ਘਟਨਾਵਾਂ' ਦੇ ਚਿਤਰਣ ਦੀ ਥਾਂ 'ਸਮਕਾਲੀ ਵਿਆਖਿਆਵਾਂ' ਹਨ ਜਿਸ ਕਾਰਨ ਇਨ੍ਹਾਂ ਨਾਟਕਾਂ ਵਿਚਲਾ ਮਾਹੌਲ ਕਿਸੇ ਸਮੇਂ ਵਿਸ਼ੇਸ਼ ਦੇ ਨਿਸ਼ਚਿਤ 'ਵਸਤੂ-ਯਥਾਰਥ' ਦੀ ਝਲਕ ਦੇਣ ਦੀ ਥਾਂ 'ਚਿਰਕਾਲ' ਲਈ ਮਹੱਤਵ ਰੱਖਦਾ ਹੈ। ਇਨ੍ਹਾਂ ਦੋਹਾਂ ਦੇ ਉਲਟ ਤੀਜਾ ਨਾਟਕ 'ਦਾਇਰੇ' (ਜਿਸ ਨੂੰ 1989 ਵਿਚ ਸਾਹਿਤ ਕਲਾ ਪਰਿਸ਼ਦ ਦੇ ਸਰਬ ਭਾਰਤੀ ਨਾਟ-ਲੇਖਣ ਮੁਕਾਬਲਾ ਵਿਚ ਪ੍ਰਥਮ ਸਥਾਨ ਵੀ ਮਿਲਿਆ) ਮਧ ਸ਼੍ਰੇਣੀ ਦੀਆਂ 'ਸਮਾਜਿਕ ਅਤੇ ਆਰਥਿਕ ਸਥਿਤੀਆਂ' ਦੀ ਲੋਅ ਵਿਚ 'ਫੈਮਿਲੀ ਪਲੈਨਿੰਗ' ਦੀ ਮਜਬੂਰੀ ਕਾਰਨ ਰਿਸ਼ਤਿਆਂ ਦੇ ਨਿਘਾਰ ਵੱਲ ਜਾਣ ਅਤੇ ਨਾਰੀ ਅਸਮਿਤਾ ਨੂੰ ਖੋਰਾ ਲੱਗਣ ਦੀ ਬਾਤ ਪਾਉਂਦਾ ਹੈ। ਇਹ ਨਾਟਕ 1988 ਵਿਚ ਉਦੋਂ ਰਚਿਆ ਗਿਆ ਜਦੋਂ ਕੰਨਿਆ ਭਰੂਣ ਹੱਤਿਆ ਦਾ ਵਰਤਾਰਾ 'ਤਤਕਾਲ' ਨਹੀਂ ਬਣਿਆ ਸੀ। ਲੇਕਿਨ 'ਭਵਿਖ ਕਾਲ' ਵਿਚ ਇਸ ਦੇ ਵਾਪਰਨ ਦੀ ਸੰਭਾਵਨਾ ਦੇ ਮੱਦੇਨਜ਼ਰ 'ਸਮਕਾਲ ਦੇ ਸਨਮੁਖ' ਹੁੰਦਿਆਂ ਇਸ ਨਾਟਕ ਵਿਚ ਇਸ ਮਸਲੇ ਦਾ ਤਾਰਕਿਕ ਵਿਸ਼ਲੇਸ਼ਣ ਕੀਤਾ ਗਿਆ ਜਿਸ ਵਿਚ ਔਰਤ ਆਪਣਾ 'ਮੂਕ ਵਿਰੋਧ' ਕਰਦੀ ਹੋਈ 'ਸਮਕਾਲ' ਨਾਲ 'ਭਿੜਦੀ' ਵੀ ਹੈ ਪਰੰਤੂ ਨਾਲ ਦੀ ਨਾਲ 'ਤਤਕਾਲ' ਵਿਚ 'ਪਿਸਦੀ' ਵੀ ਹੈ। ਉਦੋਂ ਮੇਰੇ ਨਾਟਕ ਦੇ ਇਕ ਸੰਵਾਦ ਮੁਤਾਬਕ ਵੀਹਵੀਂ ਸਦੀ ਦੇ ਸਿਖਰ ਤੇ ਜਾ ਕੇ ਦੇਸ਼ ਦੀ ਨੱਬੇ ਕਰੋੜ ਆਬਾਦੀ ਸਾਹਮਣੇ ਪ੍ਰਸ਼ਨ ਸੀ ਤੇ ਹੁਣ ਤਿੰਨ ਦਹਾਕਿਆਂ ਬਾਅਦ 90 ਤੋਂ 130 ਕਰੋੜ ਹੋ ਚੁੱਕੇ ਭਾਰਤੀਆਂ ਅੱਗੇ ਵੀ ਇਹ ਪ੍ਰਸ਼ਨ ਉਵੇਂ ਹੀ ਖੜਾ ਹੈ ਬਲਿਕ ਉਸ ਨਾਲੋਂ ਵੱਧ ਵਿਕਰਾਲ ਰੂਪ ਵਿਚ ਮੌਜੂਦ ਹੈ। ਮੇਰਾ ਮੰਨਣਾ ਹੈ ਕਿ ਨਾਟਕਕਾਰ ਨੇ 'ਸਮਕਾਲ ਦੇ ਸਨਮੁਖ' ਹੁੰਦਿਆਂ ਵਸਤੂ-ਯਥਾਰਥ ਨੂੰ ਇੰਜ ਪ੍ਰਸਤੁਤ ਕਰਨ ਦੇ ਸਮਰੱਥ ਹੋਣਾ ਹੁੰਦਾ ਹੈ ਕਿ 'ਵਸਤੂ ਯਥਾਰਥ' ਦੀਆਂ ਪਰਤਾਂ 'ਚਿਰਕਾਲ' ਤਕ ਖੁੱਲ੍ਹਦੀਆਂ ਰਹਿਣ। ਮਸਲਨ ਇਸ ਨਾਟਕ ਦੇ ਨਾਟ-ਵਸਤੂ ਦੇ ਪਿਛੋਕੜ ਵਿਚ ਪਿਆ 'ਫੈਮਿਲੀ ਪਲੈਨਿੰਗ ਪ੍ਰੋਗਰਾਮ' ਕਿਸੇ ਵੀ ਵੇਲੇ ਕੋਈ ਹੋਰ ਰੂਪ-ਆਕਾਰ ਲੈ ਸਕਦਾ ਹੈ, ਪਰੰਤੂ ਨਾਟਕ ਦਾ ਬੁਨਿਆਦੀ ਸਵਾਲ ਤਾਂ ਹਰ ਯੁਗ ਵਿਚ ਹੀ ਸੱਪ ਵਾਂਗ ਫਨ ਚੁੱਕਦਾ ਰਹੇਗਾ ਕਿ 'ਜੇ ਬੱਚੇ ਨੂੰ ਜਨਮ ਦੇਣ' ਦਾ ਪ੍ਰਕਾਰਜ 'ਔਰਤ' ਦਾ ਹੈ ਤਾਂ 'ਬੱਚੇ ਦੇ ਜਨਮ ਲਈ ਫੈਸਲਾ' ਲੈਣ ਦਾ ਅਧਿਕਾਰ 'ਮਰਦ' ਕੋਲ ਕਿਉਂ ਹੈ ? ਜਿਸ ਧਿਰ ਨੇ ਪੀੜ ਸਹਿਣੀ ਹੈ ਉਹ 'ਪੀੜਤ ਧਿਰ' ਕਿਉਂ ਹੈ ਅਤੇ ਜਿਸ ਧਿਰ ਦੀ ਬਦੌਲਤ ਉਸ ਨੇ ਇਹ ਪੀੜ ਸਹਿਣੀ ਹੈ ਉਹ 'ਨਿਰਣਾਇਕ ਧਿਰ' ਕਿਉਂ ਹੈ ? ਇਸ ਸਬੰਧ ਵਿਚ ਮੇਰੇ ਵਾਸਤੇ ਆਪਣੀ ਨਾਟ-ਸਿਰਜਣ ਪ੍ਰਕਿਰਿਆ ਦੌਰਾਨ 'ਸਵੈ ਅਨੁਭਵ' ਅਤੇ 'ਪਰ ਅਨੁਭਵ' ਦੋਹਾਂ ਨੂੰ ਅੰਗੀਕਾਰ ਕਰਨਾ ਜ਼ਰੂਰੀ ਰਿਹਾ ਹੈ। ਮਸਲਨ 'ਦਾਇਰੇ' ਮੈਂ ਉਦੋਂ ਤੋਂ ਲਿਖਣਾ ਚਾਹ ਰਿਹਾ ਸੀ ਜਦੋਂ 'ਵਿਆਹੁਤਾ ਜੀਵਨ' ਮੇਰੇ ਲਈ 'ਪਰ ਅਨੁਭਵ' ਹੀ ਸੀ। ਮੈਂ ਲੰਮਾ ਸਮਾਂ ਆਪਣੇ ਇਕ ਤੋਂ ਵੱਧ ਵਿਆਹੇ ਦੋਸਤਾਂ ਦੀ ਮਦਦ ਨਾਲ ਵਿਭਿੰਨ ਕਿਸਮ ਦੀਆਂ ਨਾਟ-ਜੁਗਤਾਂ ਵਰਤ ਕੇ ਇਹ ਨਾਟਕ ਉਸਾਰਨ ਦਾ ਯਤਨ ਕਰਦਾ ਰਿਹਾ। ਲੇਕਿਨ ਇਸ ਨਾਟਕ ਦੀ ਘਣਤਾ ਵਿਚ ਵਾਧਾ

ਉਦੋਂ ਹੀ ਸੰਭਵ ਹੋਇਆ ਜਦੋਂ 1987 ਵਿਚ ਆਪਣਾ ਵਿਆਹੁਤਾ ਜੀਵਨ ਆਰੰਭ ਕਰਨ ਉਪਰੰਤ 1988 ਵਿਚ ਇਸ ਦੀ ਰਚਨਾ ਕਰਨ ਸਮੇਂ ਮੈਂ 'ਪਰ ਅਨੁਭਵ' ਨੂੰ 'ਸਵੈ ਅਨੁਭਵ' ਨਾਲ ਜੋੜ ਕੇ ਨਾਟਕ ਦੇ ਵਸਤੂ-ਯਥਾਰਥ ਦੀਆਂ ਪਰਤਾਂ ਖੋਲ੍ਹਣ ਦੇ ਸਮਰੱਥ ਹੋ ਸਕਿਆ।[7] ਲੇਕਿਨ ਇਹ ਵੀ ਇਕ ਸੱਚ ਹੈ ਕਿ ਹਰ ਨਾਟਕ ਦੀ ਰਚਨਾ ਵਿਚ 'ਸਵੈ ਅਨੁਭਵ' ਦੀ ਤਾਕਤ ਸ਼ਾਮਿਲ ਨਹੀਂ ਹੋ ਸਕਦੀ। ਉਦੋਂ 'ਪਰ ਅਨੁਭਵ' ਨੂੰ ਹੀ ਆਪਣੀ ਨਾਟਕਕਾਰੀ ਦੀ 'ਸਵੈਚਾਲਕ ਸ਼ਕਤੀ' ਦੇ ਰੂਪ ਵਿਚ ਰੂਪਾਂਤਰਿਤ ਕਰਨਾ ਪੈਂਦਾ ਹੈ। ਅਜਿਹੇ ਸਮੇਂ ਸੰਕਟ ਹੋਰ ਵੀ ਵੱਡਾ ਬਣ ਜਾਂਦਾ ਹੈ। ਮਸਲਨ ਸਮਾਜੀ ਹਾਲਾਤ ਕਾਰਨ ਸਾਡਾ ਨੌਜਵਾਨ ਵਰਗ ਵਿਸ਼ੇਸ਼ ਕਰ ਕੁੜੀਆਂ ਲਈ ਵਿਦਿਆਰਥੀ ਜੀਵਨ ਦੌਰਾਨ ਘੁਟਨ ਦੇ ਵਧ ਆਸਾਰ ਕਈ ਵਾਰ ਕੁਝ ਬੱਚਿਆਂ ਨੂੰ ਖ਼ੁਦਕੁਸ਼ੀ ਦੇ ਰਾਹ ਤੇ ਤੋਰ ਦਿੰਦੇ ਹਨ। ਮੇਰਾ ਅਜਿਹਾ ਹੀ 'ਪਰ ਅਨੁਭਵ' ਸੰਨ 2000 ਦਾ ਹੈ ਜਦੋਂ ਮੇਰੀ ਇਕ ਬਹੁਤ ਹੀ ਜ਼ਹੀਨ ਵਿਦਿਆਰਥਣ ਨੇ ਆਪਣੇ 'ਅੰਦਰ ਦੀ ਇਕੱਲ' ਦੀ ਬਦੌਲਤ ਬਣੇ 'ਅੰਤਰਮੁਖੀ ਸੁਭਾਅ' ਕਾਰਨ ਖ਼ੁਦਕੁਸ਼ੀ ਕਰ ਲਈ। ਉਨ੍ਹੀਂ ਦਿਨੀਂ ਮੁੰਡਿਆਂ ਦੇ ਹੋਸਟਲ ਦਾ ਵਾਰਡਨ ਹੋਣ ਕਰਕੇ ਇਕ ਅਧਿਕਾਰੀ ਵਜੋਂ ਇਕ ਟੀਮ ਦਾ ਮੈਂਬਰ ਬਣ ਕੇ ਮੈਨੂੰ ਆਪਣੀ 45 ਸਾਲ ਦੀ ਹਯਾਤੀ ਦੌਰਾਨ ਪਹਿਲੀ ਵਾਰ ਕੁੜੀਆਂ ਦੇ ਹੋਸਟਲ ਨੂੰ ਅੰਦਰੋਂ ਵੇਖਣ ਤੇ ਵਾਚਨ ਦਾ ਮੌਕਾ ਮਿਲਿਆ। ਆਪਣੀ ਉਸ ਬੱਚੀ ਦੀ ਲਟਕਦੀ ਲਾਸ਼ ਨੂੰ ਪੱਖੇ ਤੋਂ ਲਾਹ ਕੇ ਸਾਰੀਆਂ ਪ੍ਰਬੰਧਕੀ ਕਾਰਵਾਈਆਂ ਕਰਨ ਤੋਂ ਲੈ ਕੇ ਉਸ ਬੱਚੀ ਦੇ ਭੋਗ ਤਕ ਮੈਂ ਮਾਨਸਿਕ ਤੌਰ ਤੇ ਇਸ ਹਾਦਸੇ ਦੇ ਨਾਲ ਨਾਲ ਰਿਹਾ। ਉਸ ਸਮੇਂ 'ਸਮਕਾਲ ਦੇ ਸਨਮੁਖ' ਹੁੰਦਿਆਂ ਮੈਂ ਆਲੇ ਦੁਆਲੇ ਦੇ ਪ੍ਰਤੀਕਰਮਾਂ ਦੀ ਸਹਾਇਤਾ ਨਾਲ ਆਪਣੀ ਕਲਪਨਾ, ਸੋਚ ਅਤੇ ਵਿਚਾਰਧਾਰਾ ਦੇ ਸੁਮੇਲ ਨਾਲ 'ਸਮਾਜੀ ਪ੍ਰਸੰਗ' ਵਿਚ ਨਾਟਕ ਲਿਖਣਾ ਚਾਹਿਆ ਪਰੰਤੂ ਇਸ ਨਾਟਕ ਨੂੰ ਲਿਖਣ ਵਿਚ ਪੂਰੇ 14 ਸਾਲ ਲੱਗ ਗਏ। ਇਹ ਇਕ ਪਾਤਰੀ ਨਾਟਕ 'ਇਕ ਗੀਤ ਦੀ ਮੌਤ' ਭਾਵੇਂ 'ਤਤਕਾਲ' ਵਿਚ ਵਾਪਰੀ ਇਕ ਘਟਨਾ ਦੀ ਉਪਜ ਹੈ, ਪਰੰਤੂ ਉਸ ਦਾ ਨਾਟ-ਵਸਤੂ ਤੇ ਨਾਟ-ਸੰਦੇਸ਼ 'ਸਮਕਾਲ' ਦੀਆਂ ਨਾਰੀ ਸਮੱਸਿਆਵਾਂ ਅਤੇ ਸਮਾਜੀ ਹਾਲਾਤ ਦੇ ਭੇੜ ਵਿਚੋਂ ਇਸ ਪ੍ਰਕਾਰ ਉਦੈ ਹੁੰਦਾ ਹੈ ਕਿ ਹੁਣ ਨਾਟਕ ਦੇ ਰਚੇ ਜਾਣ ਤੋਂ 6 ਸਾਲ ਬਾਅਦ ਵੀ ਇਸ ਨਾਟਕ ਦਾ ਵਸਤੂ-ਯਥਾਰਥ ਸਮਕਾਲਤਾ ਦੀ ਸ਼ਾਹਦੀ ਭਰਦਾ ਹੈ ਜਿਸ ਦੀ 'ਚਿਰਕਾਲਤਾ' ਅਸੰਦਿਗਧ ਹੈ ਕਿਉਂਕਿ ਸਾਡੇ ਸਮਾਜ ਵਿਚ ਨਾਰੀ ਦਾ ਸਥਾਨ ਦੂਜੈਲਾ ਹੋਣ ਦੇ ਇਮਕਾਨ ਵੱਧ ਹਨ।

ਇਸੇ ਕੜੀ ਵਿਚ ਕਈ ਵਾਰ 'ਭੂਤਕਾਲ' ਵੀ 'ਤਤਕਾਲ' ਲਈ ਮਹੱਤਵਪੂਰਨ ਹੋ ਕੇ ਆਪਣੀ 'ਚਿਰਕਾਲਤਾ' ਦੀ ਲਿਸ਼ਕੋਰ ਕਾਰਨ 'ਸਮਕਾਲ ਦੇ ਸਨਮੁਖ' ਖੜ ਕੇ ਨਾਟਕ ਦਾ ਵਸਤੂ ਬਣ ਜਾਂਦਾ ਹੈ। ਜਿਵੇਂ ਪੰਜਾਬ ਸੰਕਟ (1978-1992) ਵਿਚਲੇ 14 ਸਾਲ ਦੌਰਾਨ 'ਭੂਤਕਾਲ' ਵਿਚ ਵਾਪਰੇ 47 ਦੀ ਵੰਡ ਦੇ ਦੁਖਾਂਤ ਨੇ 'ਸਮਕਾਲ ਦੇ ਸਨਮੁਖ' ਹੁੰਦਿਆਂ ਇਕ ਤੋਂ ਵਧ ਨਾਟਕਾਂ ਦਾ ਨਾਟ-ਵਸਤੂ ਬਣ ਕੇ 'ਤਤਕਾਲ' ਦੀ 'ਚਿਰਕਾਲਤਾ' ਵਿਚ ਮੇਰਾ ਵਿਸ਼ਵਾਸ ਪੱਕਾ ਕੀਤਾ। ਇਸ ਦੀ ਉਦਾਹਰਣ ਸਆਦਤ ਹਸਨ ਦੀ ਪ੍ਰਸਿਧ ਕਹਾਣੀ 'ਟੋਭਾ ਟੇਕ ਸਿੰਘ' ਤੇ ਆਧਾਰਿਤ ਆਤਮਜੀਤ ਦਾ 'ਰਿਸ਼ਤਿਆਂ ਦਾ ਕੀ ਰਖੀਏ ਨਾਂ' ਵਰਗਾ ਕਲਾਸਿਕ ਨਾਟਕ ਹੈ। ਹੁਣ 2020 ਵਿਚ ਜਦੋਂ ਦੇਸ਼ ਵਿਚ ਮੂਲਵਾਦ ਦਾ ਹਊਆ ਖੜਾ ਕਰਕੇ ਪੂਰੇ ਦੇਸ਼ ਵਿਚ ਘਟ ਗਿਣਤੀ ਲਈ ਉਹੋ ਜਿਹੇ ਹੀ ਹਾਲਾਤ ਪੈਦਾ ਕਰ ਦਿੱਤੇ ਗਏ ਹਨ ਜੋ 'ਪੰਜਾਬ ਸੰਕਟ'

ਸਮੇਂ 'ਪੰਜਾਬ' ਵਿਚ ਤੇ ਫੇਰ ਪ੍ਰਧਾਨ ਮੰਤਰੀ ਦੇ ਕਤਲ ਦੇ ਫੌਰੀ ਪ੍ਰਤੀਕਰਮ ਵਜੋਂ ਨਵੰਬਰ 84 ਵਿਚ ਦਿੱਲੀ ਸਮੇਤ ਭਾਰਤ ਦੇ ਕੁਝ ਹੋਰ ਸ਼ਹਿਰਾਂ ਵਿਚ ਹੋਏ 'ਕਤਲੇਆਮ' ਦੇ ਸਨ ਤਾਂ 'ਦੇਸ਼ ਵੰਡ' ਦੀ ਪੀੜ ਮੁੜ 'ਭੂਤਕਾਲ' ਵਿਚੋਂ ਨਿਕਲ ਕੇ 'ਤਤਕਾਲ' ਵਿਚ 'ਸਮਕਾਲ' ਦੇ ਰੂਬਰੂ ਹੋਈ ਹੈ। ਇਸ ਦੇ ਸਿੱਟੇ ਵਜੋਂ ਚਲੰਤ ਵਰ੍ਹੇ 2020 ਵਿਚ ਮੇਰਾ ਦੇਸ਼ ਵੰਡ ਨਾਲ ਸਬੰਧਿਤ ਇਕ ਪਾਤਰੀ ਨਾਟਕ 'ਅਨਾਰਕਲੀ ਬਾਜ਼ਾਰ ਤੋਂ ਅਨਾਰਦਾਨਾ ਚੌਕ' ਰਚਿਆ ਗਿਆ ਹੈ। ਇਸ ਤੋਂ ਪਹਿਲਾਂ 'ਦੇਸ਼ ਵੰਡ' ਅਤੇ 'ਪੰਜਾਬ ਸੰਕਟ' ਦੇ ਮੈਟਾਫਰ ਰਾਹੀਂ ਪਰਿਵਾਰਾਂ ਦੇ ਟੁੱਟਣ ਦੀ ਪੀੜਾ ਅਤੇ ਮੁੜ ਜੁੜਨ ਦੀ ਅਕਾਂਖਿਆ ਮੇਰੇ ਦੋ ਨਾਟਕਾਂ ਕ੍ਰਮਵਾਰ 'ਪਰਤ ਆਉਣ ਤਕ' (1993) ਅਤੇ 'ਭਾਈਆਂ ਬਾਝ' (2004) ਵਿਚ ਸਾਹ ਲੈਂਦੀ ਪ੍ਰਤੀਤ ਹੋਈ ਸੀ। ਇਸੇ ਪ੍ਰਕਾਰ ਪਿਛਲੇ ਸਾਢੇ ਤਿੰਨ ਦਹਾਕਿਆਂ ਦੀ ਆਪਣੀ ਨਾਟਕਕਾਰੀ (1986-2020) ਦੌਰਾਨ ਸਮੇਂ ਸਮੇਂ ਮਹਾਰਾਜਾ ਰਣਜੀਤ ਸਿੰਘ, ਸ਼ਹੀਦ ਭਗਤ ਸਿੰਘ ਅਤੇ ਊਧਮ ਸਿੰਘ ਜਿਹੇ ਨਾਇਕ 'ਭੂਤਕਾਲ' ਵਿਚੋਂ ਨਿਕਲ ਕੇ 'ਤਤਕਾਲ' ਵਿਚ ਆਉਂਦਿਆਂ ਮੈਨੂੰ 'ਸਮਕਾਲ ਦੇ ਸਨਮੁਖ' ਖੜਾ ਕਰਕੇ ਆਪਣੀ 'ਚਿਰਕਾਲਤਾ' ਸਮੇਤ ਮੇਰੀ ਕਲਮ ਦੀ ਨੋਕ ਤੇ ਆਏ। ਸਿੱਟੇ ਵਜੋਂ 'ਲੋਕ ਮਨਾਂ ਦਾ ਰਾਜਾ', 'ਅਸੀਂ ਸਾਰੇ ਭਗਤ ਸਿੰਘ' ਅਤੇ 'ਊਧਮ ਸਿੰਘ ਜ਼ਿੰਦਾ ਹੈ' ਵਰਗੇ ਨਾਟਕਾਂ ਦੀ ਰਚਨਾ ਹੋਈ ਹੈ। ਇਸੇ ਕੜੀ ਵਿਚ 'ਪਰਵਾਸ' ਦੇ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਇਸ ਦਾ ਪ੍ਰਤੀਉੱਤਰ ਸਿਰਜਦਾ ਮੇਰਾ ਨਾਟਕ 'ਮ੍ਰਿਗਤਿਸ਼ਨਾ' ਭਾਵੇਂ 'ਤਤਕਾਲ' ਵਜੋਂ 1994 ਵਿਚ ਲਿਖਿਆ ਜਾਂਦਾ ਹੈ ਪਰੰਤੂ 'ਸਮਕਾਲ ਦੇ ਸਨਮੁਖ' ਆਪਣਾ ਮੁੱਲ ਵਧਾਉਂਦਾ ਹੋਇਆ 2014 ਵਿਚ ਛਪਦਾ ਹੈ। ਅੱਜ 6 ਵਰ੍ਹਿਆਂ ਬਾਅਦ ਉਸ ਦਾ ਮਹੱਤਵ ਵੀ 'ਚਿਰਕਾਲੀ' ਜਾਪਦਾ ਹੈ ਜਦੋਂ ਮੈਂ 2020 ਵਿਚ ਉਸ ਸਥਿਤੀ ਦੇ ਰੂਬਰੂ ਹਾਂ ਕਿ ਪੰਜਾਬ ਦੀ ਜਵਾਨੀ ਹਰ ਹੀਲੇ ਪੰਜਾਬ ਤੋਂ ਪਲਾਇਨ ਕਰਕੇ ਵਿਦੇਸ਼ ਜਾ ਰਹੀ ਹੈ ਕਿਉਂਕਿ ਨਾ ਇਥੇ ਰੋਟੀ ਹੈ, ਨਾ ਰੁਜ਼ਗਾਰ ਹੈ ਤੇ ਨਾ ਹੀ ਨੇੜ ਭਵਿੱਖ ਵਿਚ ਇਸ ਦੀ ਕੋਈ ਸੰਭਾਵਨਾ ਹੈ। ਇਸ ਪੱਖੋਂ ਸਾਡੇ ਸੂਬੇ ਪੰਜਾਬ ਤੋਂ ਲੈ ਕੇ ਸਮੁੱਚੇ ਰਾਸ਼ਟਰ ਤਕ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਜਦੋਂ 'ਪ੍ਰਾਈਵੇਟ ਸੈਕਟਰ' ਆਪਣੇ ਮਗਰਮੱਛ ਜਿਡੇ ਜਬਾੜੇ ਵਿਚ 'ਪਬਲਿਕ ਸੈਕਟਰ' ਨੂੰ ਨਿਗਲ ਰਿਹਾ ਹੈ ਅਤੇ ਦੇਸ਼ ਦੇ 'ਕਥਿਤ ਰਾਖੇ' ਉਸ ਨੂੰ ਹੋਰ ਅੰਦਰ ਹੋਰ ਅੰਦਰ ਧੱਕਣ ਦੀ ਭੂਮਿਕਾ ਨਿਭਾਉਂਦੇ ਹੋਏ ਪਬਲਿਕ ਸੈਕਟਰ ਦੀ ਮੌਤ ਦਾ ਜਸ਼ਨ ਮਨਾ ਰਹੇ ਹਨ। ਮੇਰਾ ਰਚਨਾ-ਅਧੀਨ ਨਾਟਕ 'ਮੁਸਲਮਲ ਮੌਤ ਦਾ ਮਾਤਮ' ਇਨ੍ਹਾਂ ਮਸਾਇਲ ਤੇ ਕੇਂਦਰਿਤ ਹੈ ਜਿਸ ਦੇ ਪ੍ਰਕਾਸ਼ ਵਿਚ ਆਉਣ ਦੀ ਨੇੜ ਭਵਿਖ ਵਿਚ ਸੰਭਾਵਨਾ ਹੈ।

ਅਸਲ ਵਿਚ ਨਾਟਕਕਾਰ ਨੂੰ ਹਰ ਹਾਲਤ ਵਿਚ ਚੌਕੀਦਾਰ ਵਾਂਗ 'ਜਾਗਤੇ ਰਹੋ' ਦਾ ਹੋਕਾ ਦੇਣਾ ਪੈਂਦਾ ਹੈ। ਨਾਟਕਕਾਰ ਸੁੱਤੀ, ਅਵੇਸਲੀ ਪਰ ਲਿਤਾੜੀ ਜਨਤਾ ਨੂੰ 'ਸਮਕਾਲ' ਦੇ 'ਕੁਰੂਕਸ਼ੇਤਰ' ਦਾ ਬਿਰਤਾਂਤ ਉਵੇਂ ਹੀ ਸੁਣਾਉਂਦਾ ਤੇ ਵਾਪਰਦਾ ਵਿਖਾਉਂਦਾ ਹੈ ਜਿਵੇਂ 'ਅੰਨ੍ਹੇ ਧ੍ਰਿਤਰਾਸ਼ਟਰ' ਨੂੰ 'ਸੰਜਯ' ਕੁਰੂਕਸ਼ੇਤਰ ਦੇ ਮੈਦਾਨ ਦਾ ਦ੍ਰਿਸ਼ ਸੁਣਾਉਂਦਾ ਤੇ ਵਿਖਾਉਂਦਾ ਹੈ। ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਨਾਟਕਕਾਰ ਹਮੇਸ਼ਾ ਉਸ 'ਅਵਾਮ' ਵਾਸਤੇ ਹੈ ਜਿਹੜਾ 'ਇਕੱਲਾ ਇਕੱਲਾ' ਉਸਦਾ 'ਪਾਠਕ' ਹੈ ਅਤੇ 'ਸਮੂਹ' ਵਜੋਂ 'ਦਰਸ਼ਕ' ਹੈ। ਇਸ ਲਈ ਨਾਟਕਕਾਰ ਅਵਾਮ ਵਿਚ ਭਿੰਨ ਭੇਦ ਨਹੀਂ ਕਰ ਸਕਦਾ ਜਿਵੇਂ ਰਾਜਸੀ ਪਾਰਟੀਆਂ ਕਰਦੀਆਂ ਹਨ ਜੋ ਵੋਟਾਂ ਤਾਂ ਅਵਾਮ ਤੋਂ ਲੈਂਦੀਆਂ ਹਨ ਪਰ ਬਾਅਦ ਵਿਚ ਕੰਮ 'ਆਪਣੇ

ਬੰਦਿਆਂ', ਭਾਵ ਜਿਹੜੇ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਜਾਂ ਹਮਦਰਦ ਹੁੰਦੇ ਹਨ, ਦੇ ਕਰਦੀਆਂ ਅਤੇ ਕਰਵਾਉਂਦੀਆਂ ਹਨ। ਇੰਜ ਹੀ ਸਾਡੀ ਚੁਣੀ ਹੋਈ ਸਰਕਾਰ ਹੁੰਦੀ ਤਾਂ ਸਾਰੇ ਦੇਸ਼ ਜਾਂ ਸਾਰੇ ਸੂਬੇ ਦੀ ਹੈ ਪਰ ਸਹੂਲਤਾਂ ਰਾਜ ਭਾਗ ਨਾਲ ਜੁੜੀ ਜਮਾਤ ਨੂੰ ਹੀ ਮਿਲ ਰਹੀਆਂ ਹੁੰਦੀਆਂ ਹਨ। ਪਿਛਲੇ ਸਾਢੇ ਚਾਰ ਦਹਾਕਿਆਂ ਤੋਂ ਇਕ ਅਧਿਆਪਕ ਹੋਣ ਕਾਰਨ ਮੈਂ ਇਸ ਸਥਿਤੀ ਨੂੰ ਅਧਿਆਪਕ-ਵਿਦਿਆਰਥੀ ਦੇ ਰਿਸ਼ਤੇ ਰਾਹੀਂ ਵੀ ਪਰਿਭਾਸ਼ਿਤ ਕਰ ਸਕਦਾ ਹਾਂ। ਇਕ ਅਧਿਆਪਕ ਲਈ ਸਾਰੇ ਵਿਦਿਆਰਥੀ ਹੀ ਇਕੋ ਜਿਹੇ ਹੁੰਦੇ ਹਨ ਪਰ ਜਦ ਕੋਈ ਅਧਿਆਪਕ ਕਿਸੇ ਧੜੇ, ਗਰੁਪ ਆਦਿ ਨਾਲ ਜੁੜਿਆ ਹੁੰਦਾ ਹੈ ਤਾਂ ਉਸ ਅਧਿਆਪਕ ਦੀ ਨਜ਼ਰ ਵਿਚ ਤ੍ਰੇੜ ਆ ਜਾਂਦੀ ਹੈ। ਉਸ ਲਈ ਵਿਦਿਆਰਥੀਆਂ ਦੇ ਦੋ ਵਰਗ ਬਣ ਜਾਂਦੇ ਹਨ। ਇਕ ਉਹ 'ਆਮ ਵਿਦਿਆਰਥੀ' ਜਿਹੜੇ ਅਧਿਆਪਕ ਨੂੰ ਬਣਦਾ ਮਾਣ ਸਤਿਕਾਰ ਦਿੰਦੇ ਹਨ ਅਤੇ ਦੂਜੇ ਉਹ 'ਖਾਸ ਵਿਦਿਆਰਥੀ' ਜਿਨ੍ਹਾਂ ਨੂੰ ਅਧਿਆਪਕ ਆਪਣੇ ਗਰੁਪ ਜਾਂ ਧੜੇ ਨਾਲ ਸਬੰਧਿਤ ਹੋਣ ਕਾਰਨ ਆਪਣੀ ਹਿੱਕ ਨਾਲ ਲਾਉਂਦਾ ਹੈ। ਮੈਂ ਲੰਮੇ ਸਮੇਂ ਤੋਂ ਅਧਿਆਪਕ ਹੋਣ ਦੌਰਾਨ 'ਅਗਾਂਹਵਧੂ ਧਿਰਾਂ ਦਾ ਹਮਸਫ਼ਰ' ਹੋਣ ਦੇ ਸਮਾਨਾਂਤਰ 'ਕਿਸੇ ਵਿਸ਼ੇਸ਼ ਧੜੇ/ਗਰੁਪ/ਪਾਰਟੀ' ਨਾਲ ਸਬੰਧਿਤ ਨਹੀਂ ਰਿਹਾ। ਇਸ ਲਈ ਮੇਰੇ ਸਾਰੇ ਹੀ ਵਿਦਿਆਰਥੀ ਮੇਰੀ ਹਿੱਕ ਵਿਚ ਵੱਸਦੇ ਰਹੇ ਹਨ। ਇੰਜ ਹੀ ਇਕ ਨਾਟਕਕਾਰ ਵਜੋਂ ਵੀ ਮੈਂ ਪ੍ਰਗਤੀਸ਼ੀਲ, ਤਰਕਸ਼ੀਲ ਅਤੇ ਧਰਮ ਨਿਰਪੱਖ ਧਿਰ ਦਾ ਹਮਸਫ਼ਰ ਰਿਹਾ ਹਾਂ ਪਰੰਤੂ ਇਸ ਧਿਰ ਨਾਲ ਸਬੰਧਿਤ ਕਿਸੇ ਪਾਰਟੀ ਜਾਂ ਧੜੇ ਨਾਲ ਜੁੜ ਕੇ ਨਹੀਂ ਰਿਹਾ। ਇਸੇ ਲਈ ਕਿਸੇ ਦਾ 'ਪਿੱਛਲੱਗ' ਹੋਣ ਦੀ ਥਾਂ ਮੈਂ ਹਮੇਸ਼ਾ 'ਅੱਗਲੱਗ' ਹੋ ਕੇ ਤੁਰਿਆ ਹਾਂ। ਇਕ ਲੇਖਕ ਵਜੋਂ ਮੈਂ ਖ਼ੁਦ 'ਅੰਨ੍ਹਾ' ਹੋ ਕੇ ਕਿਸੇ 'ਸੰਜਯ' ਦਾ ਮੁਥਾਜ ਨਹੀਂ ਰਿਹਾ ਬਲਕਿ 'ਸੰਜਯ ਦ੍ਰਿਸ਼ਟੀ' ਦਾ ਵਾਹਕ ਬਣਿਆ ਹਾਂ। ਇਸੇ ਲਈ 'ਮੇਰੀ ਨਾਟ-ਸਿਰਜਣ ਪ੍ਰਕਿਰਿਆ' ਨਿਰੰਤਰ ਗਤੀਸ਼ੀਲਤਾ ਵਿਚ ਹੈ। ਇਹੀ ਕਾਰਨ ਹੈ ਕਿ 'ਅਵਾਮ' ਦੀ ਮੁਕਤੀ ਨੂੰ ਟੀਚਾ ਬਣਾ ਕੇ 'ਤਤਕਾਲੀ' ਪ੍ਰਤੀਕਿਰਿਆ ਦੀ ਥਾਂ 'ਸਮਕਾਲ ਨਾਲ ਜੂਝਣਾ' ਮੇਰੀ ਨਾਟ-ਸਿਰਜਣ ਪ੍ਰਕਿਰਿਆ ਦਾ ਮੂਲ ਮੰਤਰ ਬਣਿਆ ਹੈ। ਮੇਰੀ ਸਮਝ ਇਹੀ ਰਹੀ ਹੈ ਕਿ ਸਹੀ ਲੇਖਕ ਹਮੇਸ਼ਾ 'ਅੱਖਾਂ ਖੋਲ੍ਹ' ਕੇ 'ਸਮਕਾਲ ਦੇ ਸਨਮੁਖ' ਹੀ ਰਹੇਗਾ। ਇਕ ਨਾਟਕਕਾਰ ਵਜੋਂ ਮੈਂ ਅਜਿਹਾ ਹੋਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਅਤੇ ਕਰਦਾ ਰਹਾਂਗਾ। ਇਸੇ ਲਈ ਮੇਰੇ ਨਾਟਕ 'ਚੱਕਵੇਂ' ਨਹੀਂ ਹੁੰਦੇ ਬਲਕਿ ਮੈਂ ਸਹਿਜਤਾ ਨਾਲ 'ਤਤਕਾਲ' ਨੂੰ 'ਸਹਿ ਕੇ', 'ਸਮਕਾਲ' ਨਾਲ 'ਖਹਿ ਕੇ', 'ਤਤਕਾਲ' ਲਈ ਕੁਝ 'ਕਹਿ ਕੇ' ਜਾਣ ਦੀ ਕੋਸ਼ਿਸ਼ ਕਰਦਾ ਹਾਂ। ਇਸੇ ਤਤਕਾਲ ਨੂੰ ਸਹਿਣ ਅਤੇ ਸਮਕਾਲ ਨਾਲ ਖਹਿਣ ਦੇ ਨਤੀਜੇ ਵਜੋਂ ਮੈਂ ਆਪਣੀ ਨਾਟਕਕਾਰੀ ਦੇ 34 ਸਾਲਾ ਲੰਮੇ ਸਫ਼ਰ ਦੌਰਾਨ ਆਪਣੇ ਨਾਟਕਾਂ ਵਿਚ 'ਚਿਰਕਾਲ' ਲਈ ਕੁਝ ਸਾਰਥਿਕ ਕਹਿਣ ਦੇ ਸਮਰੱਥ ਹੋਇਆ ਹਾਂ।

ਪ੍ਰਸਤੁਤ ਲੇਖ 'ਸਮਕਾਲ ਦੇ ਸਨਮੁਖ ਮੇਰੀ ਨਾਟ-ਸਿਰਜਣ ਪ੍ਰਕਿਰਿਆ' ਮੇਰੀ ਆਪਣੀ ਦ੍ਰਿਸ਼ਟੀ ਤੋਂ ਪ੍ਰਸਤੁਤ ਹੋਇਆ ਹੈ। ਇਸ ਲਈ ਇਸ ਦੇ ਸਰਬਪ੍ਰਵਾਨਿਤ ਹੋਣ ਦਾ ਕੋਈ ਦਾਅਵਾ ਜਾਂ ਦਿਖਾਵਾ ਨਹੀਂ ਕੀਤਾ ਜਾ ਸਕਦਾ। ਆਪਣੀ ਮੁਢਲੀ ਗੱਲ ਨੂੰ ਦੁਹਰਾਉਣ ਨਾਲ ਹੀ ਮੈਂ ਇਹ ਲੇਖ ਸੰਪੰਨ ਕਰਾਂਗਾ ਕਿ ਫੈਸਲਾ 'ਚਿਰਕਾਲ' ਨੇ ਕਰਨਾ ਹੈ ਕਿ ਤੁਸੀਂ 'ਸਮਕਾਲ ਦੇ ਸਨਮੁਖ' ਹੋਏ ਕਿ ਨਹੀਂ ਹੋਏ। ਇਸੇ ਲਈ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਨਾਟਕਕਾਰੀ ਕਰਦਿਆਂ ਮੈਂ ਨਾ ਕਦੇ ਕੋਈ ਆਪਣੀ ਪੁਸਤਕ ਰਿਲੀਜ਼ ਕਰਵਾਈ ਹੈ, ਨਾ ਰੀਵਿਊ ਲਈ

ਭੇਜੀ ਹੈ ਤੇ ਨਾ ਹੀ (ਆਪਣੇ ਕਿਸੇ ਪਰਿਵਾਰਿਕ ਮੈਂਬਰ ਤੇ ਨੇੜਲੇ ਦੋਸਤਾਂ ਨੂੰ ਛੱਡ) ਕਿਸੇ ਨੂੰ ਪਿਆਰ-ਭੇਂਟ ਕੀਤੀ ਹੈ ਕਿਉਂਕਿ ਅਜਿਹੇ ਵਰਤਾਰੇ 'ਤਤਕਾਲ' ਵਿਚ ਤੁਹਾਨੂੰ ਮਾਨਤਾ ਤਾਂ ਦਿਵਾ ਸਕਦੇ ਹਨ ਪਰੰਤੂ 'ਸਮਕਾਲ' ਵਿਚ 'ਧਾਰ ਤੇ ਤੁਰਦਿਆਂ' ਤੁਸੀਂ ਆਪਣਾ ਸੰਤੁਲਨ ਖ਼ੁਦ ਹੀ ਬਣਾਉਣਾ ਹੁੰਦਾ ਹੈ। ਇਸੇ ਲਈ ਆਪਣੀ ਨਾਟਕਕਾਰੀ ਲਈ ਮੈਂ ਖ਼ੁਦ ਨੂੰ ਹੀ ਜਵਾਬਦੇਹ ਹਾਂ ਅਤੇ ਮੇਰੀ ਨਾਟਕਕਾਰੀ ਦੀ 'ਸਮਕਾਲ' ਨੂੰ ਜਵਾਬਦੇਹੀ ਦਾ ਫੈਸਲਾ 'ਚਿਰਕਾਲ' ਭਾਵ ਭਵਿਖ ਕਰੇਗਾ, ਜਿਸ ਦੇ ਸਾਹਮਣੇ ਅਸੀਂ ਸਾਰੇ ਆਪਣੀ ਉਮਰ-ਸੀਮਾ ਦੇ ਮੁਥਾਜ ਹਾਂ।

### ਟਿੱਪਣੀਆਂ ਤੇ ਹਵਾਲੇ

1. Utpal Dutt, Towards a Revolutionary Theatre, M.C. Sarkar ? Sons Pvt. Ltd. Calcutta, 1982, p.15
2. ਡਾ. ਧਨਵੰਤ ਕੌਰ (ਸੰਪਾ.), ਪ੍ਰੋ. ਮੋਹਨ ਸਿੰਘ ਰਚਨਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ XX
3. ਡਾ. ਹਰਜੀਤ ਸਿੰਘ ਗਿੱਲ, 'ਜਵਾਹਰਲਾਲ ਨਹਿਰੂ ਯੂਨੀਵਰਸਿਟੀ - ਨੌਰਥ ਗੇਟ', ਫ਼ਿਲਹਾਲ-29, (ਸੰਪਾ. ਗੁਰਬਚਨ), ਮੋਹਾਲੀ, ਜੁਲਾਈ 2020, ਪੰਨਾ 55
4. ਕਈ ਵਾਰ ਕੁਝ ਲੇਖਕ ਆਪਣੀ ਰਚਨਾ ਨੂੰ ਸਮਾਂ ਪੈਣ ਤੇ ਨਾਲ ਦੀ ਨਾਲ ਸੋਧਦੇ ਰਹਿੰਦੇ ਹਨ। ਜਿਵੇਂ ਬਲਵੰਤ ਗਾਰਗੀ ਨੇ ਆਪਣੇ ਨਾਟਕ 'ਲੋਹਾ ਕੁੱਟ' ਨੂੰ 1944 ਤੋਂ ਲੈ ਕੇ 1990 ਤਕ ਦੇ 46 ਸਾਲਾਂ ਵਿਚ 4 ਵਾਰ ਸੋਧਿਆ। ਲੇਕਿਨ ਇਸ ਸੁਧਾਈ ਵਿਚ ਕੇਵਲ ਕੁਝ ਤਤਕਾਲੀ ਵੇਰਵੇ ਅਤੇ ਕੁਝ ਪਾਤਰਾਂ ਦੀ ਰੱਦੋ ਬਦਲ ਹੀ ਸੰਭਵ ਹੋਈ ਅਤੇ ਮੂਲ ਨਾਟਕ ਉਹੀ ਰਿਹਾ। ਇਹ ਕੁਝ ਵੀ ਲੇਖਕ ਦੇ ਜੀਵਨ ਕਾਲ ਵਿਚ ਹੀ ਸੰਭਵ ਹੋ ਸਕਦਾ ਹੈ, ਜਦੋਂ ਕਿ ਰਚਨਾ ਨੇ ਲੇਖਕ ਦੇ ਜੀਵਨ ਕਾਲ ਤੋਂ ਬਾਅਦ ਵੀ ਚਿਰਕਾਲ ਤਕ ਰਹਿਣਾ ਹੁੰਦਾ ਹੈ ਜਿਸ ਕਾਰਨ ਭਵਿਖ ਵਿਚ ਅਜਿਹੇ ਕਿਸੇ ਬਦਲਾਅ ਦੀ ਕੋਈ ਸੰਭਾਵਨਾ ਨਹੀਂ ਹੋ ਸਕਦੀ।
5. ਇਸ ਪ੍ਰਸੰਗ ਵਿਚ ਇਕ ਨਿੱਜੀ ਹਵਾਲਾ ਦੇਣਾ ਕੁਥਾਂ ਨਹੀਂ ਹੋਵੇਗਾ। 1955 ਵਿਚ ਮੇਰੇ ਜਨਮ ਸਮੇਂ ਪਟਿਆਲੇ ਜ਼ਿਲੇ ਦੇ ਕਸਬੇ ਸਨੌਰ ਵਿਚ ਰਹਿੰਦਿਆਂ ਸਾਡੇ ਮੁਹੱਲੇ ਵਿਚ ਇਕ ਸ਼ਾਂਤੀ ਸਰੂਪ ਨਾਂ ਦੇ ਵਿਅਕਤੀ ਦਾ ਕੋਈ ਪੁੱਤਰ ਨਹੀਂ ਸੀ ਅਤੇ ਉਸ ਨੇ ਉਸ ਜ਼ਮਾਨੇ ਵਿਚ ਆਪਣੀਆਂ ਪੰਜ ਧੀਆਂ ਨੂੰ ਉੱਚ ਵਿਦਿਆ ਗ੍ਰਹਿਣ ਕਰਵਾਈ, ਜਦੋਂ ਕਿ ਦਸਵੀਂ ਤੋਂ ਬਾਅਦ ਕਾਲਜ ਜਾਣ ਲਈ ਸਨੌਰ ਤੋਂ 7 ਕਿਲੋਮੀਟਰ ਦੂਰ ਪਟਿਆਲਾ ਸ਼ਹਿਰ ਵਿਚ ਜਾਣਾ ਪੈਂਦਾ ਸੀ। ਉਸ ਪ੍ਰਗਤੀਸ਼ੀਲ ਵਿਅਕਤੀ ਤੋਂ ਪ੍ਰਭਾਵਿਤ ਹੋ ਕੇ ਮੇਰਾ ਨਾਂ ਸ਼ਾਂਤੀ ਸਰੂਪ ਰਖਿਆ ਗਿਆ, ਪਰੰਤੂ ਉਦੋਂ ਅੱਠਵੀਂ ਜਮਾਤ ਵਿਚ ਪੜ੍ਹਦੀ ਮੇਰੀ ਇਕਲੌਤੀ ਭੈਣ ਨੂੰ ਮੇਰਾ ਇਹ ਨਾਮ ਪਸੰਦ ਨਾ ਆਇਆ ਅਤੇ ਉਸ ਨੇ ਮੇਰਾ ਨਾਂ ਆਪਣੇ ਪਸੰਦੀਦਾ ਅਧਿਆਪਕ ਸਤੀਸ਼ ਕੁਮਾਰ ਦੇ ਨਾਂ ਤੇ ਰੱਖ ਦਿੱਤਾ। ਅੱਗੋਂ ਇਹ ਵੀ ਇਕ ਇਤਫਾਕ ਹੀ ਹੈ ਕਿ ਉਹ ਅਧਿਆਪਕ ਮਾਂ ਬੋਲੀ ਪੰਜਾਬੀ ਦਾ ਅਧਿਆਪਕ ਸੀ।
6. ਇਥੇ ਵੀ 'ਸਹੁੰ ਖਾਈਏ ਜੀਅ ਦੀ, ਨਾ ਪੁੱਤ ਦੀ ਨਾ ਧੀ ਦੀ' ਵਾਂਗ ਨਿੱਜੀ ਵੇਰਵਾ ਦੇਣਾ ਯੋਗ ਜਾਪਦਾ ਹੈ। ਅਜ ਤੋਂ 33 ਵਰ੍ਹੇ ਪਹਿਲਾਂ 1987 ਵਿਚ ਮੈਂ ਕੇਵਲ ਆਪਣੇ ਸਕੇ ਭੈਣ ਭਰਾਵਾਂ, ਪਰਮ ਮਿੱਤਰ ਨਸੀਬ ਬਵੇਜਾ, ਡਰਾਈਵਰ, ਫੋਟੋਗ੍ਰਾਫਰ ਅਤੇ ਆਪਣੇ ਸਮੇਤ ਕੁੱਲ 11 ਬੰਦਿਆਂ ਦੇ ਰੂਪ ਵਿਚ ਹਰ ਕਿਸਮ ਦੀਆਂ ਫੋਕੀਆਂ ਤੇ ਥੋਥੀਆਂ ਰਸਮਾਂ ਅਤੇ ਦਾਜ

ਦਹੇਜ ਸਮੇਤ ਹਰ ਕਿਸਮ ਦੇ ਤਾਮ ਝਾਮ ਨੂੰ ਤਿਆਗ ਕੇ (ਕੁੜੀ ਵਾਲਿਆਂ ਦੀ ਰਸੋਈ ਵਿਚ ਬੈਠ ਉਨ੍ਹਾਂ ਦੇ ਹੱਥੀਂ ਬਣਾਇਆ ਖਾਣਾ ਖਾਣ ਸਮੇਤ) ਸਾਦਾਤਰੀਨ ਵਿਆਹ ਕਰਵਾਇਆ ਸੀ। ਜਦੋਂ ਕਿ ਵੇਲੇ ਦੇ ਰਿਵਾਜ ਅਨੁਸਾਰ ਰਸਮ ਰਿਵਾਜਾਂ, ਦਾਜ-ਦਹੇਜ, ਬਰਾਤ ਨਾਲ ਭਰੀ ਬੱਸ ਵਾਲੇ ਆਪਣੇ ਦੋਸਤਾਂ ਦੇ ਸ਼ਾਨਦਾਰ ਵਿਆਹਾਂ ਵਿਚ ਮੈਂ ਇਕ ਤੋਂ ਵੱਧ ਵਾਰ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਕਰ ਚੁੱਕਾ ਸਾਂ।

7. ਅਜਿਹੇ ਮਸਲੇ ਮੇਰੀ ਨਾਟ-ਸਿਰਜਣ ਪ੍ਰਕਿਰਿਆ ਨੂੰ ਦਰਪੇਸ਼ ਰਹੇ ਹਨ ਜਿਸ ਕਾਰਨ ਕਈ ਵਾਰ ਇਕੋ ਨਾਟਕ ਉਤੇ ਮੇਰੇ ਕਈ ਵਰ੍ਹੇ ਲਗ ਜਾਂਦੇ ਹਨ। ਇਹੀ ਕਾਰਨ ਹੈ ਕਿ ਮੇਰੀ ਨਾਟਕਕਾਰੀ ਦੇ ਕੁੱਲ 34 ਸਾਲਾਂ ਵਿਚ ਮੇਰੇ ਨਾਟਕਾਂ ਦੀ ਗਿਣਤੀ ਇਨ੍ਹਾਂ ਸਾਲਾਂ ਨਾਲੋਂ ਅੱਧੀ ਭਾਵ 17 ਹੈ ਅਤੇ ਨਾਟ-ਪੁਸਤਕਾਂ ਦੀ ਗਿਣਤੀ ਕੇਵਲ ਪੰਜ ਹੀ ਹੈ।





ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਵਿਚ ਅਜਿਹਾ ਨਾਵਲਕਾਰ ਹੈ, ਜਿਹੜਾ ਸਿਰਜਣਕਾਰੀ ਨੂੰ ਭਾਵਨਾਵਾਂ ਦੇ ਉਬਾਲ ਦੀ ਥਾਂ ਪ੍ਰਯੋਜਨਕ ਅਮਲ ਸਮਝਦਾ ਹੈ। ਇਸ ਲਈ ਉਸਦੀ ਸਿਰਜਣਕਾਰੀ ਦਾ ਕੇਂਦਰ ਉਹ ਸਥਿਤੀ ਹੈ, ਜਿਸ ਵਿਚ ਪੇਂਡੂ ਸਮਾਜਚਾਰਾ ਵਿਅਕਤੀਵਾਦ ਦੀ ਮਾਨਸਿਕਤਾ ਅਧੀਨ ਅਮਾਨਵੀਕਰਣ ਦੀ ਡੂੰਘੀ ਖਾਈ ਵਿਚ ਡਿਗ ਰਿਹਾ ਹੈ। ਨਾਵਲ 'ਸ਼ੋਅ ਰੂਮ' ਇਸੇ ਵਰਤਾਰੇ ਨੂੰ ਮੁਖ਼ਾਤਬ ਹੈ। ਮਾਈਨਿੰਗ ਦਾ ਵਰਤਾਰਾ ਕੰਢੀ ਇਲਾਕੇ ਨੂੰ ਆਪਣੀ ਜਕੜ ਵਿਚ ਲੈ ਰਿਹਾ ਹੈ। ਇਸ ਵਰਤਾਰੇ ਦੇ ਅੰਦਰਲੇ ਅਤੇ ਬਾਹਰਲੇ ਸੰਘਰਸ਼ ਇਸ ਨਾਵਲ ਦੇ ਪਲਾਟ ਉੱਤੇ ਫੈਲੇ ਹੋਏ ਹਨ। ਦੀਪਾ, ਸੁੱਖੀ, ਬੌਬੀ ਵਰਗੇ ਪਾਤਰ ਜੇ ਖਪਤ ਸਭਿਆਚਾਰ ਦੇ ਵਾਹਕ ਹਨ, ਤਾਂ ਦਿਨੇਸ਼ ਰਾਣਾ ਅਤੇ ਸੰਘਰਸ਼ ਕਰ ਰਹੇ ਲੋਕ ਦੂਜੇ ਪਾਸੇ ਖੜ੍ਹੇ ਹਨ। ਇਸ ਤਰ੍ਹਾਂ ਇਹ ਨਾਵਲ ਸਹਿਜ ਵਰਤਾਰੇ ਦੇ ਖਪਤ ਸਭਿਆਚਾਰ ਵਿਚ ਢਲਣ ਦਾ ਵਧੀਆ ਚਿੱਤਰ ਹੈ। ਵਸਤੂ ਪੱਧਰ ਉੱਤੇ ਵੱਖਰਤਾ ਵਾਲੇ ਇਸ ਨਾਵਲ ਦਾ ਪੰਜਾਬੀ ਨਾਵਲੀ ਸੰਸਾਰ ਵਿਚ ਸੁਆਗਤ ਹੈ।

**-ਰਜਨੀਸ਼ ਬਹਾਦਰ ਸਿੰਘ**

**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ,**
**ਪੰਨੇ 187, ਮੁੱਲ: 250 ਰੁਪਏ**

# ਮੇਰੇ ਸਫਰਨਾਮਿਆਂ ਵਿਚ ਸਮਕਾਲ

**- ਜਸ ਮੰਡ**

ਕੁਝ ਦਿਨ ਹੋਏ ਮੇਰੀ ਇਕ ਪ੍ਰੋਫੈਸਰ ਦੋਸਤ ਨੇ ਵ੍ਹਟਸਐਪ ਰਾਹੀਂ ਚਾਰ ਕੁ ਮਿੰਟ ਦੀ ਇਕ ਵੀਡੀਓ ਭੇਜੀ। ਵੀਡੀਓ ਵਿਚ ਏਲੋਰਾ ਦੀ ਕੈਲਾਸ਼ ਗੁਫਾ ਵਿਖਾਈ ਗਈ ਹੈ। ਪਹਿਲੀ ਵਾਰੀ ਇਹ ਗੁਫਾ ਮੈਂ ਉਸੇ ਦੋਸਤ ਨਾਲ ਵੇਖਣ ਗਿਆ ਸਾਂ। ਸ਼ਾਇਦ ਇਸੇ ਲਈ ਉਸਨੇ ਇਹ ਵੀਡੀਓ ਮੇਰੇ ਨਾਲ ਸਾਂਝੀ ਕੀਤੀ ਹੋਵੇਗੀ! ਪਰੰਤੂ ਵੀਡੀਓ ਵਿਚਲੀ ਕੁਮੈਂਟਰੀ ਸੁਣ ਕੇ ਮੈਨੂੰ ਵੱਟ ਚੜ੍ਹ ਗਿਆ। ਕੁਮੈਂਟਰੀ ਵਿਚ ਇਸ ਗੁਫਾ ਨੂੰ ਵਾਰ-ਵਾਰ "ਸ਼ਿਵ ਮੰਦਿਰ" ਆਖਿਆ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਸ ਮੰਦਿਰ ਦੀ ਉਸਾਰੀ ਵਿਗਿਆਨਕਾਂ ਲਈ ਇਕ ਰਹੱਸ ਬਣਿਆ ਹੋਇਆ ਹੈ। ਇਸ "ਮੰਦਿਰ" ਨੂੰ ਕਦੇ ਸਵਰਗਾਂ ਵਿਚ ਬਣਾ ਕੇ ਧਰਤੀ ਉੱਤੇ ਉਤਾਰਿਆ ਕਿਹਾ ਗਿਆ ਹੈ ਅਤੇ ਕਦੇ ਕਿਸੇ ਬਾਹਰਲੀ ਧਰਤੀ ਦੇ ਬਾਸ਼ਿੰਦਿਆਂ ਵਲੋਂ ਉਸਾਰਿਆ ਹੋਇਆ। ਕਦੇ ਛੇ ਹਜ਼ਾਰ ਸਾਲ ਪੁਰਾਣਾ, ਤੇ ਕਦੇ 1900 ਸਾਲ ਪੁਰਾਣਾ। ਇਹ ਵੀ ਕਿਹਾ ਗਿਆ ਹੈ ਕਿ ਇਸ ਮੰਦਰ ਦੇ ਭੋਰੇ ਵਿਚ ਇਕ ਵਿਸ਼ਾਲ ਕਮਰਾ ਹੈ, ਜਿਸ ਵਿਚ 7 ਵਿਅਕਤੀ ਮੌਜੂਦ ਹਨ, ਜਿਹੜੇ ਸਾਹਮਣੇ ਦਿਖਾਈ ਦੇਂਦੇ ਹੋਏ ਵੀ ਅਦ੍ਰਿਸ਼ ਹਨ।

ਇਸ ਤਰ੍ਹਾਂ ਦੀਆਂ ਪੋਸਟਾਂ ਹਿੰਦੂਤਵੀਆਂ ਵਲੋਂ ਇਕ ਮਿਥੀ-ਸਮਝੀ ਰਾਜਨੀਤੀ ਅਧੀਨ ਬਣਾਈਆਂ-ਘੁਮਾਈਆਂ ਜਾ ਰਹੀਆਂ ਹਨ। ਰਾਮ ਮੰਦਰ ਦਾ ਮੁੱਦਾ ਮੁੱਕਿਆ, ਤਾਂ ਇਨ੍ਹਾਂ ਦਾ ਨਾਅਰਾ ਹੋ ਗਿਆ: "ਆਯੋਧਿਆ-ਬਾਬਰੀ ਮਾਤਰ ਝਾਕੀ ਹੈ, ਕਾਸ਼ੀ ਮਥੁਰਾ ਅਭੀ ਬਾਕੀ ਹੈ"। ਸਫਰਨਾਮੇ ਦੀ ਤਰਜ ਉੱਤੇ ਬਣਾਈ ਉਪਰਲੀ ਵੀਡੀਓ ਵਿਚ ਵਹਿਮ-ਭਰਮ ਫੈਲਾਉਣ ਦੇ ਨਾਲ-ਨਾਲ ਮੰਨੀ-ਪ੍ਰਮੰਨੀ ਵਿਸ਼ਵ ਵਿਰਾਸਤ ਨੂੰ ਹਿੰਦੂਆਂ ਦੇ ਮੰਦਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਸਦੇ ਮੁਕਾਬਲੇ ਵਿਚ ਏਲੋਰਾ ਦੀ ਏਸੇ ਗੁਫਾ ਬਾਰੇ ਆਪਣੇ ਸਫਰਨਾਮੇ ਵਿਚ ਮੈਂ ਲਿਖਿਆ ਸੀ ਕਿ ਕਿਵੇਂ ਹਜ਼ਾਰ ਬਾਰਾਂ ਸੌ ਸਾਲ ਪਹਿਲਾਂ 7,000 ਮਜ਼ਦੂਰਾਂ ਅਤੇ ਮਿਸਤਰੀਆਂ ਨੇ ਲਗਾਤਾਰ ਦੋ ਸੌ ਸਾਲਾਂ ਤੱਕ ਲੱਖਾਂ ਟੱਨ ਚੱਟਾਨ ਛਿੱਲ-ਛਿੱਲ ਕੇ ਇਹ ਅਜੂਬਾ ਘੜਿਆ ਸੀ।

ਉਪਰਲੀ ਵੀਡੀਓ ਅਤੇ ਮੇਰੇ ਸਫਰਨਾਮੇ ਵਿਚ ਵਿਰਾਸਤੀ ਸਥਲ ਇਕੋ ਹੈ, ਪਰੰਤੂ ਉਨ੍ਹਾਂ ਦੇ ਰਚਨਾਕਾਰਾਂ ਦੀ ਦਿੱਖ ਵੱਖੋ-ਵੱਖਰੀ ਹੋਣ ਕਰਕੇ ਦਰਸ਼ਕਾਂ/ਪਾਠਕਾਂ ਮੂਹਰੇ ਜੁਦੇ-ਜੁਦੇ ਬਿੰਬ ਪੇਸ਼ ਹੁੰਦੇ ਹਨ। ਸੱਚ ਇਹ ਹੈ ਕਿ ਸਾਹਿਤ ਦੀਆਂ ਹੋਰਨਾਂ ਸਾਹਿਤਕ ਵਿਧਾਵਾਂ ਵਾਂਗ ਸਫਰਨਾਮੇ ਰਾਹੀਂ ਵੀ ਕਿਸੇ ਵਿਸ਼ੇਸ਼ ਵਿਚਾਰਧਾਰਾ ਨੂੰ ਪਰੋਸਣ ਲਈ ਵਰਤਿਆ ਜਾਂਦਾ ਹੈ। ਸਫਰਨਾਮਾ ਤਾਂ ਸਗੋਂ ਇਸ ਮਾਮਲੇ ਵਿਚ ਦੋ ਕਦਮ ਅੱਗੇ ਹੀ ਹੈ, ਕਿਉਂਕਿ ਇਸ ਵਿਚ ਕਿਸੇ ਲੇਖ ਵਾਂਗ ਸਿੱਧਾ ਰਾਜਨੀਤਕ ਮੁੱਦਾ ਉਠਾਣ ਦੀ ਗੁੰਜਾਇਸ਼ ਵੀ ਹੁੰਦੀ ਹੈ। ਰੀਟਾ ਅਤੇ ਮੈਂ ਅੰਡੇਮਾਨ ਦੀ ਜੇਲ੍ਹ ਵੇਖਣ ਗਏ। ਓਥੇ ਸ਼ਾਮ ਦੇ ਵੇਲੇ ਰੋਸ਼ਨੀ ਅਤੇ ਅਵਾਜ਼ ਦਾ ਸ਼ੋਅ ਵੇਖਿਆ। ਉਸ ਸ਼ੋਅ ਵਿਚ ਵਾਰ-ਵਾਰ ਵੀਰ ਸਾਵਰਕਰ ਦਾ ਗੁਣਗਾਣ ਕੀਤਾ ਜਾ ਰਿਹਾ ਸੀ। ਇਹਦੇ ਬਾਰੇ ਆਪਣੇ ਸਫਰਨਾਮੇ ਵਿਚ ਮੈਂ ਸਿੱਧਾ ਲਿਖਿਆ ਕਿ ਵੀਰ ਸਾਵਰਕਰ ਨੇ ਦੋ ਵਾਰ ਬਰਤਾਨਵੀ ਸਰਕਾਰ ਤੋਂ ਮੁਆਫੀ ਵੀ ਮੰਗੀ ਅਤੇ ਸਰਕਾਰ ਪ੍ਰਤੀ ਵਫਾਦਾਰੀ ਤੇ ਤਾਬਿਆਦਾਰੀ ਦਾ ਇਕਰਾਰ ਵੀ ਲਿਖਤੀ ਰੂਪ ਵਿਚ ਦਿੱਤਾ ਸੀ। ਉਸ ਨੇ ਹਿੰਦੂ ਮਹਾਂ ਸਭਾ ਦੀ ਬੁਨਿਆਦ ਰੱਖੀ ਅਤੇ ਹਿੰਦੂ ਤੇ ਮੁਸਲਮਾਨ ਦੋ ਅਲੱਗ ਕੌਮਾਂ ਦੇ ਸਿਧਾਂਤ ਨੂੰ ਪੇਸ਼ ਕੀਤਾ। ਅਜਿਹੀ ਸ਼ਖਸੀਅਤ ਦੇ ਸੈਲੂਲਰ

ਜੇਲ੍ਹ ਵਿੱਚ ਗੁਣ-ਗਾਣ ਸੁਣ ਕੇ, ਜਾਂ ਉਸ ਦੇ ਨਾਂਅ ਉੱਤੇ ਪੋਰਟ ਬਲੇਅਰ ਏਅਰਪੋਰਟ ਦਾ ਨਾਂਅ ਦੇਖ ਕੇ, ਮੇਰੇ ਮਨ ਨੂੰ ਚੰਗਾ ਨਹੀਂ ਸੀ ਲੱਗ ਰਿਹਾ।

ਉੱਤਰ-ਬਸਤੀਵਾਦ ਦੇ ਸਿਧਾਂਤਕਾਰਾਂ ਵਲੋਂ ਇਸ ਗੱਲ ਉੱਤੇ ਵਾਰ-ਵਾਰ ਜ਼ੋਰ ਦਿੱਤਾ ਗਿਆ ਹੈ ਕਿ ਕਿਵੇਂ ਵਿਦਿਆ, ਭਾਸ਼ਾ ਅਤੇ ਸਾਹਿਤ ਨੂੰ ਸਾਮਰਾਜੀਆਂ ਨੇ ਆਪਣੇ ਦਬਦਬੇ ਨੂੰ ਹੋਰ ਪਕੇਰਿਆਂ ਕਰਨ ਲਈ ਵਰਤਿਆ। ਦਰਅਸਲ, ਹਰ ਸਾਹਿਤਕ ਕਿਰਤ ਕਲਾਤਮਕ ਹੋਣ ਦੇ ਨਾਲ-ਨਾਲ ਰਾਜਨੀਤਕ ਵੀ ਹੁੰਦੀ ਹੈ। ਜਿਥੋਂ ਤੱਕ ਸਫਰਨਾਮੇ ਦਾ ਸੰਬੰਧ ਹੈ, ਬਸਤੀਵਾਦੀ ਸਮਿਆਂ ਵਿਚ ਇਕ ਪਾਸਿਓਂ ਸਫਰਨਾਮਾ ਲਿਖਣ-ਛਪਾਣ ਵਿਚ ਯੋਰਪੀਨ ਹਾਕਮਾਂ ਦਾ ਦਬਦਬਾ ਸੀ, ਅਤੇ ਦੂਜੇ ਪਾਸਿਓਂ ਯਾਤਰਾ ਕੇਵਲ ਉਸੇ ਨੂੰ ਸਮਝਿਆ ਜਾਂਦਾ ਸੀ, ਜਿਸ ਤਰ੍ਹਾਂ ਦੀ ਯੋਰਪੀਨਾਂ ਵਲੋਂ ਕੀਤੀ ਜਾਂਦੀ ਸੀ। ਮਿਸਾਲ ਦੇ ਤੌਰ ਉੱਤੇ ਸਫਰ ਬਾਰੇ ਸਮਝ ਵਿਚ ਪਰਵਾਸ, ਦੇਸ਼ ਨਿਕਾਲੇ, ਗੁਲਾਮੀ ਅਤੇ ਬੰਧੂਆ ਮਜ਼ਦੂਰੀ ਆਦਿ ਨੂੰ ਸ਼ਾਮਲ ਕਰਨ ਦੀ ਕਦੇ ਗੱਲ ਹੀ ਨਹੀਂ ਸੀ ਹੁੰਦੀ। ਉੱਤਰ-ਬਸਤੀਵਾਦ ਦੇ ਲੇਖਕਾਂ ਅਤੇ ਆਲੋਚਕਾਂ ਨੇ ਐਲਾਨ ਕੀਤਾ ਕਿ ਜਿਵੇਂ ਇਤਿਹਾਸਕਾਰਾਂ ਵਲੋਂ ਬਸਤੀਵਾਦੀ ਇਤਿਹਾਸ ਨੂੰ ਨਵੇਂ ਸਿਰਿਓਂ ਲਿਖਣ ਦਾ ਕੰਮ ਕੀਤਾ ਜਾਣਾ ਚਾਹੀਦਾ ਹੈ, ਉਵੇਂ ਹੀ ਸਫਰਨਾਮਾਕਾਰਾਂ ਵਲੋਂ ਸਫਰਨਾਮੇ ਵੀ ਨਵੇਂ ਸਿਰਿਓਂ ਲਿਖਣੇ ਜ਼ਰੂਰੀ ਹਨ। ਕਈ ਲੋਕ ਇਤਰਾਜ਼ ਜਤਾਂਦੇ ਹਨ ਕਿ ਰਚਨਾਤਮਕ ਲੇਖਕ ਦਾ ਕੰਮ ਕਿਸੇ ਵਿਚਾਰਧਾਰਾ ਦਾ ਪਰਚਾਰ ਕਰਨਾ ਨਹੀਂ ਹੁੰਦਾ। ਪਰੰਤੂ ਇਹ ਇਤਰਾਜ਼ ਸਹੀ ਨਹੀਂ। ਅਸਲੀਅਤ ਇਹ ਹੈ ਕਿ ਕੋਈ ਵੀ ਰਚਨਾ ਉਸਦੇ ਰਚਨਾਕਾਰ ਦੇ ਅੰਦਰਲੇ ਸੰਸਾਰ ਦਾ ਬਾਹਰਮੁਖੀ ਪ੍ਰਗਟਾਅ ਹੁੰਦਾ ਹੈ। ਇਕ ਲੇਖਕ ਕੁਝ ਵੀ ਲਿਖੇ, ਉਸਦਾ ਨੁਕਤਾ ਏ ਨਜ਼ਰ ਉਸਦੀ ਲਿਖਤ ਵਿਚੋਂ ਝਲਕਣਾ ਹੀ ਚਾਹੀਦਾ ਹੈ। ਸੰਭਵ ਹੈ ਕਿ ਕਈ ਵਾਰ ਅਜਿਹੀ ਲਿਖਤ ਵੇਖਣ ਨੂੰ ਮਿਲੇ, ਜਿਸ ਵਿਚੋਂ ਲੇਖਕ ਦੀ ਦਿੱਖ ਸਾਫ ਦਿਖਾਈ ਨਾ ਦੇਂਦੀ ਹੋਵੇ। ਇਸ ਧੁੰਦਲਕੇ ਦੀ ਵਜਾਹ ਲੇਖਕ ਦੇ ਮੱਥੇ ਵਿਚਲੀ ਧੁੰਦ ਹੀ ਹੁੰਦੀ ਹੈ। ਕੁਝ ਐਸੀਆਂ ਰਚਨਾਵਾਂ ਵੀ ਹੁੰਦੀਆਂ ਹਨ, ਜਿਨ੍ਹਾਂ ਜਿਸ ਕੋਈ ਵਿਸ਼ੇਸ਼ ਵਿਚਾਰਧਾਰਾ ਜਬਰਦਸਤੀ ਥੋਪੀ ਹੋਈ ਦਿਸਦੀ ਹੈ, ਜਿਸ ਨਾਲ ਉਸ ਰਚਨਾ ਦੀ ਸਾਹਿਤਕਤਾ ਬਾਰੇ ਸਵਾਲ ਖੜ੍ਹੇ ਹੋ ਜਾਂਦੇ ਹਨ। ਇਸ ਲਈ ਜ਼ਰੂਰੀ ਸ਼ਰਤ ਇਹ ਵੀ ਹੈ ਕਿ ਵਿਚਾਰਧਾਰਾ ਰਚਨਾ ਵਿਚ ਸਹਿਜ ਰੂਪ ਵਿਚ ਦਾਖਲ ਹੋਵੇ।

ਜੀਵਨੀ ਜਾਂ ਸਵੈਜੀਵਨੀ ਵਾਂਗ ਸਫਰਨਾਮੇ ਨੂੰ ਅ-ਗਲਪ (Non-fiction) ਦੇ ਰਖਨੇ ਵਿਚ ਰਖਿਆ ਜਾਂਦਾ ਹੈ, ਹਾਲਾਂਕਿ ਬੜੀ ਵਾਰ ਸਫਰਨਾਮਿਆਂ ਵਿਚ ਸਾਨੂੰ ਗਲਪ ਦੇ ਅੰਸ਼ ਵੀ ਮਿਲਦੇ ਹਨ। ਇਬਨ ਬਤੂਤਾ ਉੱਤੇ ਤਾਂ ਸ਼ਰ੍ਹੇਆਮ ਇਹ ਇਲਜ਼ਾਮ ਲਗਦਾ ਹੈ ਕਿ ਉਸਨੇ ਆਪਣੇ ਸਫਰਨਾਮੇ ਵਿਚ ਬਹੁਤ ਸਾਰੀਆਂ ਮਨਘੜੰਤ ਕਹਾਣੀਆਂ ਜੋੜ ਦਿੱਤੀਆਂ ਸਨ। ਸਫਰਨਾਮੇ ਦੀ ਸੁਰ ਸਵੈ-ਜੀਵਨੀ ਮੁਖੀ ਹੋਣ ਕਰਕੇ ਲੇਖਕ ਦੇ ਮੂੰਹੋਂ ਸੁਣੇ ਬਿਆਨ ਨੂੰ ਪ੍ਰਮਾਣਿਕਤਾ ਦੀ ਸਾਣ ਚੜ੍ਹੀ ਹੁੰਦੀ ਹੈ। ਮੈਂ ਕਿਲ੍ਹਿਆਂ ਜਾਂ ਮੰਦਰਾਂ ਦੀ ਨਿਰਮਾਣ-ਕਲਾ ਬਾਰੇ ਲਿਖ ਰਿਹਾ ਹੋਵਾਂ, ਖਜੁਰਾਹੋ ਦੀ ਮੂਰਤੀਕਲਾ ਜਾਂ ਅਜੰਤਾ ਦੇ ਕੰਧ ਚਿਤਰਾਂ ਬਾਰੇ, ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਬਾਰੇ ਦਿੱਤੀ ਜਾਣਕਾਰੀ ਪ੍ਰਮਾਣਿਕ ਹੋਵੇ। ਓਸ ਜਾਣਕਾਰੀ ਨੂੰ ਸਮਕਾਲਿਕ ਸੰਦਰਭ ਵਿਚ ਰੱਖ ਕੇ ਪੇਸ਼ ਕਰਨਾ ਮੈਂ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ। ਮਿਸਾਲ ਦੇ ਤੌਰ ਉੱਤੇ ਦੌਲਤਾਬਾਦ ਦੇ ਕਿਲ੍ਹੇ ਦੀ ਆਹਲਾ ਅਤੇ ਗੁੰਝਲਦਾਰ ਉਸਾਰੀ ਦਾ ਜ਼ਿਕਰ ਤਾਂ ਮੈਂ ਕੀਤਾ ਹੀ, ਪਰੰਤੂ ਨਾਲ ਹੀ ਇਸ ਪਰਚਾਰ ਦਾ ਖੰਡਨ ਵੀ ਕੀਤਾ ਕਿ ਇਹ ਕਿਲ੍ਹਾ ਕਦੇ ਜਿੱਤਿਆ ਨਹੀਂ ਸੀ ਗਿਆ। "761 ਸਾਲਾਂ ਦੇ ਇਤਿਹਾਸ ਵਿਚ ਇਸ ਕਿਲ੍ਹੇ ਨੇ ਅੱਠ ਸਲਤਨਤਾਂ ਦੀ

ਚੜ੍ਹਤ ਤੇ ਨਿਘਾਰ ਵੇਖਿਆ।...ਜਦੋਂ ਵੀ ਇਸਨੂੰ ਜਿੱਤਿਆ ਗਿਆ, ਜ਼ੋਰ ਨਾਲ ਨਹੀਂ ਜਿੱਤਿਆ ਗਿਆ, ਹਮੇਸ਼ਾ ਦਗਾ, ਫਰੇਬ ਹੀ ਕੰਮ ਆਇਆ।" ਅਜੰਤਾ ਦੇ ਗੁਫਾ ਚਿਤਰਾਂ ਦੀ ਸਰਾਹਨਾ ਕਰਦਾ-ਕਰਦਾ ਮੈਂ ਬੁੱਧ ਧਰਮ ਵਿਚ ਮੂਰਤੀ ਪੂਜਾ ਦੇ ਮੁੜ ਦਾਖਲੇ ਬਾਰੇ ਵੀ ਨੁਕਤਾ ਉਠਾਂਦਾ ਹਾਂ। ਹਿਨੀਆਨ ਬੋਧੀ ਮੂਰਤੀ ਪੂਜਾ ਨਹੀਂ ਸਨ ਕਰਦੇ, ਉਹ ਬੋਧੀ ਸਤੂਪ ਦੇ ਪ੍ਰਤਿਰੂਪ ਨੂੰ ਹੀ ਮੱਥਾ ਟੇਕਦੇ ਸਨ। ...ਪੰਜ ਸਦੀਆਂ ਉਪਰੰਤ ਵਾਹੇ ਗਏ ਚਿਤਰਾਂ ਵਿਚ ਮਹਾਤਮਾ ਬੁੱਧ ਦੀਆਂ ਤਸਵੀਰਾਂ ਜ਼ਰੂਰ ਸ਼ਾਮਲ ਹੋ ਗਈਆਂ। ਇਹਦੇ ਲਈ ਕਾਫੀ ਹੱਦ ਤੀਕ ਹਿੰਦੂ ਧਰਮ ਦਾ ਮੁੜ-ਉਭਾਰ ਜ਼ਿੰਮੇਵਾਰ ਸੀ। ਇਵੇਂ ਹੀ ਖਜੁਰਾਹੋ ਦੀਆਂ ਕਾਮੁਕ ਮੂਰਤੀਆਂ ਨੂੰ ਮੈਂ ਅਸ਼ਲੀਲ ਨਹੀਂ ਮੰਨਦਾ, ਸਗੋਂ ਉਨ੍ਹਾਂ ਨੂੰ ਮੂਰਤੀਕਲਾ ਦਾ ਸਿਖਰ ਮੰਨ ਕੇ ਉਨ੍ਹਾਂ ਨੂੰ ਮੰਦਰਾਂ ਦਾ ਹਿੱਸਾ ਕਿਉਂ ਬਣਾਇਆ ਗਿਆ, ਇਸਦੇ ਤਰਕ ਦੀ ਭਾਲ ਕਰਦਾ ਹਾਂ।

ਸਾਰੇ ਵਿਰਾਸਤੀ ਸਥਲ ਮੇਰੇ ਲਈ ਕੁੱਲ ਮਨੁੱਖਤਾ ਦੀ ਵਿਰਾਸਤ ਹੈ। ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਲਾਪਰਵਾਹੀ ਅਤੇ ਬੇਧਿਆਨੀ ਦਾ ਮੁੱਦਾ ਮੈਂ ਵਾਰ-ਵਾਰ ਚੁੱਕਦਾ ਹਾਂ। ਲੋਣਾਰ ਕਰੇਟਰ, ਜਿਹੜਾ ਆਪਣੇ ਆਪ ਵਿਚ ਵਿਲੱਖਣ ਕੁਦਰਤੀ ਅਜੂਬਾ ਹੈ, ਵੱਡੀ ਅਣਗਹਿਲੀ ਦਾ ਸ਼ਿਕਾਰ ਹੈ। ਹਜ਼ਾਰਾਂ ਸਾਲ ਪੁਰਾਣੇ ਮੰਦਰਾਂ ਦੇ ਬੇਸ਼ਕੀਮਤੀ ਪੁਰਾਅਵਸ਼ੇਸ਼ ਅਜਾਈਂ ਰੁਲ਼ ਰਹੇ ਹਨ ਏਥੇ! ਇਹ ਸਭ ਵੇਖ ਕੇ ਮਨ ਬਹੁਤ ਦੁਖੀ ਹੁੰਦਾ ਹੈ ਕਿ ਸਾਡੇ ਦੇਸ਼ ਵਿਚ ਸਾਡੇ ਅਨਮੋਲ ਵਿਰਸੇ ਨੂੰ ਸਾਂਭਣ ਵਾਲਾ ਕੋਈ ਨਹੀਂ! ਇੰਝ ਹੀ ਜੂਨਾਗੜ੍ਹ ਵਿਚ ਉਨ੍ਹੀਵੀਂ ਸਦੀ ਦੇ ਮਕਬਰੇ ਵੇਖਦੇ ਹੋਏ ਮੈਂ ਲਿਖਿਆ ਕਿ ਭਾਰਤ ਦੇ ਪੁਰਾਤਤਵ ਵਿਭਾਗ ਨੇ ਇਹ ਇਮਾਰਤਾਂ ਆਪਣੀ ਦੇਖ-ਰੇਖ ਹੇਠ ਲੈ ਰੱਖੀਆਂ ਹਨ, ਪਰ ਬਦਕਿਸਮਤੀ ਨੂੰ ਬਹੁਤੀ ਵਾਰੀ ਇਹ ਮਹਿਕਮਾ ਇਨ੍ਹਾਂ ਇਮਾਰਤਾਂ ਮੂਹਰੇ ਆਪਣਾ ਕਬਜ਼ਾ ਜਤਾਉਂਦੇ ਬੋਰਡ ਲਾਉਣ ਤੋਂ ਵੱਧ ਕੁਝ ਨਹੀਂ ਕਰਦਾ।...ਕਿੰਨੇ ਚਾਅ ਨਾਲ ਜਾਈਦਾ ਅਜਿਹੀਆਂ ਥਾਵਾਂ ਦੇਖਣ। ਜੀਅ ਪ੍ਰਸੰਨ ਵੀ ਹੁੰਦਾ ਹੈ ਇਨ੍ਹਾਂ ਨੂੰ ਦੇਖ ਕੇ, ਪਰ ਇਨ੍ਹਾਂ ਪ੍ਰਤੀ ਪ੍ਰਬੰਧਕੀ ਅਣਗਹਿਲੀ ਨੂੰ ਤੱਕ ਕੇ ਮਨ ਖਰਾਬ ਵੀ ਹੁੰਦਾ ਹੈ।

ਕਿਸੇ ਜਗ੍ਹਾ ਦੇ ਕੁਦਰਤੀ ਨਜ਼ਾਰੇ ਅਤੇ ਉਥੋਂ ਦੇ ਮਹੌਲ ਨੂੰ ਪੇਸ਼ ਕਰਨਾ ਸਫਰਨਾਮੇ ਦਾ ਵੱਡਾ ਮਕਸਦ ਹੈ। ਇਹ ਚੀਜ਼ਾਂ ਤੁਹਾਨੂੰ ਇਤਿਹਾਸ ਦੀਆਂ ਕਿਤਾਬਾਂ ਵਿਚ ਨਹੀਂ ਲੱਭਦੀਆਂ। ਕਈ ਵਾਰ ਸਮੁੰਦਰ ਕਿਨਾਰੇ ਤੋਂ ਜਾਂ ਰੇਗਿਸਤਾਨ ਦੀ ਰੇਤਾ ਤੋਂ ਦਿਸਦੇ ਸੂਰਜ ਉਦੈ ਜਾਂ ਸੂਰਜ ਅਸਤ ਦੇ ਨਜ਼ਾਰਿਆਂ ਦੇ ਦ੍ਰਿਸ਼ ਚਿਤਰਣ ਦੀ ਕੋਸ਼ਿਸ਼ ਕਰਦਾ ਹਾਂ, ਤਾਂਕਿ ਪਾਠਕ ਤਾਈਂ ਉਥੋਂ ਦੇ ਭੂਗੋਲਿਕ ਖਿੱਤੇ ਦਾ ਪੰਜਾਬ ਦੇ ਭੂਗੋਲ ਨਾਲੋਂ ਵਖਰੇਵਾਂ ਪੁੱਜਦਾ ਹੋ ਸਕੇ। ਪਾਠਕ ਨੂੰ ਕੁਦਰਤ ਦੀ ਸੁਹੱਪਣ ਬਾਰੇ ਸੁਚੇਤ ਕਰਨਾ ਅਤੇ ਓਸ ਸੁੰਦਰਤਾ ਦੀ ਸਾਂਭ-ਸੰਭਾਲ ਲਈ ਯਤਨਸ਼ੀਲ ਕਰਨਾ ਮੇਰਾ ਸੋਚਿਆ-ਸਮਝਿਆ ਮਕਸਦ ਹੈ। ਉੱਚੇ ਪਹਾੜਾਂ ਵਿਚ ਟ੍ਰੈਕਿੰਗ ਕਰ ਰਿਹਾ ਹੋਵਾਂ ਜਾਂ ਜੰਗਲਾਂ ਵਿਚ ਸਫਾਰੀ, ਸਮੁੰਦਰੀ ਕੰਢੇ ਉੱਤੇ ਧੁੱਪ-ਸਨਾਨ ਕਰ ਰਿਹਾ ਹੋਵਾਂ ਜਾਂ ਸਾਗਰਾਂ ਵਿਚ ਸਨੋਰਕਲਿੰਗ, ਕਿਸੇ ਮਾਰੂਥਲ ਵਿਚ ਘੁੰਮ ਰਿਹਾ ਹੋਵਾਂ ਜਾਂ ਹਨੇਰੀ ਗੁਫਾ ਵਿਚ ਵੜਨ ਦਾ ਜੋਖਮ ਲੈ ਰਿਹਾ ਹੋਵਾਂ, ਉਸ ਸਥਾਨ ਦੀ ਭੂਗੋਲ ਦਾ ਮੈਂ ਵਿਸਤਾਰ ਵਿਚ ਜ਼ਿਕਰ ਕਰਦਾ ਹੀ ਹਾਂ, ਪਰੰਤੂ ਸਮਾਜਕ ਟਿੱਪਣੀ ਕੀਤੇ ਬਗੈਰ ਨਹੀਂ ਰਹਿੰਦਾ। ਚੇਰਾਪੂੰਜੀ ਵਿਚ ਮੈਂ ਕੋਲੇ ਦੀ ਇਕ ਖਾਣ ਵੇਖਣ ਚਲਾ ਜਾਂਦਾ ਹਾਂ। ਗਿੱਲੀ-ਨੀਵੀਂ ਖਾਣ ਵਿਚੀਂ ਮੇਰਾ ਖਾਲੀ ਹੱਥੀਂ ਲੰਘਣਾ ਹੀ ਦੁਸ਼ਵਾਰ ਹੋ ਰਿਹਾ ਸੀ, ਅਤੇ ਮਜ਼ਦੂਰ ਸਾਰਾ ਸਾਰਾ ਦਿਨ ਉਸ ਖਾਣ ਵਿਚੋਂ ਕੋਲਾ ਕਢਦੇ ਹਨ। ਉਥੇ ਮੈਂ ਟਿੱਪਣੀ ਕਰਦਾ ਹਾਂ ਕਿ "ਸਾਰਾ ਦਿਨ ਗੈਂਤੀ ਬੇਲਚੇ ਵਰਗੇ ਸੰਦਾਂ ਨਾਲ ਏਸ ਹਨੇਰੀ ਤੇ ਗਿੱਲੀ ਗੁਫਾ ਵਿੱਚ ਮਿਹਨਤ-ਮੁਸ਼ੱਕਤ ਕਰਨ ਤੋਂ ਬਾਅਦ ਇਨ੍ਹਾਂ ਮਜ਼ਦੂਰਾਂ

ਦੇ ਹੱਥ ਪਤਾ ਨਹੀਂ ਕਿੰਨਾ ਕੁ ਕੋਲਾ ਲੱਗਦਾ ਹੋਵੇਗਾ! ਫੇਰ ਉਸ ਕੋਲੇ ਨੂੰ ਅੱਗੇ ਵੇਚ-ਵੱਟਣ ਦੀਆਂ ਸਮੱਸਿਆਵਾਂ ਨਾਲ ਵੱਖਰਾ ਜੂਝਣਾ ਪੈਂਦਾ ਹੋਵੇਗਾ!" ਇੰਝ ਹੀ ਜਦੋਂ ਪਹਾੜਾਂ ਵਿਚ ਟ੍ਰੈਕਿੰਗ ਕਰਦਾ ਹਾਂ ਤਾਂ ਉਥੋਂ ਦੇ ਔਝੜ ਰਾਹਾਂ ਅਤੇ ਸਖਤ ਮੌਸਮ ਦੀ ਗੱਲ ਤਾਂ ਕਰਦਾ ਹੀ ਹਾਂ, ਪਰੰਤੂ ਇਸਨੂੰ ਰੁਮਾਂਟਕ ਹੱਦਾਂ ਅੰਦਰ ਮਹਿਦੂਦ ਨਹੀਂ ਰਹਿਣ ਦੇਂਦਾ। ਕੁਗਤੀ ਦੀ ਟ੍ਰੈਕਿੰਗ ਦੌਰਾਨ ਮੇਰੀ ਮੁਲਾਕਾਤ ਆਜੜੀਆਂ ਨਾਲ ਹੁੰਦੀ ਹੈ, ਤਾਂ ਉਨ੍ਹਾਂ ਦੀ ਹਾਲਤ ਬਾਰੇ ਲਿਖਦਾ ਹਾਂ: ਆਮ ਤੌਰ 'ਤੇ ਇਹ ਲੋਕ ਬੱਕਰੀ ਦਾ ਦੁੱਧ ਚੋ ਕੇ ਚਾਹ ਬਣਾ ਲੈਂਦੇ ਹਨ ਅਤੇ ਕਣਕ ਦੀਆਂ ਮੋਟੀਆਂ-ਮੋਟੀਆਂ ਰੋਟੀਆਂ ਲਾਹ ਕੇ ਲੂਣ ਭੁੱਕ ਕੇ ਖਾ ਲੈਂਦੇ ਹਨ। ਇਹੋ ਇਨ੍ਹਾਂ ਦਾ ਹਰ ਰੋਜ਼ ਦਾ ਖਾਜਾ ਹੈ। ਆਪਣੇ ਪਰਵਾਰਾਂ ਤੋਂ ਮਹੀਨਿਆਂ ਬੱਧੀ ਦੂਰ ਰਹਿਣ ਦਾ ਹੇਰਵਾ ਵੱਖਰਾ ਹੈ।" ਕੁਗਤੀ ਨੇੜਲੇ ਕੇਲਾਂਗ ਮੰਦਰ ਬਾਰੇ ਮੈਂ ਲਿਖਿਆ: ਇਹ ਮੰਦਰ ਤਿੰਨ ਸਿਰਾਂ ਵਾਲੇ ਨਾਗ ਦੇਵਤਾ ਨੂੰ ਸਮਰਪਤ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਦੇਵਤਾ ਉਨ੍ਹਾਂ ਦੇ ਪਸ਼ੂਆਂ ਨੂੰ ਬਿਮਾਰੀ ਤੋਂ ਬਚਾਉਂਦਾ ਹੈ। ਪਰ ਉਸ ਨੂੰ ਖ਼ੁਸ਼ ਕਰਨ ਲਈ ਮੰਦਰ ਵਿੱਚ ਇਹੋ ਗਡਰੀਏ ਭੇਡਾਂ, ਬੱਕਰੀਆਂ ਦੀ ਬਲੀ ਵੀ ਦਿੰਦੇ ਹਨ। ਬਚਾਉਣ ਵਾਲਾ ਦੇਵਤਾ ਭਲਾ ਬਲੀ ਲੈ ਕੇ ਖ਼ੁਸ਼ ਕਿਵੇਂ ਹੁੰਦਾ ਹੈ ? ਇਹ ਆਪਾ ਵਿਰੋਧੀ ਤੇ ਤਰਕਹੀਣ ਗੱਲ ਹੈ, ਪਰ ਸ਼ਰਧਾ ਤਾਂ ਹੈ ਹੀ ਤਰਕ ਦੀ ਵੈਰੀ! ਕੁਦਰਤੀ ਦ੍ਰਿਸ਼ਾਂ ਨੂੰ ਚਿਤਰਣ ਦਾ ਮੇਰਾ ਮਕਸਦ ਸੈਰ ਦੇ ਪ੍ਰਭਾਵ ਪਾਠਕ ਤਾਈਂ ਪੁਚਾਣ ਤੱਕ ਮਹਿਦੂਦ ਨਹੀਂ। ਜਦੋਂ ਲਕਸ਼ਦੀਪ ਨੂੰ ਜਾਂਦੇ ਵੇਲੇ ਸਮੁੰਦਰ ਵਿਚ ਡੌਲਫਿਨਾਂ ਦੇ ਅਦਭੁਤ ਨਾਚ ਬਾਰੇ ਮੈਂ ਲਿਖਦਾ ਹਾਂ, ਜਾਂ ਮਿਨੀਕੋਏ ਵਿਚ ਵੇਖੇ ਮੂੰਗਿਆਂ ਦੇ ਅਦਭੁਤ ਸੰਸਾਰ ਬਾਰੇ ਜਾਣਕਾਰੀ ਦੇਂਦਾ ਹਾਂ, ਤਾਂ ਮੇਰਾ ਵਾਸਤਾ ਪਾਠਕ ਨੂੰ ਕੁਦਰਤ ਦੀ ਸੁਹੱਪਣ ਬਾਰੇ ਸੁਚੇਤ ਕਰਨਾ ਅਤੇ ਓਸ ਸੁੰਦਰਤਾ ਦੀ ਸਾਂਭ-ਸੰਭਾਲ ਲਈ ਯਤਨਸ਼ੀਲ ਕਰਨ ਨਾਲ ਹੈ।

ਸਫਰ ਦੌਰਾਨ ਮੇਰਾ ਟਾਕਰਾ ਉਥੋਂ ਦੇ ਸਭਿਆਚਾਰ ਨਾਲ ਹੁੰਦਾ ਹੈ। ਭਾਵੇਂ ਉਥੋਂ ਦੇ ਨਾਚ-ਗਾਣੇ ਹੋਣ ਅਤੇ ਭਾਵੇਂ ਚਿਤਰਕਾਰੀ, ਭਾਵੇਂ ਪਹਿਨਾਵੇ ਹੋਣ ਅਤੇ ਭਾਵੇਂ ਪਕਵਾਨ। ਗੱਲ ਭਵਨ ਨਿਰਮਾਣ ਕਲਾ ਦੀ ਹੋਵੇ ਜਾਂ ਕੁਦਰਤੀ ਕਲਾਕ੍ਰਿਤੀਆਂ ਦੀ। ਓਸ ਸਭਿਆਚਾਰ ਦੇ ਮੁਲਾਂਕਣ ਅਤੇ ਉਸਨੂੰ ਪੰਜਾਬੀ ਸਭਿਆਚਾਰ ਦੇ ਮੁਕਾਬਲੇ ਵਿਚ ਪਾਠਕ ਸਾਹਮਣੇ ਪੇਸ਼ ਕਰਨ ਨਾਲ ਪਾਠਕਾਂ ਦਾ ਦ੍ਰਿਸ਼ਟੀ-ਖੇਤਰ ਵੀ ਵਸੀਹ ਹੁੰਦਾ ਹੈ ਆਪਣੇ ਖ਼ੁਦ ਦੀ ਪਛਾਣ ਕਰਨ ਵਿਚ ਵੀ ਮਦਦ ਮਿਲਦੀ ਹੈ। ਮਿਨੀਕੋਏ ਦੇ ਮਾਤ-ਪ੍ਰਧਾਨ ਸਮਾਜ ਬਾਰੇ ਮੈਂ ਲਿਖਦਾ ਹਾਂ ਕਿ ਉਥੇ ਜਾਇਦਾਦ ਦੀ ਵਿਰਾਸਤ ਮਾਂ ਤੋਂ ਬੇਟੀ ਨੂੰ ਮਿਲਦੀ ਹੈ। ਵਿਆਹ ਤੋਂ ਬਾਅਦ ਮੁੰਡਾ ਆਪਣੇ ਸਹੁਰੇ-ਘਰ ਆ ਕੇ ਰਹਿੰਦਾ ਹੈ। ਦਹੇਜ ਵੀ ਮੁੰਡਾ ਹੀ ਲੈ ਕੇ ਆਉਂਦਾ ਹੈ। ਕੇਰਲਾ ਦੀ ਸ਼ੈਰਿਲ ਨੂੰ ਚੜ੍ਹਦੀ ਉਮਰੇ ਆਪਣੇ ਪਿਤਾ ਦੇ ਮੁਸਲਮਾਨ ਡਰਾਈਵਰ ਬਸ਼ੀਰ ਨਾਲ ਪਿਆਰ ਹੋ ਗਿਆ ਤਾਂ ਮਾਪਿਆਂ ਨੇ ਦੋਵਾਂ ਨੂੰ ਘਰੋਂ ਕੱਢ ਦਿੱਤਾ। ਪਰੰਤੂ ਉਨ੍ਹਾਂ ਨੇ ਪਿਆਰ ਨਾਲ ਤੋੜ ਨਿਭਾਈ ਅਤੇ ਅੱਜ ਦੇ ਦਿਨ ਮਿਲ ਜੁਲ ਕੇ ਗੈਸਟ ਹਾਊਸ ਚਲਾਂਦੇ ਹਨ। ਰਾਜਸਥਾਨ ਦੀ ਚਿਤਰਕਾਰੀ ਬਾਰੇ ਵਿਸਤਾਰ ਵਿਚ ਗੱਲ ਕਰਨੀ ਮੈਂ ਇਸਲਈ ਜ਼ਰੂਰੀ ਸਮਝਦਾ ਹਾਂ ਤਾਂਕਿ ਇਸ ਕਲਾ ਬਾਰੇ ਸੂਹਜ ਦਾ ਵਿਕਾਸ ਹੋ ਸਕੇ। ਜਾਨਵਰਾਂ ਅਤੇ ਬੂਟਿਆਂ ਦੀਆਂ ਸੁਭਾਂਤਾ ਬਾਰੇ ਵਰਨਣ ਨੂੰ ਮੈਂ ਵਾਤਾਵਰਣ ਦੀ ਰੱਖਿਆ ਨਾਲ ਜੋੜ ਕੇ ਪੇਸ਼ ਕਰਦਾ ਹਾਂ। ਸਫਰ ਦੌਰਾਨ ਚੱਖੇ ਖਾਣਿਆਂ ਨੂੰ ਪਕਾਉਣ ਦੀ ਵਿਧੀ ਦੱਸਣ ਦਾ ਮੇਰਾ ਮਕਸਦ ਹੁੰਦਾ ਹੈ ਕਿ ਪਾਠਕਾਂ ਨੂੰ ਆਪਣੇ ਖਾਣਿਆਂ ਦੇ ਸੀਮਤ ਘੇਰੇ ਵਿਚੋਂ ਬਾਹਰ ਕੱਢਿਆ ਜਾਵੇ।

ਮੇਰੀ ਪੂਰੀ ਕੋਸ਼ਿਸ਼ ਰਹਿੰਦੀ ਹੈ ਕਿ ਮੇਰੀ ਅਗਾਂਹਵਧੂ ਅਤੇ ਤਰਕਸ਼ੀਲ ਵਿਚਾਰਧਾਰਾ

ਮੇਰੇ ਪਾਠਕਾਂ ਕੋਲ ਜ਼ਰੂਰ ਪਹੁੰਚੇ, ਪਰ ਇਹ ਠਾਹ ਸੋਟਾ ਵੀ ਨਾ ਹੋਵੇ। ਗੰਗੋਤਰੀ, ਭੋਜਵਾਸਾ, ਤਪੋਵਨ ਜਾਂ ਨਾਸਿਕ ਵਿਚ ਸਾਧੂਆਂ ਨਾਲ ਮੁਲਾਕਾਤਾਂ ਨੂੰ ਮੈਂ ਧਾਰਮਕ ਰੰਗਤ ਨਹੀਂ ਚਾੜ੍ਹਦਾ, ਉਨ੍ਹਾਂ ਦੀ ਅਸਲ ਕਹਾਣੀ ਲੱਭਣ ਦੀ ਕੋਸ਼ਿਸ਼ ਕਰਦਾ ਹਾਂ। ਮੇਰੀ ਨਾ ਚੂਹਿਆਂ ਦੇ ਮੰਦਰ ਵਿਚ ਸ਼ਰਧਾ ਹੈ, ਨਾ ਪੁਸ਼ਕਰ ਦੇ ਘਾਟਾਂ ਵਿਚ। ਨਾ ਬੋਧੀਆਂ ਦੇ ਮਠਾਂ ਨਾਕੋ, ਤਾਬੋ, ਕੀਅ, ਆਦਿ ਨਾਲ ਕੋਈ ਧਾਰਮਕ ਲਗਾਓ ਹੈ, ਨਾ ਅਜਮੇਰ ਦੇ ਮਜ਼ਾਰ ਸ਼ਰੀਫ ਨਾਲ। ਜੂਨਾਗੜ੍ਹ ਜਾਂ ਪਾਲੀਤਾਣਾ ਦੇ ਜੈਨੀ ਮੰਦਰਾਂ ਨੂੰ ਵੀ ਮੈਂ ਮਨੁੱਖ ਵਲੋਂ ਸਿਰਜੇ ਅਜੂਬਿਆਂ ਵਾਂਗ ਵੇਖਦਾ-ਵਿਖਾਂਦਾ ਹਾਂ। ਸਫਰ ਦੌਰਾਨ ਕਈ ਵਾਰ ਰੌਚਕ ਲੋਕ ਮਿਲ ਜਾਂਦੇ ਹਨ, ਉਨ੍ਹਾਂ ਦਾ ਜ਼ਿਕਰ ਸਫਰਨਾਮੇ ਨੂੰ ਰੌਚਕ ਵੀ ਬਣਾਉਂਦਾ ਹੈ, ਅਤੇ ਪ੍ਰਮਾਣਿਕ ਵੀ। ਉਨ੍ਹਾਂ ਵਿਚੋਂ ਕੁਝਨਾਂ ਵਿਚ ਮੇਰੇ ਪਾਠਕਾਂ ਲਈ ਪ੍ਰੇਰਨਾ ਸਰੋਤ ਬਣਨ ਦੀ ਗੁੰਜਾਇਸ਼ ਵੀ ਹੁੰਦੀ ਹੈ। ਗੁਜਰਾਤ ਵਿਚ ਚਾਰ ਏਕੜ ਮੰਗਵੀ ਬੰਜਰ ਜ਼ਮੀਨ ਨੂੰ ਅਬਾਦ ਕਰ ਕੇ ਜੰਗਲ ਲਾਉਣ ਵਾਲੇ ਅਸਗਰ ਭਾਈ ਜਸਦਣਵਾਲਾ ਨੂੰ ਮੈਂ ਕੁਦਰਤ ਦਾ ਪੁਜਾਰੀ ਆਖਦਾ ਹਾਂ। ਬੂੰਦੀ ਵਿਚ ਸਾਡੇ ਗਾਈਡ ਕੁੱਕੀ ਨੇ ਉਂਝ ਤਾਂ ਅੱਠਵੀਂ ਵੀ ਪਾਸ ਨਹੀਂ ਕੀਤੀ, ਫੇਰਵੀ ਬੂੰਦੀ ਨੂੰ ਗੁਫਾ ਚਿਤਰਾਂ ਦੇ ਨਕਸ਼ੇ ਉੱਤੇ ਲਿਆਉਣ ਵਿਚ ਉਸਦਾ ਵੱਡਾ ਯੋਗਦਾਨ ਹੈ। ਰਾਹੁਲ ਸਾਂਕਰਤਾਇਨ ਦੀ 1949 ਵਿਚ ਲਿਖੀ ਇਕ ਨਿੱਕੀ ਜਿਹੀ ਪੁਸਤਕ ਹੈ *ਘੁਮੱਕੜ ਸ਼ਾਸਤਰ,* ਜਿਸ ਵਿਚ ਉਹ ਲਿਖਦਾ ਹੈ ਕਿ ਘੁਮੱਕੜ ਦੁਨੀਆਂ ਦਾ ਸਰਬ ਸ੍ਰੇਸ਼ਟ ਪ੍ਰਾਣੀ ਹੈ, ਕਿਉਂਕਿ ਉਹ ਹੀ ਅੱਜ ਦੀ ਦੁਨੀਆ ਦਾ ਸਿਰਜਣਹਾਰ ਹੈ। ਘੁਮੱਕੜਾਂ ਵਲੋਂ ਨਵੀਆਂ ਧਰਤੀਆਂ ਖੋਜਣ ਦੀ ਗੱਲ ਤਾਂ ਛੱਡੋ, ਜੇ ਤੁਸੀਂ ਖ਼ੂਹ ਦੇ ਡੱਡੂ ਬਣ ਕੇ ਨਹੀਂ ਬੈਠੇ ਰਹਿਣਾ ਚਾਹੁੰਦੇ, ਜੇ ਤੁਸੀਂ ਆਪਣੀ ਦ੍ਰਿਸ਼ਟੀ ਨੂੰ ਮੋਕਲ਼ਾ ਕਰਨਾ ਲੋਚਦੇ ਹੋ, ਤਾਂ ਤੁਹਾਡੇ ਲਈ ਘੁਮੱਕੜੀ ਨਿਹਾਇਤ ਜ਼ਰੂਰੀ ਹੈ। ਇਸਲਈ ਪਾਠਕਾਂ ਨੂੰ ਘੁਮੱਕੜੀ ਲਈ ਉਕਸਾਉਣਾ ਮੇਰਾ ਵੱਡਾ ਮਕਸਦ ਹੈ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਵੇਖੀ ਹੋਈ ਥਾਂ ਬਾਰੇ ਲੋੜੀਂਦੀ ਜਾਣਕਾਰੀ ਵੀ ਮੁਹਈਆ ਕਰਾਵਾਂ, ਪਰੰਤੂ ਉਸਦਾ ਵਰਨਣ ਬੋਝਲ ਵੀ ਨਾ ਹੋਵੇ। ਨਾਲ ਦੀ ਨਾਲ ਮੈਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਕਿਸੇ ਵੀ ਹਾਲਤ ਵਿਚ ਸਫਰਨਾਮਾ ਘੁਮੱਕੜੀ ਦਾ ਬਦਲ ਨਹੀਂ ਬਣ ਸਕਦਾ। ਪਹਾੜਾਂ ਦੀ ਫੋਟੋ ਵੇਖ ਕੇ ਠੰਡ ਦਾ ਅਹਿਸਾਸ ਨਹੀਂ ਹੋ ਸਕਦਾ! ਉੱਚੇ ਨੀਵੇਂ ਰਾਹਾਂ ਦਾ ਨਹੀਂ ਪਤਾ ਲਗਦਾ। ਦਿਓਦਾਰ ਜਾਂ ਚੀਲ ਦੇ ਰੁੱਖਾਂ ਦੀ ਖ਼ੁਸ਼ਬੂ ਨਹੀਂ ਆਉਂਦੀ। ਘੁਮੱਕੜੀ ਦੌਰਾਨ ਕਈ ਵਾਰ ਕਸ਼ਟਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ, ਪਰੰਤੂ ਇਹ ਕਸ਼ਟ ਦਾਲ-ਸਬਜ਼ੀ ਵਿਚ ਮਿਰਚ-ਮਸਾਲੇ ਵਾਂਗ ਹੁੰਦੇ ਹਨ। ਜੇ ਘੁਮੱਕੜੀ ਦੌਰਾਨ ਕੌੜੇ ਅਨੁਭਵ ਹੋਣ, ਤਾਂ ਉਹ ਘੁਮੱਕੜੀ ਦੇ ਰਸ ਨੂੰ ਚਾਰ ਚੰਨ ਲਾ ਦੇਂਦੇ ਹਨ। ਘੁਮੱਕੜੀ ਨਾ ਕਰਨ ਲਈ ਸਾਧਨਾਂ ਦੀ ਕਮੀ ਦਾ ਬਹਾਨਾ ਨਹੀਂ ਚਲਦਾ, ਕਿਉਂਕਿ ਸਾਧਨਾਂ ਦੀ ਕਮੀ ਕਦੇ ਕਿਸੇ ਘੁਮੱਕੜ ਦੇ ਪੈਰ ਨਹੀਂ ਰੋਕ ਸਕੀ। ਘੁਮੱਕੜ ਦੇ ਪੈਰ ਸਾਧਨਾਂ ਨਾਲ ਨਹੀਂ ਬੱਝੇ ਹੋਏ, ਉਸਦੀ ਸੋਝੀ ਤੇ ਸੁਹਜ ਨਾਲ ਬੱਝੇ ਹੋਏ ਹਨ। ਸਾਰੀ ਕੋਸ਼ਿਸ਼ ਕਰ ਕੇ ਵੀ ਸਫਰ ਦੌਰਾਨ ਹੋਏ ਅਨੁਭਵਾਂ ਨੂੰ ਹੂਬਹੂ ਸ਼ਬਦਾਂ ਵਿਚ ਪਰੋਣਾ ਮੇਰੇ ਲਈ ਮੁਸ਼ਕਲ ਹੀ ਨਹੀਂ, ਅਸੰਭਵ ਹੈ। ਜਿਹੜਾ ਰਸ ਇਨ੍ਹਾਂ ਯਾਤਰਾਵਾਂ ਦੌਰਾਨ ਮੈਨੂੰ ਪ੍ਰਾਪਤ ਹੋਇਆ, ਉਸਦੇ ਕੁਝ ਇਕ ਤੁਪਕੇ ਹੀ ਮੈਂ ਆਪਣੇ ਸਫਰਨਾਮਿਆਂ ਵਿਚ ਸਮੋ ਸਕਿਆ ਹਾਂ। ਪੂਰਾ ਰਸ ਚੋਣਾ ਹੈ, ਤਾਂ ਪਾਠਕਾਂ ਨੂੰ ਖ਼ੁਦ ਘੁਮੱਕੜੀ ਕਰਨੀ ਹੋਵੇਗੀ। ਆਪ ਮਰੇ ਬਗੈਰ ਸਵਰਗ ਨਹੀਂ ਮਿਲ ਸਕਦਾ!

***

## ਪੁਸਤਕ ਰਿਵੀਊ

**ਕਿਸਾਨਾਂ ਦੇ ਮਸੀਹਾ: ਸਰ ਛੋਟੂ ਰਾਮ**

**ਲੇਖਕ: ਪ੍ਰੋ. ਬਸੰਤ ਸਿੰਘ ਬਰਾੜ**

**ਚੇਤਨਾ ਪ੍ਰਕਾਸ਼ਨ, ਲੁਧਿਆਣਾ**, 2020, **ਪੰਨੇ** 212, **ਕੀਮਤ** 275

ਪ੍ਰੋ. ਬਸੰਤ ਸਿੰਘ ਬਰਾੜ ਦੀ ਇਹ ਪਹਿਲੀ ਪੁਸਤਕ ਹੈ। ਇਸ ਪੁਸਤਕ ਵਿਚ ਕਿਸਾਨ ਨੇਤਾ ਸਰ ਛੋਟੂ ਰਾਮ ਦੇ ਜੀਵਨ ਸਮਾਚਾਰਾਂ ਬਾਰੇ ਭਰਪੂਰ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਆਜ਼ਾਦੀ ਤੋਂ ਪਹਿਲਾਂ ਦੀ ਰਾਜਨੀਤੀ ਵਿਚ ਯੂਨੀਅਨਨਿਸਟ ਪਾਰਟੀ ਤੇ ਛੋਟੂ ਰਾਮ ਦਾ ਅਹਿਮ ਸਥਾਨ ਸੀ। ਕਿਸਾਨੀ ਨੂੰ ਸ਼ਾਹੂਕਾਰਾਂ ਦੇ ਕਰਜ਼ੇ ਦੇ ਮੱਕੜ-ਜਾਲ ਤੋਂ ਮੁਕਤ ਕਰਵਾਉਣ ਲਈ ਛੋਟੂ ਰਾਮ ਨੇ ਆਪਣੀ ਰਾਜਨੀਤਿਕ ਪਹੁੰਚ ਦਾ ਇਸਤੇਮਾਲ ਕਰਕੇ 1930 ਤੋਂ 1943 ਦੇ ਸਮੇਂ ਦੌਰਾਨ ਤਕਰੀਬਨ 22 ਐਕਟ ਬਣਵਾਏ ਜਿਸ ਨਾਲ ਕਿਸਾਨੀ ਦੀ ਖ਼ੁਰ ਰਹੀ ਆਰਥਿਕ-ਸਮਾਜਕ ਹੋਂਦ ਨੂੰ ਆਸਰਾ ਮਿਲਿਆ। ਉਸ ਦੀਆਂ ਇਨ੍ਹਾਂ ਪ੍ਰਾਪਤੀਆਂ ਦੇ ਬਾਵਜੂਦ ਕਿਸਾਨੀ ਭਾਈਚਾਰਾ ਉਸ ਬਾਰੇ ਬਹੁਤ ਘੱਟ ਜਾਂ ਨਾ ਹੋਣ ਦੇ ਬਰਾਬਰ ਜਾਣਕਾਰੀ ਰੱਖਦਾ ਹੈ। ਉਸ ਦੀ ਪਛਾਣ ਕਿਸਾਨੀ ਦੇ ਨੇਤਾ ਹੋਣ ਦੀ ਬਜਾਇ ਇਕ ਭਾਈਚਾਰੇ ਦੇ ਨੇਤਾ ਤੱਕ ਸਿਮਟੀ ਹੋਈ ਹੈ। ਕੁਝ ਦਹਾਕਿਆਂ ਦੇ ਸਮੇਂ ਬਾਅਦ ਹੀ ਕਿਸਾਨੀ ਨੇ ਉਸ ਨੂੰ ਬਿਲਕੁਲ ਭੁਲਾ ਦਿੱਤਾ ਹੈ, ਇਸ ਤੋਂ ਸਾਡੇ ਇਤਿਹਾਸ ਪ੍ਰਤਿ ਉਦਾਸੀਨ ਨਜ਼ਰੀਏ ਦਾ ਪਤਾ ਚੱਲਦਾ ਹੈ। ਸਾਨੂੰ ਤਾਂ ਇਹ ਪੁਸਤਕ ਪੜ੍ਹ ਕੇ ਹੀ ਪਤਾ ਚੱਲਦਾ ਹੈ ਭਾਖੜਾ ਡੈਮ ਵਰਗੇ ਵਕਾਰੀ ਪ੍ਰਾਜੈਕਟ ਨੂੰ ਸਿਰੇ ਚੜ੍ਹਾਉਣ ਦਾ ਮੁੱਢਲਾ ਕੰਮ ਤੇ ਬਿਲਾਸਪੁਰ ਦੇ ਰਾਜੇ ਨੂੰ ਇਸ ਲਈ ਜ਼ਮੀਨ ਦਿਵਾਉਣ ਲਈ ਤਿਆਰ ਕਰਨ ਦਾ ਕੰਮ ਸਰ ਛੋਟੂ ਰਾਮ ਨੇ ਹੀ ਕੀਤਾ ਸੀ। ਭਾਵੇਂ ਇਹ ਪ੍ਰਾਜੈਕਟ 1948 ਵਿਚ ਸ਼ੁਰੂ ਹੋ ਸਕਿਆ, ਪਰ ਇਸ ਬਾਰੇ ਸਮਝੌਤੇ 'ਤੇ ਪੰਜਾਬ ਸਰਕਾਰ ਵੱਲੋਂ ਦਸਤਖ਼ਤ ਸਰ ਛੋਟੂ ਰਾਮ ਨੇ ਆਪਣੀ ਮੌਤ ਤੋਂ ਇਕ ਦਿਨ ਪਹਿਲਾਂ 8 ਜਨਵਰੀ 1945 ਨੂੰ ਕੀਤੇ ਸਨ। ਪਰ ਇਸ ਦਾ ਸਿਹਰਾ ਉਸ ਨੂੰ ਕਦੇ ਵੀ ਨਹੀਂ ਦਿੱਤਾ ਗਿਆ। ਪੁਸਤਕ ਦੇ ਅੰਤ ਵਿਚ ਉਸ ਦੇ 17 ਲੇਖ ਵੀ ਸ਼ਾਮਲ ਹਨ ਜਿਨ੍ਹਾਂ ਵਿਚ ਉਸ ਦੇ ਮਨ ਵਿਚਲੇ ਕਿਸਾਨੀ ਬਾਰੇ ਦਰਦ ਜ਼ਾਹਰ ਹੁੰਦਾ ਹੈ। ਅਜੋਕੇ ਦੌਰ ਵਿਚ ਕਿਸਾਨੀ ਦੀ ਹੋਂਦ ਨੂੰ ਪਹਿਲਾਂ ਤੋਂ ਵੀ ਵੱਡੇ ਖ਼ਤਰੇ ਦਰਪੇਸ਼ ਹਨ, ਪਰ ਅਫ਼ਸੋਸ ਕਿਸਾਨੀ ਕੋਲ ਇਸ ਵਕਤ ਕੋਈ ਛੋਟੂ ਰਾਮ ਨਹੀਂ। ਬਹੁਤ ਹੀ ਸਰਲ ਭਾਸ਼ਾ ਇਹ ਲਿਖੀ ਇਹ ਪੁਸਤਕ ਕਿਸਾਨੀ ਨੂੰ ਉਸਦੇ ਵਰਤਮਾਨ ਬਾਰੇ ਸੁਚੇਤ ਕਰਨ ਦਾ ਯਤਨ ਵੀ ਕਰਦੀ ਹੈ।

**ਪਾਲਦੀ: ਮੁਹਨਜੋਦੜੋ ਇਕ ਕੈਨੇਡਾ**

**ਲੇਖਕ: ਨਦੀਮ ਪਰਮਾਰ**

**ਚੇਤਨਾ ਪ੍ਰਕਾਸ਼ਨ, ਲੁਧਿਆਣਾ**, 2020, **ਕੀਮਤ** 225, **ਪੰਨੇ** 144

ਨਦੀਮ ਪਰਮਾਰ ਪੰਜਾਬੀ ਦਾ ਜਾਣਿਆ-ਪਛਾਣਿਆ ਲੇਖਕ ਹੈ, ਜਿਸਨੇ ਨਾਵਲ, ਗਜ਼ਲ ਤੇ ਆਲੋਚਨਾ ਦੇ ਖੇਤਰ ਵਿਚ ਵੱਖ-ਵੱਖ ਪੁਸਤਕਾਂ ਦੀ ਰਚਨਾ ਕੀਤੀ ਹੈ। ਇਸੇ ਲੜੀ ਵਿਚ ਉਸਦੀ ਹੱਥਲੀ ਪੁਸਤਕ ਵੀ ਧਿਆਨ ਦੀ ਮੰਗ ਕਰਦੀ ਹੈ। ਇਹ ਪੁਸਤਕ ਪਹਿਲੀ ਨਜ਼ਰੇ ਇਕ ਪਰਿਵਾਰ ਦੀ ਆਪਣੀ ਆਰਥਿਕ ਹਾਲਤ ਨੂੰ ਸੁਧਾਰਣ ਲਈ ਕੀਤੇ ਯਤਨਾ ਦੀ ਕਹਾਣੀ

ਹੈ ਕਿ ਕਿਵੇ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਜਦੋਂ ਕਿਸਾਨੀ ਸ਼ਾਹੂਕਾਰਾਂ ਦੇ ਕਰਜ਼ੇ ਤੇ ਪਰਿਵਾਰਕ ਵਾਧੇ ਨਾਲ ਨਿਰੰਤਰ ਘੱਟ ਰਹੀਆਂ ਜ਼ਮੀਨ ਦੀਆਂ ਮਲਕੀਅਤਾ ਨਾਲ ਖ਼ੁਰਦੀ ਹੋਈ ਆਪਣੀ ਹੋਂਦ ਨੂੰ ਬਚਾਉਣ ਲਈ ਨਵੇਂ ਰਸਤੇ ਤਲਾਸ਼ ਕਰ ਰਹੀ ਸੀ ਤਾਂ ਉਸ ਵੇਲੇ ਪਾਲਦੀ ਪਿੰਡ ਦੇ ਬਾਣੀਆਂ ਪਰਿਵਾਰ ਨੇ ਆਪਣੀ ਹਾਲਤ ਸੁਧਾਰਣ ਲਈ ਵਿਦੇਸ਼ਾਂ ਵੱਲ ਰੁਖ਼ ਕਰਨ ਦਾ ਫ਼ੈਸਲਾ ਲਿਆ ਸੀ। ਉਨ੍ਹਾਂ ਸਮਿਆਂ ਵਿਚ ਵਧੇਰੇ ਬੰਦਸ਼ਾਂ ਨਾ ਹੋਣ ਦੇ ਬਾਵਜੂਦ ਵਿਦੇਸ਼ ਪਹੁੰਚਣਾ ਬਹੁਤ ਹੀ ਜੋਖਮ ਵਾਲਾ ਕੰਮ ਸੀ। ਪਰ ਇਸ ਜੋਖਮ ਦੇ ਬਾਵਜੂਦ ਬਾਣੀਆਂ ਪਰਿਵਾਰ ਦੀ ਇਕ ਪੀੜ੍ਹੀ ਨੇ ਕੈਨੇਡਾ ਦੀ ਧਰਤੀ 'ਤੇ ਆਉਣ ਦਾ ਹੌਸਲਾ ਕੀਤਾ। ਕੈਨੇਡਾ ਆ ਕੇ ਹਰ ਤਰ੍ਹਾਂ ਦੇ ਵਿਤਕਰੇ  ਸਹਿ ਕੇ ਆਪਣੀ ਮਿਹਨਤ ਨਾਲ ਸਿਰਫ਼ ਆਰਥਿਕ ਖ਼ੁਸ਼ਹਾਲੀ ਹੀ ਹਾਸਲ ਨਹੀਂ ਕੀਤੀ। ਸਗੋਂ ਪੰਜਾਬੀ ਭਾਈਚਾਰੇ ਦੇ ਪ੍ਰਤੀਨਿਧ ਦੇ ਰੂਪ ਵਿਚ ਆਪਣੇ ਭਾਈਚਾਰੇ ਲਈ ਨਾਮ ਵੀ ਕਮਾਇਆ। ਇਹ ਪੁਸਤਕ ਬੇਸ਼ੱਕ ਇਕ ਪਰਿਵਾਰ ਦੇ ਤਕਰੀਬਨ ਸਦੀ ਦੇ ਇਤਿਹਾਸ ਨੂੰ ਗਾਲਪਨਿਕ ਵਿਧਾ ਵਿਚ ਢਾਲਣ ਨਾਲ ਸੰਬੰਧਿਤ ਹੈ, ਪਰ ਇਸ ਵਿਚੋਂ ਬਹੁਤ ਸਾਰੇ ਵੇਰਵੇ ਉਸ ਵੇਲੇ ਦੇ ਪੰਜਾਬੀ ਭਾਈਚਾਰੇ, ਸਰਕਾਰ ਦੇ ਵਿਤਕਰੇ ਭਰੇ ਵਤੀਰੇ, ਗ਼ਦਰ ਲਹਿਰ ਨਾਲ ਸੰਬੰਧਿਤ ਵੀ ਮਿਲ ਜਾਂਦੇ ਹਨ। ਪੁਸਤਕ ਨੂੰ ਦੋ ਹਿੱਸਿਆਂ 'ਚ ਵੰਡਿਆ ਗਿਆ ਹੈ। ਦੂਸਰੇ ਹਿੱਸੇ ਵਿਚ ਪੁਸਤਕ ਦੇ ਨਾਇਕ ਜਾਂ ਕੇਂਦਰੀ ਪਾਤਰ ਮੈਓ ਸਿੰਘ ਦੀ ਸ਼ਖ਼ਸੀਅਤ ਨੂੰ ਪੇਸ਼ ਕੀਤਾ ਗਿਆ ਹੈ। ਸਮੁੱਚੇ ਰੂਪ ਵਿਚ ਇਹ ਪੁਸਤਕ ਨਾਵਲ ਦੀ ਵਿਧਾ 'ਤੇ ਪੂਰੀ ਨਾ ਉਤਰਦੀ ਹੋਈ ਵੀ ਪੜ੍ਹਨਯੋਗ ਹੈ।

**ਅੱਧੇ ਪੌਣੇ ਝੂਠ**

**ਲੇਖਕ: ਦੇਵਿੰਦਰ ਬੀਬੀ ਪੁਰੀਆ**

**ਗਰੇਸ਼ੀਅਸ ਬੁੱਕ, ਪਟਿਆਲਾ, 2019   ਕੀਮਤ 150, ਪੰਨੇ 115**

ਦੇਵਿੰਦਰ ਬੀਬੀ ਪੁਰੀਆ ਦੀ ਇਹ ਪਹਿਲੀ ਕਾਵਿ ਪੁਸਤਕ ਹੈ। ਇਸ ਤੋਂ ਪਹਿਲਾਂ ਉਸਦਾ ਰੁਝਾਨ ਸਮੀਖਿਆ ਵੱਲ ਰਿਹਾ ਹੈ। ਇਸ ਤੋਂ ਇਲਾਵਾ ਇਕ ਪੁਸਤਕ ਬਾਲ ਕਵਿਤਾ ਦੀ ਵੀ ਲਿਖੀ ਹੋਈ ਮਿਲਦੀ ਹੈ। ਕਵਿਤਾ ਪੰਜਾਬੀ ਵਿਚ ਸਭ ਤੋਂ ਵੱਧ ਲਿਖੀ ਜਾਣ ਵਾਲੀ ਵਿਧਾ ਹੈ, ਇਹ ਵਿਧਾ ਪੜ੍ਹੀ ਵੀ ਸਭ ਤੋਂ ਵੱਧ ਜਾਂਦੀ ਹੋਵੇ ਇਸ ਬਾਰੇ ਤਾਂ ਸ਼ੱਕ ਦੀ ਗੁੰਜਾਇਸ਼ ਹੈ। ਕਿਉਂਕਿ ਵਧੇਰੇ ਕਵਿਤਾ, ਕਵਿਤਾ ਹੁੰਦੀ ਹੋਈ ਵੀ ਕਾਵਿਕਤਾ ਤੋਂ ਵਿਹੂਣੀ ਹੁੰਦੀ ਹੈ, ਪਰ ਇਹ ਪੁਸਤਕ ਸੱਚਮੁੱਚ ਕਵਿਤਾ ਦੀ ਸ਼੍ਰੇਣੀ ਵਿਚ ਸ਼ਾਮਲ ਕੀਤੇ ਜਾਣ ਦੇ ਯੋਗ ਹੈ। ਵਿਸ਼ਿਆਂ ਦੇ ਦੁਹਰਾਅ ਦੇ ਬਾਵਜੂਦ ਉਸ ਦੀ ਪ੍ਰਗਟਾਅ ਵਿਧੀ ਤੇ ਬਿੰਬ-ਪ੍ਰਤੀਕ ਨਵੇਂ ਤੇ ਸੱਜਰੇ ਹਨ। ਚਾਹੇ ਉਹ ਨਿੱਜੀ ਰਿਸ਼ਤਿਆਂ ਦੀ ਗੱਲ ਕਰ ਰਿਹਾ ਹੋਵੇ ਜਾਂ ਸਮਾਜਕ-ਰਾਜਨੀਤਿਕ ਸਰੋਕਾਰਾਂ ਦੀ, ਉਸਦਾ ਨਿਵੇਕਲਾ ਅੰਦਾਜ਼ ਪਾਠਕ ਨੂੰ ਖਿੱਚਦਾ ਹੈ ਤੇ ਪ੍ਰਭਾਵਿਤ ਵੀ ਕਰਦਾ ਹੈ। ਪੇਪਰ ਵੇਟ, ਸਿਫ਼ਰ, ਐਸ਼ ਟ੍ਰੇਅ, ਖੇਡ, ਬੇ-ਰੁਜਗਾਰ। ਮੇਰੇ ਦੋਸਤ, ਬਹੁਰੂਪੀਆ, ਕਾਸ਼, ਔਰਤ, ਮਾਂ ਦੀ ਬੋਲੀ ਕਵਿਤਾਵਾਂ ਵਿਚੋਂ ਉਸ ਦੀ ਕਾਵਿ ਪ੍ਰਤਿਭਾ ਉਜਾਗਰ ਹੁੰਦੀ ਹੈ। ਉਸ ਦੀ ਕਵਿਤਾ ਹਰ ਤਰ੍ਹਾਂ ਦੇ ਵਿਤਕਰਿਆਂ ਤੇ ਜ਼ਿਆਦਤੀਆਂ ਬਾਰੇ ਗੱਲ ਕਰਦੀ ਹੋਈ ਆਪਣੀ ਸੁਰ ਨੂੰ ਚੀਕ ਵਿਚ ਨਹੀਂ ਬਦਲਦੀ, ਸਗੋਂ ਗਹਿਰ-ਗੰਭੀਰ ਢੰਗ ਨਾਲ ਇਨ੍ਹਾਂ 'ਤੇ ਉਂਗਲ ਧਰਦੀ ਹੈ। ਇਸ ਕਰਕੇ ਉਸ ਦੀ ਕਵਿਤਾ ਵਿਚ ਸ਼ੋਰ ਸੁਣਾਈ ਨਹੀਂ ਦੇਂਦਾ। ਵਿਅੰਗ ਉਸਦੀ ਕਵਿਤਾ ਦਾ ਇਕ

ਹੋਰ ਨਿਵੇਕਲਾ ਹਥਿਆਰ ਹੈ, ਜਿਸਦੀ ਮਦਦ ਨਾਲ ਉਹ ਸਮਾਜਕ ਤੇ ਰਾਜਨੀਤਿਕ ਵਿਵਸਥਾ ਵਿਚਲੀਆਂ ਉਚਾਣਾ-ਨਿਵਾਣਾਂ ਦੀ ਗਹਿਰਾਈ ਨਾਪਦਾ ਹੈ। ਪਹਿਲੀ ਪੁਸਤਕ ਦੀ ਪੜ੍ਹਤ ਤੋਂ ਬਾਅਦ ਉਸ ਤੋਂ ਪਾਠਕ ਉਸ ਤੋਂ ਵਧੇਰੇ ਦੀ ਆਸ ਕਰਦਾ ਹੈ।

**ਯੁੱਧਬੰਦੀ**

**ਲੇਖਕ: ਪ੍ਰੀਤਮ ਸਿੰਘ ਭੱਟੀ**

**ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020,**

**ਕੀਮਤ 275, ਪੰਨੇ 200**

'ਯੁੱਧਬੰਦੀ' ਪ੍ਰੀਤਮ ਸਿੰਘ ਭੱਟੀ ਦੀ ਪਹਿਲੀ ਪੁਸਤਕ ਹੈ। ਲੇਖਕ ਦਾ ਸਰੋਕਾਰ ਯੁੱਧ ਦੀ ਭਿਆਨਕਤਾ ਨੂੰ ਦਰਸਾ ਕੇ ਅਮਨ ਦੀ ਲੋੜ ਨੂੰ ਦ੍ਰਿੜ ਕਰਨਾ ਹੈ। ਆਪਣੇ ਮਨੋਰਥ ਦੀ ਪੂਰਤੀ ਲਈ ਲੇਖਕ ਸੰਸਾਰ ਵਿਚ ਹੋਈਆਂ ਵੱਡੀਆਂ ਜੰਗਾਂ ਵਿਚ ਹੋਈ ਤਬਾਹੀ ਨੂੰ ਵਾਰ-ਵਾਰ ਪੇਸ਼ ਕਰਦਾ ਹੈ। ਪਰ ਇਕ ਪੁਸਤਕ ਲਿਖਣ ਲਈ ਜਿਸ ਹੁਨਰ ਤੇ ਵਿਉਂਤਬੰਦੀ ਦੀ ਜ਼ਰੂਰਤ ਹੁੰਦੀ ਹੈ, ਲੇਖਕ ਉਸ ਤੋਂ ਵਿਰਵਾ ਹੈ, ਕਿਉਂਕਿ ਪੁਸਤਕ ਲਿਖਣ ਤੋਂ ਪਹਿਲਾਂ ਉਸ ਦੀ ਵਿਉਂਤਬੰਦੀ, ਚੈਪਟਰ ਵੰਡ ਪੁਸਤਕ ਦੀ ਹੋਂਦ ਦਾ ਮਹੱਤਵਪੂਰਣ ਹਿੱਸਾ ਹੁੰਦੀ ਹੈ। ਇਸ ਪੁਸਤਕ ਵਿਚੋਂ ਅਜਿਹੀ ਕੋਈ ਵੀ ਵਿਉਂਤਬੰਦੀ ਨਜ਼ਰ ਨਹੀਂ ਆਉਂਦੀ। ਪੁਸਤਕ ਵਿਚ ਦੁਹਰਾਓ ਇਤਨਾ ਵਧੇਰੇ ਹੈ ਕਿ ਇਸ ਨੂੰ ਮਨ ਮਾਰ ਕੇ ਪੜ੍ਹਨਾ ਪੈਂਦਾ ਹੈ। ਪੁਸਤਕ ਵਿਚ ਪੇਸ਼ ਵਿਚਾਰਾਂ ਨੂੰ ਇਕ ਲੇਖ ਵਿਚ ਵਧੇਰੇ ਚੰਗੀ ਤਰ੍ਹਾਂ ਸਮੇਟਿਆ ਜਾ ਸਕਦਾ ਸੀ।

**ਸ੍ਰੀ ਗੁਰੂ ਨਾਨਕ ਦੇਵ: ਬਾਣੀ 'ਤੇ ਵਿਚਾਰ**

**ਲੇਖਕ: ਡਾ. ਸੁਦਰਸ਼ਨ ਗਾਸੋ**

**ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020,**

**ਪੰਨੇ 112, ਕੀਮਤ 250**

ਡਾ. ਸੁਦਰਸ਼ਨ ਗਾਸੋ ਪੰਜਾਬੀ ਦਾ ਜਾਣਿਆ-ਪਛਾਣਿਆ ਕਵੀ ਤੇ ਚਿੰਤਕ ਹੈ। ਉਸਦਾ ਵਧੇਰੇ ਖੋਜ-ਕਾਰਜ ਅਜੋਕੇ ਸਾਹਿਤ ਬਾਰੇ ਹੈ। ਮੱਧਕਾਲੀ ਸਾਹਿਤ ਬਾਰੇ ਇਹ ਉਸਦੀ ਪਹਿਲੀ ਪੁਸਤਕ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣ 'ਤੇ ਆਧਾਰਿਤ ਹੈ। ਹੁਣੇ-ਹੁਣੇ ਹੀ ਸਮੁੱਚਾ ਪੰਜਾਬੀ ਤੇ ਸਿੱਖ ਜਗਤ ਉਨ੍ਹਾਂ ਦਾ 550ਵਾਂ ਪ੍ਰਕਾਸ਼ ਉਤਸਵ ਮਨਾ ਕੇ ਹਟਿਆ ਹੈ। ਇਸ ਦੇ ਸੰਬੰਧ ਵਿਚ ਬਹੁਤ ਸਾਰੀਆਂ ਗੋਸ਼ਟੀਆਂ ਵੀ ਹੋਈਆਂ ਤੇ ਪੁਸਤਕਾਂ ਵੀ ਲਿਖੀਆਂ ਗਈਆਂ। ਗਾਸੋ ਦੀ ਇਹ ਪੁਸਤਕ ਵੀ ਇਸੇ ਮੌਕੇ ਨਾਲ ਸੰਬੰਧਿਤ ਹੈ। ਇਸ ਪੁਸਤਕ ਵਿਚ ਲੇਖਕ ਨੇ ਨਾਨਕ ਬਾਣੀ ਦੇ ਵਿਭਿੰਨ ਪੱਖਾਂ ਨੂੰ ਉਸਦੀ ਸਮਾਜਕ ਪ੍ਰਾਸੰਗਿਰਤਾ ਨੂੰ ਤੇ ਇਸ ਦੇ ਕਲਾਤਮਿਕ ਪੱਖਾਂ ਬਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ।

ਸਮੁੱਚੇ ਮੱਧਕਾਲੀ ਸਾਹਿਤ ਬਾਰੇ ਚਰਚਾ ਕਰਦਿਆ ਅਜੋਕੀ ਪੀੜ੍ਹੀ ਦੇ ਵਿਦਵਾਨਾਂ ਦੀ ਇਕ ਬਹੁਤ ਵੱਡੀ ਸੀਮਾ ਬਣ ਜਾਂਦੀ ਹੈ ਕਿ ਉਹ ਉਰਦੂ-ਫ਼ਾਰਸੀ ਆਦਿ ਭਾਸ਼ਾਵਾਂ ਦੇ ਜਾਣਕਾਰ ਨਾ ਹੋਣ ਕਰਕੇ ਮੁੱਢਲੇ ਸਰੋਤਾਂ ਤੱਕ ਉਨ੍ਹਾਂ ਦੀ ਪਹੁੰਚ ਹੀ ਨਹੀਂ ਹੁੰਦੀ ਅਤੇ ਉਨ੍ਹਾਂ ਦਾ ਚਿੰਤਨ ਸਿਰਫ਼ ਦੂਜੈਲੇ ਸਰੋਤਾਂ ਤੱਕ ਸਿਮਟ ਕੇ ਰਹਿ ਜਾਂਦਾ ਹੈ। ਇਹ ਪੁਸਤਕ ਵੀ ਇਸ ਪੱਖੋਂ ਵੱਖਰੀ ਨਹੀਂ।

**ਆਓ ਸੱਚ ਜਾਣੀਏ**
**ਲੇਖਕ: ਸੁਰਜਨ ਜ਼ੀਰਵੀ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020,**
**ਕੀਮਤ 350 ਪੰਨੇ 256**

'ਆਓ ਸੱਚ ਜਾਣੀਏ' ਸੁਰਜਨ ਜ਼ੀਰਵੀ ਦੀ ਦੂਸਰੀ ਪੁਸਤਕ ਹੈ। ਉਸ ਦੀ ਪਹਿਲੀ ਪੁਸਤਕ, 'ਇਹ ਹੈ ਬਾਰਬੀ ਸੰਸਾਰ' ਤਕਰੀਬਨ ਪੰਦਰਾਂ ਸਾਲ ਪਹਿਲਾਂ ਪ੍ਰਕਾਸ਼ਿਤ ਹੋਈ ਸੀ ਤੇ ਆਪਣੀ ਵੱਖਰਤਾ ਕਰਕੇ ਚਰਚਾ ਦਾ ਕੇਂਦਰ ਵੀ ਬਣੀ ਸੀ। ਪ੍ਰਸਿੱਧ ਵਿਦਵਾਨ ਡਾ. ਜੋਗਿੰਦਰ ਸਿੰਘ ਰਾਹੀ ਨੇ ਉਸ ਦੀ ਭੂਮਿਕਾ ਵਿਚ ਪੁਸਤਕ ਦੀ ਵਡਿਆਈ ਕਰਦਿਆਂ ਲੇਖਕ ਨੂੰ ਪੰਜਾਬੀ ਦੇ ਸਿਰਮੌਰ ਵਾਰਤਕਾਰਾਂ ਦੀ ਕੋਟੀ ਵਿਚ ਰੱਖਿਆ ਸੀ। ਆਮ ਤੌਰ 'ਤੇ ਪੰਜਾਬੀ ਸਾਹਿਤ ਸਮੀਖਿਆ ਵਿਚ ਵਾਰਤਕ ਬਾਰੇ ਵਧੇਰੇ ਗੰਭੀਰਤਾ ਨਾਲ ਚਰਚਾ ਨਹੀਂ ਕੀਤੀ ਜਾਂਦੀ, ਕਿਉਂਕਿ ਇਹ ਵਿਧਾ ਆਪਣੀ ਵਿਲੱਖਣਤਾ ਤੇ ਵਿਸ਼ਿਆਂ ਦੀ ਵੱਖਰਤਾ ਕਰਕੇ ਸਮੀਖਿਆ ਦੀਆਂ ਸਥਾਪਿਤ ਸਥਾਪਨਾਵਾਂ ਦੇ ਦਾਇਰੇ ਵਿਚ ਸਮੇਟੇ ਜਾਣ ਤੋਂ ਇਨਕਾਰੀ ਹੁੰਦੀ ਹੈ ਤੇ ਸਥਾਪਨਾਵਾਂ ਨੂੰ ਨਵਿਆਉਣ ਤੇ ਮੋਕਲਾ ਕਰਨ ਲਈ ਜਿਸ ਸਬਰ ਤੇ ਮਿਹਨਤ ਦੀ ਜ਼ਰੂਰਤ ਹੁੰਦੀ ਹੈ, ਉਸ ਲਈ ਪੰਜਾਬੀ ਦੇ ਵਿਦਵਾਨ ਤਿਆਰ ਨਹੀਂ ਹੁੰਦੇ, ਇਸ ਲਈ ਸਹੂਲਤਵੱਸ ਵਾਰਤਕ ਨੂੰ ਪੰਜਾਬੀ ਸਾਹਿਤ ਦੀ ਮੁੱਖਧਾਰਾ ਦਾ ਹਿੱਸਾ ਮੰਨਦੇ ਹੋਏ ਵੀ ਉਸ ਨਾਲ ਮਤਰੇਆ ਵਿਹਾਰ ਕੀਤਾ ਜਾਂਦਾ ਹੈ।

ਇਸ ਪੁਸਤਕ ਵਿਚ ਵੱਖ-ਵੱਖ ਵਿਸ਼ਿਆਂ ਬਾਰੇ ਲੇਖ ਸ਼ਾਮਲ ਹਨ ਜਿਨ੍ਹਾਂ ਵਿਚ ਤੁਰ ਗਏ ਮਿੱਤਰਾਂ ਤੇ ਸਾਥੀਆਂ ਨੂੰ ਸ਼ਰਧਾਂਜਲੀਆਂ ਵੀ ਹਨ। ਪੰਜਾਬੀ ਲੇਖਕਾਂ ਤੇ ਕਲਾਕਾਰਾਂ ਦੀ ਕਲਾ ਤੇ ਲਿਖਤਾਂ ਦਾ ਲੇਖਾ-ਜੋਖਾ ਕਰਦੇ ਲੇਖ ਵੀ ਹਨ। ਇਸ ਤੋਂ ਇਲਾਵਾ ਗ਼ਦਰ ਲਹਿਰ ਤੇ ਕਾਰਲ ਮਾਰਕਸ ਬਾਰੇ ਲੇਖ ਇਸ ਪੁਸਤਕ ਦੀ ਪ੍ਰਾਪਤੀ ਹਨ। ਲੇਖਕ ਲੰਮਾ ਸਮਾਂ ਇਕ ਪੱਤਰਕਾਰ ਵਜੋਂ ਨਵਾਂ ਜ਼ਮਾਨਾ ਨਾਲ ਸੰਬੰਧਿਤ ਰਿਹਾ ਹੈ। ਪੰਜਾਬੀ ਪੱਤਰਕਾਰੀ ਵਿਚ ਨਵਾਂ ਜ਼ਮਾਨਾ ਦਾ ਜ਼ਿਕਰਯੋਗ ਸਥਾਨ ਰਿਹਾ ਹੈ ਤੇ ਇਸ ਨੂੰ ਪੰਜਾਬੀ ਪੱਤਰਕਾਰੀ ਦਾ ਸਕੂਲ ਵੀ ਕਿਹਾ ਜਾਂਦਾ ਰਿਹਾ ਹੈ ਤੇ ਜ਼ੀਰਵੀ ਸਾਹਿਬ ਨੇ ਇਸ ਸਕੂਲ ਵਿਚ ਲੰਮਾ ਸਮਾਂ ਅਧਿਆਪਕ ਦੀ ਭੂਮਿਕਾ ਵੀ ਨਿਭਾਈ ਹੈ। ਪਿਛਲੇ ਲੰਮੇ ਸਮੇਂ ਤੋਂ ਲੇਖਕ ਕੈਨੇਡਾ ਵਿਚ ਰਹਿ ਰਿਹਾ ਹੈ ਪੁਸਤਕ ਦੇ ਵਧੇਰੇ ਲੇਖ ਉੱਥੋਂ ਦੇ ਆਰਥਿਕ-ਸਮਾਜਕ ਤੇ ਰਾਜਨੀਤਿਕ ਪ੍ਰਬੰਧ ਬਾਰੇ ਹਨ। ਆਮ ਪੰਜਾਬੀ ਪਾਠਕ ਇਹ ਵੀ ਸੋਚ ਸਕਦਾ ਹੈ ਕਿ ਇਨ੍ਹਾਂ ਲੇਖਾਂ ਦਾ ਸਾਡੇ ਨਾਲ ਕੀ ਸੰਬੰਧ ? ਪਰ ਅਜੋਕੇ ਦੌਰ ਵਿਚ ਕੋਈ ਵੀ ਦੇਸ਼ ਜਾਂ ਧਰਤੀ ਦਾ ਖਿੱਤਾ ਵਿਸ਼ਵੀਕਰਣ ਦੀ ਪਹੁੰਚ ਤੋਂ ਬਾਹਰ ਨਹੀਂ। ਇਸ ਕਰਕੇ ਕਿਸੇ ਵੀ ਥਾਂ ਲਾਗੂ ਹੋ ਰਹੀਆਂ ਨੀਤੀਆਂ ਉਸ ਦੇਸ਼ ਦੀਆਂ ਨਾ ਹੋ ਕੇ ਨਿੱਤ ਦਿਨ ਪਸਰ ਰਹੇ ਸਰਮਾਏਦਾਰੀ ਤੇ ਕਾਰਪੋਰੇਟ ਪ੍ਰਬੰਧ ਦੀਆਂ ਨਾ ਜਿਨ੍ਹਾਂ ਲਈ ਦੇਸ਼ਾਂ ਦੀਆਂ ਸਰਹੱਦਾਂ ਬੇਮਾਅਨੇ ਹਨ। ਇਨ੍ਹਾਂ ਲੇਖਾਂ ਦੀ ਪ੍ਰਾਪਤੀ ਇਨ੍ਹਾਂ ਪਿੱਛੇ ਕੰਮ ਕਰ ਰਹੀ ਰਾਜਨੀਤੀ ਨੂੰ ਉਜਾਗਰ ਕਰਨ ਦੀ ਹੈ। ਇਸ ਕਰਕੇ ਇਹ ਪੁਸਤਕ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ, ਪਰ ਇਸ ਵਿਚ ਵਰਤੇ ਗਏ ਉਰਦੂ-ਫ਼ਾਰਸੀ ਦੇ ਕਈ ਲਫਜ਼ ਅਜੋਕੇ ਪੰਜਾਬੀ ਪਾਠਕ ਨੂੰ ਰੜਕਦੇ ਹਨ।

***-ਕੁਲਵੰਤ ਸਿੰਘ ਸੰਧੂ***

## ਪਾਠਕ ਪ੍ਰਤੀਕਿਰਿਆ

ਪ੍ਰਵਚਨ ਦੀ ਸੰਪਾਦਕੀ ਟੀਮ ਵਧਾਈ ਦੀ ਹੱਕਦਾਰ

ਕਰੋਨਾ ਮਹਾਂਮਾਰੀ ਦੌਰਾਨ ਪੰਜਾਬੀ ਸਾਹਿਤ ਚਿੰਤਨ ਬਾਰੇ ਵੱਖਰੇ ਨਜ਼ਰੀਏ ਤੋਂ ਲਿਖਿਆ ਸੰਪਾਦਕੀ ਉਹ ਕੁਝ ਵਿਖਾਉਂਦਾ ਹੈ ਜੋ ਵਿਖਾਈ ਨਹੀਂ ਦਿੰਦਾ। ਡਾ. ਰਜਨੀਸ਼ ਬਹਾਦਰ ਨੇ ਜਿਥੇ ਸੱਤਾਧਾਰੀਆਂ ਦੇ ਦਾਅਪੇਚਾਂ ਦਾ ਵਰਣਨ ਕੀਤਾ ਉਥੇ ਸਾਹਿਤਕ ਵਿਦਵਾਨਾਂ ਅਤੇ ਨਾਲ ਹੀ ਸਿਰਜਣਕਾਰਾਂ ਪ੍ਰਤੀ ਵੀ ਸੁਆਲ ਖੜਾ ਕੀਤਾ ਹੈ। ਉਨ੍ਹਾਂ ਕਰੋਨਾ ਦੀ ਡਿਜ਼ੀਟਲ ਪੈਦਾਵਾਰ 'ਵੈਬੀਨਾਰਾਂ' 'ਤੇ ਵਿਅੰਗ ਕਸਿਆ ਹੈ ਜੋ ਕਿ ਵਾਕਿਆ ਹੀ ਚਿੰਤਨ ਦਾ ਵਿਸ਼ਾ ਹੈ।

ਨਿਰੰਜਣ ਬੋਹਾ ਦੀ ਕਹਾਣੀ 'ਤੂੰ ਇੰਜ ਨਾ ਕਰੀਂ...' ਇਸ ਗੱਲੋਂ ਕਮਾਲ ਦੀ ਕਹਾਣੀ ਹੈ ਕਿ ਲੇਖਕ ਅੰਤ ਤੱਕ ਉਹ ਹੱਲ ਪਾਠਕ ਦੇ ਮਨ ਵਿੱਚ ਆਉਣ ਹੀ ਨਹੀਂ ਦਿੰਦਾ ਜਿਹੜਾ ਉਸਨੇ ਕੱਢਿਆ ਹੈ। ਮਨੋ-ਵਿਗਿਆਨਕ ਗੁੰਝਲ ਦੀ ਬਹੁਤ ਪਿਆਰੀ ਕਹਾਣੀ ਹੈ। ਸ਼ਾਲਾ! ਇਸੇ ਤਰਾਂ ਸਮੱਸਿਆਵਾਂ ਸੁਲਝਦੀਆਂ ਰਹਿਣ। ਬਲਬੀਰ ਪਰਵਾਨਾ ਦੀ ਕਰੋਨਾ ਕਾਲ ਨਾਲ ਸਬੰਧਤ ਕਹਾਣੀ 'ਜ਼ੀਰਾ-ਆਲੂ' ਹਰ ਇੱਕ ਦੀ ਹੱਡੀਂ ਹੰਢਾਈ ਬਾਤ ਹੈ। ਵਾਕਿਆ ਹੀ ਕਰੋਨਾ ਨਾ ਚੁੱਪ-ਚੁਪੀਤੇ ਬਹੁਤ ਕੁਝ ਹੱਥੋਂ ਖੋਹ ਲਿਆ।

ਮੇਰੇ ਗਰਾਂਈ ਤੇ ਸਮਕਾਲੀ ਕਹਾਣੀਕਾਰੀ ਹਰਜਿੰਦਰ ਸਿੰਘ ਸੂਰੇਵਾਲੀਆ ਦੀ ਸਵੈ-ਜੀਵਨੀ ਦੇ ਅੰਸ਼ਾਂ 'ਚ ਕਹਾਣੀ ਵਰਗੀ ਖਿੱਚ ਤੇ ਕਮਾਲ ਦੀ ਰਵਾਨਗੀ ਹੈ। ਉਹ ਇਸੇ ਤਰਾਂ ਕਹਾਣੀ ਲਿਖਦਾ ਹੈ। ਉਸ ਕੋਲ ਬਹੁਤ ਸਾਰੇ ਨਿੱਜੀ ਅਨੁਭਵ ਹਨ। ਜੇ ਉਹ ਆਪਣੀ ਜ਼ਿੰਦਗੀ ਦਾ ਅਸਲੀ ਸੱਚ ਸਾਹਮਣੇ ਲੈ ਆਵੇ ਤਾਂ ਉਸਦੀ ਸਵੈ-ਜੀਵਨੀ ਵੱਢੇਰੀ ਉਮਰ ਭੋਗ ਸਕਦੀ ਹੈ।

ਲਾਲ ਸਿੰਘ ਦਿਲ ਬਾਰੇ ਪੜਣਾ ਕਿਸਨੂੰ ਚੰਗਾ ਨਹੀਂ ਲੱਗੇਗਾ। ਉਨਾਂ ਦੀ ਸਵੈ-ਜੀਵਨੀ 'ਦਾਸਤਾਨ' ਰਾਹੀਂ ਲਖਵੀਰ ਸਿੰਘ ਵੱਲੋਂ ਕੀਤੀ ਚਰਚਾ ਵੀ ਬਹੁਤ ਚੰਗੀ ਲੱਗੀ।

ਡਾ. ਪਰਮਜੀਤ ਕੌਰ ਸਿੱਧੂ ਦੇ ਲੇਖ ਨੇ ਨਾਰੀ ਕਹਾਣੀ ਮੁੜ ਤੋਂ ਤਾਜ਼ਾ ਕਰਵਾ ਦਿੱਤੀ। ਬਹੁਤ ਸੌਖੀ ਸ਼ਬਦਾਵਲੀ 'ਚ ਕੰਮ ਦੀਆਂ ਗੱਲਾਂ ਲਿਖੀਆਂ। ਇਸਤੋਂ ਪਹਿਲਾਂ ਵੀ ਇਨ੍ਹਾਂ ਦਾ ਭਾਈ ਵੀਰ ਸਿੰਘ ਦੇ ਨਾਵਲਾਂ ਬਾਰੇ ਲੇਖ ਵੀ ਬਹੁਤ ਅੱਛਾ ਸੀ। ਡਾ. ਗੁਰਪ੍ਰੀਤ ਕੌਰ ਬਰਾੜ, ਵਰਿੰਦਰ ਖੁਰਾਣਾ, ਚਰਨਜੀਤ ਸਿੰਘ ਪੱਡਾ ਦੇ ਲੇਖ ਤਵੱਜੋਂ ਦੇ ਕੇ ਪੜਣ ਦੀ ਮੰਗ ਕਰਦੇ ਹਨ। ਕਵਿਤਾਵਾਂ ਤੇ ਰੀਵੀਊ ਵਾਲਾ 'ਪ੍ਰਵਚਨ' ਦਾ ਇਹ ਅੰਕ ਵੀ ਹਮੇਸ਼ਾਂ ਵਾਂਗ ਸਾਂਭਣ ਤੇ ਵਾਰ-ਵਾਰ ਪੜਣਯੋਗ ਹੈ। ਕਰੋਨਾ ਮਹਾਂਮਾਰੀ ਦੀ ਔਖੀ ਘੜੀ ਤੇ ਸਾਧਨਾਂ ਦੀ ਤੰਗੀ ਦੇ ਬਾਵਜੂਦ ਸੰਪਾਦਕੀ ਟੀਮ ਵੱਲੋਂ ਕੀਤੀ ਮਿਹਨਤ ਲਈ ਉਹ ਵਧਾਈ ਦੇ ਹੱਕਦਾਰ ਹਨ।

**- ਗੁਰਸੇਵਕ ਸਿੰਘ ਪ੍ਰੀਤ**

***

ਸੰਪਾਦਕੀ ਹਮੇਸ਼ਾ ਦੀ ਤੇਰਾਂ ਵਧੀਆ ਲੱਗਾ।

ਦੱਖਣ-ਏਸ਼ਿਆਈ ਔਰਤ ਡਾ. ਪਰਮਜੀਤ ਕੌਰ ਸਿੱਧੂ, ਪੰਜਾਬੀ ਨਾਰੀਵਾਦੀ ਅਲੋਚਨਾ ਡਾ. ਗੁਰਪ੍ਰੀਤ ਕੌਰ ਬਰਾੜ, ਵਰਗ ਆਧਾਰਤ ਸਮਾਜ ਵਰਿੰਦਰ ਖੁਰਾਣਾ; ਸਾਰੇ ਲੇਖ ਖੋਜ

ਭਰਪੂਰ ਅਤੇ ਬਹੁਤ ਕੁਝ ਨਵਾਂ ਜਾਨਣ ਨੂੰ ਮਿਲਿਆ।

ਕਹਾਣੀ: ਤੂੰ ਇੰਜ ਨਾ ਕਰੀਂ: ਨਿਰੰਜਣ ਬੋਹਾ: ਕਹਾਣੀ ਦੀ ਬਣਤਰ ਕੁਝ ਓਪਰੀ ਲੱਗੀ। ਬਚਪਨ 'ਚ ਹੋਏ ਸਤ-ਭੰਗ ਨਾਲ ਕੋਈ ਸਾਧਣੀ ਦਾ ਵਿਚਾਰ ਲੈ ਉਲਝ ਜਾਏ ਔਰ ਵਿਆਹ ਜਿਹੇ ਸਮਾਜਿਕ ਬੰਧਨ ਤੋਂ ਇਨਕਾਰੀ ਹੋ ਜਾਏ, ਅਜੀਬ ਐ। ਖੁੱਲੇ ਖ਼ਿਆਲਾਂ-ਵਿਚਾਰਾਂ ਦੇ ਅਜੋਕੇ ਸਮਾਜ ਵਿੱਚ, ਧੱਕੇਸ਼ਾਹੀ ਔਰ ਵਿਰੋਧ ਆਪਣੀ ਹੱਦ-ਬੰਦੀ ਗੁਆ ਚੁੱਕੇ ਨੇ।

ਕਹਾਣੀ: ਜ਼ੀਰਾ ਆਲੂ: ਬਲਬੀਰ ਪਰਵਾਨਾ:- ਬਹੁਤ ਵਧੀਆ ਕਹਾਣੀ। ਸਦੀ ਦੇ ਸਭ ਤੋਂ ਵੱਡੇ ਦੁਖਾਂਤ ਦੀ ਵਿਆਖਿਆ ਤਹਿਤ ਮੀਡੀਆ ਕਿਵੇਂ ਅਸਾਵਾਂ ਹੋ ਵਿੱਚਰਦਾ ਰਿਹਾ, ਪਰਵਾਨਾ ਹੋਰਾਂ ਬਹੁਤ ਵਧੀਆ ਚਿਤਰਿਆ। ਸਿਸਟਮ ਤੇ ਚਪੇੜ ਐ, ਜਿੱਥੇ ਗ਼ਰੀਬ-ਮਜਲੂਮ ਪਿਸਦਾ ਹੀ ਜਾ ਰਿਹਾ।

ਸੁਰਿੰਦਰ ਕੁਮਾਰ ਬਿਰਹਾ
ਫਗਵਾੜਾ

***


**ਸੰਪਾਦਕ ਜੀ,**

ਪ੍ਰਵਚਨ 80 ਅੰਕ ਹੁਣੇ ਪੜ੍ਹ ਕੇ ਹਟਿਆ, ਸੋਚਿਆ ਆਪਣੇ ਪ੍ਰਭਾਵ ਲਿਖਦਿਆਂ। ਭਾਵੇਂ ਤਾਜ਼ੇ ਪੜ੍ਹੇ ਦਾ ਪ੍ਰਭਾਵ ਭਾਵੁਕਤਾ ਅਧੀਨ ਹੁੰਦਾ ਹੈ ਪਰੰਤੂ ਪਹਿਲਾ ਪ੍ਰਭਾਵ ਸਟੀਕ ਹੁੰਦਾ ਹੈ। ਇਸ ਲਈ ਹੁਣੇ ਲਿਖਣਾ ਚਾਹੁੰਦਾ ਹਾਂ। ਸੰਪਾਦਕੀ ਕੋਵਿਡ 19 ਅਤੇ ਸਿਰਜਣਕਾਰੀ ਪ੍ਰਵਚਨ ਵੀ ਹਰ ਸੰਪਾਦਕੀ ਵਾਂਗ ਮਹੱਤਵਪੂਰਨ ਹੈ। ਵਾਇਰਸ ਦੇ ਵਰਤਾਰੇ ਦਾ ਸਿਧਾਂਤ, ਰਾਜਨੀਤੀ, ਪ੍ਰਭਾਵ, ਸਾਹਿਤ ਅਤੇ ਚਿੰਤਨ ਬਾਰੇ ਵਿਚਾਰ ਬਹੁਤ ਮਹੱਤਵਪੂਰਨ ਹਨ। ਪੰਜਾਬੀ ਚਿੰਤਕਾਂ ਨੂੰ ਉਹਨਾਂ ਦੀ ਥਾਂ ਦਿਖਾ ਦਿੱਤੀ ਹੈ। ਅਜਿਹਾ ਹੌਸਲਾ ਕਿਸੇ ਕਿਸੇ ਵਿਚ ਹੁੰਦਾ ਹੈ। ਤੁਹਾਡੇ ਹੌਸਲੇ ਅਤੇ ਹਿੰਮਤ ਨੂੰ ਸਲਾਮ। ਪਰਮਜੀਤ ਕੌਰ ਸਿੱਧੂ ਅਤੇ ਗੁਰਪ੍ਰੀਤ ਕੌਰ ਬਰਾੜ ਦੇ ਲੇਖ ਪੜ੍ਹਨ ਵਾਲੇ ਹਨ। ਚਰਨਜੀਤ ਸਿੰਘ ਪੱਡਾ ਅਤੇ ਲਖਬੀਰ ਸਿੰਘ ਦੇ ਲੇਖ ਨਵੇਂ ਚਿੰਤਨ ਦੀ ਥਾਹ ਪਾਉਂਦੇ ਹਨ। ਕਹਾਣੀਆਂ ਦੋਵੇਂ ਕਮਾਲ ਹਨ। ਖ਼ਾਸ ਕਰ ਬਲਬੀਰ ਪਰਵਾਨਾ ਦੀ 'ਜ਼ੀਰਾ ਆਲੂ' ਭਾਵਨਾਵਾਂ ਦੀਆਂ ਬਰੀਕ ਤੰਦਾਂ ਨੂੰ ਫੜ੍ਹਦੀ ਹੈ। ਗ਼ਜ਼ਲਾਂ ਵਾਲਾ ਭਾਗ ਬਹੁਤ ਕਮਾਲ ਹੈ। ਸੁਰਜੀਤ ਜੱਜ ਅਤੇ ਸਤੀਸ਼ ਗੁਲਾਟੀ ਇਸ ਅੰਕ ਦਾ ਹਾਸਲ ਹਨ। ਰੀਵੀਊ ਕਿਤਾਬਾਂ ਪੜ੍ਹਨ ਲਈ ਉਕਸਾਉਂਦੀਆਂ ਹਨ।

**ਨਿਰਭੈਅ ਸਿੰਘ**
**ਬਸਤੀ ਗਣੇਸ਼ਾ, ਬਠਿੰਡਾ।**

***

# ਜਸ ਮੰਡ ਦਾ ਰਚਨਾ ਸੰਸਾਰ





ਮਾਸਕੋ ਤੋਂ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐਚ. ਡੀ. ਪ੍ਰਾਪਤ ਜਸ ਮੰਡ ਦੀ ਪੁਸਤਕ *'ਮਸ਼ਕੂਲੇ'* ਅਸਲ ਵਿਚ ਸੋਵੀਅਤ ਯੂਨੀਅਨ ਤੇ ਪੰਜਾਬੀ ਸਮਾਜ ਦਾ ਮਜ਼ਾਕਾਂ ਰਾਹੀਂ ਕੀਤਾ ਡੂੰਘਾ ਵਿਸ਼ਲੇਸ਼ਣ ਹੈ। ਉਸਦੀ ਅੰਗਰੇਜ਼ੀ ਵਿੱਚ ਲਿਖੀ ਤੇ ਹਿੰਦੀ ਤਰਜਮੇ ਵਿੱਚ ਵੀ ਛਪੀ ਪੁਸਤਕ *'The Secret Of Happiness'* ਖੁਸ਼ੀ ਦੇ ਸੰਕਲਪ ਬਾਰੇ ਗੰਭੀਰ ਖੋਜ ਵੀ ਹੈ, ਤੇ ਸ਼ਖਸੀਅਤ ਉਸਾਰੀ ਦੀ ਰਾਹ-ਦਸੇਰਾ ਵੀ। ਉਸਦੇ ਸਫਰਨਾਮੇ *'ਕਾਲੇ ਸਾਗਰ ਚਿੱਟੇ ਪਰਬਤ'* ਤੇ *'ਰੇਤੀਲੇ ਤੇ ਬਰਫੀਲੇ ਮਾਰੂਥਲ'* ਪੰਜਾਬੀ ਯਾਤਰੂਆਂ ਤੇ ਟ੍ਰੈਕਰਾਂ ਨੂੰ ਘਰ ਬੈਠੇ ਸੈਰ ਕਰਵਾਣ ਦੇ ਨਾਲ-ਨਾਲ ਉਨ੍ਹਾਂ ਨੂੰ ਸੈਰ ਕਰਨ ਲਈ ਉਕਸਾਂਦੇ ਵੀ ਹਨ, ਤੇ ਸੈਰ-ਸਪਾਟੇ ਦੀ ਗਾਈਡ ਦਾ ਕੰਮ ਵੀ ਕਰਦੇ ਹਨ। ਪੰਜ ਦਰਜਨਾਂ ਤੋਂ ਵੱਧ ਦੇਸਾਂ ਦੀ ਸੈਰ ਕਰ ਚੁੱਕੇ ਇਸ ਘੁਮੱਕੜ ਚਿੰਤਕ ਦੀਆਂ ਕਿਰਤਾਂ ਹਰ ਪੰਜਾਬੀ ਨੂੰ ਕੇਵਲ ਪੜ੍ਹਨੀਆਂ ਹੀ ਨਹੀਂ, ਸਗੋਂ ਚਿੱਥਣੀਆਂ ਚਾਹੀਦੀਆਂ ਹਨ।





**- ਡਾ. ਰਜਨੀਸ਼ ਬਹਾਦਰ ਸਿੰਘ**

ਇਸ ਪੁਸਤਕ ਵਿਚ ਸ਼ਾਮਲ ਆਲੋਚਨਾਤਮਕ ਲੇਖ ਡਾ. ਪਰਮਜੀਤ ਕੌਰ ਸਿੱਧੂ ਦੇ ਨਾਵਲ ਆਲੋਚਨਾ ਦੇ ਸਮਰੱਥ ਚਿੰਤਕ ਹੋਣ ਦੀ ਭਰਵੀਂ ਮਿਸਾਲ ਹਨ। ਉਸ ਦਾ ਵਿਸ਼ਲੇਸ਼ਣੀ ਸੂਝ ਮਾਡਲ, ਇਕਹਿਰਾ ਨਹੀਂ ਬਹੁਪਾਸਾਰੀ ਹੈ। ਜੇ ਇਸ ਦਾ ਇਕ ਧਰਾਤਲ ਨਾਵਲ ਦੀ ਪ੍ਰਮਾਣਕ ਸਿਧਾਂਤਕ ਸੂਝ ਨੂੰ ਸਥਾਪਤ ਕਰਦਾ ਹੈ ਤਾਂ ਦੂਸਰਾ ਉਸਦੀ ਪੜਚੋਲਵੀਂ ਇਤਿਹਾਸਕ ਦ੍ਰਿਸ਼ਟੀ ਨੂੰ ਪ੍ਰਮਾਣਿਤ ਕਰਦਾ ਹੈ ਅਤੇ ਤੀਸਰਾ ਉਸਦੇ ਨਿਕਟ ਪਾਠ-ਮੂਲਕ ਅਧਿਐਨ ਮਾਡਲ ਦੀ ਪ੍ਰਬੁੱਧ ਸਮਰੱਥਾ ਦਾ ਪ੍ਰਮਾਣ ਹੈ। ਇਹ ਪੁਸਤਕ ਪੰਜਾਬੀ ਪਾਠਕਾਂ ਅਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਵੇਗੀ।

**-ਡਾ. ਜਸਵਿੰਦਰ ਸਿੰਘ**




**ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ**
**ਡਾ. ਪਰਮਜੀਤ ਕੌਰ ਸਿੱਧੂ, ਮੁੱਲ: 250, ਪੰਨੇ: 168**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਨ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ। ਡਾ. ਰਜਨੀਸ਼ ਬਹਾਦਰ ਦੀ ਇਹ ਪੁਸਤਕ ਪੰਜਾਬੀ ਨਾਵਲ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ।

**-ਡਾ. ਸੁਰਜੀਤ**

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਪੰਨੇ**, 208 **ਕੀਮਤ:** 325 **ਰੁਪਏ**